ਰਜਿਸਟਰਡ ਪੋਸਟਲ ਰਜਿ: ਨੰ.
Pb/PTA(0274)/2024-26,
ਸਾਲ (Year) 57
ਅੰਕ ਨੰਬਰ (Volume No.) 255
ਫ਼ੋਨ: +91- 92168-07500
E-mail: news@charhdikala.com
www.charhdikala.com

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

# ਚੜ੍ਹਦੀਕਲਾ

***


DAILY CHARHDIKALA, PATIALA

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Monday, 15 September, 2025) ਸੋਮਵਾਰ, 15 ਸਤੰਬਰ, 2025, 31 ਭਾਦੋਂ, ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082/ PRGI (RNI) Regd. No. 22972/1972/ ਮੁੱਲ: 2 ਰੁਪਏ

ਭਾਰਤ ਸਰਕਾਰ

## ਵਿਕਸਿਤ ਬਿਹਾਰ ਵਿਕਸਿਤ ਭਾਰਤ



ਬਿਹਾਰ ਦੇ ਲੋਕਾਂ ਲਈ ਬਿਜਲੀ, ਰੇਲਵੇ, ਹਵਾਈ ਅੱਡਾ, ਆਵਾਸ ਅਤੇ ਸ਼ਹਿਰੀ ਮਾਮਲੇ, ਜਲ ਸ਼ਕਤੀ, ਪੇਂਡੂ ਵਿਕਾਸ, ਖੇਤੀਬਾੜੀ, ਪਸ਼ੂਪਾਲਨ ਅਤੇ ਡੇਅਰੀ ਖੇਤਰਾਂ ਦੇ 36000 ਕਰੋੜ ਰੁਪਏ ਤੋਂ ਵੱਧ ਦੇ ਪ੍ਰੋਜੈਕਟਾਂ ਦਾ ਤੋਹਫਾ

### ਨੀਂਹ ਪੱਥਰ

- ਪੀਰਪੈਂਤੀ (ਭਾਗਲਪੁਰ) ਵਿੱਚ 3x800 ਮੈਗਾਵਾਟ ਤਾਪ ਬਿਜਲੀ ਪ੍ਰੋਜੈਕਟ ਕੋਸੀ ਮੇਚੀ ਅੰਤਰ ਰਾਜੀ ਨਦੀ ਲਿੰਕ ਪ੍ਰੋਜੈਕਟ ਫੇਜ਼-1
- ਬਿਕ੍ਰਮਸ਼ਿਲਾ ਕਟਾਰੀਆ ਕੇ ਵਿਚਕਾਰ ਨਵੀਂ ਰੇਲ ਲਾਈਨ (26 ਕਿਲੋ ਮੀਟਰ)
- ਸੁਪੌਲ ਅਤੇ ਕਟਿਹਾਰ ਜ਼ਿਲ੍ਹਿਆਂ ਵਿੱਚ ਰੁਕਾਵਟ ਅਤੇ ਪਰਿਵਰਤਨ (ਆਈ ਐਂਡ ਡੀ) ਅਤੇ ਰਹਿੰਦ ਖੂੰਹਦ ਸੋਧ ਪਲਾਂਟ (ਐਸਟੀਪੀ) ਕਾਰਜ
- ਦਰਭੰਗਾ, ਕਟਿਹਾਰ ਅਤੇ ਭਾਗਲਪੁਰ ਵਿੱਚ ਸਪਲਾਈ ਪ੍ਰੋਜੈਕਟ

### ਉਦਘਾਟਨ

- ਪੂਰਨੀਆ ਹਵਾਈ ਅੱਡੇ ਦੇ ਅੰਤਰਿਮ ਸਮਾਗਮ ਭਵਨ ਅਰੀਆ ਗਲਗਲੀਆ (ਠਾਕੁਰਗੰਜ) ਦੇ ਵਿਚਾਲੇ ਨਵੀਂ ਰੇਲਵੇ ਲਾਈਨ (111 ਕਿਲੋ ਮੀਟਰ)
- ਨਮਾਮਿ ਗੰਗੇ ਪ੍ਰੋਗਰਾਮ ਦੇ ਤਹਿਤ ਭਾਗਲਪੁਰ ਵਿੱਚ ਰਹਿੰਦ ਖੂੰਹਦ ਸੋਧ ਪਲਾਂਟ (ਐਸ.ਟੀ.ਪੀ.) ਅਤੇ ਰੁਕਾਵਟ ਅਤੇ ਪਰਿਵਰਤਨ (ਆਈ ਐਂਡ ਡੀ)
- ਪੂਰਨੀਆ ਵਿੱਚ ਸਵਦੇਸ਼ੀ ਗਊ ਲਿੰਗ-ਭੇਦਿਤ ਵੀਰਜ ਉਤਪਾਦਨ ਸੁਵਿਧਾ

### ਹਰੀ ਝੰਡੀ ਦਿਖਾਕਰ ਸ਼ੁਭ ਆਰੰਭ

- ਪੂਰਨੀਆ ਹਵਾਈ ਅੱਡੇ ਤੋਂ ਪਹਿਲੀ ਵਪਾਰਕ ਉਡਾਣ
- ਅਰੀਆ ਗਲਗਲੀਆ ਨਵੀਂ ਰੇਲ ਲਾਈਨ ਤੋਂ ਹੋ ਕੇ ਜਾਣ ਵਾਲੀ ਕਟਿਹਾਰ ਸਿਲੀਗੁੜੀ ਐਕਸਪ੍ਰੈਸ • ਜੋਗਬਨੀ-ਦਾਨਾਪੁਰ ਵੰਦੇ ਭਾਰਤ ਐਕਸਪ੍ਰੈਸ
- ਸਹਿਰਸਾ ਛੇਹਰਟਾ (ਅੰਮ੍ਰਿਤਸਰ) ਅੰਮ੍ਰਿਤ ਭਾਰਤ ਐਕਸਪ੍ਰੈਸ • ਜੋਗਬਾਨੀ-ਇਰੋਡ ਅੰਮ੍ਰਿਤ ਭਾਰਤ ਐਕਸਪ੍ਰੈਸ ਤੋਂ ਲੰਘ ਰਹੀ ਹੈ

### ਗ੍ਰਹਿ ਪ੍ਰਵੇਸ਼

- ਪ੍ਰਧਾਨ ਮੰਤਰੀ ਆਵਾਸ ਯੋਜਨਾ (ਦਿਹਾਤੀ) (ਬਿਹਾਰ ਦੇ 35600 ਲਾਭਪਾਤਰੀ)
- ਪ੍ਰਧਾਨ ਮੰਤਰੀ ਆਵਾਸ ਯੋਜਨਾ (ਸ਼ਹਿਰੀ) (ਬਿਹਾਰ ਦੇ 5920 ਲਾਭਪਾਤਰੀ)

### ਐਨਆਰਐਲਐਮ ਦੇ ਅਧੀਨ ਲਾਭਾਂ ਦੀ ਵੰਡ

ਬਿਹਾਰ ਵਿੱਚ ਰਾਸ਼ਟਰੀ ਗ੍ਰਾਮੀਣ ਆਜੀਵਿਕਾ ਮਿਸ਼ਨ (ਐਨਆਰਐਲਐਮ) ਦੇ ਤਹਿਤ ਸਮੂਹ ਪੱਧਰ ਸੰਘਾਂ ਦੇ ਲਈ ਰੁ. 500 ਕਰੋੜ ਦਾ ਭਾਈਚਾਰਕ ਨਿਵੇਸ਼ ਫੰਡ (ਸੀਆਈਆਰ) ਅਤੇ ਪੰਜ ਸੀਐਲਐਫ ਨੂੰ ਚੈਕਾਂ ਦੀ ਸਪੁਰਦਗੀ

### ਸ਼ੁਭ ਆਰੰਭ

ਰਾਸ਼ਟਰੀ ਮਖਾਨਾ ਬੋਰਡ

### ਪ੍ਰੋਜੈਕਟਾਂ ਦੇ ਲਾਭ

- ਪੂਰਨੀਆ ਹਵਾਈ ਅੱਡੇ 'ਤੇ ਨਵੇਂ ਸਿਵਲ ਇੰਨਕਲੇਵ ਦੇ ਵਿਕਾਸ ਨਾਲ ਖੇਤਰ ਵਿੱਚ ਹਵਾਈ ਯਾਤਰਾ ਦੀ ਮੰਗ ਪੂਰੀ ਹੋਵੇਗੀ
- ਨਵੀਆਂ ਲਾਈਨਾਂ ਅਤੇ ਰੇਲਗੱਡੀਆਂ ਦੇ ਸੰਚਾਲਨ ਨਾਲ ਕੁਸ਼ਲ ਅਤੇ ਕਿਫਾਇਤੀ ਰੇਲ ਯਾਤਰਾ ਦੇ ਨਾਲ ਯਾਤਰੀਆਂ ਅਤੇ ਮਾਲ ਢੁਆਈ ਦੇ ਲਈ ਸੰਪਰਕਤਾ ਨੂੰ ਉਤਸ਼ਾਹ ਮਿਲੇਗਾ
- ਨਵੇਂ ਤਾਪ ਬਿਜਲੀ ਪਲਾਂਟਾਂ ਤੋਂ ਬਿਜਲੀ ਉਤਪਾਦਨਾਂ ਨਾਲ ਘਰੇਲੂ ਅਤੇ ਉਦਯੋਗਿਕ ਖਪਤਾਂ ਦੇ ਲਈ ਬਿਜਲੀ ਦੀ ਵਧੇਰੇ ਉਪਲਬਧਤਾ ਯਕੀਨੀ ਬਣਏਗੀ
- ਨਵੀਆਂ ਜਲਪੂਰਤੀ ਪ੍ਰਣਾਲੀਆਂ ਨਾਲ ਟਿਕਾਊ ਜਲ ਪ੍ਰਬੰਧਨ ਨੂੰ ਬਲ ਮਿਲੇਗਾ ਅਤੇ ਜਲ ਜੀਵਨ ਮਿਸ਼ਨ ਦੇ ਤਹਿਤ ਨਲ ਤੋਂ ਜਲ ਦੇ ਕਨੈਕਸ਼ਨ ਉਪਲਬਧ ਕਰਵਾਉਣ ਵਿੱਚ ਤੇਜ਼ੀ ਆਵੇਗੀ
- ਰੁਕਾਵਟ ਅਤੇ ਪਰਿਵਰਤਨ (ਆਈ ਐਂਡ ਡੀ) ਅਤੇ ਨਵੇਂ ਰਹਿੰਦ ਖੂੰਹਦ ਸੋਧ ਪਲਾਂਟ (ਐਸਟੀਪੀ) ਨਦੀ ਦੇ ਪ੍ਰਦੂਸ਼ਣ ਨੂੰ ਘੱਟ ਕਰਨਗੇ ਅਤੇ ਗੰਗਾ ਦੀ ਮੁੜ ਸੁਰਜੀਤੀ ਵਿੱਚ ਸਹਾਇਕ ਸਿੱਧ ਹੋਣਗੇ
- ਪ੍ਰਧਾਨ ਮੰਤਰੀ ਆਵਾਸ ਯੋਜਨਾ (ਪੇਂਡੂ ਅਤੇ ਸ਼ਹਿਰੀ) ਦੇ ਤਹਿਤ 41,520 ਪਰਿਵਾਰ ਘਰ ਦੇ ਮਾਲਕ ਬਣਨਗੇ
- ਗਊ ਲਿੰਗ-ਭੇਦਿਤ ਵੀਰਜ ਉਤਪਾਦਨ ਸੁਵਿਧਾ ਨਾਲ ਡੇਅਰੀ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਹੋਵੇਗ ਅਤੇ ਉਨ੍ਹਾਂ ਦਾ ਆਰਥਿਕ ਬੋਝ ਘੱਟ ਹੋਵੇਗਾ
- ਰਾਸ਼ਟਰੀ ਗ੍ਰਾਮੀਣ ਆਜੀਵਿਕਾ ਮਿਸ਼ਨ (ਐਨਆਰਐਲਐਸ) ਦੇ ਤਹਿਤ ਪੈਸੇ ਦੀ ਵੰਡ ਨਾਲ ਵਿੱਤੀ ਸਮਾਵੇਸ਼ ਨੂੰ ਉਤਸ਼ਾਹ ਅਤੇ ਪੇਂਡੂ ਗਰੀਬ ਪਰਿਵਾਰਾਂ/ਸ੍ਵੈ ਸੇਵੀ ਸਮੂਹਾਂ ਦਾ ਸ਼ਕਤੀਕਰਨ
- ਮਖਾਨਾ ਉਤਪਾਦਨ ਉਦਯੋਗ ਨੂੰ ਉਤਸ਼ਾਹ, ਜਿਸ ਨਾਲ ਇਸ ਖੇਤਰ ਵਿੱਚ ਆਲਮੀ ਮਾਨਚਿੱਤਰ 'ਤੇ ਬਿਹਾਰ ਦੀ ਪਛਾਣ ਨੂੰ ਮਜ਼ਬੂਤੀ ਮਿਲੇਗੀ।

## ਸ਼੍ਰੀ ਨਰੇਂਦਰ ਮੋਦੀ

ਮਾਨਯੋਗ ਪ੍ਰਧਾਨ ਮੰਤਰੀ

ਵੱਲੋਂ

ਸੋਮਵਾਰ, 15 ਸਤੰਬਰ, 2025 | ਬਾ.ਦੁਪਹਿਰ 03:30 ਵਜੇ | ਪੂਰਨੀਆ, ਬਿਹਾਰ

### ਗੌਰਵਮਈ ਹਾਜ਼ਰੀ

**ਸ਼੍ਰੀ ਆਰਫੀਫ ਮੁਹੰਮਦ ਖਾਨ**
ਰਾਜਪਾਲ, ਬਿਹਾਰ

**ਸ਼੍ਰੀ ਨੀਤਿਸ਼ ਕੁਮਾਰ**
ਮੁੱਖ ਮੰਤਰੀ, ਬਿਹਾਰ

**ਸ਼੍ਰੀ ਮਨੋਹਰ ਲਾਲ**
ਕੇਂਦਰੀ ਆਵਾਸਨ ਅਤੇ ਸ਼ਹਿਰੀ ਕਾਰਜ ਅਤੇ ਬਿਜਲੀ ਮੰਤਰੀ

**ਸ਼੍ਰੀ ਸ਼ਿਵਰਾਜ ਸਿੰਘ ਚੌਹਾਨ**
ਕੇਂਦਰੀ ਖੇਤੀ ਅਤੇ ਕਿਸਾਨ ਭਲਾਈ ਅਤੇ ਪੇਂਡੂ ਵਿਕਾਸ ਮੰਤਰੀ

**ਸ਼੍ਰੀ ਰਾਜੀਵ ਰੰਜਨ ਸਿੰਘ ਉਰਫ ਲਲਨ ਸਿੰਘ**
ਕੇਂਦਰੀ ਸੇਵਾਪਾਲਨ, ਪਸ਼ੂਪਾਲਨ ਅਤੇ ਡਾਇਰੀ ਅਤੇ ਪੰਚਾਇਤ ਰਾਜ ਮੰਤਰੀ

**ਸ਼੍ਰੀ ਕਿੰਜਰਾਪੂ ਰਾਮਮੋਹਨ ਨਾਇਡੂ**
ਕੇਂਦਰੀ ਨਗਰ ਜਹਾਜ਼ ਮੰਤਰੀ

**ਸ਼੍ਰੀ ਅਸ਼ਵਨੀ ਵੈਸ਼ਨਵ**
ਕੇਂਦਰੀ ਰੇਲ, ਸੂਚਨਾ ਤੇ ਪ੍ਰਸਾਰਣ ਅਤੇ ਇਲੈਕਟ੍ਰੋਨਿਕ ਅਤੇ ਸੂਚਨਾ ਤਕਨੀਕੀ ਮੰਤਰੀ

**ਸ਼੍ਰੀ ਸੀ ਆਰ ਪਾਟਿਲ**
ਕੇਂਦਰੀ ਜਲ ਸ਼ਕਤੀ ਮੰਤਰੀ

**ਸ਼੍ਰੀ ਸਮਰਾਟ ਚੌਧਰੀ**
ਉੱਪ ਮੁੱਖ ਮੰਤਰੀ ਬਿਹਾਰ

**ਸ਼੍ਰੀ ਵਿਜੈ ਕੁਮਾਰ ਸਿਨ੍ਹਹਾ**
ਉੱਪ ਮੁੱਖ ਮੰਤਰੀ ਬਿਹਾਰ

**ਸ਼੍ਰੀ ਰਾਜੇਸ਼ ਰੰਜਨ**
ਸੰਸਦ ਮੈਂਬਰ (ਲੋਕ ਸਭਾ)

**ਸ਼੍ਰੀ ਵਿਜੇ ਕੁਮਾਰ ਖੇਮਕਾ**
ਵਿਧਾਇਕ ਪੂਰਨੀਆ



CBC 03111/15/0011/2526

ਪ੍ਰੋਗਰਾਮ ਦਾ ਸਿੱਧਾ ਪ੍ਰਸਾਰਣ ਡੀਡੀ ਨਿਊਜ਼ 'ਤੇ ਦੇਖੋ

# ਪੰਜਾਬ ਦੇ ਕੁਝ ਜ਼ਿਲ੍ਹਿਆਂ 'ਚ 16,17 ਤੇ 18 ਨੂੰ ਬਾਰਿਸ਼ ਦੀ ਭਵਿੱਖਬਾਣੀ



ਚੜ੍ਹਦੀਕਲਾ ਬਿਊਰੋ

================

ਚੰਡੀਗੜ੍ਹ, 14 ਸਤੰਬਰ: ਪੰਜਾਬ ਦੇ ਮੌਸਮ ਨੂੰ ਲੈ ਕੇ ਮੌਸਮ ਵਿਭਾਗ ਵੱਲੋਂ 5 ਦਿਨਾਂ ਲਈ ਵੱਡੀ ਭਵਿੱਖਬਾਣੀ ਕੀਤੀ ਗਈ ਹੈ। ਜਾਣਕਾਰੀ ਮੁਤਾਬਕ ਅਗਲੇ ਦਿਨਾਂ ਵਿਚ ਪੰਜਾਬ ਦੇ ਕੁਝ ਜ਼ਿਲ੍ਹਿਆਂ ਵਿਚ ਬਾਰਿਸ਼ ਦੀ ਭਵਿੱਖਬਾਣੀ ਕੀਤੀ ਗਈ ਹੈ। ਮੌਸਮ ਵਿਭਾਗ ਵੱਲੋਂ 14 ਸਤੰਬਰ ਲਈ ਜਾਰੀ ਕੀਤੀ ਗਈ ਭਵਿੱਖਬਾਣੀ ਵਿਚ ਪਠਾਨਕੋਟ, ਹੁਸ਼ਿਆਰਪੁਰ, ਨਵਾਂਸ਼ਹਿਰ, ਰੂਪਨਗਰ, ਐੱਸ.ਏ.ਐੱਸ. ਨਗਰ (ਮੋਹਾਲੀ), ਫਤਿਹਗੜ੍ਹ ਸਾਹਿਬ ਅਤੇ ਪਟਿਆਲਾ ਵਿੱਚ ਬਾਰਿਸ਼ ਹੋ ਸਕਦੀ ਹੈ, ਜਦਕਿ ਬਾਕੀ ਜ਼ਿਲ੍ਹੇ ਸੁੱਕੇ ਰਹਿਣਗੇ। 15 ਸਤੰਬਰ ਨੂੰ ਵੀ ਇਨ੍ਹਾਂ ਜ਼ਿਲ੍ਹਿਆਂ ਵਿਚ ਹੀ ਬਾਰਿਸ਼ ਦੀ ਸੰਭਾਵਨਾ ਜਤਾਈ ਗਈ ਹੈ, ਹਾਲਾਂਕਿ ਪੰਜਾਬ ਦੇ ਬਾਕੀ ਜ਼ਿਲ੍ਹਿਆਂ ਵਿੱਚ ਮੌਸਮ ਖ਼ੁਸ਼ਕ ਰਹੇਗਾ। 16, 17 ਅਤੇ 18 ਸਤੰਬਰ ਨੂੰ ਪੰਜਾਬ ਦੇ ਮੌਸਮ ਵਿੱਚ ਵੱਡੀ ਤਬਦੀਲੀ ਦੇ ਅਸਾਰ ਹਨ ਅਤੇ ਪੰਜਾਬ ਦੇ ਉੱਤਰੀ, ਕੇਂਦਰੀ ਅਤੇ ਕੁਝ ਦੱਖਣੀ ਹਿੱਸਿਆਂ ਵਿੱਚ ਬਾਰਿਸ਼ ਹੋਵੇਗੀ।

ਅੰਮ੍ਰਿਤਸਰ, ਗੁਰਦਾਸਪੁਰ, ਕਪੂਰਥਲਾ, ਜਲੰਧਰ, ਲੁਧਿਆਣਾ, ਬਰਨਾਲਾ, ਮਾਨਸਾ ਅਤੇ ਸੰਗਰੂਰ, ਪਠਾਨਕੋਟ, ਹੁਸ਼ਿਆਰਪੁਰ, ਨਵਾਂਸ਼ਹਿਰ, ਰੂਪਨਗਰ, ਮੋਹਾਲੀ, ਪਟਿਆਲਾ, ਫਤਿਹਗੜ੍ਹ ਸਾਹਿਬ, ਪਟਿਆਲਾ ਸਮੇਤ ਕਈ ਜ਼ਿਲ੍ਹਿਆਂ ਵਿਚ ਭਾਰੀ ਬਾਰਿਸ਼ ਦੀ ਸੰਭਾਵਨਾ ਜਤਾਈ ਗਈ ਹੈ।

## ਹਿਮਾਚਲ 'ਚ 600 ਤੋਂ ਵੱਧ ਸੜਕਾਂ ਬੰਦ, ਸੂਬੇ 'ਚ ਮੀਂਹ ਜਾਰੀ

ਸ਼ਿਮਲਾ 14 ਸਤੰਬਰ (ਚੜ੍ਹਦੀਕਲਾ ਬਿਊਰੋ): ਹਿਮਾਚਲ ਪ੍ਰਦੇਸ਼ ਵਿੱਚ ਭਾਰੀ ਮੀਂਹ ਕਾਰਨ ਪੂਰੇ ਸੂਬੇ ਵਿੱਚ ਤਿੰਨ ਕੌਮੀ ਸ਼ਾਹਰਾਹਾਂ ਸਣੇ 650 ਸੜਕਾਂ ਬੰਦ ਹਨ। ਰਾਜ ਐਮਰਜੈਂਸੀ ਆਪ੍ਰੇਸ਼ਨ ਸੈਂਟਰ ਅਨੁਸਾਰ ਮੰਡੀ ਵਿੱਚ ਕਰੀਬ 246 ਸੜਕਾਂ, ਕੁੱਲੂ ਵਿੱਚ ਐਨ.ਐਚ. 03 ਅਤੇ ਐਨ.ਐਚ. 305 ਸਮੇਤ 172, ਸ਼ਿਮਲਾ ਵਿੱਚ 58, ਕਾਂਗੜਾ ਵਿੱਚ 45, ਚੰਬਾ ਵਿੱਚ 38, ਸਿਰਮੌਰ ਵਿੱਚ 24, ਊਨਾ ਵਿੱਚ ਐਨ.ਐਚ. 503ਏ ਸਮੇਤ 23, ਸੋਲਨ ਵਿੱਚ 17, ਬਿਲਾਸਪੁਰ ਵਿੱਚ 13, ਹਮੀਰਪੁਰ ਵਿੱਚ 12 ਅਤੇ ਕਿਨੌਰ ਜ਼ਿਲ੍ਹੇ ਵਿੱਚ ਦੋ ਸੜਕਾਂ ਬੰਦ ਹਨ। ਇਸ ਤੋਂ ਇਲਾਵਾ ਕੁੱਲੂ ਵਿੱਚ 93, ਮੰਡੀ ਵਿੱਚ 64, ਚੰਬਾ ਵਿੱਚ 24 ਅਤੇ ਸ਼ਿਮਲਾ ਵਿੱਚ ਚਾਰ ਸਣੇ ਕੁੱਲ 185 ਟਰਾਂਸਫਾਰਮਰ ਬੰਦ ਹੋਣ ਕਰਕੇ ਬਿਜਲੀ ਸਪਲਾਈ ਠੱਪ ਹੈ। ਇਸੇ ਤਰ੍ਹਾਂ ਕਾਂਗੜਾ ਵਿੱਚ 176, ਸ਼ਿਮਲਾ ਵਿੱਚ 61, ਮੰਡੀ ਵਿੱਚ 53, ਹਮੀਰਪੁਰ ਵਿੱਚ 27, ਚੰਬਾ ਵਿੱਚ 17, ਕੁੱਲੂ ਵਿੱਚ ਛੇ, ਸਿਰਮੌਰ ਵਿੱਚ ਦੋ ਅਤੇ ਸੋਲਨ ਜ਼ਿਲ੍ਹੇ ਵਿੱਚ ਇੱਕ ਸਮੇਤ 343 ਜਲ ਸਪਲਾਈ ਸਕੀਮਾਂ ਠੱਪ ਹੋਣ ਕਰਕੇ ਬਹੁਤ ਸਾਰੇ ਖੇਤਰ ਪੀਣ ਵਾਲੇ ਪਾਣੀ ਦੀ ਸਪਲਾਈ ਤੋਂ ਵਾਂਝੇ ਹਨ। ਇਸ ਦੌਰਾਨ ਹਿਮਾਚਲ ਪ੍ਰਦੇਸ਼ ਦੇ ਕਈ ਹਿੱਸਿਆਂ ਵਿੱਚ ਭਾਰੀ ਮੀਂਹ ਜਾਰੀ ਰਹਿਣ ਦੀ ਉਮੀਦ ਹੈ ਕਿਉਂਕਿ ਰਾਜ ਦੇ ਮੌਸਮ ਵਿਭਾਗ ਨੇ ਅੱਜ ਸ਼ਿਮਲਾ, ਕੁੱਲੂ, ਕਿੰਨੌਰ ਅਤੇ ਸਿਰਮੌਰ ਜ਼ਿਲ੍ਹਿਆਂ ਲਈ ਯੈਲੋ ਅਲਰਟ ਜਾਰੀ ਕੀਤਾ ਹੈ।

### ਆਸਾਮ 'ਚ ਬੋਲੇ ਪ੍ਰਧਾਨ ਮੰਤਰੀ

# ਮੇਰਾ ਕੰਟਰੋਲ ਦੇਸ਼ ਦੇ 140 ਕਰੋੜ ਲੋਕਾਂ ਦੇ ਹੱਥ ਅਤੇ ਉਹ ਹੀ ਮੇਰੇ ਮਾਲਕ: ਮੋਦੀ



ਚੜ੍ਹਦੀਕਲਾ ਬਿਊਰੋ

================

ਗੁਹਾਟੀ, 14 ਸਤੰਬਰ: : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅੱਜ ਅਸਾਮ ਦੇ ਦੌਰੇ 'ਤੇ ਸਨ। ਇਸ ਦੌਰਾਨ ਉਨ੍ਹਾਂ ਨੇ ਅਪਣੇ-ਆਪ ਨੂੰ ਭਗਵਾਨ ਸ਼ਿਵ ਦਾ ਭਗਤ ਦੱਸਿਆ। ਉਨ੍ਹਾਂ ਕਿਹਾ ਕਿ ਕੋਈ ਮੈਨੂੰ ਕਿੰਨੇ ਵੀ ਅਪਸ਼ਬਦ ਬੋਲੇ, ਮੈਂ ਸਾਰਾ ਜ਼ਹਿਰ ਨਿਗਲ ਲੈਂਦਾ ਹਾਂ। ਕਾਂਗਰਸ ਪਾਰਟੀ 'ਤੇ ਨਿਸ਼ਾਨਾ ਸਾਧਦੇ ਹੋਏ ਉਨ੍ਹਾਂ ਕਿਹਾ ਕਿ ਮੇਰਾ ਇਕੋ-ਇਕ ਕੰਟਰੋਲ ਦੇਸ਼ ਦੇ 140 ਕਰੋੜ ਲੋਕ ਹਨ, ਉਹ ਮੇਰੇ ਮਾਲਕ ਹਨ। ਪ੍ਰਧਾਨ ਮੰਤਰੀ ਮੋਦੀ ਨੇ ਕਾਂਗਰਸ 'ਤੇ ਭੂਪੇਨ ਹਜ਼ਾਰਿਕਾ ਦਾ ਅਪਮਾਨ ਕਰਨ ਦਾ ਦੋਸ਼ ਲਗਾਇਆ। ਉਨ੍ਹਾਂ ਕਿਹਾ ਕਿ ਭਾਜਪਾ ਦੀ ਡਬਲ ਇੰਜਨ ਸਰਕਾਰ ਭੂਪੇਨ ਹਜ਼ਾਰਿਕਾ ਵਰਗੇ ਆਸਾਮ ਦੇ ਮਹਾਨ ਪੁੱਤਰਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਵਚਨਬੱਧ ਹੈ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ,ਮੇਰੇ ਲਈ, ਜਨਤਾ ਮੇਰਾ ਭਗਵਾਨ ਹੈ। ਜੇ ਮੇਰੀ ਆਤਮਾ ਦੀ ਆਵਾਜ਼ ਮੇਰੇ ਭਗਵਾਨ ਕੋਲ ਜਾਣ ਤੋਂ ਬਾਅਦ ਨਹੀਂ ਨਿਕਲਦੀ, ਤਾਂ ਇਹ ਹੋਰ ਕਿੱਥੇ ਨਿਕਲੇਗੀ। ਇਹ ਮੇਰੇ ਮਾਲਕ ਹਨ ਤੇ ਮੇਰੇ ਸਤਿਕਾਰਯੋਗ ਹਨ, ਉਹ ਮੇਰਾ ਰਿਮੋਟ ਕੰਟਰੋਲ ਹੈ ਅਤੇ ਕੋਈ ਹੋਰ ਮੈਨੂੰ ਕੰਟਰੋਲ ਨਹੀਂ ਕਰ ਸਕਦਾ। 140 ਕਰੋੜ ਦੇਸ਼ ਵਾਸੀ ਮੇਰਾ ਰਿਮੋਟ ਕੰਟਰੋਲ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਸਾਮ ਦੇ ਦਰੰਗ ਵਿਚ 6,300 ਕਰੋੜ ਰੁਪਏ ਦੇ ਸਿਹਤ ਅਤੇ ਬੁਨਿਆਦੀ ਢਾਂਚੇ ਦੇ ਪ੍ਰੋਜੈਕਟਾਂ ਦਾ ਨੀਂਹ ਪੱਥਰ ਰੱਖਿਆ। ਉਨ੍ਹਾਂ ਗੁਹਾਟੀ ਰਿੰਗ ਰੋਡ ਪ੍ਰਾਜੈਕਟ ਦਾ ਨੀਂਹ ਪੱਥਰ ਵੀ ਰੱਖਿਆ। ਇਸ ਦੌਰਾਨ ਉਨ੍ਹਾਂ ਕਿਹਾ ਕਿ ਮੈਂ ਆਪ੍ਰੇਸ਼ਨ ਸਿੰਦੂਰ ਤੋਂ ਬਾਅਦ ਪਹਿਲੀ ਵਾਰ ਆਸਾਮ ਆਇਆ ਹਾਂ। ਧਿਆਨ ਦੇਣਯੋਗ ਹੈ ਕਿ ਹਾਲ ਹੀ ਵਿਚ ਇੰਡੀਆ ਅਲਾਇੰਸ ਦੀ ਵੋਟਰ ਅਧਿਕਾਰ ਯਾਤਰਾ ਦੌਰਾਨ, ਬਿਹਾਰ ਦੇ ਦਰਭੰਗਾ ਵਿਚ ਇਕ ਸਟੇਜ ਤੋਂ ਵਿਰੋਧੀ ਪਾਰਟੀਆਂ ਦੇ ਕੁੱਝ ਵਰਕਰਾਂ ਨੇ ਪ੍ਰਧਾਨ ਮੰਤਰੀ ਮੋਦੀ ਅਤੇ ਉਨ੍ਹਾਂ ਦੀ ਮਾਂ ਨਾਲ ਅਪਮਾਨਜਨਕ ਭਾਸ਼ਾ ਦੀ ਵਰਤੋਂ ਕੀਤੀ ਗਈ, ਜਿਸ ਦੀ ਵੀਡੀਉ ਸਾਹਮਣੇ ਆਈ ਸੀ। ਇਸ ਮਾਮਲੇ ਵਿਚ, ਬਿਹਾਰ ਭਾਜਪਾ ਵਲੋਂ ਇਕ ਐਫ਼.ਆਈ.ਆਰ. ਦਰਜ ਕੀਤੀ ਗਈ ਸੀ, ਜਿਸ ਵਿਚ ਕਿਹਾ ਗਿਆ ਸੀ ਕਿ ਵੋਟਰ ਅਧਿਕਾਰ ਯਾਤਰਾ ਦੇ ਇਕ ਪ੍ਰੋਗਰਾਮ ਦੌਰਾਨ, ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਸਟੇਜ ਤੋਂ ਬਦਸਲੂਕੀ ਕੀਤੀ ਗਈ ਸੀ। ਇਸ ਮਾਮਲੇ ਵਿਚ, ਦਰਭੰਗਾ ਜ਼ਿਲ੍ਹਾ ਪੁਲਿਸ ਨੇ ਸਿੰਘਵਾੜਾ ਥਾਣਾ ਖੇਤਰ ਦੇ ਭਵਾਨੀਪੁਰ ਪੰਚਾਇਤ (ਵਾਰਡ ਨੰਬਰ 1) ਦੇ ਭਾਪੁਰਾ ਪਿੰਡ ਦੇ ਰਹਿਣ ਵਾਲੇ ਅਨੀਸ਼ ਕੁਰੈਸ਼ੀ ਦੇ ਪੁੱਤਰ ਮੁਹੰਮਦ ਰਿਜ਼ਵੀ ਉਰਫ਼ ਰਾਜਾ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ,ਭਾਰਤ ਇਸ ਸਮੇਂ ਦੁਨੀਆਂ ਦਾ ਸੱਭ ਤੋਂ ਤੇਜ਼ੀ ਨਾਲ ਵਧ ਰਿਹਾ ਦੇਸ਼ ਹੈ ਅਤੇ ਅਸਾਮ ਇਸ ਦੇ ਸੱਭ ਤੋਂ ਤੇਜ਼ੀ ਨਾਲ ਵੱਧ ਰਹੇ ਸੂਬਿਆਂ ਵਿਚੋਂ ਇਕ ਹੈ। ਇਕ ਸਮੇਂ ਵਿਕਾਸ ਨਾਲ ਤਾਲਮੇਲ ਬਣਾਈ ਰੱਖਣ ਲਈ ਸੰਘਰਸ਼ ਕਰ ਰਿਹਾ ਸੀ, ਅਸਾਮ ਹੁਣ ਅਪਣੇ ਆਪ ਨੂੰ ਬਦਲ ਚੁੱਕਾ ਹੈ ਅਤੇ 13 ਫ਼ੀ ਸਦੀ ਦੀ ਵਿਕਾਸ ਦਰ ਨਾਲ ਸ਼ਾਨਦਾਰ ਤਰੱਕੀ ਕਰ ਰਿਹਾ ਹੈ। ਇਹ ਪ੍ਰਭਾਵਸ਼ਾਲੀ ਪ੍ਰਾਪਤੀ ਇਸ ਦੇ ਲੋਕਾਂ ਦੇ ਦ੍ਰਿੜ ਇਰਾਦੇ ਅਤੇ ਸਮਰਪਣ ਦਾ ਪ੍ਰਮਾਣ ਹੈ। ਇਹ ਅਸਾਮ ਦੇ ਲੋਕਾਂ ਦੀ ਸਖ਼ਤ ਮਿਹਨਤ ਅਤੇ ਭਾਜਪਾ ਦੀ ਡਬਲ ਇੰਜਣ ਸਰਕਾਰ ਦੇ ਯੋਗਦਾਨ ਦੁਆਰਾ ਚਲਾਏ ਗਏ ਸਹਿਯੋਗੀ ਯਤਨਾਂ ਦਾ ਵੀ ਨਤੀਜਾ ਹੈ। ਇਹੀ ਕਾਰਨ ਹੈ ਕਿ ਹਿਮੰਤ ਬਿਸਵਾ ਸ਼ਰਮਾ ਅਤੇ ਉਨ੍ਹਾਂ ਦੀ ਟੀਮ ਨੂੰ ਅਸਾਮ ਦੇ ਲੋਕਾਂ ਤੋਂ ਭਾਰੀ ਸਮਰਥਨ ਮਿਲ ਰਿਹਾ ਹੈ।

## ਪ੍ਰਧਾਨ ਮੰਤਰੀ ਵੱਲੋਂ ਬਾਂਸ-ਅਧਾਰਤ ਈਥਾਨੌਲ ਪਲਾਂਟ ਦਾ ਉਦਘਾਟਨ

ਚੜ੍ਹਦੀਕਲਾ ਬਿਊਰੋ

================

ਗੁਹਾਟੀ, 14 ਸਤੰਬਰ: : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਤਵਾਰ ਨੂੰ ਆਸਾਮ ਦੇ ਗੋਲਾਘਾਟ ਜ਼ਿਲ੍ਹੇ ਦੇ ਨੁਮਾਲੀਗੜ੍ਹ ਵਿਖੇ 5,000 ਕਰੋੜ ਰੁਪਏ ਦੇ ਬਾਂਸ-ਅਧਾਰਤ ਈਥਾਨੌਲ ਪਲਾਂਟ ਦਾ ਉਦਘਾਟਨ ਕੀਤਾ। ਅਧਿਕਾਰੀਆਂ ਨੇ ਕਿਹਾ ਕਿ ਇਹ ਪਲਾਂਟ, ਜੋ ਕਿ ਬਾਂਸ ਪਲਾਂਟ ਦੇ ਸਾਰੇ ਹਿੱਸਿਆਂ ਦੀ ਵਰਤੋਂ ਕਰਦਾ ਹੈ, ਜ਼ੀਰੋ ਵੇਸਟ ਪੈਦਾ ਕਰੇਗਾ ਅਤੇ ਇਸ ਨਾਲ ਰਾਜ ਦੀ ਪੇਂਡੂ ਆਰਥਿਕਤਾ ਨੂੰ 200 ਕਰੋੜ ਰੁਪਏ ਦਾ ਹੁਲਾਰਾ ਮਿਲਣ ਦੀ ਉਮੀਦ ਹੈ। ਅਧਿਕਾਰੀਆਂ ਦੇ ਅਨੁਸਾਰ, ਇਹ ਪਲਾਂਟ ਚਾਰ ਉੱਤਰ-ਪੂਰਬੀ ਰਾਜਾਂ ਤੋਂ ਪੰਜ ਲੱਖ ਟਨ ਹਰਾ ਬਾਂਸ ਖਰੀਦੇਗਾ, ਜਿਸ ਨਾਲ ਸਿੱਧੇ ਅਤੇ ਅਸਿੱਧੇ ਤੌਰ 'ਤੇ 50,000 ਤੋਂ ਵੱਧ ਲੋਕਾਂ ਨੂੰ ਲਾਭ ਹੋਵੇਗਾ। ਇਸ ਤੋਂ ਪਹਿਲਾਂ, ਪ੍ਰਧਾਨ ਮੰਤਰੀ ਨੇ ਦਰੰਗ ਜ਼ਿਲ੍ਹੇ ਦੇ ਮੰਗਲਦੋਈ ਵਿਖੇ 6,300 ਕਰੋੜ ਰੁਪਏ ਦੇ ਸਿਹਤ ਅਤੇ ਬੁਨਿਆਦੀ ਢਾਂਚੇ ਦੇ ਪ੍ਰੋਜੈਕਟਾਂ ਦਾ ਨੀਂਹ ਪੱਥਰ ਰੱਖਿਆ। ਮੋਦੀ ਸ਼ਨੀਵਾਰ ਸ਼ਾਮ ਨੂੰ ਆਸਾਮ ਦੇ ਦੋ ਦਿਨਾਂ ਦੌਰੇ 'ਤੇ ਗੁਹਾਟੀ ਪਹੁੰਚੇ, ਜਿੱਥੇ ਉਹ ਭਾਰਤ ਰਤਨ ਨਾਲ ਸਜਾਏ ਗਏ ਮਰਹੂਮ ਗਾਇਕ ਭੂਪੇਨ ਹਜ਼ਾਰਿਕਾ ਦੇ ਜਨਮ ਸ਼ਤਾਬਦੀ ਸਮਾਰੋਹਾਂ ਵਿੱਚ ਸ਼ਾਮਲ ਹੋਏ।

# ਭਾਰਤ ਸਰਕਾਰ ਨੇ ਗੁਰਪੁਰਬ ਮੌਕੇ ਸਿੱਖ ਯਾਤਰੀਆਂ ਦੇ ਪਾਕਿਸਤਾਨ ਜਾਣ 'ਤੇ ਲਗਾਈ ਰੋਕ



ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ, 14 ਸਤੰਬਰ : ਭਾਰਤ ਸਰਕਾਰ ਦੇ ਗ੍ਰਿਹਿ ਮੰਤਰਾਲੇ ਵੱਲੋਂ ਪੱਤਰ ਜਾਰੀ ਕਰ ਨਵੰਬਰ 2025 ਵਿੱਚ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਪੁਰਬ 'ਤੇ ਸੁਰੱਖਿਆ ਹਾਲਾਤ ਦਾ ਹਵਾਲਾ ਦੇ ਕੇ ਰੋਕ ਲਗਾ ਦਿੱਤੀ ਗਈ ਹੈ ਤੇ ਕੋਈ ਵੀ ਸਿੱਖ ਯਾਤਰੀ ਭਾਰਤ ਤੋਂ ਪਾਕਿਸਤਾਨ ਨਹੀਂ ਜਾ ਸਕੇਗਾ। ਇਸ ਫੈਸਲੇ ਨਾਲ ਸਿੱਖਾਂ ਵਿੱਚ ਭਾਰੀ ਗੁੱਸਾ ਪਾਇਆ ਜਾ ਰਿਹਾ ਹੈ। ਵਿਦੇਸ਼ੀ ਸਿੱਖਾਂ ਨੇ ਕਿਹਾ ਕਿ ਭਾਰਤ ਸਰਕਾਰ ਵੱਲੋਂ ਸਿੱਖਾਂ ਨੂੰ ਆਪਣੇ ਮੂਲ ਰੂਹਾਨੀ ਕੇਂਦਰਾਂ ਤੋਂ ਵੱਖ ਕੀਤਾ ਜਾ ਰਿਹਾ ਹੈ। ਉਨ੍ਹਾਂ ਕਰਤਾਰਪੁਰ ਸਾਹਿਬ ਲਾਂਘਾ ਜੋ ਸਿੱਖ ਕੌਮ ਲਈ ਇੱਕ ਇਤਿਹਾਸਕ ਦਰਵਾਜ਼ਾ ਸੀ ਵੀ ਬੰਦ ਪਿਆ ਹੈ। ਇਹ ਲਾਂਘਾ ਖੁੱਲ੍ਹਣ ਸਮੇਂ ਅਮਨ ਦੀ ਨਿਸ਼ਾਨੀ ਵਜੋਂ ਪੇਸ਼ ਕੀਤਾ ਗਿਆ ਸੀ, ਪਰ ਹਕੀਕਤ ਵਿੱਚ ਇਹ ਵੀ ਰਾਜਨੀਤਿਕ ਖੇਡਾਂ ਦੇ ਹਵਾਲੇ ਹੋ ਗਿਆ ਜਦੋਂ ਵੀ ਭਾਰਤ-ਪਾਕਿਸਤਾਨ ਦੇ ਰਿਸ਼ਤਿਆਂ ਵਿੱਚ ਤਣਾਅ ਵਧਦਾ ਹੈ, ਸਭ ਤੋਂ ਪਹਿਲਾਂ ਸਿੱਖਾਂ ਦਾ ਇਹ ਰੂਹਾਨੀ ਰਸਤਾ ਬੰਦ ਕਰ ਦਿੱਤਾ ਜਾਂਦਾ ਹੈ। ਸਿੱਖਾਂ ਦਾ ਮੰਨਣਾ ਹੈ ਕਿ ਸਿੱਖਾਂ ਦੀ ਧਾਰਮਿਕ ਯਾਤਰਾ ਅੰਤਰਰਾਸ਼ਟਰੀ ਰਾਜਨੀਤੀ ਦੇ ਕੁਰਬਾਨੀ ਦੇ ਬੱਕਰੇ ਬਣ ਗਈ ਹੈ? ਕੀ ਭਾਰਤ ਵਿੱਚ ਵੱਸਦੇ ਸਿੱਖਾਂ ਦੀ ਆਜ਼ਾਦੀ ਸਿਰਫ਼ ਸਰਕਾਰਾਂ ਦੇ ਰਿਸ਼ਤਿਆਂ 'ਤੇ ਨਿਰਭਰ ਰਹੇਗੀ? ਭਾਰਤੀ ਸਰਕਾਰ ਹਮੇਸ਼ਾਂ ਸਿੱਖਾਂ ਨੂੰ ਆਪਣੇ ਅਸਲ ਕੇਂਦਰਾਂ ਨਨਕਾਣਾ ਸਾਹਿਬ, ਕਰਤਾਰਪੁਰ ਸਾਹਿਬ, ਪੰਜਾਬ ਦੇ ਇਤਿਹਾਸਕ ਗੁਰਦੁਆਰਿਆਂ ਤੋਂ ਦੂਰ ਰੱਖਣ ਦੀ ਕੋਸ਼ਿਸ਼ ਕਰਦਾ ਹੈ ਕਿਉਂਕਿ ਜਦੋਂ ਸਿੱਖ ਆਪਣੀ ਧਰਤੀ ਤੇ ਰੂਹਾਨੀ ਮੂਲ ਨਾਲ ਜੁੜਦੇ ਹਨ, ਤਾਂ ਉਨ੍ਹਾਂ ਦੇ ਅੰਦਰ ਅਲੱਗ ਪਛਾਣ ਤੇ ਖ਼ੁਦਮੁਖ਼ਤਿਆਰੀ ਦਾ ਜੋਸ਼ ਹੋਰ ਵੀ ਵਧਦਾ ਹੈ।ਇਸ ਫ਼ੈਸਲੇ ਨਾਲ ਇਹ ਸਪੱਸ਼ਟ ਹੋ ਗਿਆ ਹੈ ਕਿ ਸਿੱਖਾਂ ਦੀ ਧਾਰਮਿਕ ਆਜ਼ਾਦੀ ਕਿਸੇ ਸਰਕਾਰੀ ਐਲਾਨ ਜਾਂ ਮਨਾਹੀ ਦੀ ਮੋਹਤਾਜ਼ ਹੈ। ਸਿੱਖ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਭਾਈ ਕੁਲਵੰਤ ਸਿੰਘ ਮੁਠੱਡਾ ਨੇ ਕਿਹਾ ਕਿ ਇਹ ਰੋਕ ਕੇਵਲ ਇੱਕ ਯਾਤਰਾ 'ਤੇ ਪਾਬੰਦੀ ਨਹੀਂ, ਸਗੋਂ ਇੱਕ ਵੱਡਾ ਸੰਦੇਸ਼ ਹੈ ਕਿ ਸਿੱਖਾਂ ਲਈ ਆਪਣੀ ਰਾਜਨੀਤਿਕ ਜ਼ਮੀਨ ਬਣਾਉਣਾ ਹੁਣ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ।

## ਪੰਜਾਬ ਦੇ ਪਿੰਡ ਜੀਦਾ 'ਚ 2 ਹੋਰ ਧਮਾਕੇ

ਬਠਿੰਡਾ , 14 ਸਤੰਬਰ (ਚੜ੍ਹਦੀਕਲਾ ਬਿਊਰੋ) : ਬਠਿੰਡਾ ਦੇ ਪਿੰਡ ਜੀਦਾ ਵਿਚ ਦੋ ਹੋਰ ਧਮਾਕੇ ਹੋ ਗਏ ਹਨ। ਇਹ ਧਮਾਕੇ ਉਸੇ ਘਰ ਵਿਚ ਹੋਏ ਹਨ, ਜਿੱਥੇ 3 ਦਿਨ ਪਹਿਲਾਂ ਇਕ ਘਰ ਵਿਚ ਦੋ ਧਮਾਕੇ ਹੋਏ ਹਨ। ਅੱਜ ਜਦੋਂ ਫੋਰੈਂਸਿਕ ਯੂਨਿਟ ਤੇ ਬੰਬ ਡਿਸਪੋਜ਼ਲ ਟੀਮ ਉਸ ਘਰ ਵਿਚ ਜਾਂਚ ਕਰ ਰਹੀ ਸੀ ਤਾਂ ਅਚਾਨਕ ਦੋ ਹੋਰ ਧਮਾਕੇ ਹੋ ਗਏ। ਇਸ ਦੌਰਾਨ ਕਿਸੇ ਕਿਸਮ ਦੇ ਜਾਨੀ ਨੁਕਸਾਨ ਦੀ ਸੂਚਨਾ ਨਹੀਂ ਹੈ। ਜਾਣਕਾਰੀ ਮੁਤਾਬਕ ਅੱਜ ਸਵੇਰ ਤੋਂ ਮੋਬਾਈਲ ਫੋਰੈਂਸਿਕ ਸਾਇੰਸ ਯੂਨਿਟ ਬਠਿੰਡਾ ਅਤੇ ਬੰਬ ਡਿਸਪੋਜ਼ਲ ਟੀਮ ਵੱਲੋਂ ਪਿੰਡ ਜੀਦਾ ਵਿਚ ਗੁਰਪ੍ਰੀਤ ਸਿੰਘ ਦੇ ਘਰ ਦੀ ਜਾਂਚ ਕੀਤੀ ਜਾ ਰਹੀ ਸੀ। ਦੁਪਹਿਰ ਨੂੰ 1.30-2 ਵਜੇ ਦੇ ਕਰੀਬ ਘਰ ਵਿਚ 2 ਹੋਰ ਧਮਾਕੇ ਹੋ ਗਏ। ਟੀਮਾਂ ਵੱਲੋਂ ਘਰ ਦੀ ਤਲਾਸ਼ੀ ਲਈ ਡਰੋਨ ਉਤਾਰੇ ਜਾਣ ਦੀ ਵੀ ਸੂਚਨਾ ਹੈ। ਫ਼ਿਲਹਾਲ ਪੁਲਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

ਦੱਸ ਦੇਈਏ ਕਿ 11 ਸਤੰਬਰ ਨੂੰ ਪਿੰਡ ਜੀਦਾ ਵਿਚ ਇਕ 19 ਸਾਲਾ ਲਾਅ ਵਿਦਿਆਰਥੀ ਗੁਰਪ੍ਰੀਤ ਸਿੰਘ ਵੱਲੋਂ ਆਨਲਾਈਨ ਮੰਗਵਾਏ ਸਾਮਾਨ ਨਾਲ ਤਜ਼ਰਬਾ ਕਰਦਿਆਂ ਬਲਾਸਟ ਹੋ ਗਿਆ ਸੀ, ਇਸ ਦੌਰਾਨ ਗੁਰਪ੍ਰੀਤ ਸਿੰਘ ਖ਼ੁਦ ਵੀ ਜ਼ਖ਼ਮੀ ਹੋ ਗਿਆ ਸੀ, ਜੋ ਇਸ ਵੇਲੇ ਵੀ ਹਸਪਤਾਲ ਵਿਚ ਜ਼ੇਰੇ ਇਲਾਜ ਹੈ। ਇਸ ਮਗਰੋਂ ਜਦੋਂ ਉਸ ਦੇ ਪਿਤਾ ਉਕਤ ਸਾਮਾਨ ਇਕੱਠਾ ਕਰ ਰਹੇ ਸੀ ਤਾਂ ਇਕ ਹੋਰ ਧਮਾਕਾ ਹੋ ਗਿਆ। ਮਾਮਲੇ ਦੀ ਜਾਂਚ ਦੌਰਾਨ ਗੁਰਪ੍ਰੀਤ ਸਿੰਘ ਦੇ ਫ਼ੋਨ ਚੋਂ ਅੱਤਵਾਦੀ ਮਸੂਦ ਅਜ਼ਹਰ ਦਾ ਨੰਬਰ ਮਿਲਣ ਕਾਰਨ ਏਜੰਸੀਆਂ ਵੀ ਦੰਗ ਰਹਿ ਗਈਆਂ। ਇਹ ਮਾਮਲਾ ਕੋਈ ਵੱਡੀ ਅੱਤਵਾਦੀ ਸਾਜ਼ਿਸ਼ ਦਾ ਜਾਪਦਾ ਹੈ।

# ਪੰਜਾਬ 'ਚ ਹੜ੍ਹਾਂ ਕਾਰਨ ਹੁਣ ਤੱਕ 56 ਮੌਤਾਂ

## 50 ਪੀੜਤ ਪਰਿਵਾਰਾਂ ਨੂੰ ਮੁਆਵਜ਼ਾ ਰਾਸ਼ੀ ਵੰਡੀ ਜਾ ਚੁੱਕੀ

ਚੜ੍ਹਦੀਕਲਾ ਬਿਊਰੋ

================

ਚੰਡੀਗੜ੍ਹ, 14 ਸਤੰਬਰ: ਹੜ੍ਹਾਂ ਨਾਲ ਪ੍ਰਭਾਵਿਤ ਪਰਿਵਾਰਾਂ ਦੀ ਬਾਂਹ ਫੜਨ ਸਬੰਧੀ ਆਪਣੀ ਵਚਨਬੱਧਤਾ 'ਤੇ ਖਰੇ ਉਤਰਦਿਆਂ ਪੰਜਾਬ ਸਰਕਾਰ ਵੱਲੋਂ ਤੁਰੰਤ ਪ੍ਰਭਾਵ ਨਾਲ 50 ਪਰਿਵਾਰਾਂ ਨੂੰ 2 ਕਰੋੜ ਰੁਪਏ ਦੇ ਮੁਆਵਜਾ ਦਿੱਤਾ ਜਾ ਚੁੱਕਾ ਹੈ। ਇਹ ਜਾਣਕਾਰੀ ਦਿੰਦਿਆਂ ਮਾਲ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਕਿਹਾ ਕਿ ਭਿਆਨਕ ਹੜ੍ਹਾਂ ਕਾਰਨ ਪੰਜਾਬ ਵਿੱਚ 56 ਕੀਮਤੀ ਜਾਨਾਂ ਗਈਆਂ ਹਨ ਅਤੇ ਇਨ੍ਹਾਂ ਵਿੱਚੋਂ 50 ਪਰਿਵਾਰਾਂ ਨੂੰ ਮੁਆਵਜ਼ਾ ਦਿੱਤਾ ਜਾ ਚੁੱਕਾ ਹੈ ਜਦੋਂ ਕਿ ਬਾਕੀ 6 ਪਰਿਵਾਰਾਂ ਨੂੰ ਵੀ ਜਲਦੀ ਹੀ ਮੁਆਵਜ਼ਾ ਦੇ ਦਿੱਤਾ ਜਾਵੇਗਾ। ਸ. ਮੁੰਡੀਆਂ ਨੇ ਅੱਗੇ ਕਿਹਾ ਕਿ ਗਿਰਦਾਵਰੀ ਦਾ ਕੰਮ ਸ਼ੁਰੂ ਹੋ ਗਿਆ ਹੈ ਅਤੇ ਇਹ ਜਲਦੀ ਤੋਂ ਜਲਦੀ ਪੂਰਾ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਹੜ੍ਹ ਪ੍ਰਭਾਵਿਤ ਵਿਅਕਤੀਆਂ ਨੂੰ ਉਨ੍ਹਾਂ ਦੇ ਨੁਕਸਾਨ ਲਈ ਪੂਰਾ ਮੁਆਵਜਾ ਦਿੱਤਾ ਜਾਵੇਗਾ। ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਸ. ਤਰੁਨਪ੍ਰੀਤ ਸਿੰਘ ਸੌਂਦ ਨੇ ਕਿਹਾ ਕਿ ਸੂਬਾ ਸਰਕਾਰ ਨੇ ਪੰਜਾਬ ਦੇ ਪੇਂਡੂ ਇਲਾਕਿਆਂ ਵਿੱਚ ਹੜ੍ਹ ਰਾਹਤ ਅਤੇ ਮੁੜ ਵਸੇਬਾ ਪ੍ਰੋਗਰਾਮ ਸ਼ੁਰੂ ਕੀਤਾ ਹੈ। ਉਨ੍ਹਾਂ ਅੱਗੇ ਕਿਹਾ ਕਿ ਮਲਬੇ ਦੀ ਸਫਾਈ ਅਤੇ ਲਾਸ਼ਾਂ ਦੇ ਨਿਪਟਾਰੇ ਦਾ ਕੰਮ 24 ਸਤੰਬਰ ਤੱਕ ਪੂਰਾ ਕਰ ਲਿਆ ਜਾਵੇਗਾ। ਉਨ੍ਹਾਂ ਅੱਗੇ ਕਿਹਾ ਕਿ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਹਾਲਾਤ ਆਮ ਵਰਗੇ ਕਰਨ ਦੇ ਉਦੇਸ਼ ਨਾਲ ਪੰਜਾਬ ਸਰਕਾਰ ਨੇ 2300 ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਸਫਾਈ ਲਈ ਵਿਸੇਸ ਮੁਹਿੰਮ ਸ਼ੁਰੂ ਕੀਤੀ ਹੈ। ਇਸ ਕਾਰਜ ਤਹਿਤ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚੋਂ ਗਾਰ ਅਤੇ ਮਲਬੇ ਨੂੰ ਹਟਾਇਆ ਜਾ ਰਿਹਾ ਹੈ ਅਤੇ ਲੋਕਾਂ ਨੂੰ ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ ਦੇ ਫੈਲਾਅ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ। ਡਾਕਟਰਾਂ ਦੀ ਅਗਵਾਈ ਵਿੱਚ ਮੈਡੀਕਲ ਟੀਮਾਂ ਹੜ੍ਹ ਪ੍ਰਭਾਵਿਤ ਲੋਕਾਂ ਅਤੇ ਜਾਨਵਰਾਂ ਦੀ ਜਾਂਚ ਕਰ ਰਹੀਆਂ ਹਨ। ਇਸ ਤੋਂ ਇਲਾਵਾ ਕਿਸੇ ਵੀ ਬਿਮਾਰੀ ਦੇ ਫੈਲਾਅ ਨੂੰ ਰੋਕਣ ਲਈ ਜਾਨਵਰਾਂ ਦਾ ਟੀਕਾਕਰਨ ਕੀਤਾ ਜਾ ਰਿਹਾ ਹੈ। ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਦੱਸਿਆ ਕਿ ਈਓਜ ਦੀ ਸਹਾਇਤਾ ਲਈ ਨੋਡਲ ਅਫਸਰ ਤਾਇਨਾਤ ਕੀਤੇ ਗਏ ਹਨ ਤਾਂ ਜੋ ਸਫਾਈ ਦਾ ਕੰਮ ਤੇਜ਼ੀ ਨਾਲ ਹੋ ਸਕੇ। ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਹੜ੍ਹ ਪ੍ਰਭਾਵਿਤ ਵਿਅਕਤੀਆਂ ਦੀ ਜਾਂਚ ਲਈ ਮੈਡੀਕਲ ਟੀਮਾਂ ਬਣਾਈਆਂ ਗਈਆਂ ਹਨ ਅਤੇ ਕਿਸੇ ਵੀ ਬਿਮਾਰੀ ਦੇ ਫੈਲਾਅ ਨੂੰ ਰੋਕਣ ਲਈ ਪੰਜਾਬ ਸਰਕਾਰ ਵੱਲੋਂ ਠੋਸ ਯਤਨ ਕੀਤੇ ਜਾ ਰਹੇ ਹਨ। ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਅਨਾਜ ਮੰਡੀਆਂ ਵਿੱਚ ਪੰਜ ਦਿਨਾਂ ਵਿਸ਼ੇਸ਼ ਸਫਾਈ ਮੁਹਿੰਮ ਚਲਾਈ ਗਈ ਹੈ ਤਾਂ ਜੋ ਝੋਨੇ ਦੀ ਨਿਰਵਿਘਨ ਅਤੇ ਮੁਸ਼ਕਲ ਰਹਿਤ ਖਰੀਦ ਨੂੰ ਯਕੀਨੀ ਬਣਾਇਆ ਜਾ ਸਕੇ।



## ਅੱਜ ਰਾਹੁਲ ਗਾਂਧੀ ਮਿਲਣਗੇ ਹੜ੍ਹ ਪ੍ਰਭਾਵਿਤ ਪਰਿਵਾਰਾਂ ਨੂੰ: ਭਗਵੰਤ ਪਾਲ ਸਿੰਘ ਸੱਚਰ

ਬਬਲੂ ਮਹਾਜਨ

==============

ਅੰਮ੍ਰਿਤਸਰ 14 ਸਤੰਬਰ: ਦਿਹਾਤੀ ਕਾਂਗਰਸ ਕਮੇਟੀ ਦੇ ਸਾਬਕਾ ਪ੍ਰਧਾਨ ਅਤੇ ਸੀਨੀਅਰ ਕਾਂਗਰਸੀ ਨੇਤਾ ਭਗਵੰਤ ਪਾਲ ਸਿੰਘ ਸੱਚਰ ਨੇ ਚੜ੍ਹਦੀਕਲਾ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਕਾਂਗਰਸ ਨੇਤਾ ਰਾਹੁਲ ਗਾਂਧੀ ਸੋਮਵਾਰ ਨੂੰ ਪੰਜਾਬ ਪਹੁੰਚਣਗੇ, ਜਿੱਥੇ ਉਨ੍ਹਾਂ ਵੱਲੋਂ ਪੰਜਾਬ ਵਚ ਆਏ ਭਿਆਨਕ ਹੜ੍ਹਾਂ ਤੋਂ ਪ੍ਰਭਾਵਿਤ ਇਲਾਕਿਆਂ ਦੀ ਸਥਿਤੀ ਦਾ ਜਾਇਜ਼ਾ ਲਿਆ ਜਾਵੇਗਾ। ਉਨ੍ਹਾਂ ਦਾ ਇਹ ਦੌਰਾ ਰਾਜਨੀਤਿਕ ਤੌਰ 'ਤੇ ਵੀ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ। ਭਗਵੰਤ ਪਾਲ ਸਿੰਘ ਸੱਚਰ ਨੇ ਕਿਹਾ ਕਿ ਰਾਹੁਲ ਗਾਂਧੀ ਸਵੇਰੇ 9:30 ਵਜੇ ਅੰਮ੍ਰਿਤਸਰ ਹਵਾਈ ਅੱਡੇ 'ਤੇ ਉਤਰਨਗੇ, ਜਿੱਥੋਂ ਉਹ ਸਿੱਧੇ ਰਾਮਦਾਸ ਖੇਤਰ ਦੇ ਹੜ੍ਹ ਪ੍ਰਭਾਵਿਤ ਪਰਿਵਾਰਾਂ ਨੂੰ ਮਿਲਣਗੇ। ਇੱਥੇ ਉਹ ਉਨ੍ਹਾਂ ਦੀਆਂ ਸਮੱਸਿਆਵਾਂ ਸੁਣਨਗੇ ਅਤੇ ਰਾਹਤ ਕਾਰਜਾਂ ਦੀ ਸਥਿਤੀ ਦਾ ਮੁਆਇਨਾ ਕਰਨਗੇ। ਇਸ ਤੋਂ ਇਲਾਵਾ ਉਹ ਗੁਰਦੁਆਰਾ ਬਾਬਾ ਬੁੱਢਾ ਸਾਹਿਬ ਜੀ ਵਿਖੇ ਮੱਥਾ ਟੇਕਣਗੇ ਅਤੇ ਉੱਥੇ ਸੇਵਾ ਕਰ ਰਹੀ ਸੰਗਤ ਨਾਲ ਗੱਲਬਾਤ ਕਰਨਗੇ।ਰਮਦਾਸ ਤੋਂ ਬਾਅਦ, ਰਾਹੁਲ ਗਾਂਧੀ ਗੁਰਦਾਸਪੁਰ ਜਾਣਗੇ, ਜਿੱਥੇ ਉਹ ਹੜ੍ਹ ਪ੍ਰਭਾਵਿਤ ਪਿੰਡਾਂ ਦਾ ਦੌਰਾ ਕਰਨਗੇ ਅਤੇ ਸਥਾਨਕ ਲੋਕਾਂ ਨਾਲ ਗੱਲਬਾਤ ਕਰਨਗੇ। ਉਹ ਹੜ੍ਹ ਦੀ ਸਥਿਤੀ ਤੋਂ ਪ੍ਰਭਾਵਿਤ ਲੋਕਾਂ ਦੀਆਂ ਮੁਸ਼ਕਲਾਂ ਨੂੰ ਸਮਝਣ ਦੀ ਕੋਸ਼ਿਸ਼ ਕਰਨਗੇ ਤਾਂ ਜੋ ਉਹ ਉਨ੍ਹਾਂ ਦੀ ਮਦਦ ਕਰ ਸਕਣ।



ਰਾਹੁਲ ਗਾਂਧੀ ਦਾ ਦੌਰਾ ਸ਼ਾਮ ਤੱਕ ਪੂਰਾ ਹੋਣ ਤੋਂ ਬਾਅਦ, ਉਹ ਦਿੱਲੀ ਵਾਪਸ ਪਰਤ ਆਉਣਗੇ।ਪੰਜਾਬ ਵਿੱਚ ਹੜ੍ਹ ਨੇ ਹਜ਼ਾਰਾਂ ਪਰਿਵਾਰਾਂ ਦੇ ਜੀਵਨ ਨੂੰ ਪ੍ਰਭਾਵਿਤ ਕੀਤਾ ਹੈ। ਖੇਤ ਡੁੱਬ ਗਏ ਹਨ ਅਤੇ ਘਰਾਂ ਵਿੱਚ ਪਾਣੀ ਭਰਨ ਕਾਰਨ ਲੋਕਾਂ ਦਾ ਕਾਫੀ ਨੁਕਸਾਨ ਹੋ ਗਿਆ ਹੈ। ਪ੍ਰਸ਼ਾਸਨ ਅਤੇ ਸਮਾਜਿਕ ਸੰਗਠਨ ਰਾਹਤ ਅਤੇ ਬਚਾਅ ਕਾਰਜਾਂ ਵਿੱਚ ਲੱਗੇ ਹੋਏ ਹਨ, ਜਿਸ ਵਿੱਚ ਖਾਣ-ਪੀਣ ਦੀਆਂ ਚੀਜ਼ਾਂ, ਦਵਾਈਆਂ ਅਤੇ ਹੋਰ ਜ਼ਰੂਰੀ ਸਮੱਗਰੀ ਦੀ ਵੰਡ ਸ਼ਾਮਲ ਹੈ।

## ਵੈਸ਼ਨੋ ਦੇਵੀ ਯਾਤਰਾ ਮੁਅੱਤਲ-ਸ਼ਰਧਾਲੂਆਂ ਵੱਲੋਂ ਵਿਰੋਧ ਪ੍ਰਦਰਸ਼ਨ

ਜੰਮੂ, 14 ਸਤੰਬਰ (ਚੜ੍ਹਦੀਕਲਾ ਬਿਊਰੋ): ਮਾਤਾ ਵੈਸ਼ਨੋ ਦੇਵੀ ਤੀਰਥ ਯਾਤਰਾ ਖ਼ਰਾਬ ਮੌਸਮ ਦੇ ਚਲੱਦਿਆਂ 20ਵੇਂ ਦਿਨ ਵੀ ਮੁਅੱਤਲ ਰਹੀ। ਇਸ ਲਈ ਸ਼ਰਧਾਲੂਆਂ ਦੇ ਇੱਕ ਸਮੂਹ ਨੇ ਕਟੜਾ ਬੇਸ ਕੈਂਪ 'ਤੇ ਵਿਰੋਧ ਪ੍ਰਦਰਸ਼ਨ ਕੀਤਾ। ਹਾਲਾਂਕਿ ਪੁਲੀਸ ਨੇ ਸ਼ਰਾਈਨ ਬੋਰਡ ਦੇ ਨਿਰਦੇਸ਼ਾਂ ਦੀ ਉਲੰਘਣਾ ਕਰਕੇ ਸੁਰੱਖਿਆ ਘੇਰਾ ਤੋੜਨ ਅਤੇ ਯਾਤਰਾ ਕਰਨ ਦੀ ਉਨ੍ਹਾਂ ਦੀ ਵਾਰ-ਵਾਰ ਕੋਸ਼ਿਸ਼ ਨੂੰ ਨਾਕਾਮ ਕਰ ਦਿੱਤਾ।

ਜ਼ਿਕਰਯੋਗ ਹੈ ਕਿ 26 ਅਗਸਤ ਨੂੰ ਯਾਤਰਾ ਨੂੰ ਮੁਅੱਤਲ ਕਰ ਦਿੱਤਾ ਗਿਆ ਸੀ। ਕਿਉਂਕਿ ਕੁਝ ਘੰਟੇ ਪਹਿਲਾਂ ਹੀ ਇਸ ਰਸਤੇ 'ਤੇ ਜ਼ਮੀਨ ਖਿਸਕ ਗਈ ਸੀ, ਜਿਸ ਦੇ ਕਰਕੇ 34 ਸ਼ਰਧਾਲੂਆਂ ਦੀ ਮੌਤ ਹੋ ਗਈ ਸੀ ਅਤੇ 20 ਹੋਰ ਜ਼ਖ਼ਮੀ ਹੋ ਗਏ ਸਨ। ਸ਼ਰਾਈਨ ਬੋਰਡ ਨੇ 14 ਸਤੰਬਰ ਤੋਂ ਯਾਤਰਾ ਮੁੜ ਸ਼ੁਰੂ ਕਰਨ ਦਾ ਐਲਾਨ ਕੀਤਾ ਸੀ ਪਰ ਲਗਾਤਾਰ ਪੈ ਰਹੇ ਮੀਂਹ ਅਤੇ ਸੁਰੱਖਿਆ ਚਿੰਤਾਵਾਂ ਕਾਰਨ ਫੈਸਲਾ ਬਦਲਣਾ ਪਿਆ। ਹਾਲਾਂਕਿ ਦਿਨ ਭਰ ਕਈ ਘੰਟਿਆਂ ਤੱਕ ਵਾਰ-ਵਾਰ ਕੋਸ਼ਿਸ਼ਾਂ ਦੇ ਬਾਵਜੂਦ ਵੱਡੀ ਗਿਣਤੀ ਵਿੱਚ ਤਾਇਨਾਤ ਪੁਲੀਸ ਫੋਰਸ ਨੇ ਉਨ੍ਹਾਂ ਨੂੰ ਅੱਗੇ ਵਧਣ ਨਹੀਂ ਦਿੱਤਾ। ਮੱਧ ਪ੍ਰਦੇਸ਼ ਦੇ ਇੱਕ ਵਾਸੀ ਰਾਜੀਵ ਲੋਧੀ ਨੇ ਕਿਹਾ,ਮੈਂ ਪਿਛਲੇ ਦੋ ਮਹੀਨਿਆਂ ਵਿੱਚ ਨੰਗੇ ਪੈਰੀਂ ਤੁਰ ਕੇ ਕਟੜਾ ਪਹੁੰਚਿਆ ਹਾਂ ਅਤੇ ਮੈਂ ਜਲਦੀ ਤੋਂ ਜਲਦੀ ਇਸ ਧਾਰਮਿਕ ਸਥਾਨ ਦੇ ਦਰਸ਼ਨ ਕਰਨਾ ਚਾਹੁੰਦਾ ਹਾਂ।ਉਨ੍ਹਾਂ ਨੇ ਬੋਰਡ ਨੂੰ ਯਾਤਰਾ ਦੁਬਾਰਾ ਸ਼ੁਰੂ ਕਰਨ ਦੀ ਬੇਨਤੀ ਕੀਤੀ।


### ਭਾਰਤ ਦੇ ਸਾਬਕਾ ਲੈਫ਼ਟੀਨੈਂਟ ਵੱਲੋ ਵੱਡਾ ਖ਼ੁਲਾਸਾ

# 'ਆਪ੍ਰੇਸ਼ਨ ਸਿੰਦੂਰ' ਸਮੇਂ ਪਾਕਿ ਫ਼ੌਜੀ ਮੁਖੀ ਆਸਿਮ ਮੁਨੀਰ ਖ਼ੁਦ ਬੰਕਰ 'ਚ ਲੁਕੇ ਹੋਏ ਸਨ: ਢਿੱਲੋਂ

ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ 14 ਸਤੰਬਰ : ਭਾਰਤੀ ਫੌਜ ਤੋਂ ਰਿਟਾਇਰ ਲੈਫਟੀਨੈਂਟ ਜਨਰਲ ਕੇ.ਜੇ.ਐਸ. ਢਿੱਲੋਂ ਨੇ ਵੱਡਾ ਖੁਲਾਸਾ ਕਰਦਿਆਂ ਕਿਹਾ ਅਪ੍ਰੇਸ਼ਨ ਸਿੰਧੂਰ ਦੇ ਸਮੇਂ ਪਾਕਿਸਤਾਨੀ ਫੌਜ ਦੇ ਮੁਖੀ ਆਸਿਮ ਮੁਨੀਰ ਖੁਦ ਇਕ ਬੰਕਰ ਵਿਚ ਲੁਕੇ ਹੋਏ ਸਨ। ਜੰਗ ਖਤਮ ਹੋਣ ਤੋਂ ਬਾਅਦ ਲੋਕਾਂ ਦੀਆਂ ਨਜ਼ਰਾਂ ਤੋਂ ਬਚਣ ਲਈ ਉਸ ਨੇ ਖੁਦ ਨੂੰ ਫੀਲਡ ਮਾਰਸ਼ਲ ਦੇ ਅਹੁਦੇ 'ਤੇ ਪ੍ਰਮੋਟ ਕਰ ਲਿਆ। ਮੀਡੀਆ ਨਾਲ ਗੱਲਬਾਤ ਕਰਦੇ ਹੋਏ ਢਿੱਲੋਂ ਨੇ ਅੱਗੇ ਕਿਹਾ ਕਿ ਭਾਰਤ ਨੇ 10 ਮਈ ਨੂੰ 11 ਪਾਕਿਸਤਾਨੀ ਏਅਰਬੇਸਾਂ 'ਤੇ ਸਟੀਕਤਾ ਨਾਲ ਹਮਲਾ ਕੀਤਾ। ਪਾਕਿਸਤਾਨ ਦੀ ਏਅਰ ਡਿਫੈਂਸ ਇੰਨਾ ਕਮਜ਼ੋਰ ਸੀ ਕਿ ਉਹ ਸਾਡੀ ਇੱਕ ਵੀ ਮਿਜ਼ਾਈਲ ਨੂੰ ਨਹੀਂ ਰੋਕ ਸਕਿਆ। 22 ਅਪ੍ਰੈਲ ਨੂੰ ਪਹਿਲਗਾਮ ਅੱਤਵਾਦੀ ਹਮਲੇ ਵਿੱਚ 26 ਲੋਕਾਂ ਦੇ ਮਾਰੇ ਜਾਣ ਤੋਂ ਬਾਅਦ ਭਾਰਤ ਨੇ ਆਪ੍ਰੇਸ਼ਨ ਸਿੰਦੂਰ ਸ਼ੁਰੂ ਕੀਤਾ ਸੀ। ਭਾਰਤ ਨੇ ਪਾਕਿਸਤਾਨ ਅਤੇ ਪਾਕਿਸਤਾਨ ਦੇ ਕਬਜ਼ੇ ਵਾਲੇ ਜੰਮੂ-ਕਸ਼ਮੀਰ (ਪੀ.ਓ.ਕੇ.) ਵਿੱਚ ਅੱਤਵਾਦੀ ਢਾਂਚਿਆਂ ਨੂੰ ਤਬਾਹ ਕਰ ਦਿੱਤਾ। ਇਸ ਦੇ ਨਾਲ ਹੀ ਪਾਕਿਸਤਾਨ ਦੇ ਏਅਰਬੇਸ ਨੂੰ ਵੀ ਨੁਕਸਾਨ ਪਹੁੰਚਿਆ। 10 ਮਈ ਨੂੰ ਦੋਵੇਂ ਦੇਸ਼ਾਂ ਦਰਮਿਆਨ ਯੁੱਧ ਖਤਮ ਹੋ ਗਿਆ। ਕੇ.ਜੇ.ਐਸ.ਢਿੱਲੋਂ ਨੇ ਕਿਹਾ ਕਿ ਜਦੋਂ ਪਾਕਿਸਤਾਨ ਦੇ ਡੀ.ਜੀ.ਐਮ.ਓ. 10 ਮਈ ਨੂੰ ਦੁਪਹਿਰ 3:35 ਵਜੇ ਸਾਡੇ ਡੀ.ਜੀ.ਐਮ.ਓ. ਨੂੰ ਫ਼ੋਨ ਕਰਦੇ ਹਨ ਅਤੇ ਜੰਗਬੰਦੀ ਲਈ ਬੇਨਤੀ ਕਰਦੇ ਹਨ, ਤਾਂ ਇਹ ਸਾਡੇ ਲਈ ਜਿੱਤ ਹੈ। ਜਦੋਂ ਉਹ ਵਿਚੋਲਗੀ ਅਤੇ ਜੰਗਬੰਦੀ ਦੀ ਮੰਗ ਕਰਦੇ ਹੋਏ ਅਮਰੀਕਾ ਜਾਂ ਸਾਊਦੀ ਅਰਬ ਭੱਜ ਜਾਂਦੇ ਹਨ ਤਾਂ ਇਹ ਵੀ ਸਾਡੀ ਜਿੱਤ ਹੀ ਹੈ। ਜਦੋਂ ਅਸੀਂ ਕਹਿੰਦੇ ਹਾਂ ਕਿ ਅਸੀਂ ਨੀਤੀਗਤ ਤੌਰ 'ਤੇ ਤੀਜੀ ਧਿਰ ਦੀ ਵਿਚੋਲਗੀ ਨਹੀਂ ਚਾਹੁੰਦੇ, ਤਾਂ ਇਹ ਵੀ ਜਿੱਤ ਹੀ ਹੈ।



# ਸੁਪਰੀਮ ਕੋਰਟ ਵੱਲੋਂ ਪੁਲਿਸ ਥਾਣਿਆਂ 'ਚ ਨਾਕਾਰਾ ਸੀਸੀਟੀਵੀ ਕੈਮਰਿਆਂ ਸਬੰਧੀ ਸੁਣਵਾਈ ਅੱਜ

ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ, 14 ਸਤੰਬਰ : ਦੇਸ਼ ਦੀ ਸਰਵਉਚ ਅਦਾਲਤ ਨੇ ਪੁਲਿਸ ਥਾਣਿਆਂ ਵਿੱਚ ਨਾਕਾਰਾ ਪਏ ਸੀਸੀਟੀਵੀ ਕੈਮਰਿਆਂ ਬਾਰੇ ਖ਼ੁਦ ਹੀ ਨੋਟਿਸ ਲਿਆ ਹੈ। ਇਸ ਸਬੰਧੀ ਮੀਡੀਆ ਰਿਪੋਰਟ 'ਤੇ ਕਾਰਵਾਈ ਕਰਦਿਆਂ ਸੁਪਰੀਮ ਕੋਰਟ ਇਕ ਜਨਹਿੱਤ ਪਟੀਸ਼ਨ 'ਤੇ 15 ਸਤੰਬਰ ਨੂੰ ਸੁਣਵਾਈ ਕਰੇਗੀ। ਇਸ ਮਾਮਲੇ ਦੀ ਸੁਣਵਾਈ ਜਸਟਿਸ ਵਿਕਰਮ ਨਾਥ ਅਤੇ ਜਸਟਿਸ ਸੰਦੀਪ ਮਹਿਤਾ ਦਾ ਬੈਂਚ ਕਰੇਗਾ। ਮੀਡੀਆ ਰਿਪੋਰਟ ਅਨੁਸਾਰ ਪਿਛਲੇ ਸੱਤ-ਅੱਠ ਮਹੀਨਿਆਂ ਵਿੱਚ ਪੁਲਿਸ ਹਿਰਾਸਤ ਵਿੱਚ ਲਗਪਗ 11 ਮੌਤਾਂ ਹੋਈਆਂ ਹਨ। ਸੁਪਰੀਮ ਕੋਰਟ ਨੇ ਦਸੰਬਰ 2020 ਵਿੱਚ ਕੇਂਦਰ ਸਰਕਾਰ ਨੂੰ ਸੀਬੀਆਈ ਇਨਫੋਰਸਮੈਂਟ ਡਾਇਰੈਕਟੋਰੇਟ ਅਤੇ ਕੌਮੀ ਜਾਂਚ ਏਜੰਸੀ ਸਣੇ ਜਾਂਚ ਏਜੰਸੀਆਂ ਦੇ ਦਫ਼ਤਰਾਂ ਵਿੱਚ ਸੀਸੀਟੀਵੀ ਕੈਮਰੇ ਅਤੇ ਰਿਕਾਰਡਿੰਗ ਉਪਕਰਨ ਲਗਾਉਣ ਦਾ ਨਿਰਦੇਸ਼ ਦਿੱਤਾ ਸੀ। ਅਦਾਲਤ ਨੇ ਕਿਹਾ ਸੀ ਕਿ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਹਰੇਕ ਪੁਲਿਸ ਥਾਣੇ ਵਿੱਚ ਵੀ ਸੀਸੀਟੀਵੀ ਕੈਮਰੇ ਲਗਾਏ ਜਾਣ।



**ਚੜ੍ਹਦੀਕਲਾ**

**ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।**

PRGI (RNI) Regd. No. 22972/1972

**Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala. Chief Editor : Jagjit Singh Dardi**

PRGI (RNI) Regd. No. 22972/1972

## ਅੰਮ੍ਰਿਤਸਰ ਮੰਦਰ 'ਤੇ ਗ੍ਰਨੇਡ ਹਮਲੇ 'ਚ ਐਨ.ਆਈ.ਏ. ਵੱਲੋਂ ਚਾਰਜਸ਼ੀਟ ਦਾਖਲ

ਅੰਮ੍ਰਿਤਸਰ, 14 ਸਤੰਬਰ (ਚੜ੍ਹਦੀਕਲਾ ਬਿਊਰੋ) : ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਨੇ ਇਸ ਸਾਲ ਦੇ ਸ਼ੁਰੂ ਵਿੱਚ ਅੰਮ੍ਰਿਤਸਰ ਦੇ ਛੇਹਰਟਾ ਵਿੱਚ ਠਾਕੁਰਦੁਆਰਾ ਸਨਾਤਨ ਮੰਦਰ 'ਤੇ ਹੋਏ ਗ੍ਰਨੇਡ ਹਮਲੇ ਦੇ ਸਬੰਧ ਵਿੱਚ ਤਿੰਨ ਵਿਅਕਤੀਆਂ ਵਿਰੁੱਧ ਚਾਰਜਸ਼ੀਟ ਦਾਇਰ ਕੀਤੀ ਹੈ। ਏਜੰਸੀ ਦੇ ਇੱਕ ਸੀਨੀਅਰ ਅਧਿਕਾਰੀ ਨੇ ਐਤਵਾਰ ਨੂੰ ਦੱਸਿਆ ਕਿ ਮੋਹਾਲੀ ਦੀ ਵਿਸ਼ੇਸ਼ ਐਨ.ਆਈ.ਏ. ਅਦਾਲਤ ਵਿੱਚ ਪੇਸ਼ ਕੀਤੀ ਗਈ ਆਪਣੀ ਚਾਰਜਸ਼ੀਟ ਵਿੱਚ ਵਿਸ਼ਾਲ ਗਿੱਲ ਉਰਫ਼ ਚੂਚੀ, ਭਗਵੰਤ ਸਿੰਘ ਉਰਫ਼ ਮੰਨਾ ਭੱਟੀ ਅਤੇ ਦੀਵਾਨ ਸਿੰਘ ਉਰਫ਼ ਸੰਨੀ ਨੂੰ 15 ਮਾਰਚ ਦੇ ਹਮਲੇ ਦੀ ਸਾਜ਼ਿਸ਼ ਅਤੇ ਅੰਜਾਮ ਦੇਣ ਵਿੱਚ ਉਨ੍ਹਾਂ ਦੀਆਂ ਭੂਮਿਕਾਵਾਂ ਲਈ ਨਾਮਜ਼ਦ ਕੀਤਾ ਹੈ। ਗਿੱਲ ਦੀ ਪਛਾਣ ਦੋ ਬਾਈਕ ਸਵਾਰ ਹਮਲਾਵਰਾਂ ਵਿੱਚੋਂ ਇੱਕ ਵਜੋਂ ਹੋਈ ਸੀ ਜਿਨ੍ਹਾਂ ਨੇ 15 ਮਾਰਚ ਦੀ ਸਵੇਰ ਨੂੰ ਗ੍ਰਨੇਡ ਸੁੱਟਿਆ ਸੀ। ਉਸ ਦਾ ਸਾਥੀ ਗੁਰਸਿਦਕ ਸਿੰਘ ਉਰਫ਼ ਸਿਦਕੀ ਦੋ ਦਿਨ ਬਾਅਦ ਇੱਕ ਪੁਲੀਸ ਮੁਕਾਬਲੇ ਵਿੱਚ ਮਾਰਿਆ ਗਿਆ ਸੀ। ਦੀਵਾਨ ਸਿੰਘ ਨੂੰ ਸਹਿ-ਮੁਲਜ਼ਮਾਂ ਨੂੰ ਪਨਾਹ ਦੇਣ ਅਤੇ ਸਬੂਤ ਨਸ਼ਟ ਕਰਨ ਲਈ ਚਾਰਜਸ਼ੀਟ ਕੀਤਾ ਗਿਆ ਹੈ। ਇੱਕ ਹੋਰ ਮੁੱਖ ਮੁਲਜ਼ਮ ਸ਼ਰਨਜੀਤ ਕੁਮਾਰ ਨੂੰ 5 ਸਤੰਬਰ ਨੂੰ ਬਿਹਾਰ ਦੇ ਗਯਾ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਅਧਿਕਾਰੀ ਨੇ ਕਿਹਾ, "ਉਸ ਦੇ ਅਤੇ ਫਰਾਰ ਮੁਲਜ਼ਮ ਬਾਦਲਪ੍ਰੀਤ ਸਿੰਘ, ਜੋ ਕਿ ਵਿਦੇਸ਼ ਵਿੱਚ ਮੰਨਿਆ ਜਾਂਦਾ ਹੈ, ਵਿਰੁੱਧ ਜਾਂਚ ਜਾਰੀ ਹੈ।" ਏਜੰਸੀ ਨੇ ਕਿਹਾ ਕਿ ਉਸ ਤੋਂ ਕੀਤੀ ਪੁੱਛ-ਪੜਤਾਲ ਵਿੱਚ ਯੂ.ਪੀ.ਆਈ. ਅਤੇ ਐੱਮਟੀਐਸਐਸ ਚੈਨਲਾਂ ਰਾਹੀਂ ਵਿਦੇਸ਼ੀ ਹੈਂਡਲਰਾਂ ਤੋਂ ਸਥਾਨਕ ਸੰਚਾਲਕਾਂ ਨੂੰ ਅਤਿਵਾਦੀ ਫੰਡਾਂ ਦੇ ਟ੍ਰਾਂਸਫਰ ਦਾ ਖੁਲਾਸਾ ਹੋਇਆ ਹੈ। ਅਧਿਕਾਰੀ ਨੇ ਕਿਹਾ ਕਿ ਪੈਸੇ ਦੇ ਲੈਣ ਦੇਣ ਨੂੰ ਟਰੈਕ ਕਰਨ, ਭਗੌੜਿਆਂ ਦੀ ਪਛਾਣ ਕਰਨ ਅਤੇ ਮਾਡਿਊਲ ਦੇ ਕੌਮਾਂਤਰੀ ਸਬੰਧਾਂ ਬਾਰੇ ਪਤਾ ਲਗਾਉਣ ਲਈ ਕੋਸ਼ਿਸ਼ਾਂ ਜਾਰੀ ਹਨ। ਤਫ਼ਤੀਸ਼ਕਾਰਾਂ ਦਾ ਮੰਨਣਾ ਹੈ ਕਿ ਇਹ ਪੰਜਾਬ ਅਤੇ ਇਸ ਤੋਂ ਬਾਹਰ ਡਰ ਫੈਲਾਉਣ ਅਤੇ ਫਿਰਕੂ ਅਸ਼ਾਂਤੀ ਭੜਕਾਉਣ ਦੀ ਇੱਕ ਵੱਡੀ ਸਾਜ਼ਿਸ਼ ਦਾ ਹਿੱਸਾ ਸੀ।

### ਨਹੀਂ ਸੁਧਰੇਗਾ ਪਾਕਿਸਤਾਨ !

# 'ਆਪ੍ਰੇਸ਼ਨ ਸਿੰਦੂਰ' ਦੌਰਾਨ ਮੁਰੀਦਕੇ 'ਚ ਤਬਾਹ ਹੋਏ ਲਸ਼ਕਰ ਹੈਡਕੁਆਰਟਰ ਦੀ ਮੁਰੰਮਤ ਸ਼ੁਰੂ


ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ, 14 ਸਤੰਬਰ : ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ, ਭਾਰਤੀ ਫੌਜ ਨੇ ਪਾਕਿਸਤਾਨ ਵਿੱਚ ਆਪ੍ਰੇਸ਼ਨ ਸਿੰਦੂਰ ਸ਼ੁਰੂ ਕੀਤਾ ਸੀ। 7 ਮਈ ਦੀ ਰਾਤ ਨੂੰ, ਭਾਰਤੀ ਫੌਜ ਨੇ ਸਰਹੱਦ ਪਾਰ ਤਬਾਹੀ ਮਚਾਈ, ਜਿਸ ਦੇ ਨਿਸ਼ਾਨ ਅਜੇ ਵੀ ਪਾਕਿਸਤਾਨੀ ਧਰਤੀ 'ਤੇ ਮੌਜੂਦ ਹਨ। ਆਪ੍ਰੇਸ਼ਨ ਸਿੰਦੂਰ ਦੌਰਾਨ, ਪੰਜਾਬ ਦੇ ਮੁਰੀਦਕੇ ਵਿੱਚ ਸਥਿਤ ਲਸ਼ਕਰ-ਏ-ਤਾਇਬਾ (LeT) ਦੇ ਮੁੱਖ ਦਫਤਰ ਮਰਕਜ਼ ਤਾਇਬਾ ਨੂੰ ਵੀ ਢਾਹ ਦਿੱਤਾ ਗਿਆ। ਇਸ ਦੇ ਨਾਲ ਹੀ, ਪਾਕਿਸਤਾਨ ਹੁਣ ਇਸਨੂੰ ਦੁਬਾਰਾ ਬਣਾਉਣ ਦੀ ਯੋਜਨਾ ਬਣਾ ਰਿਹਾ ਹੈ। ਭਾਰਤੀ ਖੁਫੀਆ ਏਜੰਸੀਆਂ ਦੇ ਡੋਜ਼ੀਅਰ ਦੇ ਅਨੁਸਾਰ, ਪਾਕਿਸਤਾਨ ਅੱਤਵਾਦੀ ਅੱਡੇ ਨੂੰ ਨਵਿਆਉਣ ਦੀ ਤਿਆਰੀ ਕਰ ਰਿਹਾ ਹੈ। ਪਿਛਲੇ ਮਹੀਨੇ, ਮਰਕਜ਼ ਤਾਇਬਾ ਬਣਾਉਣ ਲਈ ਬਹੁਤ ਸਾਰੀਆਂ ਵੱਡੀਆਂ ਮਸ਼ੀਨਾਂ ਮੁਰੀਦਕੇ ਪਹੁੰਚੀਆਂ ਹਨ। 7 ਮਈ ਦੀ ਰਾਤ ਨੂੰ ਲਗਭਗ 12:35 ਵਜੇ, ਭਾਰਤੀ ਫੌਜ ਦੇ ਮਿਰਾਜ ਲੜਾਕੂ ਜਹਾਜ਼ਾਂ ਨੇ ਸਰਹੱਦ ਪਾਰ ਕੀਤੀ ਅਤੇ ਮੁਰੀਦਕੇ ਵਿੱਚ ਮਿਜ਼ਾਈਲਾਂ ਸੁੱਟੀਆਂ। ਇਸ ਹਮਲੇ ਵਿੱਚ ਮਰਕਜ਼ ਤਾਇਬਾ ਨੂੰ ਵੀ ਢਾਹ ਦਿੱਤਾ ਗਿਆ। ਇਸ ਇਮਾਰਤ ਵਿੱਚ ਨਾ ਸਿਰਫ਼ ਅੱਤਵਾਦੀਆਂ ਨੂੰ ਸਿਖਲਾਈ ਦਿੱਤੀ ਗਈ ਸੀ, ਸਗੋਂ ਵੱਡੀ ਮਾਤਰਾ ਵਿੱਚ ਹਥਿਆਰ ਅਤੇ ਗੋਲਾ ਬਾਰੂਦ ਵੀ ਸਟੋਰ ਕੀਤਾ ਗਿਆ ਸੀ।



## ਬਡਗਾਮ ਸੜਕ ਹਾਦਸੇ 'ਚ ਚਾਰ ਫੌਜ ਕਰਮਚਾਰੀ ਜ਼ਖਮੀ



ਬਡਗਾਮ, 14 ਸਤੰਬਰ (ਚੜ੍ਹਦੀਕਲਾ ਬਿਊਰੋ) : ਐਤਵਾਰ ਨੂੰ ਬਡਗਾਮ ਜ਼ਿਲ੍ਹੇ ਦੇ ਖਾਹ ਖੇਤਰ ਵਿੱਚ ਇੱਕ ਸੜਕ ਹਾਦਸੇ ਦੌਰਾਨ ਚਾਰ ਫੌਜ ਕਰਮਚਾਰੀ ਜ਼ਖ਼ਮੀ ਹੋ ਗਏ, ਜਿਨ੍ਹਾਂ ਵਿੱਚੋਂ ਦੋ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਜ਼ਖਮੀ ਸੈਨਿਕ, ਸਾਰੇ 53 ਰਾਸ਼ਟਰੀ ਰਾਈਫਲਜ਼ ਦੇ ਸਨ। ਜ਼ਖਮੀਆਂ ਨੂੰ ਤੁਰੰਤ ਡਾਕਟਰੀ ਸਹਾਇਤਾ ਦਿੱਤੀ ਗਈ ਅਤੇ ਅਗਲੇ ਇਲਾਜ ਲਈ ਬਦਾਮੀ ਬਾਗ ਛਾਉਣੀ ਦੇ 92 ਬੇਸ ਹਸਪਤਾਲ ਵਿੱਚ ਤਬਦੀਲ ਕਰ ਦਿੱਤਾ ਗਿਆ।

# ਸਾਬਕਾ ਸਾਂਸਦ ਤੇ ਅਕਾਲੀ ਆਗੂ ਮੋਹਿੰਦਰ ਸਿੰਘ ਕੇ.ਪੀ ਦੇ ਪੁੱਤਰ ਦੀ ਸੜਕ ਹਾਦਸੇ 'ਚ ਮੌਤ

ਚੜ੍ਹਦੀਕਲਾ ਬਿਊਰੋ

================


ਜਲੰਧਰ, 14 ਸਤੰਬਰ:ਸਾਬਕਾ ਸੰਸਦ ਮੈਂਬਰ ਅਤੇ ਸੀਨੀਅਰ ਅਕਾਲੀ ਨੇਤਾ ਮੋਹਿੰਦਰ ਸਿੰਘ ਕੇਪੀ ਦੇ ਇਕਲੌਤੇ ਪੁੱਤਰ ਰਿਚੀ ਕੇਪੀ (36) ਦੀ ਜਲੰਧਰ ਵਿੱਚ 4 ਵਾਹਨਾਂ ਦੀ ਭਿਆਨਕ ਟੱਕਰ ਵਿੱਚ ਮੌਤ ਹੋ ਗਈ। ਇਸ ਤੋਂ ਇਲਾਵਾ, 2 ਕਾਰ ਸਵਾਰਾਂ ਨੂੰ ਵੀ ਗੰਭੀਰ ਸੱਟਾਂ ਲੱਗੀਆਂ ਹਨ। ਇਹ ਹਾਦਸਾ ਸ਼ਹਿਰ ਦੇ ਇੱਕ ਪਾਸ਼ ਖੇਤਰ ਮਾਡਲ ਟਾਊਨ ਵਿੱਚ ਮਾਤਾ ਰਾਣੀ ਚੌਂਕ ਨੇੜੇ ਵਾਪਰਿਆ। ਇਸ ਹਾਦਸੇ ਦਾ ਇੱਕ ਸੀਸੀਟੀਵੀ ਵੀਡੀਓ ਵੀ ਸਾਹਮਣੇ ਆਈ ਹੈ, ਜਿਸ ਵਿੱਚ ਪੂਰੀ ਘਟਨਾ ਸਾਫ਼ ਦਿਖਾਈ ਦੇ ਰਹੀ ਹੈ। ਜਾਣਕਾਰੀ ਅਨੁਸਾਰ ਰਿਚੀ ਮਾਡਲ ਟਾਊਨ ਵਿੱਚ ਮਾਤਾ ਰਾਣੀ ਚੌਂਕ ਨੇੜੇ ਆਪਣੀ ਫਾਰਚੂਨਰ ਕਾਰ ਵਿੱਚ ਜਾ ਰਿਹਾ ਸੀ। ਰਿਚੀ ਦੇ ਗਲੇ ਦਾ ਮਣਕਾ ਟੁੱਟ ਗਿਆ ਅਤੇ ਉਸਦੇ ਸਿਰ ਅਤੇ ਹੋਰ ਹਿੱਸਿਆਂ ਵਿੱਚ ਗੰਭੀਰ ਸੱਟਾਂ ਲੱਗੀਆਂ। ਜਿਸ ਕਾਰਨ ਉਸਦੀ ਮੌਤ ਹੋ ਗਈ। ਹਾਦਸੇ ਤੋਂ ਬਾਅਦ, ਕ੍ਰੇਟਾ ਕਾਰ ਚਾਲਕ ਹਾਦਸੇ ਵਾਲੀ ਥਾਂ ਤੋਂ ਆਪਣੀ ਕਾਰ ਲੈ ਕੇ ਭੱਜ ਗਿਆ। ਪੁਲਿਸ ਵੱਲੋਂ ਉਸਦੀ ਭਾਲ ਕੀਤੀ ਜਾ ਰਹੀ ਹੈ।



ਐਤਵਾਰ ਸਵੇਰੇ ਸਾਹਮਣੇ ਆਏ ਸੀਸੀਟੀਵੀ ਫੁਟੇਜ ਅਨੁਸਾਰ, ਇਹ ਹਾਦਸਾ ਠੀਕ ਰਾਤ 10.55 ਵਜੇ ਹੋਇਆ। ਜਦੋਂ ਹਾਦਸਾ ਹੋਇਆ ਤਾਂ ਮੋਹਿੰਦਰ ਸਿੰਘ ਕੇਪੀ ਖੁਦ ਪਰਿਵਾਰਕ ਮੈਂਬਰਾਂ ਨਾਲ ਮੌਕੇ 'ਤੇ ਪਹੁੰਚੇ, ਜਿੱਥੇ ਉੱਥੇ ਮੌਜੂਦ ਲੋਕਾਂ ਦੀ ਮਦਦ ਨਾਲ ਉਨ੍ਹਾਂ ਰਿਚੀ ਨੂੰ ਇਲਾਜ ਲਈ ਹਸਪਤਾਲ ਦਾਖਲ ਕਰਵਾਇਆ । ਪਰ ਡਾਕਟਰ ਨੇ ਉੱਥੇ ਇਲਾਜ ਦੌਰਾਨ ਉਸਨੂੰ ਮ੍ਰਿਤਕ ਐਲਾਨ ਦਿੱਤਾ। ਰਿਚੀ ਦੀ ਭੈਣ ਅਤੇ ਉਸਦੇ ਰਿਸ਼ਤੇਦਾਰ ਵਿਦੇਸ਼ ਵਿੱਚ ਰਹਿੰਦੇ ਹਨ। ਉਨ੍ਹਾਂ ਦੇ ਆਉਣ ਤੋਂ ਬਾਅਦ ਹੀ ਅੰਤਿਮ ਸੰਸਕਾਰ ਕੀਤਾ ਜਾਵੇਗਾ। ਕਮਿਸ਼ਨਰੇਟ ਪੁਲਿਸ ਦੇ ਡੀਸੀਪੀ ਨਰੇਸ਼ ਡੋਗਰਾ ਨੇ ਦੱਸਿਆ ਕਿ ਸੜਕ ਹਾਦਸੇ ਦੀ ਸੂਚਨਾ ਮਿਲਦੇ ਹੀ ਪੁਲਿਸ ਟੀਮ ਮੌਕੇ 'ਤੇ ਪਹੁੰਚ ਗਈ। ਹੁਣ ਤੱਕ ਦੀ ਜਾਂਚ ਤੋਂ ਪਤਾ ਲੱਗਾ ਹੈ ਕਿ 4 ਵਾਹਨ ਆਪਸ ਵਿੱਚ ਟਕਰਾ ਗਏ ਹਨ। ਮੌਕੇ 'ਤੇ ਤਿੰਨ ਵਾਹਨਾਂ ਨੂੰ ਘੇਰ ਲਿਆ ਗਿਆ ਹੈ, ਚੌਥੀ ਦਾ ਪਤਾ ਲਗਾਇਆ ਜਾ ਰਿਹਾ ਹੈ। ਇਸ ਹਾਦਸੇ ਵਿੱਚ ਗ੍ਰੈਂਡ ਵਿਟਾਰਾ ਵਿੱਚ ਮੌਜੂਦ ਪਤੀ-ਪਤਨੀ ਗੰਭੀਰ ਜ਼ਖਮੀ ਹੋ ਗਏ ਅਤੇ ਦੂਜੇ ਪਾਸੇ ਫਾਰਚੂਨਰ ਵਿੱਚ ਮੌਜੂਦ ਮੋਹਿੰਦਰ ਸਿੰਘ ਕੇਪੀ ਦੇ ਪੁੱਤਰ ਰਿਚੀ ਦੀ ਮੌਤ ਹੋ ਗਈ। ਪੁਲਿਸ ਨੇ ਇਸ ਮਾਮਲੇ ਵਿੱਚ ਐਫ਼.ਆਈ.ਆਰ.ਦਰਜ ਕਰ ਲਈ ਹੈ। ਇੱਕ ਸੀਸੀਟੀਵੀ ਮਿਲਿਆ ਹੈ, ਜੋ ਕਿ ਬਹੁਤ ਧੁੰਦਲਾ ਹੈ। ਇਲਾਕੇ ਦੇ ਹੋਰ ਸੀਸੀਟੀਵੀ ਸਕੈਨ ਕੀਤੇ ਜਾ ਰਹੇ ਹਨ, ਜਿਸ ਦੇ ਆਧਾਰ 'ਤੇ ਹਾਦਸੇ ਦੇ ਅਸਲ ਕਾਰਨ ਦਾ ਪਤਾ ਲਗਾਇਆ ਜਾਵੇਗਾ।

# ਸਰਹੱਦ ਪਾਰੋਂ ਨਸ਼ਾ ਤਸਕਰੀ ਦੀ ਕੋਸ਼ਿਸ਼ ਕਰਨ ਵਾਲਾ ਵਿਅਕਤੀ 15.7 ਕਿਲੋਗ੍ਰਾਮ ਹੈਰੋਇਨ ਸਮੇਤ ਕਾਬੂ

## ਕਪੂਰਥਲਾ ਜੇਲ੍ਹ 'ਚ ਬੰਦ ਦੋਸ਼ੀ ਵੱਲੋਂ ਚਲਾਇਆ ਜਾ ਰਿਹੈ ਡਰੱਗ ਨੈਟਵਰਕ : ਡੀਜੀਪੀ




ਚੰਡੀਗੜ੍ਹ/ਫਿਰੋਜ਼ਪੁਰ, 14 ਸਤੰਬਰ (ਤਿਵਾੜੀ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਜਾਰੀ ਮੁਹਿੰਮ ਦੌਰਾਨ ਖੁਫੀਆ ਜਾਣਕਾਰੀ 'ਤੇ ਆਧਾਰਤ ਇੱਕ ਕਾਰਵਾਈ ਵਿੱਚ ਫਿਰੋਜ਼ਪੁਰ ਪੁਲਿਸ ਨੇ 15.7 ਕਿਲੋਗ੍ਰਾਮ ਹੈਰੋਇਨ ਸਮੇਤ ਇੱਕ ਵਿਅਕਤੀ ਨੂੰ ਗ੍ਰਿਫਤਾਰ ਕਰਕੇ ਸਰਹੱਦ ਪਾਰੋਂ ਨਸ਼ਾ ਤਸਕਰੀ ਦੀ ਕੋਸ਼ਿਸ਼ ਨੂੰ ਨਾਕਾਮ ਕਰ ਦਿੱਤਾ। ਇਹ ਜਾਣਕਾਰੀ ਅੱਜ ਇਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਦੀ ਪਛਾਣ ਫਿਰੋਜ਼ਪੁਰ ਦੇ ਹਬੀਬਵਾਲਾ ਦੇ ਰਹਿਣ ਵਾਲੇ ਸੋਨੂੰ ਸਿੰਘ ਵਜੋਂ ਹੋਈ ਹੈ ਅਤੇ ਮੁਲਜ਼ਮ ਦਾ ਕੋਈ ਵੀ ਪੁਰਾਣਾ ਅਪਰਾਧਕ ਰਿਕਾਰਡ ਨਹੀਂ ਹੈ। ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਇਹ ਡਰੱਗ ਨੈੱਟਵਰਕ ਕਪੂਰਥਲਾ ਜੇਲ੍ਹ ਵਿੱਚ ਬੰਦ ਇੱਕ ਵਿਅਕਤੀ ਵੱਲੋਂ ਚਲਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਨਸ਼ਿਆਂ ਦੀ ਇਹ ਖੇਪ ਪਾਕਿਸਤਾਨ ਅਧਾਰਤ ਤਸਕਰਾਂ ਦੁਆਰਾ ਭੇਜੀ ਗਈ ਸੀ। ਡੀਜੀਪੀ ਨੇ ਕਿਹਾ ਕਿ ਇਸ ਮਾਮਲੇ ਵਿੱਚ ਅਗਲੇ-ਪਿਛਲੇ ਸਬੰਧਾਂ ਦਾ ਪਤਾ ਲਗਾ ਕੇ ਇਸ ਸਮੁੱਚੇ ਨੈੱਟਵਰਕ ਦਾ ਪਰਦਾਫਾਸ਼ ਕਰਨ ਲਈ ਹੋਰ ਜਾਂਚ ਕੀਤੀ ਜਾ ਰਹੀ ਹੈ। ਆਪਰੇਸ਼ਨ ਦੇ ਵੇਰਵੇ ਸਾਂਝੇ ਕਰਦਿਆਂ ਸੀਨੀਅਰ ਸੁਪਰਡੈਂਟ ਆਫ਼ ਪੁਲਿਸ (ਐਸਐਸਪੀ) ਫਿਰੋਜ਼ਪੁਰ ਭੁਪਿੰਦਰ ਸਿੰਘ ਸਿੱਧੂ ਨੇ ਕਿਹਾ ਕਿ ਸੀਆਈਏ ਫਿਰੋਜ਼ਪੁਰ ਦੀਆਂ ਟੀਮਾਂ ਨੂੰ ਭਰੋਸੇਯੋਗ ਜਾਣਕਾਰੀ ਮਿਲੀ ਸੀ ਕਿ ਸ਼ੱਕੀ ਸੋਨੂੰ ਸਿੰਘ ਨੇ ਹੈਰੋਇਨ ਦੀ ਖੇਪ ਹਾਸਲ ਕੀਤੀ ਹੈ, ਜਿਸਨੂੰ ਲੈ ਕੇ ਉਹ ਪਿੰਡ ਪੱਲਾ ਮੇਘਾ ਤੋਂ ਸਿਟੀ ਫਿਰੋਜ਼ਪੁਰ ਵੱਲ ਜਾ ਰਿਹਾ ਹੈ। ਸੂਚਨਾ ਮਿਲਣ ਦੀ ਤੇਜ਼ੀ ਨਾਲ ਕਾਰਵਾਈ ਕਰਦਿਆਂ ਐਸਪੀ (ਡੀ) ਫਿਰੋਜ਼ਪੁਰ ਮਨਜੀਤ ਸਿੰਘ ਤੇ ਡੀਐਸਪੀ (ਡੀ) ਫਿਰੋਜ਼ਪੁਰ ਬਰਜਿੰਦਰ ਸਿੰਘ ਦੀ ਨਿਗਰਾਨੀ ਹੇਠ ਪੁਲਿਸ ਟੀਮਾਂ ਨੇ ਖੁਫੀਆ ਜਾਣਕਾਰੀ 'ਤੇ ਅਧਾਰਤ ਆਪ੍ਰੇਸ਼ਨ ਚਲਾਇਆ ਅਤੇ ਪਿੰਡ ਦੁਲਚੀ ਕੇ ਵਿਖੇ ਲੱਗੇ ਨਾਕੇ ਤੋਂ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ।

ਐਸਐਸਪੀ ਨੇ ਕਿਹਾ ਕਿ ਇਸ ਕੇਸ ਵਿੱਚ ਅਗਲੇਰੀ ਜਾਂਚ ਜਾਰੀ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਹੋਰ ਗ੍ਰਿਫ਼ਤਾਰੀਆਂ ਅਤੇ ਬਰਾਮਦਗੀਆਂ ਹੋਣ ਦੀ ਉਮੀਦ ਹੈ। ਇਸ ਸਬੰਧੀ ਥਾਣਾ ਸਦਰ ਫਿਰੋਜ਼ਪੁਰ ਵਿਖੇ ਐਨਡੀਪੀਐਸ ਐਕਟ ਦੀ ਧਾਰਾ 21 ਤਹਿਤ ਐਫਆਈਆਰ ਨੰਬਰ 252 ਮਿਤੀ 13/9/2025 ਦਰਜ ਕੀਤੀ ਗਈ ਹੈ।

# ਅਮਨ ਅਰੋੜਾ ਨੇ ਏਕੀਕ੍ਰਿਤ ਖੇਡ ਸਹੂਲਤਾਂ ਵਾਲੇ ਆਪਣੀ ਕਿਸਮ ਦੇ ਪਹਿਲੇ ਬੱਸ ਅੱਡੇ ਦਾ ਉਦਘਾਟਨ

**ਚੀਮਾ ਸ਼ਹਿਰ 'ਚ ₹5.06 ਕਰੋੜ ਦੀ ਲਾਗਤ ਨਾਲ ਬਣਾਇਆ ਬੱਸ ਅੱਡੇ**




ਚੰਡੀਗੜ੍ਹ/ਸੁਨਾਮ, 14 ਸਤੰਬਰ (ਮੋਹਣ ਸ਼ਰਮਾ/ਰਾਊਵਰਿੰਦਰ ਮਠਾੜੂ): ਸੂਬੇ ਵਿੱਚ ਆਪਣੀ ਕਿਸਮ ਦੇ ਪਹਿਲੇ ਬੁਨਿਆਦੀ ਢਾਂਚੇ ਦੇ ਵਿਕਾਸ ਵਿੱਚ, ਪੰਜਾਬ ਦੇ ਕੈਬਨਿਟ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਪੰਜਾਬ ਪ੍ਰਧਾਨ, ਅਮਨ ਅਰੋੜਾ ਨੇ ਸੁਨਾਮ ਵਿਧਾਨ ਸਭਾ ਹਲਕੇ ਦੇ ਚੀਮਾ ਸ਼ਹਿਰ ਵਿੱਚ ਇੱਕ ਬਹੁ-ਵਰਤੋਂ ਵਾਲੇ ਬੱਸ ਸਟੈਂਡ ਦੇ ਉਦਘਾਟਨ ਨਾਲ ਇੱਕ ਦੂਰਦਰਸ਼ੀ ਪਹਿਲਕਦਮੀ ਨੂੰ ਸਾਕਾਰ ਕੀਤਾ।ਜ਼ਿਕਰਯੋਗ ਹੈ ਕਿ ਇਹ ਨਵੀਨਤਾਕਾਰੀ ਸਹੂਲਤ, ਅਮਨ ਅਰੋੜਾ ਦੇ ਦਿਮਾਗ ਦੀ ਉਪਜ, ਰਾਜ ਵਿੱਚ ਪਹਿਲੀ ਹੈ ਜੋ ਜਨਤਕ ਆਵਾਜਾਈ ਨੂੰ ਇੱਕ ਸਮਰਪਿਤ ਖੇਡ ਕੰਪਲੈਕਸ ਨਾਲ ਸਹਿਜੇ ਹੀ ਜੋੜਦੀ ਹੈ।

ਜਨਤਾ ਨੂੰ ਸਹੂਲਤ ਸਮਰਪਿਤ ਕਰਨ ਤੋਂ ਬਾਅਦ, ਅਮਨ ਅਰੋੜਾ ਨੇ ਕਿਹਾ ਕਿ ਇਹ ਅਤਿ-ਆਧੁਨਿਕ ਬੱਸ ਸਟੈਂਡ, 5.06 ਕਰੋੜ ਰੁਪਏ ਦੀ ਲਾਗਤ ਨਾਲ ਬਣਿਆ, 16,555 ਵਰਗ ਫੁੱਟ ਦੇ ਵਿਸ਼ਾਲ ਕਵਰਡ ਖੇਤਰ ਦੇ ਨਾਲ, ਬੁਨਿਆਦੀ ਢਾਂਚੇ ਨੂੰ ਇੱਕ ਜੀਵੰਤ ਕਮਿਊਨਿਟੀ ਹੱਬ ਵਜੋਂ ਮੁੜ ਪਰਿਭਾਸ਼ਿਤ ਕਰਦਾ ਹੈ ਜੋ ਸਿਰਫ਼ ਇੱਕ ਆਵਾਜਾਈ ਸਹੂਲਤ ਤੋਂ ਪਰੇ ਹੈ। ਅਮਨ ਅਰੋੜਾ ਨੇ ਕਿਹਾ, "ਖੇਡ ਸਹੂਲਤਾਂ ਵਾਲਾ ਇਹ ਮੋਹਰੀ ਬੱਸ ਸਟੈਂਡ ਮਾਡਲ, ਜਨਤਕ ਸਹੂਲਤਾਂ ਨੂੰ ਵੱਧ ਤੋਂ ਵੱਧ ਕਰਨ ਅਤੇ ਸਾਡੇ ਨੌਜਵਾਨਾਂ ਨੂੰ ਸਸ਼ਕਤ ਬਣਾਉਣ ਲਈ ਤਿਆਰ ਕੀਤਾ ਗਿਆ ਹੈ।" ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਵਿਕਾਸ ਬਹੁ-ਪੱਖੀ ਹੋਣਾ ਚਾਹੀਦਾ ਹੈ ਤੇ ਇਹ ਪ੍ਰੋਜੈਕਟ ਇਸ ਦ੍ਰਿਸ਼ਟੀਕੋਣ ਨੂੰ ਦਰਸਾਉਂਦਾ ਹੈ। ਉਨ੍ਹਾਂ ਅੱਗੇ ਕਿਹਾ, "ਇਹ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਨਵੀਨਤਾਕਾਰੀ, ਲੋਕ-ਕੇਂਦ੍ਰਿਤ ਨੀਤੀਆਂ ਪ੍ਰਤੀ ਵਚਨਬੱਧਤਾ ਦਾ ਪ੍ਰਮਾਣ ਹੈ ਜੋ ਇੱਕ ਛੱਤ ਹੇਠ ਵਿਭਿੰਨ ਭਾਈਚਾਰਕ ਜ਼ਰੂਰਤਾਂ ਨੂੰ ਪੂਰਾ ਕਰਦੀਆਂ ਹਨ।"

ਅਮਨ ਅਰੋੜਾ ਨੇ ਅੱਗੇ ਕਿਹਾ ਕਿ ਇਸ ਸਹੂਲਤ ਕੇਂਦਰ ਦੀ ਜ਼ਮੀਨੀ ਮੰਜ਼ਿਲ ਕੁਸ਼ਲ ਆਵਾਜਾਈ ਅਤੇ ਵਪਾਰ ਲਈ ਤਿਆਰ ਕੀਤੀ ਗਈ ਹੈ। ਇਸ ਵਿੱਚ ਛੇ ਸਮਰਪਿਤ ਬੱਸ ਕਾਊਂਟਰ ਅਤੇ ਇੱਕ ਵਿਸ਼ਾਲ ਵੇਟਿੰਗ ਹਾਲ ਹੈ, ਜੋ ਯਾਤਰੀਆਂ ਨੂੰ ਆਰਾਮਦਾਇਕ ਅਨੁਭਵ ਪ੍ਰਦਾਨ ਕਰਦਾ ਹੈ। ਇਸ ਤੋਂ ਇਲਾਵਾ, ਸਥਾਨਕ ਉੱਦਮਤਾ ਨੂੰ ਉਤਸ਼ਾਹਿਤ ਕਰਨ ਲਈ ਛੇ ਵਪਾਰਕ ਦੁਕਾਨਾਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਇਸ ਮੰਜ਼ਿਲ 'ਤੇ ਇੱਕ ਅੱਡਾ (ਬੱਸ ਸਟੈਂਡ) ਫੀਸ ਦਫ਼ਤਰ, ਇੱਕ ਲੋਡਿੰਗ/ਅਨਲੋਡਿੰਗ ਪਲੇਟਫਾਰਮ, ਜਨਤਕ ਪਾਰਕਿੰਗ ਤੇ ਆਧੁਨਿਕ ਟਾਇਲਟ ਬਲਾਕ ਵੀ ਸ਼ਾਮਲ ਹਨ, ਜੋ ਯਾਤਰੀਆਂ ਅਤੇ ਸਥਾਨਕ ਕਾਰੋਬਾਰਾਂ ਲਈ ਇੱਕ ਸਹਿਜ ਅਤੇ ਸੁਵਿਧਾਜਨਕ ਅਨੁਭਵ ਨੂੰ ਯਕੀਨੀ ਬਣਾਉਂਦੇ ਹਨ। ਇਸ ਸਹੂਲਤ ਕੇਂਦਰ ਦੀ ਪਹਿਲੀ ਮੰਜ਼ਿਲ ਅਮਨ ਅਰੋੜਾ ਦੇ ਦੂਰਦਰਸ਼ੀ ਸੰਕਲਪ ਦਾ ਇੱਕ ਮੁੱਖ ਹਿੱਸਾ ਹੈ, ਜਿਸ ਵਿੱਚ ਇੱਕ ਅਤਿ-ਆਧੁਨਿਕ ਬਹੁ-ਮੰਤਵੀ ਖੇਡ ਕੰਪਲੈਕਸ ਹੈ। ਇਹ ਅਤਿ-ਆਧੁਨਿਕ ਜਗ੍ਹਾ ਕੁਸ਼ਤੀ, ਜੂਡੋ, ਕਬੱਡੀ, ਕਰਾਟੇ ਅਤੇ ਕਿੱਕਬਾਕਸਿੰਗ ਸਮੇਤ ਵੱਖ-ਵੱਖ ਖੇਡ ਵਿਸ਼ਿਆਂ ਨੂੰ ਉਤਸ਼ਾਹਿਤ ਕਰਨ ਲਈ ਤਿਆਰ ਕੀਤੀ ਗਈ ਹੈ, ਜੋ ਸਥਾਨਕ ਖਿਡਾਰੀਆਂ ਨੂੰ ਆਪਣੇ-ਆਪਣੇ ਖੇਤਰਾਂ ਵਿੱਚ ਆਪਣੇ ਹੁਨਰ ਨੂੰ ਨਿਖਾਰਨ ਲਈ ਇੱਕ ਆਧੁਨਿਕ ਸਿਖਲਾਈ ਵਾਤਾਵਰਣ ਪ੍ਰਦਾਨ ਕਰਦੀ ਹੈ।

ਕੈਬਨਿਟ ਮੰਤਰੀ ਨੇ ਕਿਹਾ ਕਿ ਇਹ ਪ੍ਰੋਜੈਕਟ ਪੰਜਾਬ ਵਿੱਚ ਜ਼ਰੂਰੀ ਸੇਵਾਵਾਂ ਨੂੰ ਸਿਹਤ ਅਤੇ ਤੰਦਰੁਸਤੀ ਦੇ ਮੌਕਿਆਂ ਨਾਲ ਜੋੜ ਕੇ, ਉਪਯੋਗਤਾ ਅਤੇ ਨਾਗਰਿਕ ਬੁਨਿਆਦੀ ਢਾਂਚੇ ਲਈ ਇੱਕ ਨਵਾਂ ਮਾਪਦੰਡ ਸਥਾਪਤ ਕਰਕੇ ਭਾਈਚਾਰਕ ਵਿਕਾਸ ਨੂੰ ਮੁੜ ਪਰਿਭਾਸ਼ਿਤ ਕਰਦਾ ਹੈ।

# ਪੰਜਾਬ 'ਚ ਹੜ੍ਹ ਪ੍ਰਭਾਵਿਤ ਸਾਰੀਆਂ ਮੰਡੀਆਂ ਨੂੰ ਬਹਾਲ ਕਰਨ ਲਈ 5-ਰੋਜ਼ਾ ਮੁਹਿੰਮ ਚਲਾਈ

ਚੰਡੀਗੜ੍ਹ, 14 ਸਤੰਬਰ (ਚ.ਨ.ਸ.): ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ



ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਕਿਸਾਨਾਂ ਲਈ ਨਿਰਵਿਘਨ ਅਤੇ ਮੁਸਕਲ ਰਹਿਤ ਝੋਨੇ ਦੀ ਖਰੀਦ ਨੂੰ ਯਕੀਨੀ ਬਣਾਉਣ ਲਈ ਪੰਜਾਬ ਸਰਕਾਰ ਵੱਲੋਂ ਹੜ੍ਹ ਪ੍ਰਭਾਵਿਤ ਸਾਰੀਆਂ ਅਨਾਜ ਮੰਡੀਆਂ ਨੂੰ ਚਾਲੂ ਕਰਨ ਲਈ ਵਿਸੇਸ ਪੰਜ-ਰੋਜ਼ਾ ਮੁਹਿੰਮ ਸੁਰੂ ਕੀਤੀ ਗਈ ਹੈ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਐਤਵਾਰ ਤੋਂ ਸੁਰੂ ਹੋਣ ਵਾਲੀ ਇਹ ਮੁਹਿੰਮ ਹੜ੍ਹ ਪ੍ਰਭਾਵਿਤ ਜ਼ਿਲ੍ਹਿਆਂ 'ਤੇ ਕੇਂਦ੍ਰਿਤ ਹੈ ਜਿੱਥੇ ਮੰਡੀਆਂ ਖੜ੍ਹੇ ਪਾਣੀ ਅਤੇ ਜਮ੍ਹਾਂ ਹੋਏ ਚਿੱਕੜ ਨਾਲ ਪ੍ਰਭਾਵਿਤ ਹਨ। ਉਨ੍ਹਾਂ ਨੇ ਪੰਜਾਬ ਮੰਡੀ ਬੋਰਡ ਦੇ ਅਧਿਕਾਰੀਆਂ ਅਤੇ ਸਾਰੇ ਜ਼ਿਲ੍ਹਾ ਮੰਡੀ ਅਫਸਰਾਂ(ਡੀਐਮਓਜ) ਨੂੰ ਹਦਾਇਤ ਕੀਤੀ ਕਿ ਉਹ ਨਿੱਜੀ ਤੌਰ 'ਤੇ ਇਨ੍ਹਾਂ ਯਤਨਾਂ ਦੀ ਨਿਗਰਾਨੀ ਕਰਨ ਤੇ ਇਹ ਯਕੀਨੀ ਬਣਾਉਣ ਕਿ ਸਾਰੀਆਂ ਪ੍ਰਭਾਵਿਤ ਮੰਡੀਆਂ 19 ਸਤੰਬਰ ਤੱਕ ਪੂਰੀ ਤਰ੍ਹਾਂ ਬਹਾਲ ਅਤੇ ਕਾਰਜਸੀਲ ਹੋ ਜਾਣ।

ਖੁੱਡੀਆਂ ਨੇ ਕਿਹਾ ਕਿ ਮੁੱਖ ਮੰਤਰੀ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸਾਡੇ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਲਈ ਹਰ ਸੰਭਵ ਕਦਮ ਚੁੱਕ ਰਹੀ ਹੈ। ਇਸ ਵਿਸੇਸ ਮੁਹਿੰਮ ਪਿੱਛੇ ਸਾਡਾ ਉਦੇਸ ਇਹ ਯਕੀਨੀ ਬਣਾਉਣਾ ਹੈ ਕਿ ਕਿਸੇ ਵੀ ਕਿਸਾਨ ਨੂੰ ਆਪਣੀ ਉਪਜ ਵੇਚਣ ਵਿੱਚ ਕਿਸੇ ਵੀ ਮੁਸਕਲ ਦਾ ਸਾਹਮਣਾ ਨਾ ਕਰਨਾ ਪਵੇ। ਸਾਡੇ ਕਿਸਾਨਾਂ ਦੀ ਰੋਜ਼ੀ-ਰੋਟੀ ਦੀ ਰੱਖਿਆ ਤੇ ਕੁਸਲ ਖਰੀਦ ਪ੍ਰਕਿਰਿਆਵਾਂ ਨੂੰ ਯਕੀਨੀ ਬਣਾਉਣ ਲਈ ਹਰ ਜਰੂਰੀ ਕਦਮ ਚੁੱਕੇ ਜਾ ਰਹੇ ਹਨ।" ਖੇਤੀਬਾੜੀ ਮੰਤਰੀ ਨੇ ਦੱਸਿਆ ਕਿ 16 ਸਤੰਬਰ, 2025 ਤੋਂ ਸੁਰੂ ਹੋਣ ਵਾਲੇ ਸਾਉਣੀ ਖਰੀਦ ਸੀਜਨ ਲਈ ਸੂਬੇ ਦੀਆਂ ਅਨਾਜ ਮੰਡੀਆਂ ਵਿੱਚ ਪੁਖਤਾ ਪ੍ਰਬੰਧ ਯਕੀਨੀ ਬਣਾਏ ਗਏ ਹਨ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਕਿਸਾਨਾਂ ਨੂੰ ਸਮੇਂ ਸਿਰ ਖਰੀਦ ਅਤੇ ਤੁਰੰਤ ਭੁਗਤਾਨ ਸਮੇਤ ਬਿਹਤਰ ਅਨੁਭਵ ਪ੍ਰਦਾਨ ਕਰਨ ਲਈ ਵਚਨਬੱਧ ਹੈ।

# ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਰਾਹਤ ਕਾਰਜਾਂ ਤੇ ਨੁਕਸਾਨ ਦੇ ਮੁਲਾਂਕਣ 'ਚ ਸਹਿਯੋਗ ਲਈ ਨੋਡਲ ਚੇਅਰਮੈਨ ਤੇ ਮੈਂਬਰ ਨਿਯੁਕਤ ਕੀਤੇ : ਮੁੰਡੀਆਂ



ਚੰਡੀਗੜ੍ਹ, 14 ਸਤੰਬਰ (ਚ.ਨ.ਸ.): ਪੰਜਾਬ ਦੇ ਮਾਲ, ਮੁੜ-ਵਸੇਬਾ ਅਤੇ ਆਫਤ ਪ੍ਰਬੰਧਨ ਮੰਤਰੀ ਸ. ਹਰਦੀਪ ਸਿੰਘ ਮੁੰਡੀਆਂ ਨੇ ਅੱਜ ਦੱਸਿਆ ਕਿ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਰਾਹਤ ਕਾਰਜਾਂ ਅਤੇ ਨੁਕਸਾਨ ਦੇ ਮੁਲਾਂਕਣ ਨੂੰ ਸੁਚਾਰੂ ਬਣਾਉਣ ਲਈ ਸੂਬਾ ਸਰਕਾਰ ਵੱਲੋਂ ਨੋਡਲ ਚੇਅਰਮੈਨ ਅਤੇ ਮੈਂਬਰਾਂ ਦੀ ਨਿਯੁਕਤੀ ਕੀਤੀ ਗਈ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਰਾਜ ਵਿੱਚ ਆਏ ਭਿਆਨਕ ਹੜ੍ਹਾਂ ਨੇ ਵੱਡਾ ਨੁਕਸਾਨ ਕੀਤਾ ਹੈ। ਇਸ ਸਥਿਤੀ ਦੇ ਮੱਦੇਨਜ਼ਰ ਸਰਕਾਰ ਵੱਲੋਂ 2303 ਅਜਿਹੇ ਪਿੰਡਾਂ ਦੀ ਸ਼ਨਾਖਤ ਕੀਤੀ ਗਈ ਹੈ, ਜਿੱਥੇ ਬੁਨਿਆਦੀ ਸਹਾਇਤਾ ਅਤੇ ਮੁੜ-ਵਸੇਬੇ ਲਈ ਤੁਰੰਤ ਉਪਰਾਲੇ ਕਰਨੇ ਜਰੂਰੀ ਹਨ। ਇਸ ਲਈ ਨਿਯੁਕਤ ਨੋਡਲ ਪ੍ਰਤੀਨਿਧ ਜ਼ਿਲ੍ਹਾ ਪ੍ਰਸਾਸਨ ਅਤੇ ਨਿਯੁਕਤ ਗਜਟਿਡ ਅਫਸਰਾਂ ਨਾਲ ਤਾਲਮੇਲ ਕਰਦੇ ਹੋਏ ਆਪਣੀਆਂ ਡਿਊਟੀਆਂ ਨਿਭਾਉਣਗੇ।

ਮੁੰਡੀਆਂ ਨੇ ਦੱਸਿਆ ਕਿ ਇਹ ਪ੍ਰਤੀਨਿਧ ਰਾਹਤ ਸਮੱਗਰੀ ਦੀ ਵੰਡ ਦੀ ਨਿਗਰਾਨੀ ਕਰਨਗੇ, ਫ਼ਸਲਾਂ, ਮਕਾਨਾਂ ਅਤੇ ਪਸੂਧਨ ਨੂੰ ਹੋਏ ਨੁਕਸਾਨ ਦੇ ਮੁਲਾਂਕਣ ਵਿੱਚ ਸਹਾਇਤਾ ਕਰਨਗੇ ਅਤੇ ਹੜ੍ਹ ਪੀੜਤਾਂ ਦੇ ਕਲੇਮ ਸਮਾਂਬੱਧ ਤਰੀਕੇ ਨਾਲ ਫੈਸੀਲੀਟੇਟ ਕਰਨਗੇ ਤਾਂ ਜੋ ਪ੍ਰਭਾਵਿਤ ਵਿਅਕਤੀਆਂ ਨੂੰ ਮੁਆਵਜਾ ਅਤੇ ਸਹਾਇਤਾ ਬਿਨਾਂ ਕਿਸੇ ਦੇਰੀ ਤੋਂ ਪ੍ਰਦਾਨ ਕੀਤੀ ਜਾ ਸਕੇ। ਉਨ੍ਹਾਂ ਕਿਹਾ ਕਿ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਸਿਰਫ ਤੁਰੰਤ ਰਾਹਤ ਹੀ ਨਹੀਂ, ਸਗੋਂ ਸਿਹਤ ਕੈਂਪਾਂ ਦੀ ਉਪਲਬਧਤਾ, ਗੁਜ਼ਰ-ਬਸਰ ਦੇ ਵਸੀਲੇ ਅਤੇ ਮੁੜ-ਵਸੇਬੇ ਦੀ ਬਹੁਤ ਲੋੜ ਹੁੰਦੀ ਹੈ। ਇਸ ਲਈ ਨਿਯੁਕਤ ਨੋਡਲ ਚੇਅਰਮੈਨ ਅਤੇ ਮੈਂਬਰ ਸੂਬਾ ਸਰਕਾਰ ਦੇ ਸਹਾਇਕ ਅੰਗ ਵਜੋਂ ਪਿੰਡ ਪੱਧਰ 'ਤੇ ਕੰਮ ਕਰਦੇ ਹੋਏ ਮੈਡੀਕਲ ਸਹਾਇਤਾ, ਸਾਫ਼-ਸਫ਼ਾਈ ਦੇ ਉਪਰਾਲੇ ਅਤੇ ਜਰੂਰੀ ਸੇਵਾਵਾਂ ਦੀ ਤੁਰੰਤ ਬਹਾਲੀ ਯਕੀਨੀ ਬਣਾਉਣਗੇ।

ਮੁੰਡੀਆਂ ਨੇ ਸਮੂਹ ਡਿਪਟੀ ਕਮਿਸਨਰਾਂ ਅਤੇ ਸਬ-ਡਿਵੀਜਨਲ ਅਥਾਰਟੀਜ ਨੂੰ ਨਿਰਦੇਸ ਦਿੱਤੇ ਕਿ ਉਹ ਨੋਡਲ ਪ੍ਰਤੀਨਿਧਾਂ ਨੂੰ ਪੂਰਨ ਸਹਿਯੋਗ ਦੇਣ, ਲੋੜੀਂਦਾ ਡਾਟਾ ਅਤੇ ਸਾਧਨ ਉਪਲਬਧ ਕਰਵਾਉਣ ਅਤੇ ਪਿੰਡ ਪੱਧਰ 'ਤੇ ਤਾਲਮੇਲ ਯਕੀਨੀ ਬਣਾਉਣ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਹ ਨਿਯੁਕਤੀਆਂ ਇਸ ਦ੍ਰਿੜ੍ਹ ਨਿਸਚੇ ਨਾਲ ਕੀਤੀਆਂ ਗਈਆਂ ਹਨ ਕਿ ਪੰਜਾਬ ਸਰਕਾਰ ਇਸ ਚੁਣੌਤੀਪੂਰਨ ਘੜੀ ਵਿੱਚ ਹਰ ਇੱਕ ਨਾਗਰਿਕ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ ਅਤੇ ਹਰ ਉਪਰਾਲਾ ਕਰਕੇ ਹਰ ਇੱਕ ਹੜ੍ਹ ਪ੍ਰਭਾਵਿਤ ਵਿਅਕਤੀ ਦਾ ਮੁੜ-ਵਸੇਬਾ ਯਕੀਨੀ ਬਣਾਇਆ ਜਾਵੇਗਾ।

# ਗੁਰਦਾਸਪੁਰ ਯੂਨੀਵਰਸਿਟੀ ਨੇ ਹੜ੍ਹ ਰਾਹਤ ਕਾਰਜਾਂ ਲਈ 3.5 ਲੱਖ ਦਾ ਦਿੱਤਾ ਯੋਗਦਾਨ

ਚੰਡੀਗੜ੍ਹ, 14 ਸਤੰਬਰ (ਚ.ਨ.ਸ.): ਏਕਤਾ ਅਤੇ ਸਮਾਜਿਕ ਜ਼ਿੰਮੇਵਾਰੀ ਪ੍ਰਤੀ ਮਿਸਾਲ ਪੇਸ ਕਰਦਿਆਂ ਸਰਦਾਰ ਬੇਅੰਤ ਸਿੰਘ ਸਟੇਟ ਯੂਨੀਵਰਸਿਟੀ (ਐਸ.ਬੀ.ਐਸ.ਐਸ.ਯੂ.) ਗੁਰਦਾਸਪੁਰ ਨੇ ਸੂਬੇ ਭਰ ਵਿੱਚ ਚੱਲ ਰਹੇ ਹੜ੍ਹ ਰਾਹਤ ਕਾਰਜਾਂ ਵਿੱਚ ਯੋਗਦਾਨ ਪਾਉਣ ਲਈ ਪੰਜਾਬ ਮੁੱਖ ਮੰਤਰੀ ਹੜ੍ਹ ਰਾਹਤ ਫੰਡ ਵਿੱਚ 3,50,000 ਰੁਪਏ ਦਿੱਤੇ ਹਨ। ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਐਸ.ਕੇ. ਮਿਸਰਾ ਦੀ ਅਗਵਾਈ ਵਿੱਚ ਯੂਨੀਵਰਸਿਟੀ ਦੇ ਇੱਕ ਵਫਦ ਨੇ ਪੰਜਾਬ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ ਸ. ਹਰਜੋਤ ਸਿੰਘ ਬੈਂਸ ਨਾਲ ਮੁਲਾਕਾਤ ਕੀਤੀ ਅਤੇ ਹੜ੍ਹ ਰਾਹਤ ਫੰਡ ਲਈ ਚੈੱਕ ਭੇਟ ਕੀਤਾ।



ਇਸ ਵਫਦ ਵਿੱਚ ਰਜਿਸਟਰਾਰ, ਡੀਨ ਅਕਾਦਮਿਕ ਮਾਮਲੇ, ਡੀਨ ਯੋਜਨਾਬੰਦੀ ਤੇ ਵਿਕਾਸ ਤੇ ਸਹਾਇਕ ਰਜਿਸਟਰਾਰ ਸਮੇਤ ਹੋਰ ਅਧਿਕਾਰੀ ਸਾਮਲ ਸਨ। ਇਹ ਰਾਸੀ ਯੂਨੀਵਰਸਿਟੀ ਦੇ ਫੈਕਲਟੀ ਅਤੇ ਸਟਾਫ ਦੀ ਭਾਗੀਦਾਰੀ ਰਾਹੀਂ ਇਕੱਤਰ ਕੀਤੀ ਗਈ ਸੀ, ਜਿਨ੍ਹਾਂ ਨੇ ਪੰਜਾਬ ਵਿੱਚ ਹਾਲ ਹੀ 'ਚ ਆਏ ਭਿਆਨਕ ਹੜ੍ਹਾਂ ਤੋਂ ਪ੍ਰਭਾਵਿਤ ਲੋਕਾਂ ਦੀ ਸਹਾਇਤਾ ਲਈ ਆਪਣੀ ਇੱਕ ਦਿਨ ਦੀ ਤਨਖਾਹ ਦਾਨ ਕੀਤੀ। ਇਸ ਪਹਿਲਕਦਮੀ ਦੀ ਸਲਾਘਾ ਕਰਦਿਆਂ ਹਰਜੋਤ ਸਿੰਘ ਬੈਂਸ ਨੇ ਕਿਹਾ, "ਇਸ ਚੁਣੌਤੀਪੂਰਨ ਸਮੇਂ ਵਿੱਚ, ਸਰਦਾਰ ਬੇਅੰਤ ਸਿੰਘ ਸਟੇਟ ਯੂਨੀਵਰਸਿਟੀ ਦਾ ਇਹ ਕਦਮ 'ਸਰਬੱਤ ਦੇ ਭਲੇ' ਦੀ ਭਾਵਨਾ ਤੇ ਸਮੂਹਿਕ ਜ਼ਿੰਮੇਵਾਰੀ ਦਾ ਪ੍ਰਮਾਣ ਹੈ। ਯੂਨੀਵਰਸਿਟੀ ਦੇ ਫੈਕਲਟੀ ਅਤੇ ਸਟਾਫ ਵੱਲੋਂ ਹਮਦਰਦੀ ਨਾਲ ਪਾਇਆ ਗਿਆ ਇਹ ਯੋਗਦਾਨ, ਹਮਦਰਦੀ ਤੇ ਏਕਤਾ ਵਾਲੇ ਸਮਾਜ ਦੇ ਨਿਰਮਾਣ ਵਿੱਚ ਅਕਾਦਮਿਕ ਸੰਸਥਾ ਦੀ ਮਹੱਤਵਪੂਰਨ ਭੂਮਿਕਾ ਦੀ ਪੁਸਟੀ ਕਰਦਾ ਹੈ।" ਡਾ. ਐਸ.ਕੇ. ਮਿਸਰਾ ਨੇ ਲੋਕ ਭਲਾਈ ਕਾਰਜਾਂ ਪ੍ਰਤੀ ਯੂਨੀਵਰਸਿਟੀ ਦੀ ਵਚਨਬੱਧਤਾ 'ਤੇ ਜੋਰ ਦਿੰਦਿਆਂ ਕਿਹਾ, "ਸਾਨੂੰ ਉਮੀਦ ਹੈ ਕਿ ਸਾਡਾ ਇਹ ਯਤਨ ਹੋਰ ਸੰਗਠਨਾਂ ਤੇ ਨਾਗਰਿਕਾਂ ਨੂੰ ਅੱਗੇ ਆਉਣ ਤੇ ਹੜ੍ਹ ਪ੍ਰਭਾਵਿਤ ਪਰਿਵਾਰਾਂ ਨੂੰ ਉਨ੍ਹਾਂ ਦੇ ਜੀਵਨ ਨੂੰ ਮੁੜ ਲੀਹ 'ਤੇ ਲਿਆਉਣ ਵਿੱਚ ਸਹਾਇਤਾ ਕਰਨ ਲਈ ਪ੍ਰੇਰਿਤ ਕਰੇਗਾ।"

# ਸ਼ਹਿਰੀ ਸਥਾਨਕ ਇਕਾਈਆਂ ਵੱਲੋਂ ਸਫ਼ਾਈ ਮੁਹਿੰਮ, ਪੀਣ ਵਾਲੇ ਪਾਣੀ ਦੀ ਸਪਲਾਈ, ਜਾਇਦਾਦਾਂ ਦੇ ਨੁਕਸਾਨ ਦਾ ਮੁਲਾਂਕਣ ਯਕੀਨੀ ਬਣਾਇਆ ਜਾਵੇਗਾ : ਡਾ. ਰਵਜੋਤ ਸਿੰਘ

ਚੰਡੀਗੜ੍ਹ, 14 ਸਤੰਬਰ (ਚ.ਨ.ਸ.): ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਡਾ. ਰਵਜੋਤ ਸਿੰਘ ਨੇ ਅੱਜ ਦੱਸਿਆ ਕਿ ਸੂਬੇ ਵਿੱਚ ਹਾਲ ਹੀ ਵਿੱਚ ਆਏ ਹੜ੍ਹਾਂ ਦੇ ਮੱਦੇਨਜਰ ਸਹਿਰੀ ਸਥਾਨਕ ਇਕਾਈਆਂ ਵੱਲੋਂ ਕੀਤੇ ਜਾਣ ਵਾਲੇ ਉਪਾਵਾਂ ਸਬੰਧੀ ਇੱਕ ਨੋਟੀਫਿਕੇਸਨ ਜਾਰੀ ਕੀਤਾ ਗਿਆ ਹੈ। ਕੈਬਨਿਟ ਮੰਤਰੀ ਨੇ ਦੱਸਿਆ ਕਿ ਇਨ੍ਹਾਂ ਉਪਾਵਾਂ ਵਿੱਚ ਸੂਬੇ ਦੇ ਕਸਬਿਆਂ ਵਿੱਚ ਆਮ ਸਥਿਤੀ ਦੀ ਬਹਾਲੀ ਨੂੰ ਯਕੀਨੀ ਬਣਾਉਣ ਲਈ ਸਫਾਈ, ਪੀਣ ਵਾਲੇ ਪਾਣੀ ਦੀ ਸਪਲਾਈ ਅਤੇ ਸਿਹਤ ਸਬੰਧੀ ਰੋਕਥਾਮ ਉਪਾਅ ਸਾਮਲ ਹਨ। ਉਨ੍ਹਾਂ ਕਿਹਾ ਕਿ ਸੂਬੇ ਭਰ ਦੇ ਸਾਰੇ ਨਗਰ ਨਿਗਮਾਂ ਦੇ ਕਮਿਸਨਰਾਂ, ਸਾਰੇ ਵਧੀਕ ਡਿਪਟੀ ਕਮਿਸਨਰਾਂ (ਸਹਿਰੀ ਵਿਕਾਸ/ਜਨਰਲ) ਅਤੇ ਨਗਰ ਕੌਂਸਲਾਂ/ਨਗਰ ਪੰਚਾਇਤਾਂ ਦੇ ਸਾਰੇ ਕਾਰਜਕਾਰੀ ਅਧਿਕਾਰੀਆਂ ਨੂੰ ਮਿਸਨ ਮੋਡ 'ਤੇ ਕੰਮ ਕਰਨ ਲਈ ਲੋੜੀਂਦੇ ਨਿਰਦੇਸ ਦਿੱਤੇ ਗਏ ਹਨ। ਸੂਬੇ ਵਿੱਚ ਰਾਵੀ, ਬਿਆਸ, ਸਤਲੁਜ ਤੇ ਘੱਗਰ ਦਰਿਆਵਾਂ ਦੇ ਨਾਲ-ਨਾਲ ਉਨ੍ਹਾਂ ਦੀਆਂ ਸਹਾਇਕ ਨਦੀਆਂ ਵਿੱਚ ਪਾਣੀ ਦਾ ਪੱਧਰ ਵਧਣ ਅਤੇ ਭਾਰੀ ਬਾਰਸ ਕਾਰਨ ਆਏ ਗੰਭੀਰ ਹੜ੍ਹ ਅਤੇ ਪਾਣੀ ਭਰਨ ਦੀਆਂ ਸਮੱਸਿਆਵਾਂ ਨੂੰ ਵੇਖਦਿਆਂ, ਕੈਬਨਿਟ ਮੰਤਰੀ ਨੇ ਦੱਸਿਆ ਕਿ ਮੌਜੂਦਾ ਸਮੇਂ ਮੁੱਖ ਕੰਮਾਂ ਵਿੱਚੋਂ ਇੱਕ ਸਫਾਈ ਨੂੰ ਯਕੀਨੀ ਬਣਾਉਣਾ ਹੈ। ਉਨ੍ਹਾਂ ਕਿਹਾ ਕਿ ਜਿਨ੍ਹਾਂ ਸਹਿਰਾਂ ਵਿੱਚ ਪਾਣੀ ਭਰਿਆ ਹੋਇਆ ਹੈ, ਉਨ੍ਹਾਂ ਸਹਿਰਾਂ ਵਿੱਚ ਮਿੱਟੀ ਜਾਂ ਰੇਤ ਦੇ ਨਾਲ-ਨਾਲ ਹੋਰ ਮਲਬਾ ਇਕੱਠਾ ਕੀਤਾ ਜਾਵੇਗਾ। ਉਨ੍ਹਾਂ ਅੱਗੇ ਕਿਹਾ ਕਿ ਸੂਬਾ ਸਰਕਾਰ ਨੇ ਯੂ.ਐਲ.



ਬੀਜ ਵੱਲੋਂ ਮੌਜੂਦਾ ਕਰਮਚਾਰੀਆਂ ਦੀ ਤਾਇਨਾਤੀ ਦੇ ਨਾਲ-ਨਾਲ ਵਿਸੇਸ ਟੀਮਾਂ ਨੂੰ ਨਿਯੁਕਤ ਕਰਕੇ ਅਜਿਹੇ ਮਿੱਟੀ/ਮਲਬੇ ਦੇ ਨਾਲ-ਨਾਲ ਸੜਕੀ /ਸਹਿਰੀ ਨਾਲਿਆਂ ਦੀ ਸਫਾਈ ਲਈ ਇੱਕ ਵਿਸੇਸ ਮੁਹਿੰਮ ਸੁਰੂ ਕਰਨ ਦਾ ਫੈਸਲਾ ਕੀਤਾ ਹੈ। ਯੂ.ਐਲ. ਬੀਜ ਵੱਲੋਂ ਪਛਾਣੇ ਗਏ ਪ੍ਰਭਾਵਿਤ ਖੇਤਰਾਂ ਵਿੱਚ ਟੀਮਾਂ ਦੀ ਤਾਇਨਾਤੀ ਲਈ ਇੱਕ ਰੋਸਟਰ ਬਣਾਇਆ ਜਾਵੇਗਾ, ਜਿੱਥੇ 14 ਸਤੰਬਰ ਤੋਂ 23 ਸਤੰਬਰ ਤੱਕ ਦਸ ਦਿਨਾਂ ਦੀ ਵਿਸੇਸ ਸਫਾਈ ਮੁਹਿੰਮ ਸੁਰੂ ਕੀਤੀ ਜਾਵੇਗੀ। ਨੋਟੀਫਿਕੇਸਨ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਵੱਲੋਂ ਇਨ੍ਹਾਂ ਖੇਤਰਾਂ ਵਿੱਚ ਸਿਹਤ ਸੰਭਾਲ ਸੇਵਾਵਾਂ ਸਬੰਧੀ ਪਹਿਲਾਂ ਹੀ ਇੱਕ ਵਿਸਤ੍ਰਿਤ ਐਡਵਾਈਜ਼ਰੀ ਜਾਰੀ ਕੀਤੀ ਜਾ ਚੁੱਕੀ ਹੈ। ਡਾ. ਰਵਜੋਤ ਸਿੰਘ ਨੇ ਦੱਸਿਆ ਕਿ ਸਬੰਧਤ ਅਧਿਕਾਰੀਆਂ ਨੂੰ ਨੁਕਸਾਨੀ ਗਈ ਜਾਇਦਾਦ, ਜਨਤਕ ਜਾਇਦਾਦ ਜਾਂ ਨਿੱਜੀ ਜਾਇਦਾਦ ਜਿਸ ਵਿੱਚ ਘਰ, ਦੁਕਾਨਾਂ ਆਦਿ ਸਾਮਲ ਹਨ, ਦਾ ਸਰਵੇਖਣ ਕਰਨ ਦੇ ਨਿਰਦੇਸ ਵੀ ਦਿੱਤੇ ਗਏ ਹਨ। ਇਹ ਸਰਵੇਖਣ ਮਾਲ, ਮੁੜ ਵਸੇਬਾ ਅਤੇ ਆਫਤ ਪ੍ਰਬੰਧਨ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਇੰਜੀਨੀਅਰਿੰਗ ਸਟਾਫ ਦੇ ਸਹਿਯੋਗ ਨਾਲ ਤੁਰੰਤ ਕੀਤਾ ਜਾਵੇਗਾ। ਮੰਤਰੀ ਨੇ ਕਿਹਾ ਕਿ ਇਸ ਸਬੰਧੀ ਰਿਪੋਰਟਾਂ ਜ਼ਿਲ੍ਹੇ ਦੇ ਡਿਪਟੀ ਕਮਿਸਨਰਾਂ ਨੂੰ ਭੇਜੀਆਂ ਜਾਣਗੀਆਂ ਤਾਂ ਜੋ ਇਨ੍ਹਾਂ ਨੂੰ ਰਾਹਤ/ਮੁਆਵਜੇ ਲਈ ਸੂਬਾ ਸਰਕਾਰ ਨੂੰ ਅੱਗੇ ਭੇਜਿਆ ਜਾ ਸਕੇ। ਇਸਦੇ ਨਾਲ ਹੀ ਸੂਬਾ ਸਰਕਾਰ ਦੇ ਨਿਰਦੇਸਾਂ ਅਨੁਸਾਰ ਨੁਕਸਾਨੀ ਗਈ ਜਾਇਦਾਦ ਦੀ ਮੁਰੰਮਤ ਅਤੇ ਬਹਾਲੀ ਨੂੰ ਵੀ ਯਕੀਨੀ ਬਣਾਇਆ ਜਾਵੇਗਾ।ਸਾਰੇ ਸਬੰਧਤ ਅਧਿਕਾਰੀਆਂ ਨੂੰ ਇੱਕ ਠੋਸ ਲਾਗੂਕਰਨ ਯੋਜਨਾ ਬਣਾਉਣ ਦੇ ਨਿਰਦੇਸ ਵੀ ਦਿੱਤੇ ਗਏ ਸਨ ਤਾਂ ਜੋ ਇਨ੍ਹਾਂ ਕਾਰਜਾਂ ਨੂੰ ਨਿਰਧਾਰਤ ਸਮੇਂ 'ਚ ਪੂਰਾ ਕਰਨ ਲਈ ਸਾਰੇ ਲੋੜੀਂਦੇ ਉਪਾਵਾਂ ਨੂੰ ਤਰਜੀਹ ਤੈਅ ਕਰਦਿਆਂ ਸੂਚੀਬੱਧ ਕੀਤਾ ਜਾ ਸਕੇ। ਅਧਿਕਾਰੀਆਂ ਨੂੰ ਸਾਰੇ ਕੰਮਾਂ ਦੀਆਂ ਪਹਿਲਾਂ ਅਤੇ ਬਾਅਦ ਦੀਆਂ ਫੋਟੋਆਂ ਦਾ ਰਿਕਾਰਡ ਰੱਖਦਿਆਂ ਅਤੇ ਪਾਰਦਰਸਤਾ ਨੂੰ ਯਕੀਨੀ ਬਣਾਉਂਦਿਆਂ ਹਰੇਕ ਕੰਮ ਲਈ ਸਮਾਂ-ਸੀਮਾ ਨਿਰਧਾਰਤ ਕਰਨ ਅਤੇ ਇਸ ਸਬੰਧੀ ਮਨੋਨੀਤ ਅਧਿਕਾਰੀ ਨਿਯੁਕਤ ਕਰਨ ਲਈ ਕਿਹਾ ਗਿਆ ਹੈ। ਸੂਬਾ ਸਰਕਾਰ ਨੇ ਇਹ ਵੀ ਸਪੱਸਟ ਕੀਤਾ ਹੈ ਕਿ ਪ੍ਰਭਾਵਿਤ ਵਿਅਕਤੀਆਂ/ਖੇਤਰਾਂ ਦੀ ਮਦਦ ਲਈ ਪ੍ਰਸਤਾਵਿਤ ਉਪਾਵਾਂ ਦਾ ਜਾਣਕਾਰੀ ਕਸਬਿਆਂ/ਸਹਿਰਾਂ ਦੇ ਵਸਨੀਕਾਂ ਤੱਕ ਸਹੀ ਢੰਗ ਨਾਲ ਪਹੁੰਚਾਈ ਜਾਵੇਗੀ। ਨੋਟੀਫਿਕੇਸਨ ਵਿੱਚ ਕਿਹਾ ਗਿਆ ਹੈ ਇਨ੍ਹਾਂ ਕਾਰਜਾਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਸਮੂਹਿਕ ਯਤਨਾਂ ਵਾਸਤੇ ਸਥਾਨਕ ਯੂਥ ਕਲੱਬਾਂ, ਗੈਰ-ਸਰਕਾਰੀ ਸੰਗਠਨਾਂ ਅਤੇ ਵੱਖ-ਵੱਖ ਸਮਾਜਿਕ ਸੰਗਠਨਾਂ ਨੂੰ ਸਹਿਯੋਗ ਲਈ ਬੇਨਤੀ ਕੀਤੀ ਜਾ ਸਕਦੀ ਹੈ। ਇਹ ਵੀ ਕਿਹਾ ਗਿਆ ਹੈ ਕਿ ਸਹਿਰ ਦੇ ਵੱਖ-ਵੱਖ ਜੋਨਾਂ ਖਾਸ ਕਰਕੇ ਵੱਡੇ ਕਸਬਿਆਂ ਦੇ ਮਾਮਲੇ ਵਿੱਚ ਨੋਡਲ ਅਫਸਰ ਨਿਯੁਕਤ ਕੀਤੇ ਜਾਣ ਅਤੇ ਹਰੇਕ ਸਹਿਰ ਵਿੱਚ ਲਗਾਏ ਗਏ ਨੋਡਲ ਅਫਸਰਾਂ, ਜੋ ਰਾਹਤ ਅਤੇ ਬਹਾਲੀ ਦੇ ਯਤਨਾਂ ਵਿੱਚ ਕਮਿਸਨਰ ਜਾਂ ਈਓ ਦੀ ਸਹਾਇਤਾ ਕਰਨਗੇ, ਦੇ ਨਾਮ ਅਤੇ ਟੈਲੀਫੋਨ ਨੰਬਰ ਨਿਵਾਸੀਆਂ ਨਾਲ ਸਾਂਝੇ ਕੀਤੇ ਜਾਣ। ਸਬੰਧਤ ਟੀਮਾਂ ਦੁਆਰਾ ਕੀਤੇ ਗਏ ਰਾਹਤ/ਬਹਾਲੀ ਦੇ ਕੰਮ ਦੀ ਰਿਪੋਰਟਿੰਗ ਅਤੇ ਤਸਦੀਕ ਦੇ ਉਦੇਸ ਲਈ ਵੱਖ-ਵੱਖ ਯੂ.ਐਲ.ਬੀ. ਵਿੱਚ ਤਾਇਨਾਤ ਪੈਸਕੋ ਦੇ ਸਾਬਕਾ ਸੈਨਿਕਾਂ ਦੀ ਸਰਗਰਮ ਸਹਾਇਤਾ ਦੀ ਵੀ ਮੰਗ ਵੀ ਕੀਤੀ ਜਾ ਸਕਦੀ ਹੈ। ਇਸ ਦੌਰਾਨ ਸਥਾਨਕ ਸਰਕਾਰਾਂ ਦੇ ਡਾਇਰੈਕਟਰ ਕੁਲਵੰਤ ਸਿੰਘ ਨੇ ਦੱਸਿਆ ਕਿ ਕਮਿਸਨਰ ਆਪਣੇ-ਆਪਣੇ ਨਗਰ ਨਿਗਮਾਂ ਵਿੱਚ ਸਾਰੇ ਬਹਾਲੀ ਦੇ ਕੰਮਾਂ ਲਈ ਜ਼ਿੰਮੇਵਾਰ ਹੋਣਗੇ। ਇਸੇ ਤਰ੍ਹਾਂ ਜ਼ਿਲ੍ਹੇ ਦੇ ਏਡੀਸੀ (ਸਹਿਰੀ ਵਿਕਾਸ/ਜਨਰਲ) ਜਨਤਕ ਅਤੇ ਨਿੱਜੀ ਜਾਇਦਾਦ ਨੂੰ ਹੋਏ ਨੁਕਸਾਨ ਦੀ ਰਿਪੋਰਟਿੰਗ ਦੇ ਨਾਲ-ਨਾਲ ਸਬੰਧਤ ਨਗਰ ਕੌਂਸਲਾਂ ਅਤੇ ਨਗਰ ਪੰਚਾਇਤਾਂ ਦੁਆਰਾ ਆਪਣੇ ਜ਼ਿਲ੍ਹੇ ਵਿੱਚ ਕੀਤੇ ਜਾ ਰਹੇ ਉਪਰੋਕਤ ਕੰਮਾਂ 'ਤੇ ਨੇੜਿਓਂ ਨਿਗਰਾਨੀ ਰੱਖਣਗੇ।

# ਅਮਿਤ ਖਰੇ ਉਪ-ਰਾਸ਼ਟਰਪਤੀ ਦੇ ਸਕੱਤਰ ਨਿਯੁਕਤ

ਨਵੀਂ ਦਿੱਲੀ, 14 ਸਤੰਬਰ (ਅੰਮ੍ਰਿਤਪਾਲ ਸਿੰਘ): ਮੰਤਰੀ ਮੰਡਲ ਦੀ ਨਿਯੁਕਤੀ ਕਮੇਟੀ ਨੇ ਅਮਿਤ ਖਰੇ, ਆਈ.ਏ.ਐਸ. (ਰਿਟਾਇਰਡ), 1985 ਬੈਚ, ਝਾਰਖੰਡ ਕੇਡਰ ਨੂੰ ਭਾਰਤ ਦੇ ਉਪ ਰਾਸ਼ਟਰਪਤੀ ਦਾ ਸਕੱਤਰ ਨਿਯੁਕਤ ਕਰਨ ਦੀ ਮਨਜ਼ੂਰੀ ਦੇ ਦਿੱਤੀ ਹੈ। ਇਹ ਨਿਯੁਕਤੀ ਤਿੰਨ ਸਾਲਾਂ ਲਈ ਕਰਾਰਾ ਅਧਾਰ 'ਤੇ ਹੋਵੇਗੀ, ਜੋ ਉਹਨਾਂ ਵੱਲੋਂ ਕਾਰਜਭਾਰ ਸੰਭਾਲਣ ਦੀ ਤਾਰੀਖ ਤੋਂ ਲਾਗੂ ਰਹੇਗੀ। ਅਮਿਤ ਖਰੇ 12 ਅਕਤੂਬਰ, 2021 ਤੋਂ ਪ੍ਰਧਾਨ ਮੰਤਰੀ ਦੇ ਸਲਾਹਕਾਰ ਵਜੋਂ ਕੰਮ ਕਰ ਰਹੇ ਸਨ ਅਤੇ ਸਮਾਜਿਕ ਖੇਤਰ ਨਾਲ ਜੁੜੇ ਮਾਮਲਿਆਂ ਨੂੰ ਦੇਖ ਰਹੇ ਸਨ। ਇਸ ਤੋਂ ਪਹਿਲਾਂ ਉਹ ਕੇਂਦਰ ਅਤੇ ਰਾਜ ਸਰਕਾਰਾਂ ਵਿੱਚ ਕਈ ਮਹੱਤਵਪੂਰਨ ਅਹੁਦਿਆਂ 'ਤੇ ਸੇਵਾ ਨਿਭਾ ਚੁੱਕੇ ਹਨ। ਖਰੇ ਨੇ ਭਾਰਤ ਸਰਕਾਰ ਵਿੱਚ ਛੇ ਸਾਲ (2008-2014) ਜੋਇੰਟ ਸਕੱਤਰ, ਉੱਚ ਸਿੱਖਿਆ ਵਜੋਂ ਕੰਮ ਕੀਤਾ ਅਤੇ ਯੂਨੇਸਕੋ, ਸਿੱਖਿਆ ਨੀਤੀ, ਕਿਤਾਬ ਪ੍ਰਚਾਰ ਤੇ ਕਾਪੀਰਾਈਟਸ ਨਾਲ ਸੰਬੰਧਤ ਮਾਮਲੇ ਸੰਭਾਲੇ।




ਉਹ ਰਾਂਚੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ, ਸਕੱਤਰ ਐਚ.ਆਰ.ਡੀ., ਝਾਰਖੰਡ, ਅਤੇ ਵਿਕਾਸ ਆਯੁਕਤ-ਵਾਧੂ ਮੁੱਖ ਸਕੱਤਰ ਵਿੱਤ-ਕਮ-ਯੋਜਨਾ ਵਜੋਂ ਵੀ ਸੇਵਾ ਕਰ ਚੁੱਕੇ ਹਨ। ਝਾਰਖੰਡ ਵਿੱਚ ਉਹਨਾਂ ਨੇ ਪ੍ਰੀ-ਬਜਟ ਵਿਚਾਰ-ਵਟਾਂਦਰਾ, ਲਿੰਗ ਬਜਟਿੰਗ, ਖੇਤਰੀ ਬਜਟਿੰਗ, ਡਾਇਰੈਕਟ ਬੇਨੀਫਿਟ ਟ੍ਰਾਂਸਫਰ (ਡੀ.ਬੀ.ਟੀ.) ਤੇ ਵਿੱਤੀ ਸ਼ਾਮਲਕਰਨ ਵਰਗੇ ਮਹੱਤਵਪੂਰਨ ਸੁਧਾਰ ਲਾਗੂ ਕੀਤੇ। ਉਹ 31 ਮਈ, 2018 ਨੂੰ ਭਾਰਤ ਸਰਕਾਰ ਵਿੱਚ ਸਕੱਤਰ, ਜਾਣਕਾਰੀ ਅਤੇ ਪ੍ਰਸਾਰਣ ਵਜੋਂ ਸ਼ਾਮਲ ਹੋਏ।

ਇਸ ਤੋਂ ਬਾਅਦ ਸਕੱਤਰ, ਸਕੂਲ ਸਿੱਖਿਆ ਤੇ ਸਾਖਰਤਾ ਤੇ ਸਕੱਤਰ, ਉੱਚ ਸਿੱਖਿਆ ਵਜੋਂ ਵੀ ਕੰਮ ਕੀਤਾ। ਰਾਸ਼ਟਰੀ ਸਿੱਖਿਆ ਨੀਤੀ, 2020 ਨੂੰ ਤਿਆਰ ਕਰਨ ਅਤੇ ਲਾਗੂ ਕਰਨ ਵਿੱਚ ਉਹਨਾਂ ਨੇ ਮੁੱਖ ਭੂਮਿਕਾ ਨਿਭਾਈ। ਖਰੇ ਨੇ ਸੇਂਟ ਸਟੀਫਨਜ਼ ਕਾਲਜ, ਦਿੱਲੀ ਤੋਂ ਗ੍ਰੈਜੂਏਸ਼ਨ ਅਤੇ ਆਈ.ਆਈ.ਐਮ. ਅਹਿਮਦਾਬਾਦ ਤੋਂ ਬਿਜ਼ਨਸ ਐਡਮਿਨਿਸਟ੍ਰੇਸ਼ਨ ਵਿੱਚ ਪੋਸਟਗ੍ਰੈਜੂਏਸ਼ਨ ਕੀਤੀ ਹੈ। ਉਹ ਬਿਹਾਰ ਦੇ ਪ੍ਰਸਿੱਧ "ਚਾਰਾ ਘਪਲੇ" ਨੂੰ ਬੇਨਕਾਬ ਕਰਨ ਲਈ ਵੀ ਜਾਣੇ ਜਾਂਦੇ ਹਨ।

ਪੰਜਾਬ ਸਰਕਾਰ
ਝੋਨੇ ਦਾ ਦਾਣਾ-ਦਾਣਾ
ਖ਼ਰੀਦਣ ਲਈ ਵਚਨਬੱਧ




ਝੋਨੇ ਦੀ ਨਿਰਵਿਘਨ ਖ਼ਰੀਦ ਸ਼ੁਰੂ

- 1822 ਮੰਡੀਆਂ/ਖ਼ਰੀਦ ਕੇਂਦਰਾਂ ਵਿੱਚ ਸੁਚੱਜੀ ਖ੍ਰੀਦ ਲਈ ਪੁਖਤਾ ਪ੍ਰਬੰਧ।
- ਮੰਡੀਆਂ ਵਿਚ ਬਿਜਲੀ, ਛਾਂ ਅਤੇ ਪੀਣ ਯੋਗ ਪਾਣੀ ਦਾ ਢੁੱਕਵਾਂ ਪ੍ਰਬੰਧ।
- ਮੰਡੀ ਵਿੱਚ ਝੋਨਾ ਲਿਆਉਣ ਤੋਂ ਪਹਿਲਾਂ ਆਪਣੇ ਆੜ੍ਹਤੀਏ ਪਾਸ ਆਪਣੀ ਜ਼ਮੀਨ ਦੀ ਮੈਪਿੰਗ ਕਰਵਾਈ ਜਾਵੇ ਤਾਂ ਜੋ ਝੋਨਾ ਵੇਚਣ ਸਮੇਂ ਕਿਸੇ ਕਿਸਮ ਦੀ ਮੁਸ਼ਕਿਲ ਪੇਸ਼ ਨਾ ਆਵੇ।
- ਮੰਡੀ ਵਿੱਚ ਝੋਨਾ ਸੁਕਾ ਕੇ ਲਿਆਓ ਤਾਂ ਜੋ ਉਸ ਦੀ ਸਫ਼ਾਈ ਉਪਰੰਤ ਬੋਲੀ ਸਮੇਂ ਸਿਰ ਹੋ ਸਕੇ।
- ਜ਼ਮੀਨ ਮਾਲਕ ਮੰਡੀ ਬੋਰਡ ਦੇ ਪੋਰਟਲ "emandikaran-pb.in" ਉੱਪਰ ਆਪਣੀ ਜ਼ਮੀਨ ਦੀ ਹੋਈ ਲੈਂਡ ਮੈਪਿੰਗ ਦੇਖ ਸਕਦੇ ਹਨ।
- ਵਧੇਰੇ ਜਾਣਕਾਰੀ ਪੰਜਾਬ ਮੰਡੀ ਬੋਰਡ ਦੇ ਪੋਰਟਲ "emandikaran-pb.in" ਤੇ ਪ੍ਰਾਪਤ ਕੀਤੀ ਜਾ ਸਕਦੀ ਹੈ।

" ਜੇ ਫਾਰਮ " ਹੋਲਡਰ ਕਿਸਾਨ ਆਯੂਸ਼ਮਾਨ ਹੈਲਥ ਸਕੀਮ ਤਹਿਤ ਰਜਿਸਟ੍ਰੇਸ਼ਨ ਕਰਵਾਉਣ ਸਬੰਧੀ ਸਬੰਧਿਤ ਮਾਰਕਿਟ ਕਮੇਟੀ ਵਿਖੇ ਸੰਪਰਕ ਕਰ ਸਕਦੇ ਹਨ।

ਹੋਰ ਜਾਣਕਾਰੀ ਲਈ ਸਬੰਧਤ ਸਕੱਤਰ, ਮਾਰਕਿਟ ਕਮੇਟੀ ਨਾਲ ਸੰਪਰਕ ਕੀਤਾ ਜਾਵੇ।

ਪੰਜਾਬ ਮੰਡੀ ਬੋਰਡ
ਪੰਜਾਬ ਮੰਡੀ ਭਵਨ, ਸੈਕਟਰ 65-ਏ, ਸਾਹਿਬਜ਼ਾਦਾ ਅਜੀਤ ਸਿੰਘ ਨਗਰ
ਕੰਟਰੋਲ ਰੂਮ ਟੈਲੀਫੋਨ ਨੰ: 0172-5101649 ਅਤੇ 0172-5101704

## ਸੰਪਾਦਕੀ

# ਪੰਜਾਬ ਨੂੰ ਮੁੜ ਰਵਾਇਤੀ ਫ਼ਸਲਾਂ ਵੱਲ ਪਰਤਣਾ ਹੋਵੇਗਾ

ਪਿਛਲੇ ਚਾਰ ਕੁ ਦਹਾਕਿਆਂ ਤੋਂ ਪੰਜਾਬ ਨੇ ਰਵਾਇਤੀ ਫ਼ਸਲਾਂ ਤੋਂ ਮੂੰਹ ਫੇਰਿਆ ਹੈ ਤਾਂ ਉਸਨੂੰ ਇਸਦਾ ਭਾਰੀ ਖਮਿਆਜ਼ਾ ਭੁਗਤਣਾ ਪੈ ਰਿਹਾ ਹੈ। ਜਿਸਨੂੰ ਪੰਜ ਦਰਿਆਵਾਂ ਦੀ ਧਰਤੀ ਸਮਝਿਆ ਜਾਂਦਾ ਹੈ।ਅੱਜ ਦੇ ਦੌਰ ਵਿਚ ਪਾਣੀ ਦੇ ਖੌਫ਼ਨਾਕ ਪੱਧਰ ਦਾ ਸਾਹਮਣਾ ਕਰ ਰਿਹਾ ਹੈ। ਪਹਿਲੀ ਗੱਲ ਤਾਂ ਇਹ ਕਿ ਹੁਣ ਇਹ ਪੰਜਾਂ ਦਰਿਆਵਾਂ ਦੀ ਧਰਤੀ ਨਹੀਂ ਰਿਹਾ। ਦੇਸ਼ ਦੀ ਵੰਡ ਮੌਕੇ ਦਰਿਆ ਵੀ ਦੋ ਹਿੱਸਿਆਂ ਵਿਚ ਵੰਡੇ ਗਏ।ਅੱਧਾ ਹਿੱਸਾ ਪਾਕਿਸਤਾਨ ਅਤੇ ਅੱਧਾ ਹਿੱਸਾ ਹਿੰਦੁਸਤਾਨ ਵਾਲੇ ਪਾਸੇ ਵੰਡਿਆ ਗਿਆ। ਦੇਸ਼ ਦੀ ਵੰਡ ਹੋਈ ਤਾਂ ਮੁਲਕ ਅੰਨ ਦੀ ਭਾਰੀ ਕਿੱਲਤ ਦਾ ਸ਼ਿਕਾਰ ਸੀ ਅਤੇ ਉਸਨੂੰ ਅੰਨ ਦੀ ਪੂਰਤੀ ਲਈ ਹੋਰਨਾਂ ਮੁਲਕਾਂ ਉਪਰ ਨਿਰਭਰ ਹੋਣਾ ਪੈ ਰਿਹਾ ਸੀ। ਉਹ ਮੁਲਕ ਆਪਣੀ ਕ੍ਰੰਸੀ ਦੇ ਹਿਸਾਬ ਨਾਲ ਅਤਿ ਨੀਵੇਂ ਦਰਜੇ ਦੀ ਕੁਆਲਟੀ ਹਿੰਦੁਸਤਾਨ ਨੂੰ ਮੁਹੱਈਆ ਕਰਵਾਉਂਦੇ ਸਨ। ਫਿਰ ਦੇਸ਼ ਨੇ ਅੰਨ ਖੇਤਰ ਵਿਚ ਆਤਮ ਨਿਰਭਰ ਹੋਣ ਲਈ ਹਰੀ ਕ੍ਰਾਂਤੀ ਦਾ ਨਾਅਰਾ ਦਿੱਤਾ ਅਤੇ ਇਸ ਨੂੰ ਸਭ ਤੋਂ ਵੱਧ ਗੰਭੀਰਤਾ ਨਾਲ ਪੰਜਾਬ ਦੇ ਕਿਸਾਨਾਂ ਨੇ ਲਿਆ। ਬਦਲੇ ਵਿਚ ਸਰਕਾਰ ਨੇ ਸਸਤੇ ਕਰਜ਼ੇ, ਆਧੁਨਿਕ ਮਸ਼ੀਨਰੀ, ਬੀਜਾਂ ਅਤੇ ਕੀਟਨਾਸ਼ਕ ਮੁਹੱਈਆ ਕਰਵਾਉਣੇ ਸ਼ੁਰੂ ਕੀਤੇ। ਪੰਜਾਬੀ ਕਿਸਾਨਾਂ ਨੇ ਧੜਾਧੜ ਲੋਨ ਲੈ ਕੇ ਆਪਣਾ ਝਾੜ ਵਧਾਉਣ ਦਾ ਰਾਹ ਚੁਣਿਆ ਤੇ ਨਤੀਜਨ ਦੇਸ਼ ਅੰਨ ਦੇ ਖੇਤਰ ਵਿਚ ਆਤਮ ਨਿਰਭਰ ਹੋ ਗਿਆ। ਜੈ ਜਵਾਨ ਜੈ ਕਿਸਾਨ ਦਾ ਨਾਅਰਾ ਵੀ ਉਸ ਸਮੇਂ ਦੇਸ਼ ਦੇ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਨੇ ਦਿੱਤਾ। ਪਰ ਸਮਾਂ ਪਾ ਕੇ ਮੁਲਕ ਭਾਵੇਂ ਅੰਨ ਦੇ ਖੇਤਰ ਵਿਚ ਆਤਮ ਨਿਰਭਰ ਹੋ ਗਿਆ ਪਰ ਪੰਜਾਬ ਦੇ ਕਿਸਾਨਾਂ ਨੂੰ ਇਸਦਾ ਮਹਿੰਗਾ ਮੁੱਲ ਤਾਰਨਾ ਪਿਆ ਅਤੇ ਅੱਜ ਵੀ ਤਾਰ ਰਹੇ ਹਨ। ਜਦੋਂ ਦੇਸੀ ਨਰਮੇ ਨੂੰ ਅਮਰੀਕਨ ਸੁੰਡੀ ਨੇ ਤਬਾਹ ਕਰ ਦਿੱਤਾ ਤਾਂ ਮਾਲਵੇ ਦੇ ਕਿਸਾਨਾਂ ਨੂੰ ਮਜਬੂਰਨ ਝੋਨੇ ਦੀ ਫਸਲ ਵੱਲ ਪਰਤਣਾ ਪਿਆ। ਝੋਨੇ ਦੀ ਖਪਤ ਪੰਜਾਬ ਵਿਚ ਨਾ ਮਾਤਰ ਹੈ ਅਤੇ ਚਾਵਲ ਪੰਜਾਬੀਆਂ ਦੀ ਖੁਰਾਕ ਦਾ ਹਿੱਸਾ ਨਹੀਂ ਹੈ। ਪਰ ਝੋਨੇ 'ਤੇ ਐਮ.ਐਸ.ਪੀ ਹੋਣ ਕਾਰਨ ਪੰਜਾਬੀ ਕਿਸਾਨ ਇਸਦੀ ਕਾਸ਼ਤ ਕਰਦੇ ਹਨ। ਕਿਉਂਕਿ ਝੋਨੇ ਨੂੰ ਪਾਣੀ ਦੀ ਬੇਹੱਦ ਲੋੜ ਹੁੰਦੀ ਹੈ ਤੇ ਹਰ ਸਾਲ ਪੰਜਾਬ ਅੰਦਰ ਪਾਣੀ ਦਾ ਪੱਧਰ ਗਰਕਦਾ ਚਲਾ ਗਿਆ। ਝੋਨੇ ਵਾਲੇ ਖੇਤ ਬਣਾਉਣ ਲਈ ਰੁੱਖਾਂ ਦੀ ਬੇਕਦਰੀ ਨਾਲ ਕਟਾਈ ਕੀਤੀ ਗਈ। ਨਤੀਜਾ ਇਹ ਨਿੱਕਲਿਆ ਕਿ ਧਰਤੀ ਹੇਠਲੇ ਪਾਣੀ ਦਾ ਪੱਧਰ ਖ਼ਤਰਨਾਕ ਪੱਧਰ ਤਕ ਨੀਵਾਂ ਹੋ ਗਿਆ ਹੈ। ਪਹਿਲਾਂ ਪੱਟੇ ਵਾਲੀਆਂ ਮੋਟਰਾਂ, ਫਿਰ ਪੱਖੇ ਵਾਲੀਆਂ ਤੇ ਹੁਣ ਮੱਛੀ ਮੋਟਰਾਂ ਵੀ ਪਾਣੀ ਕੱਢਣ ਲਈ ਇੱਕ ਦੋ ਸਾਲ ਹੋਰ ਕੰਮ ਕਰਨਗੀਆਂ। ਭਾਵੇਂ ਹੁਣ ਕਿਸਾਨ ਇਸ ਨੂੰ ਗੰਭੀਰਤਾ ਨਾਲ ਲੈਣ ਲੱਗੇ ਹਨ ਤੇ ਪੂਸਾ-44 ਜਿਹੀਆਂ ਲੰਮੇ ਸਮੇਂ ਵਿਚ ਪੱਕਣ ਵਾਲੀਆਂ ਕਿਸਮਾਂ ਤੋਂ ਤੌਬਾ ਕਰ ਚੁੱਕੇ ਹਨ ਪਰ ਹਾਲੇ ਵੀ ਇਸ ਖੇਤਰ ਵਿਚ ਹੋਰ ਵਧੇਰੇ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ। ਖੇਤੀ ਵਿਭਾਗ ਅਤੇ ਸਰਕਾਰੀ ਪੱਧਰ ਦੀਆਂ ਕਾਰਵਾਈਆਂ ਮਹਿਜ਼ ਗੋਂਗਲੂਆਂ ਤੋਂ ਮਿੱਟੀ ਝਾੜਨ ਦੇ ਤੁਲ ਹਨ। ਜੇਕਰ ਸਰਕਾਰ ਅਤੇ ਖੇਤੀ ਵਿਭਾਗ ਗੰਭੀਰਤਾ ਨਾਲ ਇਸ ਮਸਲੇ ਨੂੰ ਵਿਚਾਰੇ ਤਾਂ ਕਿਸਾਨਾਂ ਦਾ ਝੋਨੇ ਤੋਂ ਛੁਟਕਾਰਾ ਸੰਭਵ ਹੈ।ਕੁਝ ਕਿਸਾਨਾਂ ਨੇ ਕੱਦੂ ਕਰਨ ਦੀ ਬਜਾਏ ਝੋਨੇ ਦੀ ਸਿੱਧੀ ਬਿਜਾਈ ਕਰਨੀ ਸ਼ੁਰੂ ਕੀਤੀ ਹੈ। ਦੇਰ ਨਾਲ ਬੀਜੀਆਂ ਅਤੇ ਜਲਦੀ ਪੱਕਣ ਵਾਲੀਆਂ ਕਿਸਮਾਂ ਵੀ ਲਗਾਉਣੀਆਂ ਸ਼ੁਰੂ ਕੀਤੀਆਂ ਹਨ ਪਰ ਹਾਲੇ ਇਸ ਖੇਤਰ ਵਿਚ ਹੋਰ ਬਹੁਤ ਕੁਝ ਕਰਨ ਦੀ ਲੋੜ ਹੈ। ਸੱਚਾਈ ਤਾਂ ਇਹ ਹੈ ਕਿ ਸਰਕਾਰਾਂ ਦੀ ਬੇਪ੍ਰਵਾਹੀ ਕਾਰਨ ਕਿਸਾਨ ਛੋਲੇ, ਕਮਾਦ, ਮਸਰ ਅਤੇ ਹੋਰਨਾਂ ਪ੍ਰਚੱਲਿਤ ਫਸਲਾਂ ਤੋਂ ਦੂਰ ਹੋ ਗਏ। ਸੱਚਾਈ ਇਹ ਵੀ ਹੈ ਕਿ ਨੇੜ ਭਵਿੱਖ ਵਿਚ ਪੰਜਾਬੀ ਕਿਸਾਨ ਨੂੰ ਫਿਰ ਤੋਂ ਇਨ੍ਹਾਂ ਫ਼ਸਲਾਂ ਵੱਲ ਪਰਤਣਾ ਹੀ ਪਵੇਗਾ। ਮੇਰੀ ਜਾਚੇ ਸਰਕਾਰ ਅਤੇ ਖੇਤੀ ਯੂਨੀਵਰਸਿਟੀ ਦੇ ਮਾਹਰਾਂ ਨੂੰ ਕਿਸਾਨ ਭਰਾਵਾਂ ਨੂੰ ਝੋਨੇ ਦੀ ਫਸਲ ਦੀ ਬਜਾਏ ਹੋਰਨਾਂ ਫ਼ਸਲਾਂ ਵੱਲ ਆਕਰਸ਼ਤ ਕਰਨ ਲਈ ਵਿਸ਼ੇਸ਼ ਤਵੱਜੋਂ ਦੇਣੀ ਚਾਹੀਦੀ ਹੈ। ਬਦਲਵੀਆਂ ਫ਼ਸਲਾਂ ਉਪਰ ਐਮ.ਐਸ.ਪੀ. ਅਤੇ ਉਨ੍ਹਾਂ ਦੇ ਢੁੱਕਵੇਂ ਮੰਡੀਕਰਨ ਦੀ ਵਿਵਸਥਾ ਵੀ ਯਕੀਨੀ ਬਣਾਉਣੀ ਚਾਹੀਦੀ ਹੈ। ਤਾਂ ਹੀ ਕਿਸਾਨ ਝੋਨੇ ਦੀ ਫ਼ਸਲ ਦਾ ਤਿਆਗ ਕਰਨਗੇ ਅਤੇ ਪੰਜਾਬ ਵੀ ਬੰਜਰ ਹੋਣ ਤੋਂ ਬਚ ਸਕੇਗਾ। ਰਵਾਇਤੀ ਫਸਲਾਂ ਵੱਲ ਮੁੜਕੇ ਹੀ ਪੰਜਾਬ ਆਪਣੇ ਕੁਦਰਤੀ ਸਰੋਤਾਂ ਨੂੰ ਬਚਾ ਸਕੇਗਾ ਨਹੀਂ ਤਾਂ ਆਉਣ ਵਾਲੇ ਸਾਲਾਂ ਵਿਚ ਇਸ ਨੂੰ ਧਰਤੀ ਹੇਠਲੇ ਪਾਣੀ ਨੂੰ ਬਚਾ ਸਕਣਾ ਮੁਸ਼ਕਲ ਹੀ ਨਹੀਂ ਅਸੰਭਵ ਹੋਵੇਗਾ।

**-ਜਗਜੀਤ ਸਿੰਘ ਦਰਦੀ**

# ਪੰਜਾਬ ਵਿੱਚ ਪ੍ਰਵਾਸੀ ਬਿਹਾਰੀ ਮਜ਼ਦੂਰਾਂ ਦਾ ਮੁੱਦਾ ਇੱਕ ਗੰਭੀਰ ਸਮੱਸਿਆ ਅਤੇ ਰਾਜਨੀਤੀ ਤੇ ਵੋਟ ਬੈਂਕ



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਪੰਜਾਬ ਵਿੱਚ ਜਿਸ ਤਰ੍ਹਾਂ ਪਿਛਲੇ ਕੁੱਝ ਮਹੀਨਿਆਂ ਤੋਂ ਪ੍ਰਵਾਸੀ ਬਿਹਾਰੀਆਂ ਅਤੇ ਦੂਸਰੇ ਬਿਹਾਰੀਆਂ ਦੇ ਵਿਰੁੱਧ ਇੱਕ ਲਾਮਬੰਦੀ ਦੀ ਤਰ੍ਹਾਂ ਗੁੱਸਾ ਵੱਧ ਰਿਹਾ ਹੈ। ਉੱਥੇ ਇਹ ਵੀ ਦੇਖਣ ਨੂੰ ਮਿਲਿਆ ਹੈ ਕਿ ਬਿਹਾਰੀਆਂ ਤੇ ਦੂਜੇ ਪੰਜਾਬ ਵਿੱਚ ਰਹਿ ਰਹੇ ਪ੍ਰਵਾਸੀਆਂ ਦੁਆਰਾ ਕੀਤੀਆਂ ਗਈਆਂ ਕਾਰਗੁਜ਼ਾਰੀਆਂ ਜਿਨ੍ਹਾਂ ਵਿੱਚ ਹੁਣ ਕਤਲ ਚੋਰੀ ਤੋਂ ਲੈ ਕੇ ਡਰੱਗ ਨਸ਼ਾ ਤੇ ਕਿਡਨੈਪਿੰਗ ਵੀ ਸ਼ਾਮਿਲ ਹੋ ਗਈ ਹੈ, ਉਹ ਹੈਰਾਨੀਜਨਕ ਹੈ ਤੇ ਹੁਣ ਕਈਆਂ ਥਾਵਾਂ 'ਤੇ ਪੰਜਾਬ ਦੇ ਲੋਕ ਇਸ ਗੱਲ 'ਤੇ ਅਮਾਦਾ ਹੋ ਗਏ ਹਨ ਕਿ ਉਹ ਆਪਣੇ ਪਿੰਡਾਂ ਕਸਬਿਆਂ ਤੇ ਸ਼ਹਿਰਾਂ ਵਿੱਚ ਕਿਸੇ ਵੀ ਪ੍ਰਵਾਸੀ ਮਜ਼ਦੂਰ ਨੂੰ ਰਹਿਣ ਨਹੀਂ ਦੇਣਗੇ ਅਤੇ ਇਸ ਦੇ ਨਾਲ ਇੱਕ ਵੱਡਾ ਕੰਮਕਾਰ ਦਾ ਸੰਕਟ ਲੇਬਰ ਦੀ ਕਮੀ ਅਤੇ ਸਭ ਤੋਂ ਵੱਡੀ ਗੱਲ ਜਿਸ ਤਰ੍ਹਾਂ ਦੀ ਉਦਾਸੀਨਤਾ ਪੰਜਾਬ ਦੇ ਰਾਜਨੀਤਿਕ ਲੋਕਾਂ ਨੇ ਅਪਣਾਈ ਹੈ, ਉਹ ਵੋਟਾਂ ਦੀ ਰਾਜਨੀਤੀ 'ਤੇ ਵੀ ਨਿਰਭਰ ਕਰਦੀ ਹੈ।

ਹੁਣ ਅਸਲ ਵਿੱਚ ਇਸ ਨਾਲ ਪੰਜਾਬ ਨੂੰ ਕਿੰਨਾ ਸੰਤਾਪ ਝੱਲਣਾ ਪੈ ਰਿਹਾ ਹੈ ਤੇ ਕੀ ਸਥਿਤੀ ਹੈ, ਇਸ ਸਾਰੇ ਬਾਰੇ ਵਿਚਾਰ ਕਰਦਿਆਂ ਹੋਇਆਂ ਅਸੀਂ ਵੇਖ ਸਕਦੇ ਹਾਂ ਕਿ ਪੰਜਾਬ, ਜੋ ਕਿ ਖੇਤੀਬਾੜੀ ਅਤੇ ਉਦਯੋਗ ਦੇ ਮਾਮਲੇ ਵਿੱਚ ਭਾਰਤ ਦਾ ਇੱਕ ਅਹਿਮ ਸੂਬਾ ਹੈ, ਪਿਛਲੇ ਕੁੱਝ ਸਾਲਾਂ ਤੋਂ ਪ੍ਰਵਾਸੀ ਮਜ਼ਦੂਰਾਂ, ਖਾਸ ਕਰਕੇ ਬਿਹਾਰ ਅਤੇ ਉੱਤਰ ਪ੍ਰਦੇਸ਼ ਤੋਂ ਆਉਣ ਵਾਲੇ ਲੋਕਾਂ ਨਾਲ ਜੁੜੀਆਂ ਸਮੱਸਿਆਵਾਂ ਨਾਲ ਜੂਝ ਰਿਹਾ ਹੈ। ਹੁਣ ਇਹ ਮੁੱਦਾ ਹੁਣ ਸਿਰਫ਼ ਸਮਾਜਿਕ ਨਹੀਂ ਰਿਹਾ, ਸਗੋਂ ਰਾਜਨੀਤਿਕ ਅਤੇ ਆਰਥਿਕ ਪੱਧਰ 'ਤੇ ਵੀ ਉਭਰ ਕੇ ਸਾਹਮਣੇ ਆ ਗਿਆ ਹੈ। ਹਾਲ ਹੀ ਵਿੱਚ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਘਟੀਆਂ ਘਟਨਾਵਾਂ ਨੇ ਇਸ ਮਾਮਲੇ ਨੂੰ ਹੋਰ ਗਰਮਾ ਦਿੱਤਾ ਹੈ, ਜਿੱਥੇ ਕਈ ਪੰਚਾਇਤਾਂ ਨੇ ਪ੍ਰਵਾਸੀ ਮਜ਼ਦੂਰਾਂ ਨੂੰ ਪਿੰਡ ਛੱਡ ਕੇ ਜਾਣ ਲਈ ਕਿਹਾ ਹੈ।

ਇਥੇ ਅਸੀਂ ਇਸ ਸਮੱਸਿਆ ਦੀ ਅਸਲੀਅਤ, ਅੰਕੜੇ, ਹਾਲੀਆ ਘਟਨਾਵਾਂ ਅਤੇ ਵੱਖ-ਵੱਖ ਰਾਜਨੀਤਿਕ ਪਾਰਟੀਆਂ ਦੇ ਨਜ਼ਰੀਏ ਨੂੰ ਵਿਸਥਾਰ ਨਾਲ ਵੇਖਾਂਗੇ। ਇਹਨਾਂ ਸਾਰੇ ਪੱਖਾਂ ਨੂੰ ਨਿਰਪੱਖ ਤਰੀਕੇ ਨਾਲ ਪੇਸ਼ ਕਰਦਿਆਂ ਕਿਉਂਕਿ ਇਹ ਮੁੱਦਾ ਨਾ ਸਿਰਫ਼ ਪੰਜਾਬ ਦੇ ਨਿਵਾਸੀਆਂ ਲਈ, ਸਗੋਂ ਪੂਰੇ ਦੇਸ਼ ਲਈ ਚਿੰਤਾ ਦਾ ਵਿਸ਼ਾ ਹੈ।

ਪੰਜਾਬ ਵਿੱਚ ਇਸ ਸਮੱਸਿਆ ਦੀ ਅਸਲੀਅਤ ਬਾਰੇ ਪ੍ਰਵਾਸੀ ਮਜ਼ਦੂਰ ਅਤੇ ਪੰਜਾਬ ਦੀ ਨਿਰਭਰਤਾ ਖ਼ਤਮ ਕਰਨ ਲਈ ਇਹ ਜ਼ਰੂਰੀ ਹੈ ਕਿ ਪੰਜਾਬ ਵਿੱਚ ਜਿੱਥੇ ਅੱਜ ਵਿੱਚ ਪ੍ਰਵਾਸੀ ਮਜ਼ਦੂਰਾਂ ਦੀ ਗਿਣਤੀ ਲੱਖਾਂ ਵਿੱਚ ਹੈ ਅਤੇ ਇਹ ਮੁੱਖ ਤੌਰ 'ਤੇ ਬਿਹਾਰ, ਉੱਤਰ ਪ੍ਰਦੇਸ਼ ਅਤੇ ਹੋਰ ਰਾਜਾਂ ਤੋਂ ਆਉਂਦੇ ਹਨ। ਇੱਕ ਅਧਿਐਨ ਅਨੁਸਾਰ, ਪੰਜਾਬ ਵਿੱਚ ਖੇਤੀਬਾੜੀ ਅਤੇ ਉਦਯੋਗ ਵਿੱਚ ਮਜ਼ਦੂਰੀ ਲਈ ਆਉਣ ਵਾਲੇ ਲੋਕਾਂ ਵਿੱਚ ਬਿਹਾਰ ਤੋਂ ਆਉਣ ਵਾਲੇ ਲਗਭਗ 31% ਹਨ। ਅੱਜ ਇਹ ਮਜ਼ਦੂਰ ਪੰਜਾਬ ਦੀ ਅਰਥਵਿਵਸਥਾ ਲਈ ਬਹੁਤ ਮਹੱਤਵਪੂਰਨ ਹਨ, ਕਿਉਂਕਿ ਸਥਾਨਕ ਲੋਕ ਖੇਤੀ ਅਤੇ ਫੈਕਟਰੀਆਂ ਵਿੱਚ ਮਜ਼ਦੂਰੀ ਕਰਨ ਤੋਂ ਕਤਰਾਉਂਦੇ ਹਨ। ਉਦਾਹਰਣ ਵਜੋਂ, ਲੁਧਿਆਣਾ ਵਰਗੇ ਸਨਅਤੀ ਸ਼ਹਿਰ ਵਿੱਚ ਲੱਖਾਂ ਬਿਹਾਰੀ ਵਸਦੇ ਹਨ, ਅਤੇ ਉਹ ਟੈਕਸਟਾਈਲ, ਸਾਈਕਲ ਅਤੇ ਹੋਰ ਉਦਯੋਗਾਂ ਵਿੱਚ ਕੰਮ ਕਰਦੇ ਹਨ। ਇੱਕ ਰਿਪੋਰਟ ਮੁਤਾਬਕ, ਪੰਜਾਬ ਵਿੱਚ ਲਗਭਗ 20 ਲੱਖ ਤੋਂ ਵੱਧ ਯੂਪੀ-ਬਿਹਾਰੀ ਮਜ਼ਦੂਰ ਹਨ, ਜਿਨ੍ਹਾਂ ਵਿੱਚੋਂ 13 ਲੱਖ ਤਾਂ ਸਿਰਫ਼ ਲੁਧਿਆਣਾ ਇਲਾਕੇ ਵਿੱਚ ਹੀ ਹਨ।

ਅੱਜ ਇਹ ਆਰਥਿਕ ਤੌਰ 'ਤੇ ਇਹ ਮਜ਼ਦੂਰ ਪੰਜਾਬ ਨੂੰ ਚਲਾਉਣ ਵਿੱਚ ਵੱਡੀ ਭੂਮਿਕਾ ਨਿਭਾਉਂਦੇ ਹਨ। ਖੇਤੀ ਵਿੱਚ ਝੋਨਾ ਅਤੇ ਕਣਕ ਦੀ ਵਾਢੀ ਤੋਂ ਲੈ ਕੇ ਉਦਯੋਗ ਵਿੱਚ ਮਸ਼ੀਨਾਂ ਚਲਾਉਣ ਤੱਕ, ਉਹਨਾਂ ਬਿਨਾਂ ਪੰਜਾਬ ਦੀ ਅਰਥਵਿਵਸਥਾ ਠੱਪ ਹੋ ਸਕਦੀ ਹੈ। ਇੱਕ ਖੋਜ ਅਨੁਸਾਰ, ਪੰਜਾਬ ਵਿੱਚ ਖੇਤੀ ਮਜ਼ਦੂਰੀ ਲਈ ਮਾਈਗ੍ਰੇਸ਼ਨ ਨੇ ਸਥਾਨਕ ਆਮਦਨ ਨੂੰ ਵਧਾਇਆ ਹੈ ਅਤੇ ਭੋਜਨ ਸੁਰੱਖਿਆ ਵਿੱਚ ਸਹਾਇਤਾ ਕੀਤੀ ਹੈ। ਪਰ ਇਸ ਦੇ ਨਾਲ ਹੀ ਸਮੱਸਿਆਵਾਂ ਵੀ ਵਧੀਆਂ ਹਨ ਜਿਵੇਂ ਕਿ ਅਪਰਾਧ, ਸਮਾਜਿਕ ਤਣਾਅ ਅਤੇ ਡੈਮੋਗ੍ਰਾਫਿਕ ਬਦਲਾਅ। ਬਿਹਾਰ ਵਿੱਚ ਬੇਰੁਜ਼ਗਾਰੀ ਅਤੇ ਗਰੀਬੀ ਕਾਰਨ ਲੋਕ ਪੰਜਾਬ ਵੱਲ ਆਉਂਦੇ ਹਨ, ਪਰ ਇੱਥੇ ਉਹਨਾਂ ਨੂੰ ਨੀਚੇ ਵੱਲ ਵਿਹਾਰ ਅਤੇ ਸ਼ੋਸ਼ਣ ਦਾ ਸਾਹਮਣਾ ਕਰਨਾ ਪੈਂਦਾ ਹੈ।

ਹੁਣ ਹਾਲੀਆ ਘਟਨਾਵਾਂ ਵਿੱਚ ਹੁਸ਼ਿਆਰਪੁਰ ਅਤੇ ਹੋਰ ਜ਼ਿਲ੍ਹਿਆਂ ਵਿੱਚ ਬਾਈਕਾਟ ਜਿੱਥੇ ਹਾਲ ਹੀ ਵਿੱਚ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਇੱਕ ਬੱਚੇ ਹਰਵੀਰ ਸਿੰਘ ਦੇ ਅਗਵਾ ਅਤੇ ਕਤਲ ਨੇ ਪੂਰੇ ਇਲਾਕੇ ਵਿੱਚ ਹਲਚਲ ਮਚਾ ਦਿੱਤੀ ਹੈ। ਇਸ ਘਟਨਾ ਤੋਂ ਬਾਅਦ ਸ਼ਾਂਤੀ ਨਗਰ, ਬਾਜਵਾੜਾ, ਅੱਜੋਵਲ, ਰਸੂਲਪੁਰ ਅਤੇ ਚੱਦੀਆਲ ਵਰਗੇ ਪਿੰਡਾਂ ਦੀਆਂ ਪੰਚਾਇਤਾਂ ਨੇ ਪ੍ਰਵਾਸੀ ਮਜ਼ਦੂਰਾਂ ਨੂੰ ਪਿੰਡ ਛੱਡ ਕੇ ਜਾਣ ਲਈ ਰੈਜ਼ੋਲੂਸ਼ਨ ਪਾਸ ਕੀਤੇ ਹਨ। ਲਗਭਗ 25 ਪੰਚਾਇਤਾਂ ਨੇ ਇਹ ਐਲਾਨ ਕੀਤਾ ਹੈ ਕਿ ਪ੍ਰਵਾਸੀ ਬਿਹਾਰੀ ਅਤੇ ਯੂਪੀ ਵਾਲੇ ਲੋਕਾਂ ਨੂੰ ਬਾਈਕਾਟ ਕੀਤਾ ਜਾਵੇਗਾ ਅਤੇ ਉਹਨਾਂ ਨੂੰ 20 ਸਤੰਬਰ ਤੱਕ ਪਿੰਡ ਛੱਡਣਾ ਪਵੇਗਾ। ਇਸ ਤੋਂ ਇਲਾਵਾ, ਮੋਹਾਲੀ ਦੇ ਮੁੰਡੋ ਸੰਗਤੀਆਂ ਪਿੰਡ ਵਿੱਚ ਪੰਚਾਇਤ ਨੇ ਮਾਈਗ੍ਰੈਂਟ ਵਰਕਰਾਂ ਲਈ 11 ਨਿਯਮ ਬਣਾਏ ਹਨ, ਜਿਵੇਂ ਕਿ ਰਾਤ 9 ਵਜੇ ਤੋਂ ਬਾਅਦ ਘਰ ਬਾਹਰ ਨਾ ਨਿਕਲਣਾ, ਸਿਗਰਟ ਪੀਣ ਜਾਂ ਪਾਨ ਖਾਣ 'ਤੇ ਪਾਬੰਦੀ।

ਇਹਨਾਂ ਘਟਨਾਵਾਂ ਨੇ ਪੰਜਾਬ ਵਿੱਚ ਸਮਾਜਿਕ ਤਣਾਅ ਵਧਾ ਦਿੱਤਾ ਹੈ। ਗੁਰੂਦੁਆਰਿਆਂ ਤੋਂ ਐਲਾਨ ਕੀਤੇ ਜਾ ਰਹੇ ਹਨ ਕਿ ਪ੍ਰਵਾਸੀ ਮਜ਼ਦੂਰ ਇੱਕ ਹਫ਼ਤੇ ਵਿੱਚ ਪਿੰਡ ਛੱਡ ਦੇਣ। ਇੱਕ ਹੋਰ ਘਟਨਾ ਵਿੱਚ, ਯੂਪੀ/ਬਿਹਾਰੀ ਮਜ਼ਦੂਰਾਂ ਨੇ ਇੱਕ ਬਜ਼ੁਰਗ ਨੂੰ ਮਾਰਿਆ ਅਤੇ ਉਸ ਦੀ ਦਾੜ੍ਹੀ ਉਖਾੜੀ। ਪੰਚਾਇਤ ਚੋਣਾਂ ਵਿੱਚ ਵੀ ਮਾਈਗ੍ਰੈਂਟਾਂ ਨੇ ਜਿੱਤ ਪ੍ਰਾਪਤ ਕੀਤੀ, ਜਿਸ ਨੇ ਸਥਾਨਕ ਲੋਕਾਂ ਵਿੱਚ ਵਿਰੋਧ ਵਧਾਇਆ ਹੈ। ਇਹਨਾਂ ਘਟਨਾਵਾਂ ਨੂੰ ਅਪਰਾਧ ਨਾਲ ਜੋੜ ਕੇ ਵੇਖਿਆ ਜਾ ਰਿਹਾ ਹੈ, ਹਾਲਾਂਕਿ ਕੋਈ ਸਿੱਧੇ ਅੰਕੜੇ ਨਹੀਂ ਮਿਲਦੇ ਜੋ ਸਾਰੇ ਅਪਰਾਧਾਂ ਨੂੰ ਮਾਈਗ੍ਰੈਂਟਾਂ ਨਾਲ ਜੋੜਨ। ਬਿਹਾਰ ਵਿੱਚ ਵੀ ਅਪਰਾਧ ਵੱਧ ਰਹੇ ਹਨ, ਜਿੱਥੇ ਬੇਰੁਜ਼ਗਾਰੀ ਨੂੰ ਅਪਰਾਧ ਨਾਲ ਜੋੜਿਆ ਜਾਂਦਾ ਹੈ। ਪੰਜਾਬ ਵਿੱਚ ਅਪਰਾਧਾਂ ਵਿੱਚ ਮਾਈਗ੍ਰੈਂਟਾਂ ਦੀ ਭੂਮਿਕਾ 'ਤੇ ਚਰਚਾ ਹੈ, ਪਰ ਇਹ ਸਬੂਤ ਅਧਾਰਿਤ ਨਹੀਂ ਹੈ।

ਪੰਜਾਬ ਵਿੱਚ ਇਸ ਤਰ੍ਹਾਂ ਦੇ ਆਂਕੜੇ ਅਤੇ ਅਪਰਾਧ ਦਾ ਨਜ਼ਰੀਆ ਖਾਸ ਕਰਕੇ ਪੰਜਾਬ ਵਿੱਚ ਮਾਈਗ੍ਰੈਂਟਾਂ ਦੀ ਗਿਣਤੀ ਤੇ ਅੰਕੜੇ ਦੱਸਦੇ ਹਨ ਕਿ ਉਹ ਅਰਥਵਿਵਸਥਾ ਲਈ ਜ਼ਰੂਰੀ ਹਨ। 2020 ਵਿੱਚ ਕੋਵਿਡ ਸਮੇਂ ਲਗਭਗ 15 ਲੱਖ ਬਿਹਾਰੀ ਵਾਪਸ ਗਏ ਸਨ, ਜਿਸ ਨੇ ਪੰਜਾਬ ਨੂੰ ਪ੍ਰਭਾਵਿਤ ਕੀਤਾ। ਅਪਰਾਧਾਂ 'ਤੇ ਅੰਕੜੇ ਮਿਲੇ-ਜੁਲੇ ਹਨ।

ਉਦਾਹਰਣ ਲਈ ਗੋਆ ਵਿੱਚ 90% ਅਪਰਾਧ ਮਾਈਗ੍ਰੈਂਟਾਂ ਨਾਲ ਜੁੜੇ ਹਨ, ਪਰ ਪੰਜਾਬ ਵਿੱਚ ਅਜਿਹੇ ਸਿੱਧੇ ਅੰਕੜੇ ਨਹੀਂ। ਫਿਰ ਵੀ, ਸਥਾਨਕ ਲੋਕ ਅਪਰਾਧਾਂ ਜਿਵੇਂ ਕਿ ਚੋਰੀਆਂ, ਕਤਲ ਅਤੇ ਨਸ਼ੇ ਨੂੰ ਮਾਈਗ੍ਰੈਂਟਾਂ ਨਾਲ ਜੋੜਦੇ ਹਨ। ਇੱਕ ਰਿਪੋਰਟ ਮੁਤਾਬਕ, ਪੰਜਾਬ ਵਿੱਚ ਮਾਈਗ੍ਰੈਂਟਾਂ ਨੂੰ ਅਪਰਾਧਾਂ ਲਈ ਜ਼ਿੰਮੇਵਾਰ ਮੰਨਿਆ ਜਾਂਦਾ ਹੈ, ਪਰ ਇਹ ਪੱਖਪਾਤੀ ਵੀ ਹੋ ਸਕਦਾ ਹੈ।

ਸਾਡੇ ਇਥੇ ਰਾਜਨੀਤਿਕ ਨਜ਼ਰੀਆ ਅਤੇ ਸਰਕਾਰਾਂ ਦੀ ਭੂਮਿਕਾ ਵਿਚ ਇਹ ਮੁੱਦਾ ਰਾਜਨੀਤਿਕ ਵੀ ਬਣ ਗਿਆ ਹੈ। ਕਾਂਗਰਸ ਆਗੂ ਸੁਖਪਾਲ ਖਹਿਰਾ ਨੇ ਪ੍ਰਵਾਸੀਆਂ ਵਿਰੋਧੀ ਰੁਖ ਅਪਣਾਇਆ ਹੈ ਅਤੇ ਇੱਕ ਪ੍ਰਾਈਵੇਟ ਮੈਂਬਰ ਬਿੱਲ ਪੇਸ਼ ਕੀਤਾ ਹੈ ਜੋ ਗੈਰ-ਪੰਜਾਬੀਆਂ ਨੂੰ ਜ਼ਮੀਨ ਖਰੀਦਣ, ਵੋਟ ਪਾਉਣ ਜਾਂ ਨੌਕਰੀਆਂ ਲੈਣ ਤੋਂ ਰੋਕੇਗਾ। ਉਹਨਾਂ ਨੇ ਹੁਸ਼ਿਆਰਪੁਰ ਘਟਨਾ 'ਤੇ ਸਰਕਾਰ ਨੂੰ ਨਿਸ਼ਾਨਾ ਬਣਾਇਆ ਹੈ। ਆਮ ਆਦਮੀ ਪਾਰਟੀ ਸਰਕਾਰ, ਜਿਸ , ਨੇ ਇਸ ਮਾਮਲੇ 'ਤੇ ਚੁੱਪੀ ਅਪਣਾਈ ਹੈ, ਪਰ ਉਹ ਪੰਜਾਬ ਨੂੰ ਕੇਂਦਰ ਤੋਂ ਵਧੇਰੇ ਫੰਡ ਮੰਗਦੇ ਰਹੇ ਹਨ। ਬੀਜੇਪੀ ਨੇ ਏਏਪੀ ਨੂੰ ਨਿਸ਼ਾਨਾ ਬਣਾਇਆ ਹੈ ਅਤੇ ਕਿਹਾ ਹੈ ਕਿ ਸੂਬਾ ਸਰਕਾਰ ਨੇ ਮਾਈਗ੍ਰੈਂਟਾਂ ਨੂੰ ਨਿਯੰਤਰਿਤ ਨਹੀਂ ਕੀਤਾ। ਅਕਾਲੀ ਦਲ ਨੇ ਵੀ ਇਸ ਮੁੱਦੇ 'ਤੇ ਬੋਲਿਆ ਹੈ ਅਤੇ ਸਥਾਨਕ ਹਿੱਤਾਂ ਦੀ ਰੱਖਿਆ ਦੀ ਗੱਲ ਕੀਤੀ ਹੈ।

ਕੇਂਦਰ ਸਰਕਾਰ ਨੇ ਪੰਜਾਬ ਨੂੰ ਸਟੈਪ ਮਦਰਲੀ ਟ੍ਰੀਟਮੈਂਟ ਦਿੱਤਾ ਹੈ, ਜਿਵੇਂ ਕਿ ਬਜਟ ਵਿੱਚ ਪੰਜਾਬ ਨੂੰ ਨਜ਼ਰਅੰਦਾਜ਼ ਕਰਨਾ। ਰਾਜਨੀਤਿਕ ਪਾਰਟੀਆਂ ਇਸ ਮੁੱਦੇ ਨੂੰ ਵੋਟ ਬੈਂਕ ਵਜੋਂ ਵਰਤ ਰਹੀਆਂ ਹਨ, ਪਰ ਕੋਈ ਠੋਸ ਹੱਲ ਨਹੀਂ ਕੱਢ ਰਹੀਆਂ। ਇਸ ਤੋਂ ਇਲਾਵਾ ਪੰਜਾਬ ਵਿੱਚ ਨਸ਼ੇ ਅਤੇ ਅਪਰਾਧਾਂ ਨੂੰ ਮਾਈਗ੍ਰੈਂਟਾਂ ਨਾਲ ਜੋੜ ਕੇ ਰਾਜਨੀਤੀ ਕੀਤੀ ਜਾ ਰਹੀ ਹੈ ਪਰ ਇਹ ਪੂਰੀ ਤਸਵੀਰ ਨਹੀਂ ਦੱਸਦੀ।

ਹੁਣ ਪੰਜਾਬ ਵਿੱਚ ਇਸ ਦਾ ਵਿਸ਼ਲੇਸ਼ਣ ਅਤੇ ਹੱਲ ਦੇ ਰਾਹ ਵਿੱਚ ਇਹ ਸਮੱਸਿਆ ਡੂੰਘੀ ਹੈ। ਇੱਕ ਪਾਸੇ ਆਰਥਿਕ ਨਿਰਭਰਤਾ, ਦੂਜੇ ਪਾਸੇ ਸਮਾਜਿਕ ਤਣਾਅ। ਪੰਜਾਬ ਨੂੰ ਮਾਈਗ੍ਰੈਂਟਾਂ ਦੀ ਲੋੜ ਹੈ, ਪਰ ਉਹਨਾਂ ਨੂੰ ਨਿਯੰਤਰਿਤ ਕਰਨ ਲਈ ਨਿਯਮ ਬਣਾਉਣੇ ਚਾਹੀਦੇ ਹਨ, ਜਿਵੇਂ ਕਿ ਪੁਲਿਸ ਵੈਰੀਫਿਕੇਸ਼ਨ ਅਤੇ ਨਿਯਮਾਂ ਦੀ ਪਾਲਣਾ। ਸਥਾਨਕ ਲੋਕਾਂ ਨੂੰ ਵੀ ਖੇਤੀ ਅਤੇ ਉਦਯੋਗ ਵਿੱਚ ਹਿੱਸਾ ਲੈਣ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ। ਹੁਣ ਚਾਹੀਦਾ ਤਾਂ ਇਹ ਹੈ ਕਿ ਰਾਜਨੀਤੀ ਨੂੰ ਇਸ ਨੂੰ ਨਫ਼ਰਤ ਦੀ ਖੇਡ ਨਾ ਬਣਾਉਣ ਦੇਣਾ ਚਾਹੀਦਾ। ਹੁਣ ਪੰਜਾਬ ਨੂੰ ਜਾਗਣ ਦੀ ਲੋੜ ਹੈ, ਪਰ ਸਹਿਮਤੀ ਨਾਲ ਹੱਲ ਕੱਢ ਕੇ। ਇਹ ਨਾ ਕਿ ਪੰਜਾਬ ਨੂੰ ਪ੍ਰਵਾਸੀਆਂ ਤੋਂ ਮੁਕਤ ਕਰੇਗਾ, ਸਗੋਂ ਬਿਹਤਰ ਨਿਯਮਾਂ ਨਾਲ ਸਹਿਜੀਵਨ ਨੂੰ ਯਕੀਨੀ ਬਣਾਏਗਾ।

# ਮਹਾਨ ਕੋਸ਼ ਵਿਵਾਦ ਬਨਾਮ ਪੰਜਾਬੀ ਯੂਨੀਵਰਸਿਟੀ-II



ਡਾ. ਕੁਲਵੰਤ ਕੌਰ
ਮੋ: 98156-20515


ਅਗਸਤ 2025 ਨੂੰ, ਸਪੀਕਰ ਵਿਧਾਨ ਸਭਾ ਨਾਲ, ਪੰਜਾਬੀ ਯੂਨੀਵਰਸਿਟੀ ਦੇ ਅਧਿਕਾਰੀਆਂ ਵੱਲੋਂ ਹੋਈ ਆਖਰੀ ਬੈਠਕ ਸਮੇਂ, ਮਹਾਨ ਕੋਸ਼ ਦੀਆਂ ਯੂਨੀਵਰਸਿਟੀ ਕੋਲ ਬਚੀਆਂ ਪਈਆਂ ਹਜ਼ਾਰਾਂ ਕਾਪੀਆਂ ਨੂੰ ਨਸ਼ਟ (ਸਮੇਟਣ) ਕਰਨ ਦਾ ਅੰਤਿਮ ਫ਼ਰਮਾਨ ਆ ਗਿਆ, ਭਾਵੇਂ ਇਸ ਦੀ ਮੁੱਖ ਸੰਪਾਦਕਾ, ਅੰਤ ਤੱਕ ਅਜਿਹਾ ਨਾ ਕਰਨ ਦੀ ਗੁਹਾਰ ਲਾਉਂਦੀ ਰਹੀ। ਇੱਥੋਂ ਤੱਕ ਕਿ ਹਰ ਜਿਲਦ ਦੇ ਪਿੱਛੇ (ਗ਼ਲਤੀਆਂ ਦੀ ਸੂਚੀ) ਲਾਉਣ ਦੀ ਤਰਕੀਬ ਵੀ ਸੁਝਾਉਂਦੀ ਰਹੀ ਜਿਹੜੀ ਉਸ ਮੁਤਾਬਿਕ ਦੋ ਪ੍ਰੌੜ ਵਿਦਵਾਨਾਂ ਵੱਲੋਂ ਤਿਆਰ ਕੀਤੀ ਗਈ ਸੀ। ਪਰ ਹੁਣ ਪਾਣੀ ਪੁਲਾਂ ਤੋਂ ਲੰਘ ਚੁੱਕਾ ਸੀ। ਯੂਨੀਵਰਸਿਟੀ ਦੇ ਨਾਲ-ਨਾਲ, ਇਸ ਮਹਾਨ ਕੋਸ਼ ਨਾਲ ਸਬੰਧਤ ਕਥਿਤ ਵਿਦਵਾਨਾਂ ਬਾਰੇ ਵੀ ਲੋਕ ਮੂੰਹ ਜੋੜ-ਜੋੜ ਕੇ ਗੱਲਾਂ ਕਰ ਰਹੇ ਸਨ। ਪ੍ਰਤਿਸ਼ਠਤ, ਜਾਣੀ ਪਹਿਚਾਣੀਆਂ ਅਤੇ ਨਾਮਵਰ ਯੂਨੀਵਰਸਿਟੀਆਂ ਦੀ ਰੈਂਕਿੰਗ ਵਿਚ ਵਿਸ਼ੇਸ਼ ਸਥਾਨ ਹਾਸਿਲ ਕਰ ਚੁੱਕੀ ਮਾਲਵੇ ਦੀ ਇਸ ਯੂਨੀਵਰਸਿਟੀ ਦੇ ਸਿਰ ਸਵਾਹ ਪਾਉਣ ਵਾਲੀ ਘਟਨਾ ਅਜੇ ਵਾਪਰਨ ਵਾਲੀ ਸੀ। ਸਰਕਾਰ ਨੇ ਇਸ ਨੂੰ ਸਮੇਟਣ (ਨਸ਼ਟ) ਕਰਨ ਦਾ ਹੁਕਮ ਤਾਂ ਦੇ ਦਿੱਤਾ ਪਰ ਬਾਕੀ ਵਿਧੀ-ਵਿਧਾਨ ਇਸ ਦੇ ਆਕਾਵਾਂ (ਪ੍ਰਬੰਧਕਾਂ) 'ਤੇ ਛੱਡ ਦਿੱਤਾ। ਉਹ ਸਿਆਣੇ, ਸਮਝਦਾਰ, ਅਨੁਭਵੀ ਤੇ ਦੂਰ ਅੰਦੇਸ਼ ਹੁੰਦੇ ਤਾਂ ਦੂਜੇ ਸਿਆਣਿਆਂ, ਸ਼ੁੱਭਚਿੰਤਕਾਂ ਅਤੇ ਤਜਰਬੇਕਾਰਾਂ ਦੀ ਸਲਾਹ ਲੈਂਦੇ, ਧਾਰਮਿਕ ਸ਼ਖਸੀਅਤਾਂ ਨਾਲ ਮਸ਼ਵਰਾ ਕਰਦੇ। ਬੁੱਧੀਜੀਵੀਆਂ ਦਾ ਇਕ ਇਕੱਠ ਕਰਦੇ ਅਤੇ ਸਰਵ ਪ੍ਰਵਾਣਿਤ ਕੋਈ ਫ਼ੈਸਲਾ ਲੈਂਦੇ ਪਰ ਹਉਲਤਾਈ, ਕਾਹਲ, ਹਉਮੈ ਤੇ ਮਨਮਤਿ ਕਰਕੇ, ਉਨ੍ਹਾਂ ਦੀ ਅਕਲ 'ਤੇ ਸ਼ਾਇਦ ਪਰਦਾ ਪੈ ਗਿਆ ਸੀ।

ਯੂਨੀਵਰਸਿਟੀ ਦੇ ਵਾਤਾਵਰਣ ਅਤੇ ਵਣ ਤ੍ਰਿਣ ਸੰਭਾਲ ਵਿਭਾਗ ਦੇ ਕੋਆਰਡੀਨੇਟਰ ਤੋਂ ਵਾਤਾਵਰਣ-ਪੱਖੀ ਸਮੇਟਣ-ਵਿਧੀ ਪੁੱਛੀ ਗਈ, ਉਨ੍ਹਾਂ ਨੇ ਇਸ ਨੂੰ ਜ਼ਮੀਨਦੋਜ਼ ਕਰਕੇ, ਉੱਪਰੋਂ ਪਾਣੀ ਛੱਡ ਦੇਣ ਦਾ ਮਸ਼ਵਰਾ ਦਿੱਤਾ ਪਰੰਤੂ ਜਦੋਂ ਇਸ ਨੂੰ ਅਮਲ ਵਿਚ ਲਿਆਉਣਾ ਸ਼ੁਰੂ ਕੀਤਾ ਗਿਆ ਤਾਂ ਇੱਥੇ ਧਾਰਮਿਕ ਕੱਟੜਤਾ ਪ੍ਰਵੇਸ਼ ਕਰ ਗਈ। ਵਿਦਿਆਰਥੀ ਅਤੇ ਹੋਰ ਲੋਕ ਇਕੱਠੇ ਹੋਣ ਲੱਗੇ ਜਿਨ੍ਹਾਂ ਨੇ ਇਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਰੱਖਦਿਆਂ ਵਾਵੇਲ ਖੜ੍ਹਾ ਕਰ ਦਿੱਤਾ। ਆਰਟੀਕਲ ਦੇ ਸ਼ੁਰੂ ਵਿਚ ਅਸੀਂ ਇਸ ਸੱਚਾਈ ਨੂੰ ਲੈ ਕੇ ਤੁਰੇ ਸਾਂ ਕਿ ਇਹ ਇਕ ਕੋਸ਼ ਭਾਵ ਪੁਸਤਕ ਹੈ, ਜਿਸ ਵਿਚ ਨਿਰਸੰਦੇਹ ਪਵਿੱਤਰ ਤੁਕਾਂ ਦੀ ਸਰਲ ਵਿਆਖਿਆ, ਗੁਰਦਵਾਰਾ ਸਾਹਿਬਾਨ ਦੀਆਂ ਫ਼ੋਟੋਆਂ, ਹੁਕਮਨਾਮੇ ਅਤੇ ਹੋਰ ਬੇਅੰਤ ਬੇਸ਼ਕੀਮਤੀ ਸਮੱਗਰੀ ਛਪੀ ਹੋਈ ਹੈ। ਇੱਥੇ ਇਹ ਲਿਖਣਾ ਵੀ ਉਚਿਤ ਹੋਵੇਗਾ ਕਿ ਅਜਿਹੀਆਂ ਹਜ਼ਾਰਾਂ ਕਿਤਾਬਾਂ, ਸਾਡੀਆਂ ਲਾਇਬ੍ਰੇਰੀਆਂ, ਘਰਾਂ ਅਤੇ ਸਕੂਲਾਂ-ਕਾਲਜਾਂ ਵਿਚ ਪਈਆਂ ਹਨ, ਜਿਨ੍ਹਾਂ ਵਿਚ ਬਹੁਤ ਸਾਰੀ ਗੁਰਬਾਣੀ ਅੰਕਿਤ ਹੈ। ਅਖਬਾਰਾਂ ਵਿਚ ਹਰ ਹਫ਼ਤੇ, ਧਰਮ ਸਬੰਧੀ ਅੰਕ ਛਪਦੇ ਹਨ ਜੋ ਰੱਦੀ ਵਿਚ ਵੇਚੇ ਜਾਣ ਪਿੱਛੋਂ, ਕਬਾੜੀਆਂ ਦੀਆਂ ਦੁਕਾਨਾਂ 'ਤੇ ਰੁਲਦੇ ਵੇਖੇ ਜਾ ਸਕਦੇ ਹਨ। ਵਿਆਹ ਤੇ ਭੋਗ ਦੇ ਕਾਰਡਾਂ 'ਤੇ ਲਿਖੀ ਗੁਰਬਾਣੀ ਦਾ ਕੀ ਹਸ਼ਰ ਕੀਤਾ ਜਾਂਦਾ ਹੈ? ਕਹਿਣ ਤੋਂ ਭਾਵ ਕਿ ਵਾਤਾਵਰਣ ਨੂੰ ਧਿਆਨਗੋਚਰ ਰੱਖਦਿਆਂ, ਜੇਕਰ ਇਸ ਨੂੰ ਜ਼ਮੀਨ-ਦੋਜ਼ ਕਰਕੇ ਗਾਲ ਦੇਣ ਦਾ ਅਮਲ ਵੀ ਅਪਣਾਇਆ ਜਾ ਰਿਹਾ ਸੀ ਤਾਂ ਇਹ ਬੇਅਦਬੀ ਕਿਵੇਂ ਹੋਈ? ਸਾਡੇ ਕਈ ਸੰਤਾਂ, ਮਹਾਂਪੁਰਖਾਂ ਨੂੰ ਮਰਨ ਉਪਰੰਤ ਜਲ-ਪ੍ਰਵਾਹ ਕਰ ਦਿੱਤਾ ਜਾਂਦਾ ਹੈ ਤਾਂ ਜੋ ਉਨ੍ਹਾਂ ਦੀ ਪਵਿੱਤਰਤਾ ਹੋਰ ਜੀਵਾਂ ਦੀ ਮੁਕਤੀ ਦਾ ਸਬੱਬ ਬਣ ਸਕੇ। ਡਾ. ਪਿਆਰੇ ਲਾਲ ਗਰਗ, ਜੋ ਕਿ ਸਪੀਕਰ ਸਾਹਿਬ ਦੀ ਪੰਜਾਬੀ ਯੂਨੀਵਰਸਿਟੀ ਦੀ ਅਥਾਰਿਟੀ ਨਾਲ ਆਖ਼ਰੀ ਮੀਟਿੰਗ ਸਮੇਂ ਹਾਜ਼ਰ ਸਨ, ਨੇ ਇਕ ਵੀਡੀਓ 'ਚ ਸਪੱਸ਼ਟ ਕਿਹਾ ਹੈ ਕਿ ਇਸ ਨੂੰ ਜ਼ਮੀਨ ਹੇਠਾਂ ਦਬਾਉਣਾ ਕੋਈ ਕੁਤਾਹੀ ਨਹੀਂ ਤੇ ਇਸ ਨੂੰ ਰੀਸਾਇਕਲ ਵੀ ਕੀਤਾ ਜਾ ਸਕਦਾ ਸੀ ਪਰੰਤੂ ਉਸ ਵਿਧੀ ਨਾਲ ਖ਼ਰਚਾ ਬਹੁਤ ਆਉਂਦਾ। ਜਦੋਂ ਰੌਲਾ ਪੈ ਗਿਆ ਤਾਂ ਵਾਤਾਵਰਣ ਵਿਭਾਗ ਦੇ ਕੋਆਰਡੀਨੇਟਰ ਅਤੇ ਪਬਲੀਕੇਸ਼ਨ ਵਿਭਾਗ ਦੇ ਇੰਚਾਰਜ ਸਸਪੈਂਡ ਕਰ ਦਿੱਤੇ ਗਏ। ਆਖ਼ਰ ਇਨ੍ਹਾਂ ਦਾ ਕਸੂਰ ਕੀ ਸੀ? ਵਾਤਾਵਰਣ ਇੰਚਾਰਜ ਨੇ ਤਾਂ ਪੁੱਛੇ ਜਾਣ 'ਤੇ ਸੁਝਾਅ ਦਿੱਤਾ ਸੀ, ਅਥਾਰਟੀ ਨਾ ਮੰਨਦੀ ਜਾਂ ਹੋਰ ਕੋਈ ਬਦਲ ਵੀ ਤਲਾਸ਼ਿਆ ਜਾ ਸਕਦਾ ਸੀ। ਯੂਨੀਵਰਸਿਟੀ ਦੇ ਧਰਮ ਅਧਿਐਨ ਵਿਭਾਗਾਂ ਦੇ ਮੁਖੀਆਂ ਦੀ ਰਾਇ ਲੈ ਕੇ, ਕੋਈ ਹੋਰ ਰਾਹ ਚੁਣਿਆ ਜਾ ਸਕਦਾ ਸੀ, ਪਹਿਲਾਂ ਹੀ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨਾਲ ਰਾਬਤਾ ਕਾਇਮ ਕਰਕੇ ਮਹਾਨ ਕੋਸ਼ ਦੀਆਂ ਤਰੁੱਟੀਪੂਰਨ ਜਿਲਦਾਂ, ਉਨ੍ਹਾਂ ਨੂੰ ਸੰਭਾਲੀਆਂ ਜਾ ਸਕਦੀਆਂ ਸਨ ਪਰ ਇਸ ਸਭ ਕਾਸੇ ਲਈ ਯੋਜਨਾ, ਸੋਚ, ਦੂਰ ਅੰਦੇਸ਼ੀ ਅਤੇ ਵਿਚਾਰ ਵਟਾਂਦਰੇ ਦੀ ਜ਼ਰੂਰਤ ਸੀ। ਪਬਲੀਕੇਸ਼ਨ ਬਿਊਰੋ ਦੇ ਇੰਚਾਰਜ, ਅਜੇ ਕੁਝ ਦਿਨ ਪਹਿਲਾਂ ਹੀ ਨਿਯੁਕਤ ਹੋਏ ਸਨ ਤੇ ਸਾਰੇ ਝਮੇਲੇ ਤੋਂ ਅਣਜਾਣ ਸਨ, ਉਹ ਵੀ ਬਲੀ ਦਾ ਬੱਕਰਾ ਬਣਾ ਦਿੱਤੇ ਗਏ।

ਮਾਮਲਾ ਇੱਥੇ ਹੀ ਨਹੀਂ ਨਿਪਟਿਆ ਅਤੇ ਨਾਕਸ ਮਹਾਨ ਕੋਸ਼ ਸਮੇਟਿਆ ਵੀ ਨਾ ਜਾ ਸਕਿਆ। ਜੋਸ਼ 'ਚ ਆਏ ਵਿਦਿਆਰਥੀਆਂ ਨੇ ਸਿਆਸੀ ਲੋਕਾਂ ਦੀ ਚੁੱਕ 'ਚ ਆ ਕੇ ਇਸ ਨੂੰ ਅਸਲੋਂ ਹੀ ਵੱਖਰੀ ਰੰਗਤ ਦੇ ਦਿੱਤੀ ਅਤੇ ਬੇਅਦਬੀ ਦਾ ਮਾਮਲਾ ਬਣਾ ਧਰਿਆ ਜਦੋਂ ਕਿ ਕਿਸੇ ਮਹੱਤਵਪੂਰਨ ਪੁਸਤਕ ਨੂੰ ਸਮੇਟਣ ਦਾ ਇਹ ਢੰਗ ਕਤਈ ਵੀ ਗ਼ਲਤ ਨਹੀਂ ਸੀ। ਇਕ ਧਾਰਮਿਕ ਤੇ ਪਵਿੱਤਰ ਗ੍ਰੰਥ ਵਾਂਗ ਵਿਚਾਰਦਿਆਂ, ਦਬਾਈਆਂ ਜਾ ਰਹੀਆਂ ਜਿਲਦਾਂ, ਪਾਣੀ 'ਚੋਂ ਕੱਢ ਕੇ, ਟਰੱਕ ਵਿਚ ਲੱਦੀਆਂ ਗਈਆਂ ਤੇ ਹੋਰ ਵੀ (ਜੋ ਅਜੇ ਬਾਹਰ ਹੀ ਉਡੀਕ ਕਰ ਰਹੀਆਂ ਸਨ) ਚੁਕਵਾਈਆਂ ਗਈਆਂ ਅਤੇ ਇਹ ਕਾਫ਼ਲਾ ਸ੍ਰੀ ਗੋਇੰਦਵਾਲ ਸਾਹਿਬ ਲਈ ਰਵਾਨਾ ਕੀਤਾ ਗਿਆ। ਮਾਮਲਾ ਅਜੇ ਵੀ ਖ਼ਤਮ ਨਹੀਂ ਸੀ ਹੋਇਆ ਕਿਉਂਕਿ ਰਾਜਨੇਤਾਵਾਂ ਵੱਲੋਂ ਉਕਸਾਏ ਜਾਣ ਅਤੇ ਗੁਰਦਵਾਰਾ ਦੂਖਨਿਵਾਰਨ ਸਾਹਿਬ ਦੇ ਅਧਿਕਾਰੀਆਂ ਤੇ ਸ਼੍ਰੋਮਣੀ ਕਮੇਟੀ ਦੇ ਕੁਝ ਮੈਂਬਰਾਂ ਵਲੋਂ ਜ਼ੋਰ ਪਾਏ ਜਾਣ ਕਾਰਨ ਬੇਅਦਬੀ ਦੀ ਅਰਦਾਸ ਵੀ ਕੀਤੀ ਗਈ ਤੇ ਹੋਈ ਕੁਤਾਹੀ ਲਈ ਯੂਨੀਵਰਸਿਟੀ ਵੀ.ਸੀ. ਤੋਂ ਮੁਆਫ਼ੀ ਵੀ ਮੰਗਵਾਈ ਗਈ। ਇੱਥੇ ਸ਼੍ਰੋਮਣੀ ਕਮੇਟੀ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਦਖ਼ਲ ਵੀ ਆਣ ਸ਼ਾਮਲ ਹੋਇਆ ਕਿ ਅਖੰਡ ਪਾਠ ਕਰਵਾ ਕੇ ਭੁੱਲ ਬਖਸ਼ਾਈ ਜਾਵੇ। ਕਿਹੜੀ ਭੁੱਲ? ਕਾਹਦੀ ਮੁਆਫ਼ੀ? ਕੀ ਸ੍ਰੀ ਅਕਾਲ ਤਖ਼ਤ ਦਾ ਇਹ ਫ਼ਰਮਾਨ ਵਿਦਿਅਕ ਅਦਾਰਿਆਂ ਵਿਚ ਖਾਹ-ਮਖਾਹ ਦਖ਼ਲ ਅੰਦਾਜ਼ੀ ਨਹੀਂ ਸੀ? ਉੱਤੋਂ ਰੋਸ ਪ੍ਰਗਟਾਉਂਦੇ ਵਿਦਿਆਰਥੀਆਂ ਵੱਲੋਂ ਯੂਨੀਵਰਸਿਟੀ ਪ੍ਰਸ਼ਾਸਨ ਨੂੰ ਅਖੰਡ ਪਾਠ ਸਾਹਿਬ ਦੌਰਾਨ ਕਈ ਹਦਾਇਤਾਂ ਕੀਤੀਆਂ ਗਈਆਂ। ਸਾਰੀ ਸੇਵਾ ਕਰਨ ਅਤੇ ਤਿੰਨੇ ਦਿਨ ਲੰਗਰ ਚਾਲੂ ਰੱਖਣ ਦੇ ਹੁਕਮ ਵੀ ਚਾੜ੍ਹੇ ਗਏ। ਅਗਿਆਨੀ ਅਤੇ ਨਾ ਤਜਰਬੇਕਾਰ ਪ੍ਰਬੰਧਕ ਲੀਕ 'ਤੇ ਲੀਕ ਮਾਰਦੇ ਚਲੇ ਗਏ। ਇੰਞ, ਇਕ ਮਹਾਨ ਕੋਸ਼ ਦੀ ਪੁਨਰ ਪ੍ਰਕਾਸ਼ਨਾ ਨੇ ਪੰਜਾਬੀ ਯੂਨੀਵਰਸਿਟੀ ਦੇ ਨਾਂ 'ਤੇ ਵੱਕਾਰ ਨੂੰ ਬਹੁਤ ਵੱਡੀ ਢਾਹ ਲਾਈ ਹੈ ਤੇ ਸਾਰੀ ਪ੍ਰਕਿਰਿਆ ਦੌਰਾਨ ਸਭ ਕੁਝ ਅਜਿਹਾ ਵਾਪਰਿਆ, ਜਿਸ ਨੂੰ ਪੜ੍ਹ, ਸੁਣ ਤੇ ਜਾਣ ਕੇ, ਇਕ ਸੁਹਿਰਦ, ਸੰਵੇਦਨਸ਼ੀਲ ਤੇ ਤਾਰਕਿਕ ਵਿਅਕਤੀ ਦੇ ਰੌਂਗਟੇ ਖੜ੍ਹੇ ਹੋ ਜਾਂਦੇ ਹਨ। ਸਿਆਣਪ ਨਾਲ ਸਾਡੇ ਨੌਜਵਾਨਾਂ ਨੂੰ ਵੀ ਵਿਸ਼ਵਾਸ ਵਿਚ ਲਿਆ ਜਾ ਸਕਦਾ ਸੀ ਪਰ ਅਥਾਰਟੀ ਵੱਲੋਂ ਸਮੇਟਣ-ਪ੍ਰਕਿਰਿਆ ਵਿਚ ਹੋਈਆਂ ਕੁਤਾਹੀਆਂ, ਤਰੁੱਟੀਪੂਰਨ ਪ੍ਰਕਾਸ਼ਨਾ ਨਾਲੋਂ ਵੀ ਬੱਜਰ ਸਾਬਤ ਹੋਈਆਂ ਹਨ। ਰੱਬ, ਇਨ੍ਹਾਂ ਨੂੰ ਅਗਾਂਹ ਤੋਂ ਸੁਮੱਤ ਬਖ਼ਸ਼ੇ।

ਇਨ੍ਹਾਂ ਸਤਰਾਂ ਦੀ ਲੇਖਕਾ, ਪਿਛਲੀ ਅੱਧੀ ਸਦੀ ਤੋਂ ਗੁਰਬਾਣੀ ਅਧਿਐਨ ਤੇ ਅਧਿਆਪਨ ਨਾਲ ਵਾਬਸਤਾ ਹੈ। ਗੁਰਬਾਣੀ ਖੋਜ ਦੀਆਂ ਮੇਰੀਆਂ ਅੱਧੀ ਦਰਜਨ ਪੁਸਤਕਾਂ ਵਿਚ ਵਿਆਖਿਆ ਲਈ ਬੇਸ਼ੁਮਾਰ ਗੁਰਬਾਣੀ-ਤੁਕਾਂ ਲਈਆਂ ਗਈਆਂ ਹਨ। ਇੱਥੋਂ ਤੱਕ ਕਿ ਮੇਰੇ ਵਲੋਂ 1975 ਤੋਂ ਹੁਣ ਤੱਕ ਲਗਾਤਾਰ ਵਰਤਿਆ ਜਾ ਰਿਹਾ ਮਹਾਨ ਕੋਸ਼ ਵੀ ਬਹੁਤ ਜਰਜਰ ਹਾਲਤ ਵਿਚ ਹੈ। ਇਸੇ ਤਰ੍ਹਾਂ, ਭਾਸ਼ਾ ਵਿਭਾਗ ਤੋਂ ਕਈ ਸੰਸਕਰਣਾਂ 'ਚ ਛਪੇ ਤੇ ਵਿਕੇ ਮਹਾਨ ਕੋਸ਼ ਵੀ ਹੁਣ ਬਹੁਤ ਬਿਰਧ ਅਵਸਥਾ 'ਚ ਪਹੁੰਚ ਚੁੱਕੇ ਹੋਣਗੇ। ਕੀ ਇਨ੍ਹਾਂ ਨੂੰ ਸਮੇਟਣ ਲਈ ਸਾਨੂੰ ਵੀ ਪੁਨਰ ਵਿਚਾਰ ਕਰਨੀ ਹੋਵੇਗੀ? ਉੱਚ ਅਕਾਦਮਿਕ ਅਦਾਰਿਆਂ ਤੇ ਯੂਨੀਵਰਸਿਟੀਆਂ ਨੂੰ ਸਿਆਸਤ ਤੇ ਫ਼ਿਰਕਾਪ੍ਰਸਤੀ ਦਾ ਗੜ੍ਹ ਨਾ ਬਣਾ ਕੇ, ਚਾਨਣ, ਗਿਆਨ, ਲਿਆਕਤ ਅਤੇ ਵਿਦਵੱਤਾ ਦੇ ਕੇਂਦਰ ਹੀ ਬਣੇ ਰਹਿਣ ਦੇਈਏ -ਇਹ ਸਾਡੀ ਦਿਲੀ ਅਪੀਲ ਵੀ ਹੈ ਅਤੇ ਅਰਜ਼ੋਈ ਵੀ ਕਿਉਂਕਿ ਬੀਤੇ 'ਚ ਹੋਇਆ ਸਮੁੱਚਾ ਵਰਤਾਰਾ ਹੀ ਨਿੰਦਣਯੋਗ, ਗ਼ਲਤ ਅਤੇ ਇਕ ਪੱਖੀ ਸੀ। ਸ਼੍ਰੋਮਣੀ ਕਮੇਟੀ ਨੂੰ ਸਪੱਸ਼ਟ ਦਿਸ਼ਾ ਦੇਣ ਦੀ ਜੁਰਅਤ ਕਰਨੀ ਚਾਹੀਦੀ ਹੈ ਕਿ ਕਿਸ ਕਿਤਾਬ ਨੂੰ ਕਿਵੇਂ ਸਮੇਟਣਾ ਹੈ, ਤਾਂ ਜੋ ਵਿਦਿਅਕ ਅਦਾਰੇ ਅਗਾਂਹ ਤੋਂ ਵੀ ਮਜ਼ਾਕ ਦੇ ਪਾਤਰ ਨਾ ਬਣਾਏ ਜਾ ਸਕਣ। ਅਖੀਰ ਵਿਚ ਇਹੋ ਕਿਹਾ ਜਾ ਸਕਦਾ ਹੈ ਕਿ ਇਸ ਤਰੁੱਟੀਆਂ ਪੂਰਨ ਮਹਾਨ ਕੋਸ਼ ਦੀਆਂ ਵਿਭਿੰਨ ਜਿਲਦਾਂ ਨੂੰ ਸਮੇਟਣ ਤੱਕ ਪਹੁੰਚਾਉਣ ਵਾਲੇ ਸੰਪਾਦਕਾਂ, ਅਨੁਵਾਦਕਾਂ ਤੇ ਪਰੂਫ਼ ਰੀਡਰਾਂ ਦੀ ਜ਼ਿੰਮੇਵਾਰੀ ਤੈਅ ਕਰਕੇ, ਉਨ੍ਹਾਂ ਨੂੰ ਕਟਹਿਰੇ ਵਿਚ ਖੜ੍ਹਾ ਜ਼ਰੂਰ ਕੀਤਾ ਜਾਵੇ ਅਤੇ ਯੂਨੀਵਰਸਿਟੀ ਨੂੰ ਹੋਏ ਵੱਡੇ ਵਿੱਤੀ ਨੁਕਸਾਨ ਦੀ ਭਰਪਾਈ ਵੀ ਕੀਤੀ ਜਾਵੇ। ਪੈਂਹਟ ਹਜ਼ਾਰ ਇੰਦਰਾਜਾਂ ਵਾਲੇ ਮਹਾਨ ਕੋਸ਼ ਵਿਚ ਪੈਂਤੀ ਹਜ਼ਾਰ ਗ਼ਲਤੀਆਂ ਕਰਨ ਵਾਲੇ ਇਹ ਜ਼ਿੰਮੇਵਾਰ ਲੋਕ, ਆਖਰ ਆਪਣੇ ਸਮੁੱਚੇ ਕਾਰਜ-ਕਾਲ ਦੌਰਾਨ ਕੀ ਗੁਲ ਖਿੜਾਉਂਦੇ ਰਹੇ ਹੋਣਗੇ? ਅਸੀਂ ਭਲੀ-ਭਾਂਤ ਸਮਝ ਸਕਦੇ ਹਾਂ।

# ਪਤਨ ਤੋਂ ਤਰੱਕੀ ਤੱਕ: ਪੀ.ਐਮ. ਮੋਦੀ ਕਿਵੇਂ ਮੁੜ ਉਸਾਰ ਰਹੇ ਹਨ ਨਵਾਂ ਸ਼ਹਿਰੀ ਭਾਰਤ



ਹਰਦੀਪ ਸਿੰਘ ਪੁਰੀ

ਰੋਮ ਇੱਕ ਦਿਨ ਵਿੱਚ ਨਹੀਂ ਬਣਿਆ ਸੀ, ਉਸੇ ਤਰ੍ਹਾਂ ਨਵਾਂ ਸ਼ਹਿਰੀ ਭਾਰਤ ਵੀ ਇੱਕ ਦਿਨ ਵਿੱਚ ਨਹੀਂ ਬਣੇਗਾ। ਪਰ ਜਦੋਂ ਅਸੀਂ ਆਪਣੇ ਸ਼ਹਿਰਾਂ ਤੋਂ ਹੋਰ ਜ਼ਿਆਦਾ ਦੀ ਉਮੀਦ ਕਰਦੇ ਹਾਂ, ਤਾਂ ਸਾਨੂੰ ਇਹ ਵੀ ਦੇਖਣਾ ਚਾਹੀਦਾ ਹੈ ਕਿ ਅਸੀਂ ਪਹਿਲਾਂ ਹੀ ਕਿੰਨੀ ਦੂਰੀ ਤੈਅ ਕਰ ਚੁੱਕੇ ਹਾਂ? ਆਜ਼ਾਦੀ ਤੋਂ ਦਹਾਕਿਆਂ ਬਾਅਦ ਤੱਕ, ਭਾਰਤ ਦੇ ਸ਼ਹਿਰ ਇੱਕ ਅਣਗੌਲਿਆ ਵਿਚਾਰ ਸਨ। ਨਹਿਰੂ ਦੀ ਸੋਵੀਅਤ ਸ਼ੈਲੀ ਦੀ ਕੇਂਦ੍ਰਿਤ ਸੋਚ ਨੇ ਸਾਨੂੰ ਸ਼ਾਸਤਰੀ ਭਵਨ ਅਤੇ ਉਦਯੋਗ ਭਵਨ ਵਰਗੇ ਕੰਕਰੀਟ ਦੇ ਵੱਡੇ ਭਵਨ ਦਿੱਤੇ, ਜੋ 1990 ਦੇ ਦਹਾਕੇ ਤੱਕ ਢਹਿਣ ਲੱਗੇ ਸਨ ਅਤੇ ਸੇਵਾ ਦੀ ਬਜਾਏ ਨੌਕਰਸ਼ਾਹੀ ਦੇ ਸਮਾਰਕ ਬਣ ਕੇ ਰਹਿ ਗਏ।

2010 ਦੇ ਦਹਾਕੇ ਤੱਕਦਿੱਲੀ ਦੀ ਹਾਲਤ ਬਹੁਤ ਖ਼ਰਾਬ ਸੀ। ਸੜਕਾਂ 'ਤੇ ਟੋਏ ਸਨ, ਸਰਕਾਰੀ ਇਮਾਰਤਾਂ ਪੁਰਾਣੀਆਂ, ਬਦਰੰਗ ਤੇ ਚੋਂਦੀਆਂ ਛੱਤਾਂ ਵਾਲੀਆਂ ਸਨਅਤ ਐਨਸੀਆਰ ਦੀਆਂ ਬਾਹਰੀ ਸੜਕਾਂ 'ਤੇ ਹਮੇਸ਼ਾ ਜਾਮ ਲੱਗਾ ਰਹਿੰਦਾ ਸੀ। ਐਕਸਪ੍ਰੈਸਵੇਅ ਬਹੁਤ ਘੱਟ ਸਨ, ਮੈਟਰੋ ਕੁਝ ਹੀ ਸ਼ਹਿਰਾਂ ਤੱਕ ਸੀਮਤ ਸੀ ਅਤੇ ਬੁਨਿਆਦੀ ਢਾਂਚਾ ਤੇਜ਼ੀ ਨਾਲ ਟੁੱਟ-ਫੁੱਟ ਦਾ ਸ਼ਿਕਾਰ ਹੋ ਰਿਹਾ ਸੀ। ਦੁਨੀਆ ਦੀ ਅਗਵਾਈ ਕਰਨ ਦਾ ਸੁਫ਼ਨਾ ਦੇਖਣ ਵਾਲੇ ਦੇਸ਼ ਦੀ ਰਾਜਧਾਨੀ ਅਣਗਹਿਲੀ ਅਤੇ ਬਦਹਾਲ ਹਾਲਤ ਦਾ ਪ੍ਰਤੀਕ ਬਣ ਚੁੱਕੀ ਸੀ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਹਾਲਾਤ ਨੂੰ ਬਦਲ ਦਿੱਤਾ। ਉਨ੍ਹਾਂ ਨੇ ਸ਼ਹਿਰਾਂ ਨੂੰ ਭਾਰ ਨਹੀਂ ਮੰਨਿਆ, ਸਗੋਂ ਉਨ੍ਹਾਂ ਨੂੰ ਵਿਕਾਸ ਦੇ ਇੰਜਣ ਅਤੇ ਰਾਸ਼ਟਰੀ ਮਾਣ ਦਾ ਪ੍ਰਤੀਕ ਬਣਾਇਆ। ਇਹ ਬਦਲਾਅ ਅੱਜ ਹਰ ਜਗ੍ਹਾ ਦਿਖਾਈ ਦਿੰਦਾ ਹੈ। ਸੈਂਟਰਲ ਵਿਸਟਾ ਦੇ ਪੁਨਰ-ਨਿਰਮਾਣ ਨੇ ਕਰਤਵਯ ਪੱਥ ਨੂੰ ਜਨਤਾ ਦੀ ਜਗ੍ਹਾ ਬਣਾ ਦਿੱਤਾ, ਨਵੀਂ ਸੰਸਦ ਨੂੰ ਭਵਿੱਖ ਦੇ ਅਨੁਸਾਰ ਸੰਸਥਾਨ ਵਿੱਚ ਬਦਲ ਦਿੱਤਾ ਅਤੇ ਕਰਤਵਯ ਭਵਨ ਨੂੰ ਸੁਚਾਰੂ ਪ੍ਰਸ਼ਾਸਨਿਕ ਕੇਂਦਰ ਬਣਾ ਦਿੱਤਾ। ਜਿੱਥੇ ਪਹਿਲਾਂ ਖਸਤਾ ਹਾਲਤ ਸੀ, ਉੱਥੇ ਹੁਣ ਤਾਂਘ ਅਤੇ ਆਤਮ-ਵਿਸ਼ਵਾਸ ਝਲਕਦਾ ਹੈ।

ਇਸ ਬਦਲਾਅ ਦਾ ਪੈਮਾਨਾ ਅੰਕੜਿਆਂ ਤੋਂ ਸਮਝਿਆ ਜਾ ਸਕਦਾ ਹੈ। 2004 ਅਤੇ 2014 ਦੇ ਵਿਚਕਾਰ ਸ਼ਹਿਰੀ ਖੇਤਰ ਵਿੱਚ ਕੇਂਦਰ ਸਰਕਾਰ ਦਾ ਕੁੱਲ ਨਿਵੇਸ਼ ਲਗਭਗ ?1.57 ਲੱਖ ਕਰੋੜ ਸੀ। 2014 ਤੋਂ ਬਾਅਦ ਇਹ 16 ਗੁਣਾ ਵਧ ਕੇ ਲਗਭਗ 28.5 ਲੱਖ ਕਰੋੜ ਹੋ ਗਿਆ ਹੈ। 2025-26 ਦੇ ਬਜਟ ਵਿੱਚ ਹੀ ਹਾਊਸਿੰਗ ਅਤੇ ਸ਼ਹਿਰੀ ਮਾਮਲੇ ਮੰਤਰਾਲੇ ਨੂੰ 96,777 ਕਰੋੜ ਦਿੱਤੇ ਗਏ, ਜਿਸ ਵਿੱਚੋਂ ਇੱਕ-ਤਿਹਾਈ ਹਿੱਸਾ ਮੈਟਰੋ ਲਈ ਅਤੇ ਇੱਕ-ਚੌਥਾਈ ਰਿਹਾਇਸ਼ ਲਈ ਰੱਖਿਆ ਗਿਆ। ਇੰਨਾ ਵੱਡਾ ਵਿੱਤੀ ਨਿਵੇਸ਼ ਆਜ਼ਾਦ ਭਾਰਤ ਦੇ ਇਤਿਹਾਸ ਵਿੱਚ ਪਹਿਲਾਂ ਕਦੇ ਨਹੀਂ ਹੋਇਆ ਹੈ ਅਤੇ ਇਸ ਨਾਲ ਬੇਮਿਸਾਲ ਢੰਗ ਨਾਲ ਸ਼ਹਿਰੀ ਢਾਂਚੇ ਦੀ ਤਸਵੀਰ ਬਦਲ ਰਹੀ ਹੈ।

ਭਾਰਤ ਦੀ ਵਿਆਪਕ ਆਰਥਿਕ ਅਤੇ ਡਿਜੀਟਲ ਤਰੱਕੀ ਨੇ ਇਸ ਰਫ਼ਤਾਰ ਨੂੰ ਹੋਰ ਤੇਜ਼ ਕਰ ਦਿੱਤਾ ਹੈ। ਅੱਜਅਸੀਂ ਲਗਭਗ 4.2 ਟ੍ਰਿਲੀਅਨ ਡਾਲਰ ਦੀ ਅਰਥਵਿਵਸਥਾ ਦੇ ਨਾਲ ਦੁਨੀਆ ਦੀ ਚੌਥੀ ਸਭ ਤੋਂ ਵੱਡੀ ਅਰਥਵਿਵਸਥਾ ਹਾਂ, ਜਿੱਥੇ ਡਿਜੀਟਲ ਵਿਵਸਥਾ ਰੋਜ਼ਾਨਾ ਦੀ ਜ਼ਿੰਦਗੀ ਨੂੰ ਚਲਾ ਰਹੀ ਹੈ। ਯੂਪੀਆਈ ਨੇ ਹਾਲ ਹੀ ਵਿੱਚ ਇੱਕ ਮਹੀਨੇ ਵਿੱਚ 20ਅਰਬ ਲੈਣ-ਦੇਣ ਦਾ ਅੰਕੜਾ ਪਾਰ ਕੀਤਾ ਅਤੇ ਹਰ ਮਹੀਨੇ ?24 ਲੱਖ ਕਰੋੜ ਤੋਂ ਜ਼ਿਆਦਾ ਦੇ ਲੈਣ-ਦੇਣ ਸੰਭਾਲ ਰਿਹਾ ਹੈ। ਹੁਣ 90 ਕਰੋੜ ਤੋਂ ਵੱਧ ਭਾਰਤੀ ਇੰਟਰਨੈੱਟ ਨਾਲ ਜੁੜੇ ਹੋਏ ਹਨ ਅਤੇ 56 ਕਰੋੜ ਜਨਧਨ ਖ਼ਾਤੇ ਜੈਮ ਤ੍ਰਿਮੂਰਤੀ (ਜਨਧਨ, ਆਧਾਰ, ਮੋਬਾਈਲ) ਦਾ ਅਧਾਰ ਹਨ, ਜਿਸ ਦੇ ਜ਼ਰੀਏ ਸਬਸਿਡੀ ਸਿੱਧੇ ਅਤੇ ਪਾਰਦਰਸ਼ੀ ਢੰਗ ਨਾਲ ਦਿੱਤੀ ਜਾਂਦੀ ਹੈ। ਇਹ ਪੈਮਾਨਾ, ਰਸਮੀਕਰਨ ਅਤੇ ਫਿਨਟੈੱਕ ਅਪਣਾਉਣ ਦਾ ਮਾਡਲ ਪੂਰੀ ਤਰ੍ਹਾਂ ਭਾਰਤੀ ਹੈ ਅਤੇ ਇਸਦਾ ਸਭ ਤੋਂ ਡੂੰਘਾ ਅਸਰ ਸ਼ਹਿਰੀ ਖੇਤਰਾਂ 'ਤੇ ਦਿਖਾਈ ਦਿੰਦਾ ਹੈ।

ਮੈਟਰੋ ਕ੍ਰਾਂਤੀ ਜ਼ਮੀਨ 'ਤੇ ਹੋਏ ਬਦਲਾਅ ਨੂੰ ਸਭ ਤੋਂ ਚੰਗੀ ਤਰ੍ਹਾਂ ਦਿਖਾਉਂਦੀ ਹੈ। 2014 ਵਿੱਚ, ਭਾਰਤ ਵਿੱਚ ਸਿਰਫ 5 ਸ਼ਹਿਰਾਂ ਵਿੱਚ ਲਗਭਗ 248 ਕਿਲੋਮੀਟਰ ਮੈਟਰੋ ਲਾਈਨਾਂ ਚੱਲ ਰਹੀਆਂ ਸਨ। ਅੱਜਇਹ ਵਧ ਕੇ 23 ਤੋਂ ਵੱਧ ਸ਼ਹਿਰਾਂ ਵਿੱਚ 1,000 ਕਿਲੋਮੀਟਰ ਤੋਂ ਜ਼ਿਆਦਾ ਹੋ ਗਈਆਂ ਹਨ, ਜੋ ਹਰ ਦਿਨ ਇੱਕ ਕਰੋੜ ਤੋਂ ਜ਼ਿਆਦਾ ਮੁਸਾਫ਼ਰਾਂ ਨੂੰ ਸਹੂਲਤ ਦਿੰਦੀਆਂ ਹਨ। ਪੁਣੇ, ਨਾਗਪੁਰ, ਸੂਰਤ ਅਤੇ ਆਗਰਾ ਵਰਗੇ ਸ਼ਹਿਰਾਂ ਵਿੱਚ ਨਵੇਂ ਕੌਰੀਡੋਰ ਬਣ ਰਹੇ ਹਨ, ਜਿਸ ਨਾਲ ਸਫ਼ਰ ਤੇਜ਼, ਸੁਰੱਖਿਅਤ ਅਤੇ ਪ੍ਰਦੂਸ਼ਣ-ਮੁਕਤ ਹੋ ਰਿਹਾ ਹੈ। ਇਹ ਸਿਰਫ਼ ਲੋਹੇ ਅਤੇ ਕੰਕਰੀਟ ਦਾ ਢਾਂਚਾ ਨਹੀਂ ਹੈ, ਸਗੋਂ ਇਸ ਵਿੱਚ ਲੋਕਾਂ ਦਾ ਸਮਾਂ ਬਚਣਾ, ਹਵਾ ਦਾ ਸਾਫ਼ ਹੋਣਾ ਅਤੇ ਨਾਗਰਿਕਾਂ ਨੂੰ ਕਰੋੜਾਂ ਘੰਟਿਆਂ ਦੀ ਵਾਧੂ ਉਤਪਾਦਕਤਾ ਮਿਲਣਾ ਸ਼ਾਮਲ ਹੈ। ਸ਼ਹਿਰੀ ਕਨੈਕਟੀਵਿਟੀ ਦੀ ਤਸਵੀਰ ਪੂਰੀ ਤਰ੍ਹਾਂ ਬਦਲ ਗਈ ਹੈ। ਐਨਸੀਆਰ ਦੇ ਜਾਮ ਨਾਲ ਭਰੇ ਇਲਾਕਿਆਂ ਨੂੰ ਨਵੀਂ ਬਣੀ ਯੂਈਆਰ-99 (ਦਿੱਲੀ ਦੀ ਤੀਜੀ ਰਿੰਗ ਰੋਡ) ਰਾਹੀਂ ਰਾਹਤ ਮਿਲ ਰਹੀ ਹੈ, ਜੋ ਐਨ ਐਚ-44, ਐਨਐਚ-9 ਅਤੇ ਦਵਾਰਕਾ ਐਕਸਪ੍ਰੈਸਵੇਅ ਨੂੰ ਜੋੜ ਕੇ ਪੁਰਾਣੇ ਜਾਮ ਦੇ ਬਿੰਦੂਆਂ ਨੂੰ ਸੌਖਾ ਬਣਾ ਰਹੀ ਹੈ। ਭਾਰਤ ਦੀ ਪਹਿਲੀ ਖੇਤਰੀ ਤੇਜ਼ ਆਵਾਜਾਈ ਪ੍ਰਣਾਲੀ - ਦਿੱਲੀ-ਮੇਰਠ ਆਰਆਰਟੀਐਸ (ਨਮੋ ਭਾਰਤ) - ਪਹਿਲਾਂ ਹੀ ਵੱਡੇ ਹਿੱਸੇ 'ਤੇ ਚੱਲ ਰਹੀ ਹੈ ਅਤੇ ਪੂਰਾ ਸੰਚਾਲਨ ਛੇਤੀ ਹੀ ਸ਼ੁਰੂ ਹੋਣ ਵਾਲਾ ਹੈ, ਜਿਸ ਨਾਲ ਪੂਰਾ ਸਫ਼ਰ ਇੱਕ ਘੰਟੇ ਤੋਂ ਘੱਟ ਸਮੇਂ ਵਿੱਚ ਤੈਅ ਹੋਵੇਗਾ। ਇਹ ਤੇਜ਼ ਅਤੇ ਏਕੀਕ੍ਰਿਤ ਆਵਾਜਾਈ ਪ੍ਰਣਾਲੀਆਂ ਨਵੇਂ ਭਾਰਤ ਲਈ ਇੱਕ ਨਵੇਂ ਮਹਾਨਗਰਾਂ ਦੀ ਸੋਚ ਨੂੰ ਆਕਾਰ ਦੇ ਰਹੀਆਂ ਹਨ। ਐਕਸਪ੍ਰੈਸਵੇਅ ਹੁਣ ਸ਼ਹਿਰਾਂ ਦੇ ਵਿੱਚ ਆਵਾਜਾਈ ਦਾ ਨਵਾਂ ਚਿਹਰਾ ਬਣ ਰਹੇ ਹਨ। ਦਿੱਲੀ-ਮੁੰਬਈ ਐਕਸਪ੍ਰੈਸਵੇਅ, ਬੰਗਲੁਰੂ-ਮੈਸੂਰ ਐਕਸਪ੍ਰੈਸਵੇਅ, ਦਿੱਲੀ-ਮੇਰਠ ਐਕਸੈਸ-ਕੰਟਰੋਲਡ ਕੌਰੀਡੋਰ ਅਤੇ ਮੁੰਬਈ ਕੋਸਟਲ ਰੋਡ ਨੇ ਦੂਰੀ ਘਟਾ ਦਿੱਤੀ ਹੈ ਅਤੇ ਵੱਡੇ ਵਾਹਨਾਂ ਨੂੰ ਸ਼ਹਿਰ ਦੀਆਂ ਗਲੀਆਂ ਤੋਂ ਬਾਹਰ ਕੱਢ ਕੇ ਹਵਾ ਨੂੰ ਸਾਫ਼ ਕੀਤਾ ਹੈ। ਮੁੰਬਈ ਵਿੱਚ ਦੇਸ਼ ਦਾ ਸਭ ਤੋਂ ਲੰਬਾ ਸਮੁੰਦਰੀ ਪੁਲਅਟਲ ਸੇਤੂਹੁਣ ਟਾਪੂ ਵਰਗੇ ਸ਼ਹਿਰ ਨੂੰ ਮੁੱਖ ਭੂਮੀ ਨਾਲ ਸਿੱਧਾ ਜੋੜਦਾ ਹੈ। ਮੁੰਬਈ-ਅਹਿਮਦਾਬਾਦ ਹਾਈ-ਸਪੀਡ ਰੇਲ, ਭਾਰਤ ਦਾ ਪਹਿਲਾ ਬੁਲੇਟ ਟ੍ਰੇਨ ਪ੍ਰੋਜੈਕਟ, ਤੇਜ਼ੀ ਨਾਲ ਅੱਗੇ ਵੱਧ ਰਿਹਾ ਹੈ ਅਤੇ ਪੱਛਮੀ ਭਾਰਤ ਵਿੱਚ ਵਿਕਾਸ ਦਾ ਨਵਾਂ ਕੇਂਦਰ ਬਣਨ ਜਾ ਰਿਹਾ ਹੈ।

ਸਮਾਵੇਸ਼ਨ ਵੀ ਹਮੇਸ਼ਾ ਤਰਜੀਹ ਵਿੱਚ ਰਿਹਾ ਹੈ। ਪੀਐਮ ਸਵਨਿਧੀ ਯੋਜਨਾ ਨੇ 68 ਲੱਖ ਤੋਂ ਜ਼ਿਆਦਾ ਰੇਹੜੀ-ਫੜੀ ਵਾਲਿਆਂ ਨੂੰ ਬਿਨਾਂ ਗਰੰਟੀ ਵਾਲੇ ਕਰਜ਼ੇ ਅਤੇ ਡਿਜੀਟਲ ਸਹੂਲਤ ਦਿੱਤੀ ਹੈ, ਜਿਸ ਰਾਹੀਂ ਛੋਟੇ ਉੱਦਮੀਆਂ ਨੂੰ ਰੁਜ਼ਗਾਰ ਫਿਰ ਤੋਂ ਖੜ੍ਹਾ ਕਰਨ ਅਤੇ ਰਸਮੀ ਅਰਥਵਿਵਸਥਾ ਨਾਲ ਜੁੜਨ ਦਾ ਮੌਕਾ ਮਿਲਿਆ ਹੈ। ਪੀਐਮ ਆਵਾਸ ਯੋਜਨਾ (ਸ਼ਹਿਰੀ) ਦੇ ਤਹਿਤ 120 ਲੱਖ ਤੋਂ ਵੱਧ ਮਕਾਨਾਂ ਦੀ ਮਨਜ਼ੂਰੀ ਦਿੱਤੀ ਗਈ, ਜਿਨ੍ਹਾਂ ਵਿੱਚੋਂ ਲਗਭਗ 94 ਲੱਖ ਪੂਰੇ ਹੋ ਚੁੱਕੇ ਹਨ। ਲੱਖਾਂ ਪਰਿਵਾਰ, ਜੋ ਪਹਿਲਾਂ ਝੁੱਗੀਆਂ-ਝੌਂਪੜੀਆਂ ਵਿੱਚ ਰਹਿੰਦੇ ਸੀ ਹੁਣ ਸੁਰੱਖਿਅਤ ਪੱਕੇ ਘਰਾਂ ਵਿੱਚ ਰਹਿ ਰਹੇ ਹਨ। ਇਹ ਸਿਰਫ਼ ਅੰਕੜੇ ਨਹੀਂ ਹਨ, ਸਗੋਂ ਬਦਲਦੀਆਂ ਹੋਈਆਂ ਜ਼ਿੰਦਗੀਆਂ ਅਤੇ ਨਵੀਆਂ ਆਸਾਂ ਹਨ।

ਊਰਜਾ ਸੁਧਾਰਾਂ ਨੇ ਸ਼ਹਿਰੀ ਜੀਵਨ ਨੂੰ ਵਧੇਰੇ ਸੁਖਾਲਾ ਬਣਾਇਆ ਹੈ। ਜਿੱਥੇ ਪਹਿਲਾਂ ਰਸੋਈ ਮਹਿੰਗੇ ਅਤੇ ਅਨਿਸ਼ਚਿਤ ਗੈਸ ਸਿਲੰਡਰਾਂ ਦੀ ਬੁਕਿੰਗ 'ਤੇ ਨਿਰਭਰ ਸੀ, ਹੁਣ ਪਾਈਪਡ ਨੈਚਰਲ ਗੈਸ (ਪੀਐਨਜੀ) ਆਮ ਹੁੰਦੀ ਜਾ ਰਹੀ ਹੈ, ਜੋ ਵਧੇਰੇ ਸੁਰੱਖਿਅਤ, ਸਾਫ਼ ਅਤੇ ਆਰਾਮਦੇਹ ਹੈ। ਸਿਟੀ ਗੈਸ ਡਿਸਟ੍ਰੀਬਿਊਸ਼ਨ 2014 ਵਿੱਚ ਸਿਰਫ਼ 57 ਖੇਤਰਾਂ ਤੱਕ ਸੀਮਤ ਸੀ, ਜੋ ਹੁਣ ਵੱਧ ਕੇ 300 ਤੋਂ ਜ਼ਿਆਦਾ ਹੋ ਗਈ ਹੈ। ਘਰੇਲੂ ਪੀਐਨਜੀ ਕੁਨੈਕਸ਼ਨ 25 ਲੱਖ ਤੋਂ ਵਧ ਕੇ 1.5 ਕਰੋੜ ਤੋਂ ਉੱਪਰ ਪਹੁੰਚ ਗਏ ਹਨ, ਜਦੋਂ ਕਿ ਹਜ਼ਾਰਾਂ ਸੀਐਨਜੀ ਸਟੇਸ਼ਨ ਜਨਤਕ ਆਵਾਜਾਈ ਨੂੰ ਹੋਰ ਸਾਫ਼-ਸੁਥਰਾ ਬਣਾ ਰਹੇ ਹਨ। ਹੁਣ ਲੱਖਾਂ ਸ਼ਹਿਰੀ ਘਰਾਂ ਵਿੱਚ ਟੂਟੀ ਘੁੰਮਾ ਕੇ ਈਂਧਨ ਮਿਲਣਾ ਹਕੀਕਤ ਬਣ ਚੁੱਕਿਆ ਹੈ।

ਭਾਰਤ ਨੇ ਹੁਣ ਦੁਨੀਆ ਦੀ ਮੇਜ਼ਬਾਨੀ ਕਰਨ ਦਾ ਆਤਮ-ਵਿਸ਼ਵਾਸ ਹਾਸਲ ਕਰ ਲਿਆ ਹੈ। ਭਾਰਤ ਮੰਡਪਮ ਨੇ ਸਫ਼ਲਤਾਪੂਰਵਕ ਜੀ 20 ਆਗੂਆਂ ਦਾ ਸਿਖ਼ਰ ਸੰਮੇਲਨ ਆਯੋਜਿਤ ਕੀਤਾ। ਯਸ਼ੋਭੂਮੀ ਹੁਣ ਦੁਨੀਆ ਦੇ ਸਭ ਤੋਂ ਵੱਡੇ ਸੰਮੇਲਨ ਕੰਪਲੈਕਸਾਂ ਵਿੱਚ ਸ਼ਾਮਲ ਹੈ, ਜਿੱਥੇ ਇੱਕੋ ਸਮੇਂ ਹਜ਼ਾਰਾਂ ਪ੍ਰਤੀਨਿਧੀਆਂ ਦਾ ਸਵਾਗਤ ਕੀਤਾ ਜਾ ਸਕਦਾ ਹੈ। ਇੰਡੀਆ ਐਨਰਜੀ ਵੀਕ ਨੇ ਬੇਂਗਲੁਰੂ, ਗੋਆ ਅਤੇ ਨਵੀਂ ਦਿੱਲੀ ਵਿੱਚ ਦੁਨੀਆ ਦੀਆਂ ਊਰਜਾ ਕੰਪਨੀਆਂ ਅਤੇ ਮਾਹਿਰਾਂ ਨੂੰ ਆਪਣੇ ਵੱਲ ਖਿੱਚਿਆ, ਜਿਸ ਤੋਂ ਇਹ ਸਾਬਤ ਹੋਇਆ ਕਿ ਸਾਡੇ ਸ਼ਹਿਰ ਵੱਡੇ ਪੈਮਾਨੇ 'ਤੇ ਹੋਰ ਬਿਹਤਰ ਢੰਗ ਨਾਲ ਦੁਨੀਆ ਦੀ ਮੇਜ਼ਬਾਨੀ ਕਰ ਸਕਦੇ ਹਨ। ਇਹ ਸਭ ਉਦੋਂ ਕਲਪਨਾ ਤੋਂ ਪਰ੍ਹੇ ਸੀ, ਜਦੋਂ ਸਾਡੇ ਨਾਗਰਿਕ ਢਾਂਚੇ ਦੀ ਪਹਿਚਾਣ ਟੁੱਟੇ-ਫੁੱਟੇ ਹਾਲ ਅਤੇ ਖਸਤਾ ਹੋਏ ਸਟੇਡੀਅਮ ਹੋਇਆ ਕਰਦੇ ਸੀ।

ਆਵਾਜਾਈ ਦਾ ਆਧੁਨਿਕੀਕਰਨ ਵੱਡੇ ਪੈਮਾਨੇ ਅਤੇ ਤੇਜ਼ੀ ਨਾਲ ਹੋ ਰਿਹਾ ਹੈ। 2014 ਵਿੱਚ ਜਿੱਥੇ ਸਿਰਫ਼ 74 ਹਵਾਈ ਅੱਡੇ ਚਾਲੂ ਸੀ, ਅੱਜ ਉੱਥੇ ਇਹ ਗਿਣਤੀ ਵੱਧ ਕੇ 160 ਹੋ ਗਈ ਹੈ। ਇਹ ਸੰਭਵ ਹੋਇਆ ਹੈ, ਉਡਾਨ ਯੋਜਨਾ ਅਤੇ ਲਗਾਤਾਰ ਨਿਵੇਸ਼ ਸਦਕਾ। ਵੰਦੇ ਭਾਰਤ ਟ੍ਰੇਨਾਂ ਹੁਣ 140 ਤੋਂ ਵੱਧ ਰੂਟਾਂ 'ਤੇ ਚੱਲ ਰਹੀਆਂ ਹਨ, ਜਿਸ ਨਾਲ ਵੱਖ-ਵੱਖ ਖੇਤਰਾਂ ਵਿੱਚ ਯਾਤਰਾ ਦਾ ਸਮਾਂ ਕਾਫ਼ੀ ਘਟਿਆ ਹੈ। ਅੰਮ੍ਰਿਤ ਭਾਰਤ ਸਟੇਸ਼ਨ ਯੋਜਨਾ ਦੇ ਤਹਿਤ 1,300 ਤੋਂ ਵੱਧ ਰੇਲਵੇ ਸਟੇਸ਼ਨਾਂ ਦਾ ਨਵੀਨੀਕਰਨ ਕੀਤਾ ਜਾ ਰਿਹਾ ਹੈ, ਜਿਨ੍ਹਾਂ ਵਿੱਚੋਂ ਸੌ ਤੋਂ ਵੱਧ ਦਾ ਉਦਘਾਟਨ ਕੀਤਾ ਜਾ ਚੁੱਕਾ ਹੈ। ਦਿੱਲੀ ਵਿੱਚ ਫੈਲੇ ਹੋਏ ਟਰਮੀਨਲ-1 ਨੇ ਆਈਜੀਆਈ ਹਵਾਈ ਅੱਡੇ ਦੀ ਸਮਰੱਥਾ 10 ਕਰੋੜ ਯਾਤਰੀਆਂ ਤੋਂ ਜ਼ਿਆਦਾ ਕਰ ਦਿੱਤੀ ਹੈ, ਜਿਸ ਨਾਲ ਸਾਡੀ ਰਾਜਧਾਨੀ ਦੁਨੀਆ ਦੇ ਵੱਡੇ ਹਵਾਈ ਕੇਂਦਰਾਂ ਦੀ ਸੂਚੀ ਵਿੱਚ ਸ਼ਾਮਲ ਹੋ ਗਈ ਹੈ।

ਸਮਝਦਾਰੀ ਭਰੀ ਟੈਕਸ ਨੀਤੀ ਨੇ ਖਪਤਕਾਰਾਂ ਅਤੇ ਵਿਕਾਸ ਦੋਵਾਂ ਨੂੰ ਸਹਾਰਾ ਦਿੱਤਾ ਹੈ। ਹਾਲ ਹੀ ਵਿੱਚ ਹੋਏ ਜੀਐਸਟੀ ਸੁਧਾਰ ਦੇ ਤਹਿਤ ਜ਼ਿਆਦਾਤਰ ਵਸਤੂਆਂ ਅਤੇ ਸੇਵਾਵਾਂ ਨੂੰ 5% ਤੋਂ 18% ਦੀਆਂ ਦਰਾਂ ਵਿੱਚ ਰੱਖਿਆ ਗਿਆ ਹੈ। ਉੱਚੇ ਟੈਕਸ ਸਿਰਫ਼ ਕੁਝ ਨਸ਼ੀਲੇ ਪਦਾਰਥਾਂ ਅਤੇ ਲਗਜ਼ਰੀ ਵਸਤੂਆਂ 'ਤੇ ਹੀ ਲਗਾਏ ਗਏ ਹਨ। ਰੋਜ਼ਾਨਾ ਦੀਆਂ ਜ਼ਰੂਰੀ ਚੀਜ਼ਾਂ ਤੋਂ ਲੈ ਕੇ ਕਈ ਘਰੇਲੂ ਸਮਾਨਾਂ 'ਤੇ ਟੈਕਸ ਘਟਿਆ ਹੈ, ਛੋਟੀਆਂ ਕਾਰਾਂ ਅਤੇ ਦੋਪਹੀਆ ਵਾਹਨ ਹੁਣ ਘੱਟ ਜੀਐਸਟੀ 'ਤੇ ਮਿਲਦੇ ਹਨ। ਕਈ ਦਵਾਈਆਂ ਅਤੇ ਮੈਡੀਕਲ ਉਪਕਰਣ ਵੀ ਸਸਤੇ ਹੋ ਗਏ ਹਨ। ਸ਼ਹਿਰੀ ਪਰਿਵਾਰਾਂ ਲਈ ਇਸਦਾ ਮਤਲਬ ਹੈ ਕਿ ਮਹੀਨੇ ਦੇ ਖ਼ਰਚ ਘੱਟ ਹੋਣਾ, ਖਪਤ ਵਧਣਾ ਅਤੇ ਨਿਵੇਸ਼ ਅਤੇ ਰੁਜ਼ਗਾਰ ਦਾ ਸਕਾਰਾਤਮਕ ਚੱਕਰ ਚੱਲਣਾ। ਮੈਂ ਲੰਬੇ ਸਮੇਂ ਤੱਕ ਇੱਕ ਡਿਪਲੋਮੈਟ ਵਜੋਂ ਵਿਦੇਸ਼ਾਂ ਵਿੱਚ ਭਾਰਤ ਦੀ ਨੁਮਾਇੰਦਗੀ ਕੀਤੀ ਹੈ ਅਤੇ ਉੱਥੇ ਮੈਂ ਦੇਖਿਆ ਕਿ ਕਿਵੇਂ ਸ਼ਹਿਰ ਕਿਸੇ ਦੇਸ਼ ਦਾ ਚਿਹਰਾ ਬਣ ਜਾਂਦੇ ਹਨ। ਵਿਆਨਾਦੀ ਰਿੰਗਸਟ੍ਰਾਸੇ, ਨਿਊਯਾਰਕ ਦੀਆਂ ਉੱਚੀਆਂ ਇਮਾਰਤਾਂ ਜਾਂ ਪੈਰਿਸ ਦੀਆਂ ਚੌੜੀਆਂ ਸੜਕਾਂ - ਇਹ ਸਭ ਰਾਸ਼ਟਰੀ ਟੀਚੇ ਦੇ ਪ੍ਰਤੀਕ ਸਨ। ਉਦੋਂ ਮੈਨੂੰ ਸਾਫ਼ ਸਮਝ ਆਇਆ ਕਿ ਦੁਨੀਆ ਦੀਆਂ ਨਜ਼ਰਾਂ ਸਭ ਤੋਂ ਪਹਿਲਾਂ ਕਿਸੇ ਦੇਸ਼ ਦੇ ਸ਼ਹਿਰਾਂ 'ਤੇ ਜਾਂਦੀਆਂ ਹਨ। ਇਹੀ ਵਿਸ਼ਵਾਸ ਮੇਰੇ ਸ਼ਹਿਰੀ ਮਾਮਲੇ ਮੰਤਰਾਲੇ ਦੇ ਕੰਮ ਦਾ ਅਧਾਰ ਬਣਿਆ ਕਿ ਦਿੱਲੀ, ਮੁੰਬਈ, ਬੇਂਗਲੁਰੂ, ਅਹਿਮਦਾਬਾਦ ਅਤੇ ਸਾਡੇ ਦੂਸਰੇ ਸ਼ਹਿਰ ਇੱਕ ਉੱਭਰਦੇ ਭਾਰਤ ਦਾ ਆਤਮ-ਵਿਸ਼ਵਾਸ, ਆਧੁਨਿਕਤਾ ਅਤੇ ਇੱਛਾਵਾਂ ਦਿਖਾਉਣ। ਜਿਵੇਂ ਮੇਰੇ ਡਿਪਲੋਮੈਟਿਕ ਕਰੀਅਰ ਨੇ ਮੈਨੂੰ ਸਿਖਾਇਆ ਕਿ ਭਾਰਤ ਦਾ ਅਕਸ ਦੁਨੀਆ ਵਿੱਚ ਕਿਵੇਂ ਪੇਸ਼ ਕਰਨਾ ਹੈ, ਓਵੇਂ ਹੀ ਮੰਤਰੀ ਵਜੋਂ ਮੇਰਾ ਕੰਮ ਰਿਹਾ ਹੈ ਕਿ ਸਾਡੇ ਸ਼ਹਿਰ ਉਸ ਅਕਸ ਦੇ ਲਾਇਕ ਬਣਨ।

ਇਹ ਹੈ ਬਦਲਾਅ ਦੀ ਯਾਤਰਾ: ਆਜ਼ਾਦੀ ਤੋਂ ਬਾਅਦ ਦੀ ਅਣਗਹਿਲੀ ਤੋਂ ਮੋਦੀਯੁੱਗ ਦੇ ਆਧੁਨਿਕੀਕਰਨ ਤੱਕ। ਸ਼ਾਸਤਰੀ ਭਵਨ ਦੀ ਖਸਤਾ ਹਾਲਤ ਤੋਂ ਲੈ ਕੇ ਕਰਤਵਯ ਭਵਨ ਦੀ ਤਾਂਘ ਤੱਕ। ਟੋਇਆਂ ਵਾਲੀਆਂ ਸੜਕਾਂ ਤੋਂ ਲੈ ਕੇ ਐਕਸਪ੍ਰੈਸਵੇਅ ਅਤੇ ਹਾਈ-ਸਪੀਡ ਕੌਰੀਡੋਰ ਤੱਕ। ਧੂੰਏਂ ਨਾਲ ਭਰੀਆਂ ਰਸੋਈਆਂ ਤੋਂ ਲੈ ਕੇ ਪਾਈਪਡ ਨੈਚਰਲ ਗੈਸ ਤੱਕ। ਝੁੱਗੀਆਂ-ਝੌਂਪੜੀਆਂ ਤੋਂ ਲੱਖਾਂ ਪੱਕੇ ਮਕਾਨਾਂ ਤੱਕ। ਟੁੱਟੇ-ਫੁੱਟੇ ਹਾਲਾਂ ਤੋਂ ਲੈ ਕੇ ਵਿਸ਼ਵ ਪੱਧਰੀ ਸੰਮੇਲਨ ਕੇਂਦਰਾਂ ਤੱਕ। ਝਿਜਕਦੀ ਰਾਜਧਾਨੀ ਤੋਂ ਲੈ ਕੇ ਆਤਮ-ਵਿਸ਼ਵਾਸੀ ਵਿਸ਼ਵ ਮੇਜ਼ਬਾਨ ਤੱਕ।

**(ਲੇਖਕ ਕੇਂਦਰੀ ਪੈਟਰੋਲੀਅਮ ਅਤੇ ਕੁਦਰਤੀ ਗੈਸ ਮੰਤਰੀ ਹਨ।)**

# ਮਾਝਾ-ਦੁਆਬਾ

ਆਸ ਪਾਸ

## ਸ਼ਹੀਦੀ ਨਗਰ ਕੀਰਤਨ ਸਾਗਰ (ਭਗਵਾਨ ਗੰਜ) ਤੋਂ ਭੋਪਾਲ ਲਈ ਰਵਾਨਾ

ਅੰਮ੍ਰਿਤਸਰ, 14 ਸਤੰਬਰ (ਗੁਰਦਿਆਲ ਸਿੰਘ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਸਾਕੇ ਦੀ



350 ਸਾਲਾ ਸ਼ਤਾਬਦੀ ਦੇ ਸਬੰਧ ਵਿਚ ਗੁਰਦੁਆਰਾ ਧੋਬੜੀ ਸਾਹਿਬ ਆਸਾਮ ਤੋਂ ਆਰੰਭ ਹੋਇਆ ਸ਼ਹੀਦੀ ਨਗਰ ਕੀਰਤਨ ਅੱਜ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਗਰ (ਭਗਵਾਨ ਗੰਜ) ਤੋਂ ਅਗਲੇ ਪੜਾਅ ਗੁਰਦੁਆਰਾ ਨਾਨਕਸਰ ਸਾਹਿਬ ਭੋਪਾਲ ਲਈ ਰਵਾਨਾ ਹੋਇਆ। ਨਗਰ ਕੀਰਤਨ ਦੀ ਰਵਾਨਗੀ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਵਿਖੇ ਸਜੇ ਧਾਰਮਿਕ ਦੀਵਾਨ ਵਿਚ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਜਥੇ ਨੇ ਗੁਰਬਾਣੀ ਕੀਰਤਨ ਕੀਤਾ ਤੇ ਸੰਖੇਪ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਾਜਦੀਪ ਸਿੰਘ ਨੇ ਨੌਵੇਂ ਪਾਤਸ਼ਾਹ ਜੀ ਦੇ ਜੀਵਨ ਇਤਿਹਾਸ ਤੇ ਸੰਗਤਾਂ ਨੂੰ ਜਾਣੂ ਕਰਵਾਇਆ। ਨਗਰ ਕੀਰਤਨ ਦੀ ਰਵਾਨਗੀ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਵੱਲੋਂ ਪੰਜ ਪਿਆਰੇ ਸਾਹਿਬਾਨ, ਨਿਸ਼ਾਨਚੀ ਸਿੰਘਾਂ ਅਤੇ ਹਾਜ਼ਰ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਨੌਵੇਂ ਪਾਤਸ਼ਾਹ ਜੀ ਦੇ ਸ਼ਹੀਦੀ ਸਾਕੇ ਦੀ ਸ਼ਤਾਬਦੀ ਨੂੰ ਸਮਰਪਿਤ ਇਸ ਨਗਰ ਕੀਰਤਨ ਪ੍ਰਤੀ ਸੰਗਤਾਂ ਅੰਦਰ ਵੱਡਾ ਉਤਸ਼ਾਹ ਹੈ। ਵੱਖ-ਵੱਖ ਪੜਾਵਾਂ 'ਤੇ ਸੰਗਤਾਂ ਵੱਲੋਂ ਨਗਰ ਕੀਰਤਨ ਦਾ ਭਰਵਾਂ ਸਵਾਗਤ ਕਰਦਿਆਂ ਗੁਰੂ ਸਾਹਿਬ ਨੂੰ ਸਤਿਕਾਰ ਭੇਟ ਕੀਤਾ ਗਿਆ। ਇਸੇ ਦੌਰਾਨ ਬੀਤੀ ਰਾਤ ਨਗਰ ਕੀਰਤਨ ਦੇ ਸਾਗਰ ਪਹੁੰਚਣ ਤੇ ਵਿਧਾਇਕ ਸ੍ਰੀ ਸ਼ੈਲ ਇੰਦਰ ਜੈਨ ਅਤੇ ਹਲਕਾ ਹਰੇਲੀ ਦੇ ਵਿਧਾਇਕ ਪੰਡਿਤ ਗੋਪਾਲ ਸਹਿਰੀਏ ਵੱਲੋਂ ਵੀ ਆਪਣੇ ਸਹਿਯੋਗੀਆਂ ਸਮੇਤ ਸਵਾਗਤ ਕਰਕੇ ਗੁਰੂ ਸਾਹਿਬ ਪ੍ਰਤੀ ਸ਼ਰਧਾ ਪ੍ਰਗਟ ਕੀਤੀ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੀਤ ਸਕੱਤਰ ਜਸਵਿੰਦਰ ਸਿੰਘ ਜੱਸੀ, ਇੰਚਾਰਜ ਜਸਵਿੰਦਰ ਸਿੰਘ, ਵਧੀਕ ਮੈਨੇਜਰ ਗੁਰਤਿੰਦਰਪਾਲ ਸਿੰਘ ਭਾਟੀਆ, ਅਮਰਜੀਤ ਸਿੰਘ ਜ਼ਿੰਦਵੜੀ, ਸਿੱਖ ਮਿਸ਼ਨ ਉੜੀਸਾ ਦੇ ਇੰਚਾਰਜ ਭਾਈ ਬਲਦੇਵ ਸਿੰਘ ਓਗਰਾ, ਹਰਭਜਨ ਸਿੰਘ ਸੁਪਰਵਾਈਜ਼ਰ, ਮੀਤ ਮੈਨੇਜਰ ਭਾਈ ਗੁਰਪ੍ਰੀਤ ਸਿੰਘ, ਸੁਰਜੀਤ ਸਿੰਘ, ਪ੍ਰਚਾਰਕ ਭਾਈ ਗਗਨਦੀਪ ਸਿੰਘ, ਭਾਈ ਗੁਰਵਿੰਦਰ ਸਿੰਘ, ਭਾਈ ਸਤਿੰਦਰ ਸਿੰਘ, ਭਾਈ ਵੀਰ ਸਿੰਘ ਸਮੇਤ ਸੰਗਤਾਂ ਹਾਜ਼ਰ ਸਨ।

### ਮਾਮਲਾ ਹੋਟਲ ਕਾਰੋਬਾਰੀ ਦੀ ਕੋਠੀ ਵਿੱਚੋਂ ਮਿਲੀ ਨਾਬਾਲਿਗ਼ਾ ਦੀ ਲਾਸ਼ ਦਾ

## ਪੀੜ੍ਹਤ ਪਰਿਵਾਰ ਵੱਲੋਂ ਸੀ.ਬੀ.ਆਈ. ਜਾਂਚ ਦੀ ਮੰਗ

ਅੰਮ੍ਰਿਤਸਰ, 14 ਸਤੰਬਰ (ਬਬਲੂ ਮਹਾਜਨ): ਘਾਲਾਮਾਲਾ ਚੌਕ 'ਚ ਸਥਿਤ ਇਕ ਹੋਟਲ ਕਾਰੋਬਾਰੀ ਦੀ ਕੋਠੀ 'ਚੋਂ 23 ਅਗਸਤ ਨੂੰ ਸੰਦੇਹਜਨਕ ਹਾਲਤ 'ਚ ਮਿਲੀ ਦਲਿਤ ਨਾਬਾਲਿਗ ਸੋਨਮ ਦੀ ਲਾਸ਼ ਦੇ ਮਾਮਲੇ ਨੇ ਨਵਾਂ ਮੋੜ ਲੈ ਲਿਆ ਹੈ। ਪੀੜਤ ਪਰਿਵਾਰ ਨੇ ਸ਼ੁੱਕਰਵਾਰ ਨੂੰ ਪ੍ਰੈਸ ਕਾਨਫਰੰਸ ਕਰਕੇ ਇਸ ਪੂਰੇ ਮਾਮਲੇ ਦੀ ਸੀਬੀਆਈ ਜਾਂਚ ਦੀ ਮੰਗ ਕੀਤੀ ਅਤੇ ਦੋਸ਼ ਲਗਾਇਆ ਕਿ ਪੁਲਿਸ ਇਸ ਕੇਸ 'ਚ ਦੋਸ਼ੀਆਂ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਐਡਵੋਕੇਟ ਮਨਜਿੰਦਰ ਸਿੰਘ ਸੰਧੂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਸ ਮਾਮਲੇ 'ਚ ਪੁਲਿਸ ਨੇ ਪਹਿਲਾਂ ਹੀ ਲਾਪਰਵਾਹੀ ਵਰਤੀ ਹੈ। ਉਨ੍ਹਾਂ ਨੇ ਸਪਸ਼ਟ ਕੀਤਾ ਕਿ ਜੇਕਰ ਸਥਾਨਕ ਕਾਰਵਾਈ ਨਾ ਹੋਈ ਤਾਂ ਉਹ ਹਾਈਕੋਰਟ ਦਾ ਦਰਵਾਜ਼ਾ ਖੜਕਾ ਕੇ ਇਸ ਕੇਸ ਦੀ ਸੀਬੀਆਈ ਜਾਂਚ ਦੀ ਮੰਗ ਕਰਨਗੇ। ਪਰਿਵਾਰ ਦਾ ਦੋਸ਼ ਹੈ ਕਿ ਸੋਨਮ ਦੀ ਲਾਸ਼ ਜਿਸ ਹਾਲਤ 'ਚ ਮਿਲੀ, ਉਸ ਤੋਂ ਇਹ ਮਾਮਲਾ ਖੁਦਕੁਸ਼ੀ ਦਾ ਨਹੀਂ ਸਗੋਂ ਕਤਲ ਦਾ ਲੱਗਦਾ ਹੈ। ਪਰਿਵਾਰਕ ਮੈਂਬਰਾਂ



ਨੇ ਕਿਹਾ ਕਿ ਕੋਠੀ ਦੇ ਕਮਰੇ ਵਿੱਚ ਲੱਗੇ ਪੱਖੇ ਦੀ ਹਾਲਤ ਦੇਖ ਕੇ ਨਹੀਂ ਲੱਗਦਾ ਕਿ ਉਸ 'ਤੇ ਫਾਹਾ ਲਾ ਕੇ ਖੁਦਕੁਸ਼ੀ ਕੀਤੀ ਹੋਵੇ। ਨਾਲ ਹੀ ਦੋਸ਼ ਲਗਾਇਆ ਕਿ ਹੋਟਲ ਕਾਰੋਬਾਰੀ ਦੇ ਪਰਿਵਾਰ ਨੇ ਪੁਲਿਸ ਨੂੰ ਸੂਚਨਾ ਦੇਣ ਦੀ ਬਜਾਏ ਸਿੱਧੇ ਪੀੜਤ ਪਰਿਵਾਰ ਨੂੰ ਬੁਲਾਇਆ ਅਤੇ ਮਾਮਲੇ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ। ਇਨ੍ਹਾਂ 'ਤੇ ਸਬੂਤ ਮਿਟਾਉਣ ਅਤੇ ਪਹਿਲਾਂ ਕੋਠੀ ਵਿੱਚ ਲੱਗੇ ਸੀਸੀਟੀਵੀ ਕੈਮਰੇ ਬਾਅਦ 'ਚ ਹਟਾ ਦਿੱਤੇ ਗਏ, ਜੋ ਕਿਸੇ ਨਾ ਕਿਸੇ ਗੜਬੜ ਦੀ ਨਿਸ਼ਾਨੀ ਹੈ। ਹੁਣ ਪਰਿਵਾਰ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਪੁਲਿਸ ਨੇ ਨਿਰਪੱਖ ਜਾਂਚ ਕਰਕੇ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਨਾ ਕੀਤੀ ਤਾਂ ਉਹ ਅਦਾਲਤ ਦਾ ਰੁਖ ਕਰਨਗੇ। ਪਰਿਵਾਰ ਦਾ ਇਹ ਵੀ ਦੋਸ਼ ਹੈ ਕਿ ਉਨ੍ਹਾਂ ਨੂੰ ਧਮਕਾਇਆ ਜਾ ਰਿਹਾ ਹੈ ਅਤੇ ਕਈ ਮੈਂਬਰ ਘਰ ਛੱਡਣ 'ਤੇ ਮਜਬੂਰ ਹੋ ਚੁੱਕੇ ਹਨ। ਜਿਕਰਯੋਗ ਹੈ ਕਿ 23 ਅਗਸਤ ਨੂੰ ਨਾਬਾਲਿਗਾ ਦੀ ਲਾਸ਼ ਘਾਲਾਮਾਲਾ ਚੌਕ ਸਥਿਤ ਹੋਟਲ ਕਾਰੋਬਾਰੀ ਦੇ ਘਰ ਤੋਂ ਬਰਾਮਦ ਹੋਈ ਸੀ। ਉਸੇ ਦਿਨ ਪੁਲਿਸ ਪਰਿਵਾਰ ਨੂੰ ਨਾਲ ਲੈ ਕੇ ਲਾਸ਼ ਦਾ ਸੰਸਕਾਰ ਕਰਨ ਲਈ ਹਾਥੀਗੇਟ ਸਥਿਤ ਸ਼ਿਵਪੁਰੀ ਵੀ ਗਈ ਸੀ। ਜਦੋਂ ਪਰਿਵਾਰਕ ਮੈਂਬਰਾਂ ਨੇ ਇਸ 'ਤੇ ਐਤਰਾਜ਼ ਕੀਤਾ ਤਾਂ ਉੱਥੇ ਲੋਕ ਇਕੱਠੇ ਹੋ ਗਏ। ਇਸ ਦੌਰਾਨ ਭਾਜਪਾ ਦੇ ਜ਼ਿਲ੍ਹਾ ਮਹਾਸਚਿਵ ਸੰਜੀਵ ਕੁਮਾਰ ਨੇ ਪਰਿਵਾਰ ਨੂੰ ਲੈ ਕੇ ਹਾਥੀਗੇਟ ਚੌਕ ਵਿੱਚ ਹੀ ਧਰਨਾ ਲਾ ਦਿੱਤਾ। ਇਸ ਤੋਂ ਬਾਅਦ ਉਸ ਦੀ ਲਾਸ਼ ਦੇ ਬਾਹਰ ਵੀ ਪੀੜਤ ਪਰਿਵਾਰ ਨਾਲ ਧਰਨਾ ਦੇਣ ਲਈ ਲੋਕਾਂ ਤੇ ਪੁਲਿਸ ਨੇ ਉਨ੍ਹਾਂ ਨੂੰ ਲਾਸ਼ ਦਾ ਦੂਜਾ ਪੋਸਟਮਾਰਟਮ ਕਰਵਾਉਣ ਦੀ ਇਜਾਜ਼ਤ ਦਿੱਤੀ। ਮੈਡੀਕਲ ਬੋਰਡ ਦੀ ਅਗਵਾਈ ਵਿੱਚ 25 ਅਗਸਤ ਨੂੰ ਦੂਜਾ ਪੋਸਟਮਾਰਟਮ ਕੀਤਾ ਗਿਆ। ਪੁਲਿਸ ਪੋਸਟਮਾਰਟਮ ਕਰਨ 'ਚ ਵੀ ਆਨਾਕਾਨੀ ਕਰ ਰਹੀ ਸੀ, ਪਰ ਐਸਸੀ ਕਮਿਸ਼ਨ ਅਤੇ ਡਿਪਟੀ ਕਮਿਸ਼ਨਰ ਦੇ ਧਿਆਨ 'ਚ ਮਾਮਲਾ ਲਿਆਉਣ ਤੋਂ ਬਾਅਦ ਪੋਸਟਮਾਰਟਮ ਹੋ ਸਕਿਆ। ਹੁਣ ਪਰਿਵਾਰ ਵਾਲੇ ਇਨਸਾਫ ਦੀ ਮੰਗ ਕਰ ਰਹੇ ਹਨ।

## ਦਮਦਮੀ ਟਕਸਾਲ ਦੇ ਮੁਖੀ ਨੇ ਆਪਣੇ ਵਿਦੇਸ਼ੀ ਦੌਰੇ ਦੌਰਾਨ ਕ੍ਰੇਤਾ (ਗ੍ਰੀਸ) ਵਿਖੇ ਦੀਵਾਨ ਸਜਾਏ



ਅੰਮ੍ਰਿਤਸਰ, 14 ਸਤੰਬਰ (ਬਬਲੂ ਮਹਾਜਨ): ਦਮਦਮੀ ਟਕਸਾਲ ਦੇ ਮੁਖੀ ਸਿੰਘ ਸਾਹਿਬ ਗਿਆਨੀ ਰਾਮ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆਂ ਨੇ ਆਪਣੇ ਵਿਦੇਸ਼ੀ ਦੌਰੇ ਦੌਰਾਨ ਗੁਰਦੁਆਰਾ ਸਿੰਘ ਸਭਾ ਸਾਹਿਬ ਮਾਤਾ ਜੀਤ ਕੌਰ ਜੀ ਕ੍ਰੇਤਾ (ਗ੍ਰੀਸ) ਵਿਖੇ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਦੋ ਦਿਨਾਂ ਦੇ ਸੁੰਦਰ ਦੀਵਾਨਾਂ ਦਾ ਆਯੋਜਨ ਕੀਤਾ ਗਿਆ। ਬਾਬਾ ਜੀ ਨੇ ਗੁਰਬਾਣੀ ਸ਼ਬਦ ਦੀ ਕਥਾ ਵੀਚਾਰਾਂ ਰਾਹੀਂ ਸੰਗਤਾਂ ਨੂੰ ਸਤਿਗੁਰੂ ਜੀ ਦੇ ਉਪਦੇਸ਼ਾਂ ਨਾਲ ਜੋੜਿਆ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬਾਬਾ ਰਾਮ ਸਿੰਘ ਜੀ ਨੂੰ ਸਿਰੋਪਾਉ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ। ਬਾਬਾ ਜੀ ਨੇ ਕਥਾ ਦੌਰਾਨ ਗੁਰੂ ਮਹਾਰਾਜ ਗੁਰੂ ਗ੍ਰੰਥ ਸਾਹਿਬ ਸਤਿਗੁਰਾਂ ਦੇ ਚਰਨਾਂ ਦਾ ਆਸਰਾ ਤਕਣ ਵਾਸਤੇ ਬੇਨੰਤੀ ਕੀਤੀ। ਇਸ ਸਮੇਂ ਭਾਈ ਬਲਬੀਰ ਸਿੰਘ ਜੀ ਪ੍ਰਧਾਨ, ਵੀਰ ਭੋਲਾ ਸਿੰਘ, ਭਾਈ ਤੇਜਿੰਦਰ ਪਾਲ ਸਿੰਘ, ਗਿਆਨੀ ਸਾਜਨਦੀਪ ਸਿੰਘ ਦਮਦਮੀ ਟਕਸਾਲ ਤੇ ਬੇਅੰਤ ਸੰਗਤਾਂ ਨੇ ਸਮਾਗਮਾਂ ਵਿੱਚ ਹਾਜ਼ਰੀ ਭਰ ਕੇ ਗੁਰਬਾਣੀ ਦੇ ਸ਼ਬਦ ਵੀਚਾਰ ਦਾ ਆਨੰਦ ਮਾਣਿਆ।

## 350 ਸਾਲਾ ਸ਼ਹੀਦੀ ਸ਼ਤਾਬਦੀ ਸਬੰਧੀ ਮਹਾਨ ਗੁਰਮਤਿ ਸਮਾਗਮ ਤੇ ਕਵੀ ਦਰਬਾਰ 17 ਅਕਤੂਬਰ ਨੂੰ



ਅੰਮ੍ਰਿਤਸਰ, 14 ਸਤੰਬਰ (ਬਬਲੂ ਮਹਾਜਨ): ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਤੇ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ ਦੀ ਸ਼ਹਾਦਤ ਨੂੰ ਸਮਰਪਿਤ ਭਾਈ ਅੱਲ੍ਹਾ ਯਾਰ ਖਾਂ ਦੀ ਯਾਦ ਨੂੰ ਸਮਰਪਿਤ ਸਰਬ ਧਰਮ ਸੰਮੇਲਨ ਸੰਗਤਾਂ ਦੇ ਸਹਿਯੋਗ ਦੇ ਨਾਲ ਤੇ ਬਹਾਦਰ ਸਿੰਘ ਚੇਅਰਮੈਨ ਵਨ ਵੀਟ ਮੈਡੀਕਲ ਗਰੁੱਪ ਸ੍ਰੀ ਚਮਕੌਰ ਸਾਹਿਬ ਸਹਿਯੋਗ ਨਾਲ ਗੁ. ਸ੍ਰੀ ਕਤਲਗੜ੍ਹ ਸਾਹਿਬ ਵਿਖੇ 17 ਅਕਤੂਬਰ ਦਿਨ ਸ਼ੁਕਰਵਾਰ ਨੂੰ ਮਹਾਨ ਗੁਰਮੱਤਿ ਸਮਗਮ ਤੇ ਕਵੀ ਦਰਬਾਰ ਕਰਵਾਇਆ ਜਾ ਰਿਹਾ ਹੈ ਇਸ ਸਮਾਗਮ ਵਿੱਚ ਪੰਥ ਦੀਆ ਪ੍ਰਸਿੱਧ ਸ਼ਖ਼ਸ਼ੀਅਤਾਂ ਤੇ ਹਰ ਧਰਮਾਂ ਦੇ ਆਗੂ ਸਾਹਿਬਾਨ ਪਹੁੰਚ ਕੇ ਗੁਰੂ ਜਸ ਰਾਹੀ ਸੰਗਤਾ ਨੂੰ ਨਿਹਾਲ ਕਰਨਗੇ। ਇਸ ਸਮਾਗਮ ਦਾ ਸੱਦਾ ਪੱਤਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜੱਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਸ਼੍ਰੋਮਣੀ ਗੁ. ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਐਮਪੀ ਵਿਕਰਮਜੀਤ ਸਿੰਘ ਸਾਹਨੀ ਤੇ ਹੋਰ ਪੰਥ ਦੀਆਂ ਸ਼ਖ਼ਸੀਅਤਾਂ ਨੂੰ ਦਿੱਤਾ ਗਿਆ। ਜਾਣਕਾਰੀ ਦਿੰਦਿਆ ਹੋਇਆ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਤੇ ਸ਼੍ਰੋਮਣੀ ਗੁ. ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਕਿਹਾ ਕਿ ਵਨ ਵੀਟ ਮੈਡੀਕਲ ਗਰੁੱਪ ਦੇ ਮੁੱਖ ਸੇਵਾਦਾਰ ਬਹਾਦਰ ਸਿੰਘ ਜੋ ਕਿ ਲਗਾਤਾਰ ਵਿਦੇਸ਼ਾ ਦੀ ਧਰਤੀ ਤੋਂ ਪੰਜਾਬ ਦੀ ਧਰਤੀ ਲਈ ਚੰਗੇ ਕਾਰਜ ਕਰ ਰਹੇ ਹਨ।ਸੋ ਅਜਿਹੀਆਂ ਸ਼ਖ਼ਸ਼ੀਅਤਾਂ ਜੋ ਕਿ ਹਮੇਸ਼ਾ ਹੀ ਗੁਰੂ ਨੂੰ ਸਮਰਪਿਤ ਹੁੰਦੀਆਂ ਹਨ। ਉਨ੍ਹਾ ਵੱਲੋਂ ਇਹ ਨੇਕ ਉਪਰਾਲਾ ਕਰਨਾ ਬਹੁਤ ਹੀ ਸ਼ਲਾਘਾਯੋਗ ਹੈ। ਜੋ ਇਹ ਸ਼ਹੀਦੀ ਸ਼ਤਾਬਦੀ ਦੇ ਸੰਬੰਧ ਵਿੱਚ ਪ੍ਰੋਗਰਾਮ ਉਲੀਕੇ ਗਏ ਨੇ ਇਨ੍ਹਾਂ ਵਿੱਚ ਹਾਜ਼ਰੀ ਭਰੀ ਜਾਵੇਗੀ ਤੇ ਇਸ ਸਮਾਗਮ ਵਿੱਚ ਗਤਕਾ, ਦਸਤਾਰ ਮੁਕਾਬਲੇ ਤੇ ਗੁਰਬਾਣੀ ਕੰਠ ਮੁਕਾਬਲੇ ਵੀ ਕਰਵਾਏ ਜਾਣਗੇ। ਇਸ ਦੇ ਨਾਲ ਹੀ ਮੈਡੀਕਲ ਤੇ ਖੂਨਦਾਨ ਕੈਂਪ, ਦੰਦਾਂ ਤੇ ਅੱਖਾਂ ਦੀਆਂਨ ਦਵਾਈਆਂ ਦਾ ਲੰਗਰ ਵੀ ਲਗਾਇਆ ਜਾਵੇਗਾ। ਲੋੜਵੰਦ ਇਸ ਸੇਵਾ ਦਾ ਲਾਭ ਲੈ ਸਕਦੇ ਹਨ। ਇਸ ਮੌਕੇ ਤੇ ਉਕਪਾਲ ਸਿੰਘ ਵਨ ਵੀਟ ਮੈਡੀਕਲ ਗਰੁੱਪ ਚਮਕੌਰ ਸਾਹਿਬ, ਸਟਾਫ ਰਿਪੋਰਟ ਗੁਰਮੁਖ ਸਿੰਘ ਰੁਪਾਣਾ, ਅਮਰਜੀਤ ਸਿੰਘ, ਸੰਗਤ ਸਿੰਘ ਭਾਮੀਆਂ ਐਮਸੀ ਮੋਰਿੰਡਾ, ਜਗਦੀਪ ਸਿੰਘ ਸੰਗਤਪੁਰਾ, ਜਗਵੰਤ ਸਿੰਘ ਮਾਨ ਮੜ੍ਹੋਲੀ ਕਲਾਂ, ਸੁਰਿੰਦਰਪਾਲ ਸਿੰਘ ਚਮਕੌਰ ਸਾਹਿਬ, ਸੋਹਣ ਸਿੰਘ ਸੰਧੂਆ, ਪਵਿੱਤਰ ਸ਼ਿੰਘ ਬਰਸਾਲ ਤੋਂ ਇਲਾਵਾ ਸੰਗਤਾਂ ਹਾਜ਼ਰ ਸਨ।

## ਐੱਚ.ਆਰ.ਏ. ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਦੀ ਸ਼ਾਨਦਾਰ ਜਿੱਤ



ਗੁਰਦਾਸਪੁਰ, 14 ਸਤੰਬਰ (ਜਸਵਿੰਦਰ ਸਿੰਘ): 23 ਅਗਸਤ 2025 ਸੇਂਟ ਫਰਾਂਸਿਸ ਸਕੂਲ ਬਟਾਲਾ ਵਿੱਚ ਕਰਵਾਏ ਗਏ ਸੀ. ਆਈ. ਐੱਸ. ਸੀ. ਈ. ਰੀਜਨਲ ਲੈਵਲ ਕਰਾਟੇ ਟੂਰਨਾਮੈਂਟ ਵਿੱਚ ਐੱਚ. ਆਰ. ਏ. ਇੰਟਰਨੈਸ਼ਨਲ ਸਕੂਲ ਗੁਰਦਾਸਪੁਰ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ 12 ਸੋਨੇ ਦੇ ਅਤੇ 1 ਕਾਂਸੇ ਦੇ ਮੈਡਲ ਹਾਸਲ ਕਰਕੇ ਆਪਣੇ ਸਕੂਲ ਅਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਸੋਨੇ ਦੇ ਮੈਡਲ ਜੇਤੂਆਂ ਵਿੱਚ ਕਿਰਤਪ੍ਰੀਤ ਸਿੰਘ, ਤੇਜਬੀਰ (ਕਲਾਸ ਅੱਠਵੀਂ), ਦਮਨ, ਕੇਸ਼ਵ ਸ਼ਰਮਾ, ਧਰਮਦੀਪ ਸਤੰਬਰ (ਨੌਵੀਂ ਕਲਾਸ), ਯਾਦਬੀਰ, ਮਹਿਤਾਬ ਸਿੰਘ, ਕਿਰਤਪਾਲ ਸਿੰਘ, ਭਵਨਜੋਤ ਸਿੰਘ, ਰੋਸ਼ਨਪ੍ਰੀਤ ਸਿੰਘ, ਫਤਹਿਦੀਪ ਸਿੰਘ ਅਤੇ ਕੁੰਵਰਪਾਲ ਸਿੰਘ (ਕਲਾਸ ਦਸਵੀਂ) ਸ਼ਾਮਲ ਹਨ ਇਸ ਤੋਂ ਇਲਾਵਾ ਨੌਵੀਂ ਕਲਾਸ ਦੇ ਰੁਦਰ ਨੇ ਕਾਂਸੇ ਦਾ ਮੈਡਲ ਆਪਣੇ ਨਾਮ ਕੀਤਾ। ਇਸ ਕਾਮਯਾਬੀ 'ਤੇ ਸਕੂਲ ਦੇ ਡਾਇਰੈਕਟਰ ਸ੍ਰੀਮਾਨ ਸੱਤਿਆ ਸੇਨ ਅਗਰਵਾਲ, ਆਂਚਲ ਅਗਰਵਾਲ, ਨੀਲੋਫ਼ਰ, ਪ੍ਰਿੰਸੀਪਲ ਡਿੰਪਲ ਸ਼ਰਮਾ ਤੇ ਨਵਦੀਪ ਕੌਰ ਨੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਕੋਚ ਰਮਨ ਸਰ ਨੂੰ ਦਿਲੋਂ ਵਧਾਈ ਦਿੱਤੀ ਸਕੂਲ ਪ੍ਰਬੰਧਕ ਮੰਡਲ ਨੇ ਕਿਹਾ ਕਿ ਇਸ ਜਿੱਤ ਦਾ ਸਿਹਰਾ ਕੋਚ ਦੀ ਮਹਨਤ ਨੂੰ ਜਾਂਦਾ ਹੈ ਐੱਚ. ਆਰ. ਏ. ਇੰਟਰਨੈਸ਼ਨਲ ਸਕੂਲ ਲਈ ਇਹ ਵੱਡੀ ਖੁਸ਼ੀ ਦੀ ਗੱਲ ਹੈ ਕਿ ਸੋਨੇ ਦੇ ਮੈਡਲ ਜੇਤੂ 12 ਵਿਦਿਆਰਥੀਆਂ ਦੀ ਚੋਣ ਹੁਣ ਸੀ. ਆਈ. ਐੱਸ. ਸੀ. ਈ. ਨੇਸ਼ਨਲ ਲੈਵਲ ਕਰਾਟੇ ਟੂਰਨਾਮੈਂਟ ਲਈ ਹੋ ਚੁੱਕੀ ਹੈ ਜੋ ਬੰਗਲੌਰ ਵਿੱਚ ਹੋਵੇਗਾ

## ਭਗਵਤੀ ਜਾਗਰਨ ਦੌਰਾਨ ਪ੍ਰਧਾਨ ਡਾ. ਇੰਦਰਪਾਲ ਦਾ ਸਨਮਾਨ



ਅੰਮ੍ਰਿਤਸਰ, 14 ਸਤੰਬਰ (ਬਬਲੂ ਮਹਾਜਨ): ਮਾਂ ਸ਼ਾਰਧਾ ਸੇਵਕ ਸਭਾ ਛੋਟਾ ਹਰੀ ਪੁਰਾ ਵਿਖੇ 28 ਵਾ ਜਾਗਰਣ ਬੜੀ ਧੂਮਧਾਮ ਨਾਲ ਮਨਾਇਆ ਗਿਆ ਜਿਸ ਵਿਚ ਵਿਸ਼ੇਸ਼ ਤੌਰ ਤੇ ਆਮ ਆਦਮੀ ਪਾਰਟੀ ਐਸੀ ਵਿੰਗ ਅੰਮ੍ਰਿਤਸਰ ਦੇ ਜ਼ਿਲ੍ਹਾ ਪ੍ਰਧਾਨ ਡਾਕਟਰ ਇੰਦਰ ਪਾਲ ਵੀ ਪਹੁੰਚੇ ਅਤੇ ਉਨ੍ਹਾਂ ਨੇ ਮਾਂ ਦਾ ਆਸ਼ੀਰਵਾਦ ਲਿਆ ਕਮੇਟੀ ਦੇ ਪ੍ਰਧਾਨ ਤਿਲਕ ਰਾਜ ਮਡਗਾਲਾ ਅਤੇ ਦੀਪਕ ਕੁਮਾਰ ਨੇ ਡਾਕਟਰ ਇੰਦਰ ਪਾਲ ਨੂੰ ਸਨਮਾਨਿਤ ਕੀਤਾ ਅਤੇ ਕਮੇਟੀ ਨੇ ਸੁਰਿੰਦਰ ਕੁਮਾਰ ਸ਼ਹਿਰੀਆਂ ਕੋਸਲਰ ਵਿਜੇ ਕੁਮਾਰ ਕਿਸ਼ਨ ਲਾਲ ਬੱਬਾ ਕੁਲਵੰਤ ਰਾਏ ਤਰਸੇਮ ਲਾਲ ਜਨਕ ਰਾਜ ਗੁਮਟਾਲਾ ਰਾਹੁਲ ਖੰਨਾ ਅਤੇ ਮੋਹਤਬਰਾਂ ਨੂੰ ਸਨਮਾਨਿਤ ਕੀਤਾ ਗਿਆ ਇਸ ਮੌਕੇ ਰਾਜੇਸ਼ ਰਾਜੂ ਦੀਪਕ ਕਿਸ਼ੋਰ ਐਂਡ ਪਾਰਟੀ ਨੇ ਮਾਂ ਦਾ ਗੁਣਗਾਨ ਕੀਤਾ ਲੰਗਰ ਦਾ ਪ੍ਰਬੰਧ ਵੀ ਕਮੇਟੀ ਵਲੋਂ ਕੀਤਾ ਗਿਆ

## ਹੜ੍ਹਾਂ 'ਤੇ ਸਿਆਸਤ ਕਰ ਰਹੀਆਂ ਨੇ ਸਾਬਕਾ ਸਰਕਾਰਾਂ ਦੇ ਸਮੇਂ 'ਚ ਆਪਣੇ ਦੁੱਖਾਂ ਨਾਲ ਹੜ੍ਹ ਪੀੜ੍ਹਤ ਖੁਦ ਜੂਝਦੇ ਰਹੇ : ਧਾਲੀਵਾਲ

ਅਜਨਾਲਾ, 14 ਸਤੰਬਰ (ਸੁਖਦੇਵ ਸਿੰਘ ਖਾਲਸਾ): ਵਿਧਾਨ ਸਭਾ ਹਲਕਾ



ਅਜਨਾਲਾ 'ਚ ਰਾਵੀ ਦਰਿਆ 'ਚ ਆਏ ਭਿਆਨਕ ਹੜ੍ਹਾਂ ਤੋਂ ਇਲਾਵਾ ਸੱਕੀ ਨਾਲੇ ਤੇ ਹੋਰ ਬਰਸਾਤੀ ਨਾਲਿਆਂ ਦੇ ਬਰਸਾਤਾਂ ਦੇ ਪਾਣੀਆਂ ਤੋਂ ਪ੍ਰਭਾਵਿਤ ਪਿੰਡਾਂ ਚਮਿਆਰੀ, ਹਰੜ ਖੁਰਦ, ਅੰਬ ਕੋਟਲੀ, ਜਗਦੇਵ ਖੁਰਦ, ਕੋਟ ਗੁਰਬਖਸ਼, ਪੱਛੀਆ, ਮਾਛੀਵਾਹਲਾ ਤੇ ਕੋਟਲੀ ਸ਼ਾਹ ਹਬੀਬ ਆਦਿ ਪਿੰਡਾਂ, ਗ੍ਰਾਮ ਸਭਾਵਾਂ ਦੇ ਬੁਲਾਏ ਗਏ ਇਜਲਾਸਾਂ ਨੂੰ ਸੰਬੋਧਨ ਕੀਤਾ। ਇਜਲਾਸਾਂ 'ਚ ਨੁਕਸਾਨੀਆਂ ਫਸਲਾਂ, ਘਰਾਂ, ਪਸ਼ੂਆਂ , ਸਕੂਲਾਂ, ਧਰਮਸ਼ਾਲਾਵਾਂ, ਪੰਚਾਇਤ ਘਰਾਂ ਤੇ ਹੋਰ ਸਰਕਾਰੀ ਬੁਨਿਆਦੀ ਇਮਾਰਤਾਂ ਨੂੰ ਪੁੱਜੇ ਨੁਕਸਾਨ ਦੀਆਂ ਸਰਕਾਰੀ ਤੌਰ ਤੇ ਤਾਇਨਾਤ ਸਰਵੇਖਣ ਤੇ ਗਿਰਦਾਵਰੀ ਟੀਮਾਂ ਨੂੰ ਇਮਾਨਦਾਰੀ ਤੇ ਨਿਰਪੱਖਤਾ ਨਾਲ ਸਹਿਯੋਗ ਦੇਣ ਤੇ ਨਿਗਰਾਨ ਵਜੋਂ ਭੂਮਿਕਾ ਨਿਭਾਉਣ ਲਈ 5-5 ਮੈਂਬਰੀ ਕਮੇਟੀਆਂ ਦੀ ਆਪਣੀ ਮੌਜੂਦਗੀ 'ਚ ਬਲਾਕ ਵਿਕਾਸ ਪੰਚਾਇਤ ਅਫਸਰਾਂ ਤੇ ਹੋਰ ਸਰਕਾਰੀ ਅਮਲੇ ਦੀ ਹਾਜਰੀ 'ਚ ਚੋਣ ਕਰਨ ਦੇ ਅਮਲ ਨੂੰ ਨੇਪੜੇ ਚਾੜਣ 'ਚ ਸਹਿਯੋਗ ਕੀਤਾ। ਇਜਲਾਸਾਂ ਨੂੰ ਸੰਬੋਧਨ ਕਰਦਿਆਂ ਵਿਧਾਇਕ ਤੇ ਸਾਬਕਾ ਕੈਬਨਿਟ ਮੰਤਰੀ ਪੰਜਾਬ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਅਜਾਦੀ ਪਿੱਛੋਂ ਬਣਦੀਆਂ ਆ ਰਹੀਆਂ ਪੰਜਾਬ ਚ ਕਾਂਗਰਸ ਤੇ ਅਕਾਲੀ ਭਾਜਪਾ ਸਰਕਾਰਾਂ 'ਚੋਂ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਅਜਿਹੀ ਪਹਿਲੀ ਸਰਕਾਰ ਹੈ, ਜਿਸ ਨੇ ਹੜ੍ਹਾਂ ਦੇ ਮਾਰੇ ਲੋਕਾਂ ਦੇ ਦਰਦ ਨੂੰ ਆਪਣੇ ਦਰਦ ਵਜੋਂ ਮਹਿਸੂਸ ਕੀਤਾ ਤੇ ਸਰਕਾਰੀ ਖਰਚੇ ਤੇ ਹੜ੍ਹ ਪ੍ਰਭਾਵਿਤ ਪਿੰਡਾਂ 'ਚ ਦਰਿਆਵਾਂ ਤੇ ਨਦੀਆਂ ਨਾਲਿਆਂ ਦੀ ਗਾਰ ਹੇਠਾਂ ਦੱਬੇ ਗਏ ਘਰਾਂ ਤੇ ਪਿੰਡਾਂ ਦੀ ਸਾਫ ਸਫਾਈ ਲਈ ਕਦਮ ਚੁੱਕੇ ਹਨ। ਜਦਕਿ ਘਟੀਆ ਰਾਜਨੀਤੀ ਕਰ ਰਹੀਆਂ ਅਕਾਲੀ, ਭਾਜਪਾ ਤੇ ਕਾਂਗਰਸ ਪਾਰਟੀਆਂ ਦੀਆਂ ਸਾਬਕਾ ਸਰਕਾਰਾਂ ਦੇ ਕਾਰਜਕਾਲ ਚ ਇਸ ਤੋਂ ਪਹਿਲਾਂ 1988 , 1993 , 1995, ਸਮੇਤ ਸਮੇਂ ਸਮੇਂ ਪੰਜਾਬ 'ਚ ਆਉਂਦੇ ਰਹੇ ਹੜ੍ਹਾਂ ਤੋਂ ਪ੍ਰਭਾਵਿਤ ਪਿੰਡਾਂ ਦੇ ਲੋਕ ਆਪਣੇ ਪੱਧਰ ਤੇ ਆਪਣੇ ਪੱਲਿਉਂ ਪੈਸੇ ਖਰਚ ਕਰਕੇ ਹੀ ਪਿੰਡਾਂ ਦੀ ਸਾਫ ਸਫਾਈ ਕਰਨ , ਮਰੇ ਪਸ਼ੂਆਂ ਨੂੰ ਚੁੱਕਣ ਤੇ ਖੇਤਾਂ 'ਚੋਂ ਗਾਰ ਕੱਢਣ ਲਈ ਆਪਣੇ ਸਾਧਨਾ ਨਾਲ ਹੀ ਜੂਝਦੇ ਰਹੇ ਹਨ।ਉਨ੍ਹਾਂ ਕਿਹਾ ਕਿ ਫਸਲਾਂ ਦੇ ਖਰਾਬੇ ਦਾ 20 ਹਜਾਰ ਰੁਪਏ ਪ੍ਰਤੀ ਏਕੜ ਮੁਆਵਜਾ ਦੇਣ ਲਈ ਵੀ ਮੁੱਖ ਮੰਤਰੀ ਮਾਨ ਦੀ ਅਗਵਾਈ ਵਾਲਾ ਪੰਜਾਬ ਸੂਬਾ ਦੇਸ਼ ਚੋਂ ਪਹਿਲਾ ਸੂਬਾ ਹੋ ਨਿਬੜਿਆ ਹੈ। ਉਨ੍ਹਾਂ ਕਿਹਾ ਕਿ ਹਲਕਾ ਅਜਨਾਲਾ ਚ ਬੇਚਰਾਗ ਸਮੇਤ ਕੁੱਲ 195 ਪਿੰਡਾਂ ਅਤੇ ਸੂਬੇ ਭਰ 'ਚ ਪ੍ਰਭਾਵਿਤ ਹੋਏ 2300 ਪਿੰਡਾਂ ਦੀ ਸਾਫ ਸਫਾਈ ਲਈ ਬਕਾਇਦਾ ਮੁੱਖ ਮੰਤਰੀ ਪੰਜਾਬ ਵਲੋਂ 100 ਕਰੋੜ ਰੁਪਏ ਮੰਜੂਰ ਕਰਕੇ ਪਹਿਲੇ ਪੜਾਅ 'ਚ ਪ੍ਰਭਾਵਿਤ ਪਿੰਡਾਂ ਦੀਆਂ ਪੰਚਾਇਤਾਂ ਦੇ ਖਾਤਿਆ 'ਚ ਇਕ ਇਕ ਲੱਖ ਰੁਪਏ ਜਾਰੀ ਕਰ ਦਿੱਤੇ ਹਨ ।

ਉਪਰੰਤ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਧਾਲੀਵਾਲ ਨੇ ਕਿਹਾ ਕਿ ਹੜ੍ਹ ਤਾਂ ਕੁਦਰਤੀ ਕਰੋਪੀ ਦੀ ਮਾਰ ਹਨ ਤੇ ਜੇਕਰ ਪੰਜਾਬ 'ਚ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਨਾ ਹੁੰਦੀ ਤਾਂ ਹੜ੍ਹ ਪੀੜਤਾਂ ਨੂੰ ਅਨੇਕਾਂ ਹੋਰ ਜਾਨੀ ਮਾਲੀ ਨੁਕਸਾਨ ਝੱਲਣ ਲਈ ਮਜਬੂਰ ਹੋਣਾ ਪੈਣਾ ਸੀ, ਕਿਉਕਿ ਹੜ੍ਹ ਆਮ ਆਦਮੀ ਪਾਰਟੀ ਦੀ ਮਾਨ ਸਰਕਾਰ ਦੇ ਕਾਰਜਕਾਲ ਤੋਂ ਪਹਿਲਾਂ ਵੀ ਅਕਸਰ ਆਉਂਦੇ ਰਹੇ ਪੰਜਾਬ 'ਚ ਹੜ੍ਹਾਂ ਦੌਰਾਨ ਸੱਤਾਧਾਰੀ ਰਵਾਇਤੀ ਪਾਰਟੀਆਂ ਦੇ ਮੰਤਰੀ, ਵਿਧਾਇਕ ਤੇ ਹੋਰ ਆਗੂਆਂ ਸਮੇਤ ਪ੍ਰਸ਼ਾਸ਼ਨ ਹੜ੍ਹਾਂ ਦਾ ਪਾਣੀ ਉਤਰਣ ਤੋਂ ਬਾਅਦ ਹੜ੍ਹ ਪੀੜਤਾਂ ਦੀ ਸਾਰ ਲੈਣ ਜਾਂਦੇ ਸੀ। ਇਸ ਮੌਕੇ ਤੇ ਖੁਸ਼ਪਾਲ ਸਿੰਘ ਧਾਲੀਵਾਲ, ਬਲਾਕ ਅਜਨਾਲਾ, ਰਾਮਦਾਸ ਤੇ ਹਰਸ਼ਾ ਛੀਨਾ ਦੇ ਬੀ ਡੀ ਪੀ ਓ ਕ੍ਰਮਵਾਰ ਸਿਤਾਰਾ ਸਿੰਘ ਵਿਰਕ, ਪਵਨ ਕੁਮਾਰ ਤੇ ਪ੍ਰਗਟ ਸਿੰਘ ਤੋਂ ਇਲਾਵਾ ਓ ਐਸ ਡੀ ਗੁਰਜੰਟ ਸਿੰਘ ਸੋਹੀ, ਪੀ ਏ ਮੁਖਤਾਰ ਸਿੰਘ ਬਲੜਵਾਲ,ਚੇਅਰਮੈਨ ਬਲਦੇਵ ਸਿੰਘ ਬੱਬੂ ਆਦਿ ਗ੍ਰਾਮ ਪੰਚਾਇਤਾ ਦੇ ਪੰਚ, ਸਰਪੰਚ ਤੇ ਮੁਹਤਬਰ ਮੌਜੂਦ ਸਨ।

## ਸਰਹੱਦੀ ਖੇਤਰ 'ਚ ਕੰਡਿਆਲੀ ਤਾਰ ਤੋਂ ਪਾਰ ਨੁਕਸਾਨੀ ਫ਼ਸਲ ਦਾ ਵੀ ਮਿਲੇਗਾ ਮੁਆਵਜ਼ਾ : ਧਾਲੀਵਾਲ



ਅਜਨਾਲਾ, 14 ਸਤੰਬਰ (ਸੁਖਦੇਵ ਸਿੰਘ ਖਾਲਸਾ): ਹਲਕਾ ਵਿਧਾਇਕ ਤੇ ਸਾਬਕਾ ਕੈਬਨਿਟ ਮੰਤਰੀ ਪੰਜਾਬ ਕੁਲਦੀਪ ਸਿੰਘ ਧਾਲੀਵਾਲ ਵਲੋਂ ਦੇਸ਼ ਦੀ ਸੁਰੱਖਿਆ ਲਈ ਅਜਨਾਲਾ ਸੈਕਟਰ ਦੇ ਸਰਹੱਦੀ ਖੇਤਰ 'ਚ ਲਗਾਈ ਗਈ ਕੰਡਿਆਲੀ ਤਾਰ ਤੋਂ ਪਾਰ ਖੇਤੀ ਕਰਦੇ ਕਿਸਾਨਾਂ ਦੀ ਸਾਰ ਲੈਣ ਲਈ ਹਲਕੇ ਦੇ ਪਿੰਡ ਮਾਝੀਮੀਆਂ "ਦਾ ਉਚੇਚਾ ਦੌਰਾ ਕਰਕੇ ਪੀੜ੍ਹਤਾਂ ਦੀਆਂ ਮੁਸਕਲਾਂ ਸੁਣੀਆਂ ਤੇ ਹੜ੍ਹਾਂ ਕਾਰਣ ਮਾਰੀ ਗਈ ਝੋਨੇ ਦੀ ਫਸਲ ਦਾ ਮੁਆਵਜਾ ਪੰਜਾਬ ਸਰਕਾਰ ਕੋਲੋਂ ਦਿਵਾਉਣ ਦਾ ਭਰੋਸਾ ਦਿੱਤਾ। ਉਪਰੰਤ ਗੱਲਬਾਤ ਦੌਰਾਨ ਵਿਧਾਇਕ ਤੇ ਸਾਬਕਾ ਮੰਤਰੀ ਧਾਲੀਵਾਲ ਨੇ ਕਿਹਾ ਕਿ ਵਿਧਾਨ ਸਭਾ ਹਲਕਾ ਅਜਨਾਲਾ 'ਚ ਕੌਮਾਂਤਰੀ ਸਰਹੱਦੀ ਪਿੰਡ ਮਾਝੀਮੀਆਂ ਤੋਂ ਪਿੰਡ ਕੱਸੋਵਾਲ ਤੱਕ ਲੱਗੀ ਕੰਡਿਆਲੀ ਤਾਰ ਤੋਂ ਪਾਰ ਅਤੇ ਰਾਵੀ ਦਰਿਆ ਤੋਂ ਪਾਰ ਕਰੀਬ 5 ਹਜ਼ਾਰ ਏਕੜ ਰਕਬੇ 'ਚ ਮਾਲਕੀ ਅਤੇ ਠੇਕੇ ਤੇ ਲੈ ਕੇ ਖੇਤੀ ਕੀਤੀ ਜਾਂਦੀ ਹੈ ਤੇ ਕੰਡਿਆਲੀ ਤਾਰ ਤੋਂ ਪਾਰ ਅਕਸਰ ਪੈਦਾ ਹੁੰਦੀਆਂ ਅਣਸੁਖਾਵੀਆਂ ਪ੍ਰਸਥਿਤੀਆਂ 'ਚ ਬੀਐਸਐਫ ਵਲੋਂ ਇਕੋ ਇਕ ਝੋਨੇ ਤੇ ਬਾਸਮਤੀ ਦੀ ਬਿਜਾਈ ਕਰਨ ਦੀ ਇਜਾਜਤ ਦਿੱਤੀ ਹੋਈ ਹੈ। ਉਨ੍ਹਾਂ ਕਿਹਾ ਕਿ ਹੜ ਦੇ ਪਾਣੀ ਦੀ ਮਾਰ 'ਚ ਤਬਾਹ ਹੋਈਆਂ ਫਸਲਾਂ ਦਾ ਮੁਆਵਜਾ 20 ਹਜਾਰ ਰੁਪਏ ਪ੍ਰਤੀ ਏਕੜ ਕੰਡਿਆਲੀ ਤਾਰ ਤੋਂ ਪਾਰ ਜਮੀਨਾਂ ਦੇ ਮਾਲਕਾਂ ਤੇ ਠੇਕੇ ਤੇ ਖੇਤੀ ਕਰਦੇ ਅੰਨ ਉਤਪਾਦਕਾਂ ਨੂੰ ਦਿਵਾਉਣ ਲਈ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਕੋਲ ਮਾਮਲਾ ਉਠਾਉਣਗੇ ਤੇ ਪ੍ਰਭਾਵਿਤ ਕਿਸਾਨਾਂ ਤੇ ਅੰਨ ਉਤਪਾਦਕਾਂ ਨੂੰ ਮੁਆਵਜਾ ਦਿਵਾਉਣਾ ਯਕੀਨੀ ਬਣਾਉਣਗੇ।

ਧਾਲੀਵਾਲ ਨੇ ਕੇਂਦਰੀ ਮੋਦੀ ਸਰਕਾਰ ਤੇ ਸਵਾਲ ਉਠਾਉਂਦਿਆਂ ਕਿਹਾ ਕਿ ਸੁਰੱਖਿਆ ਕਾਰਣਾ ਦੇ ਮੱਦੇਨਜ਼ਰ ਕੰਡਿਆਲੀ ਤਾਰ ਤੋਂ ਪਾਰ ਖੇਤੀ ਕਰਦੇ ਕਿਸਾਨਾਂ ਨੂੰ ਸਿਰਫ ਇਕੋ ਫਸਲ ਝੋਨੇ ਦੀ ਬਿਜਾਈ ਲਈ ਦਿੱਤੀ ਗਈ ਇਜਾਜਤ ਦੇ ਮੱਦੇਨਜ਼ਰ ਹੋਰ ਫਸਲਾਂ ਬੀਜਣ ਦੀ ਮਨਾਹੀ ਹੈ, ਸਿੱਟੇ ਵੱਜੋਂ ਦਿੱਤੇ ਜਾਂਦੇ 10 ਹਜਾਰ ਰੁਪਏ ਪ੍ਰਤੀ ਏਕੜ ਮੁਆਵਜੇ ਨਾਲ ਇਨ੍ਹਾਂ ਕਿਸਾਨਾਂ ਵਲੋਂ ਆਪਣੇ ਪਰਿਵਾਰ ਦਾ ਅਤਿ ਦੀ ਮਹਿੰਗਾਈ 'ਚ ਪਾਲਣ ਪੋਸ਼ਣ ਕਰਨਾ ਨਾਮੁਮਕਿਨ ਹੈ। ਉਨ੍ਹਾਂ ਨੇ ਮੋਦੀ ਸਰਕਾਰ ਤੇ ਜ਼ੋਰ ਦਿੱਤਾ ਕਿ ਕੰਡਿਆਲੀ ਤਾਰ ਤੋਂ ਪਾਰਲੇ ਜਮੀਨ ਮਾਲਕਾਂ ਤੇ ਠੇਕੇ ਤੇ ਖੇਤੀ ਕਰਦੇ ਕਿਸਾਨਾਂ ਨੂੰ 10 ਹਜਾਰ ਰੁਪਏ ਮੁਆਵਜੇ ਦੀ ਬਜਾਏ 30 ਹਜਾਰ ਰੁਪਏ ਪ੍ਰਤੀ ਏਕੜ ਮੁਆਵਜਾ ਰਾਸ਼ੀ ਸਮੇਂ ਸਿਰ ਮੁਹੱਈਆ ਕਰਵਾਈ ਜਾਵੇ।

## ਵੈਟਰਨਰੀ ਇਨਸ਼ੈਮੀਨੇਸ਼ਨ ਐਸੋਸੀਏਸ਼ਨ ਵੱਲੋਂ ਪਸ਼ੂਆਂ ਦੀਆਂ ਦਵਾਈਆਂ ਵੰਡਣ ਦਾ ਸਿਲਸਿਲਾ ਲਗਾਤਾਰ ਜਾਰੀ



ਅਜਨਾਲਾ, 14 ਸਤੰਬਰ (ਸੁਖਦੇਵ ਸਿੰਘ ਖਾਲਸਾ): ਵੈਟਰਨਰੀ ਇਨਸ਼ੈਮੀਨੇਸਨ ਐਸੋਸੀਏਸ਼ਨ ਪੰਜਾਬ ਵੱਲੋਂ ਹਲਕਾ ਅਜਨਾਲਾ ਵਿੱਚ ਰਾਵੀ ਦਰਿਆ ਦੇ ਥਾਂ ਥਾਂ ਤੋਂ ਬੰਨ ਟੁੱਟਣ ਕਾਰਨ ਆਏ ਭਿਆਨਕ ਹੜ੍ਹਾਂ ਕਾਰਨ ਬੁਰੀ ਤਰ੍ਹਾਂ ਪ੍ਰਭਾਵਤ ਹੋਏ ਪੀੜਤ ਲੋਕਾਂ ਨੂੰ ਸੰਕਟ ਦੀ ਘੜੀ ਵਿੱਚ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਦੀ ਅਗਵਾਈ ਹੇਠ ਹੜ੍ਹ ਪੀੜਤ ਵੱਖ-ਵੱਖ ਪਿੰਡਾਂ ਵਿੱਚ ਹਮਦਰਦੀ ਦੇ ਤੌਰ 'ਤੇ ਲੋਕਾਂ ਨੂੰ ਬੀਤੇ ਕਈ ਦਿਨਾਂ ਤੋਂ ਪਸ਼ੂਆ ਦੀਆਂ ਮੁਫ਼ਤ ਦਵਾਈਆਂ ਵੰਡਣ ਦੀ ਸੇਵਾ ਕਰਨ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਇਸ ਸਬੰਧੀ ਜਥੇਬੰਦੀ ਦੇ ਪ੍ਰਧਾਨ ਹਰਜੀਤ ਸਿੰਘ ਰੋਪੜ ਨੇ ਦੱਸਿਆ ਕਿ ਇਸ ਕੁਦਰਤੀ ਆਫਤ ਵਿੱਚ ਪੰਜਾਬ ਦੇ ਪਸ਼ੂ ਪਾਲਕਾਂ ਦੀ ਹਰ ਪ੍ਰਕਾਰ ਦੀ ਮੱਦਦ ਕੀਤੀ ਜਾਵੇਗੀ। ਉਨ੍ਹਾਂ ਨੇ ਦੱਸਿਆ ਕਿ ਅੱਜ ਸਾਡੀ ਯੂਨੀਅਨ ਦੀ ਟੀਮ ਵੱਲੋਂ 45000 ਦੀਆਂ ਪਸ਼ੂਆਂ ਦੀਆਂ ਦਵਾਈਆਂ ਲੋੜਵੰਦ ਲੋਕਾਂ ਨੂੰ ਮੁਫਤ ਵੰਡੀਆਂ ਗਈਆਂ ਹਨ । ਇਸ ਮੌਕੇ ਯੂਨੀਅਨ ਦੇ ਅਹੁਦੇਦਾਰ ਕੁਲਵਿੰਦਰ ਸਿੰਘ ਸਰਾਓ ਸੀਨੀਅਰ ਮੀਤ ਪ੍ਰਧਾਨ, ਨੇਤਰ ਸਿੰਘ ਉੱਪਲ ਜਨਰਲ ਸਕੱਤਰ, ਹਰਦੀਪ ਸਿੰਘ ਖਜ਼ਾਨਚੀ, ਗੁਰਪ੍ਰੀਤ ਸਿੰਘ ਗਿੱਲ ਮੀਤ ਪ੍ਰਧਾਨ, ਬਲਜੀਤ ਸਿੰਘ ਜਲੰਧਰ ਸਲਾਹਕਾਰ, ਮਿੱਠੂ ਸਿੰਘ ਸਲਾਹਕਾਰ, ਸਤਨਾਮ ਸਿੰਘ ਪ੍ਰੈਸ ਸਕੱਤਰ ਤੇ ਸੰਦੀਪ ਸਿੰਘ ਪ੍ਰਧਾਨ ਅੰਮ੍ਰਿਤਸਰ, ਜਗਰੂਪ ਸਿੰਘ, ਜਤਿੰਦਰ ਸਿੰਘ, ਤੇਜਿੰਦਰ ਸਿੰਘ ਹਾਜ਼ਰ ਸਨ।

## ਸੰਤ ਹਰਦੇਵ ਸਿੰਘ ਜੀ ਸੰਗੀਤ ਵਿਦਿਆਲਾ ਵਿਖੇ ਮਹਾਨ ਕੀਰਤਨ ਦਰਬਾਰ ਕਰਵਾਇਆ



ਅੰਮ੍ਰਿਤਸਰ, 14 ਸਤੰਬਰ (ਬਬਲੂ ਮਹਾਜਨ): ਪੰਡੋਰੀ ਮਹਿਮਾ ਸਥਿਤ ਸੰਤ ਹਰਦੇਵ ਸਿੰਘ ਜੀ ਸੰਗੀਤ ਵਿਦਿਆਲਾ ਵਿਖੇ ਪ੍ਰਸਿੱਧ ਡਾਕਟਰ ਅਜੈ ਸਿੰਘ ਜੀ ਰਾਠੌਰ ਬੰਬੇ ਵਾਲਿਆਂ ਦੇ ਜਨਮ ਦਿਨ ਦੀ ਖ਼ੁਸ਼ੀ ਵਿੱਚ ਮਹਾਨ ਕੀਰਤਨ ਦਰਬਾਰ ਕਰਵਾਇਆ ਗਿਆ । ਜਿਸ ਵਿੱਚ ਸੱਚਖੰਡ ਸ੍ਰੀ ਦਰਬਾਰ ਸਾਹਿਬ ਜੀ ਦੇ ਹਜ਼ੂਰੀ ਰਾਗੀ ਜਥਿਆਂ ਨੇ ਇਲਾਹੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਡਾ. ਰਾਠੌਰ ਸਿੱਖ ਜਗਤ ਵਿੱਚ ਜਾਣੀ ਮਾਨੀ ਹਸਤੀ ਹਨ ਜਿਹੜੇ ਕਿ ਮੁੰਬਈ ਤੋਂ ਪਹੁੰਚ ਕੇ ਪੰਜਾਬ ਅਤੇ ਦੇਸ਼ ਦੇ ਹੋਰ ਰਾਜਾਂ ਵਿੱਚ ਵੀ ਜੋ ਸਮੇਂ ਸਮੇਂ ਤੇ ਧਾਰਮਿਕ ਸਮਾਗਮਾਂ ਦੇ ਨਾਲ ਨਾਲ ਸਮਾਜਿਕ ਕਾਰਜਾਂ ਵਿੱਚ ਵੀ ਹਮੇਸ਼ਾ ਯੋਗਦਾਨ ਪਾਉਂਦੇ ਹਨ।

ਜ਼ਿਕਰਯੋਗ ਹੈ ਕਿ ਸੰਤ ਬਾਬਾ ਹਰਦੇਵ ਸਿੰਘ ਜੀ ਸੰਗੀਤ ਵਿੱਦਿਆਲਾ ਦੇ ਮੁੱਖ ਸੰਚਾਲਕ ਭਾਈ ਗੁਰਦੇਵ ਸਿੰਘ ਜੀ ਕੋਹਾੜਕਾ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਜੀ ਪੂਰੀ ਤਨਦੇਹੀ ਨਾਲ ਇਸ ਸੰਸਥਾ ਦੀ ਦੇਖ ਰੇਖ ਖੁਦ ਆਪ ਕਰ ਰਹੇ ਹਨ । ਸਮਾਗਮ ਵਿਚ ਸ੍ਰੀ ਦਰਬਾਰ ਸਾਹਿਬ ਜੀ ਦੇ ਸਿੰਘ ਸਾਹਿਬ ਗਿਆਨੀ ਕੇਵਲ ਸਿੰਘ ਜੀ, ਭਾਈ ਗੁਰਦੇਵ ਸਿੰਘ ਜੀ ਕੋਹਾੜਕਾ , ਭਾਈ ਭੁਪਿੰਦਰ ਸਿੰਘ ਜੀ, ਭਾਈ ਇਕਬਾਲ ਸਿੰਘ ਜੀ ਮਨਾਵਾਂ (ਤਿੰਨੇ ਹਜ਼ੂਰੀ ਰਾਗੀ ਜਥੇ) ਭਾਈ ਜੀਵਨ ਸਿੰਘ ਜੀ ਟਕਸਾਲੀ ਹਾਂਗਕਾਂਗ ਵਲੋਂ ਹਾਜ਼ਰੀ ਲਵਾਈ ਗਈ। ਅਖੀਰ ਵਿੱਚ ਡਾ. ਅਜੈ ਸਿੰਘ ਜੀ ਨੇ ਸਮਾਗਮ ਵਿਚ ਦੂਰੋਂ ਨੇੜਿਓਂ ਪਹੁੰਚੀਆਂ ਸਮੂੰਹ ਸੰਗਤਾਂ ਦਾ ਧੰਨਵਾਦ ਕੀਤਾ।

## ਹੜ੍ਹ ਪੀੜ੍ਹਤਾਂ ਦੀ ਸਾਰ ਲੈਣ ਪਹੁੰਚੀ ਅਕਾਲੀ ਦਲ ਦੀ ਹਾਈ-ਪਾਵਰ ਕਮੇਟੀ

### 'ਆਪ' ਸਰਕਾਰ ਖਡੂਰ ਸਾਹਿਬ ਦੇ 16,500 ਏਕੜ ਦੇ ਨੁਕਸਾਨ ਦਾ ਤੁਰੰਤ ਮੁਆਵਜ਼ਾ ਦੇਵੇ : ਮਲੂਕਾ

ਤਰਨ ਤਾਰਨ 14 ਸਤੰਬਰ (ਗਰਦਿਆਲ ਸਿੰਘ): ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਹੜ੍ਹ ਪੀੜਤਾਂ ਦੀਆਂ ਮੁਸ਼ਕਿਲਾਂ ਦਾ ਜਾਇਜ਼ਾ ਲੈਣ ਲਈ ਗਠਿਤ ਕੀਤੀ ਗਈ ਉੱਚ-ਪੱਧਰੀ ਹਾਈ-ਪਾਵਰ ਕਮੇਟੀ ਨੇ ਅੱਜ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਕੈਬਨਿਟ ਮੰਤਰੀ ਸਿਕੰਦਰ ਸਿੰਘ ਮਲੂਕਾ ਦੀ ਅਗਵਾਈ ਹੇਠ ਵਿਧਾਨ ਸਭਾ ਹਲਕਾ ਖਡੂਰ ਸਾਹਿਬ ਦਾ ਦੌਰਾ ਕੀਤਾ। ਪਾਰਟੀ ਦੇ ਮੀਤ ਪ੍ਰਧਾਨ ਅਤੇ ਹਲਕਾ ਇੰਚਾਰਜ ਰਵਿੰਦਰ ਸਿੰਘ ਬ੍ਰਹਮਪੁਰਾ ਦੀ ਅਗਵਾਈ ਹੇਠ ਕਮੇਟੀ ਨੇ ਖਡੂਰ ਸਾਹਿਬ ਦੇ ਵੱਖ-ਵੱਖ ਪਿੰਡਾਂ ਦੇ ਪੀੜਤ ਕਿਸਾਨਾਂ ਅਤੇ ਸਥਾਨਕ ਲੋਕਾਂ ਨਾਲ ਮੁਲਾਕਾਤ ਕਰਕੇ ਨੁਕਸਾਨ ਦੇ ਵੇਰਵੇ ਇਕੱਠੇ ਕੀਤੇ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਿਕੰਦਰ ਸਿੰਘ ਮਲੂਕਾ ਨੇ ਕਿਹਾ, "ਪ੍ਰਧਾਨ ਸੁਖਬੀਰ ਸਿੰਘ ਬਾਦਲ ਜੀ ਦੇ ਹੁਕਮਾਂ ਅਨੁਸਾਰ ਅਸੀਂ ਅੱਜ ਇੱਥੇ ਜ਼ਮੀਨੀ ਹਕੀਕਤ ਦੇਖਣ ਆਏ ਹਾਂ। ਇੱਥੇ ਆ ਕੇ ਪਤਾ ਲੱਗਾ ਹੈ ਕਿ 'ਆਪ' ਸਰਕਾਰ ਪੂਰੀ ਤਰ੍ਹਾਂ ਗਾਇਬ ਹੈ ਅਤੇ ਲੋਕਾਂ ਨੂੰ ਉਨ੍ਹਾਂ ਦੇ ਹਾਲ 'ਤੇ ਛੱਡ ਦਿੱਤਾ ਗਿਆ ਹੈ। ਸਾਨੂੰ ਪਤਾ ਲੱਗਾ ਹੈ ਕਿ ਲੋਕਾਂ ਨੂੰ ਪਸ਼ੂਆਂ ਲਈ ਚਾਰੇ, ਟੁੱਟੇ ਬੰਨ੍ਹਾਂ ਦੀ ਮੁਰੰਮਤ ਅਤੇ ਬੰਨ੍ਹ ਬਨਣ ਲਈ ਡੀਜ਼ਲ, ਅਗਲੀ ਫ਼ਸਲ ਲਈ ਬੀਜ ਅਤੇ ਬਿਮਾਰੀਆਂ ਤੋਂ ਬਚਾਅ ਲਈ ਫੌਗਿੰਗ ਦੀ ਸਖ਼ਤ ਲੋੜ ਹੈ।

ਉਨ੍ਹਾਂ ਕਿਹਾ, "ਸਾਨੂੰ ਦੱਸਿਆ ਗਿਆ ਹੈ ਕਿ ਹਲਕੇ ਵਿੱਚ 16,500 ਏਕੜ ਰਕਬਾ ਪੂਰੀ ਤਰ੍ਹਾਂ ਤਬਾਹ ਹੋ ਗਿਆ ਹੈ। ਅਸੀਂ ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਉਹ ਤੁਰੰਤ ਇਸ ਵੱਡੇ ਨੁਕਸਾਨ ਦੀ ਭਰਪਾਈ ਕਰੇ ਅਤੇ ਪੀੜਤਾਂ ਨੂੰ ਢੁਕਵਾਂ ਮੁਆਵਜ਼ਾ ਜਾਰੀ ਕਰੇ। ਇਸ ਮੌਕੇ 'ਤੇ ਬੋਲਦਿਆਂ, ਹਲਕਾ ਇੰਚਾਰਜ ਅਤੇ ਸਾਬਕਾ ਵਿਧਾਇਕ ਰਵਿੰਦਰ ਸਿੰਘ ਬ੍ਰਹਮਪੁਰਾ ਨੇ ਕਿਹਾ, "ਅਸੀਂ ਧੰਨਵਾਦੀ ਹਾਂ ਕਿ ਪ੍ਰਧਾਨ ਸਾਹਿਬ ਨੇ ਸਾਡੀ ਬੇਨਤੀ 'ਤੇ ਤੁਰੰਤ ਇਹ ਕਮੇਟੀ ਭੇਜੀ ਹੈ। ਅੱਜ ਸੁਖਬੀਰ ਸਿੰਘ ਬਾਦਲ ਜੀ ਵੱਲੋਂ ਗਠਿਤ ਕੀਤੀ ਗਈ ਕਮੇਟੀ ਨੂੰ ਹਲਕੇ ਦੇ ਹੜ੍ਹ ਪੀੜਤਾਂ ਦੀਆਂ ਸਾਰੀਆਂ ਲੋੜਾਂ ਬਾਰੇ ਵਿਸਥਾਰ ਵਿੱਚ ਜਾਣੂ ਕਰਵਾਇਆ ਗਿਆ ਹੈ। ਇਸ ਤੋਂ ਇਲਾਵਾ, ਬ੍ਰਹਮਪੁਰਾ ਨੇ ਕਿਹਾ ਕਿ ਇਹ ਬਹੁਤ ਮਾਣ ਵਾਲੀ ਗੱਲ ਹੈ ਕਿ ਪਾਰਟੀ ਪ੍ਰਧਾਨ ਨੇ ਇਸ ਕਮੇਟੀ ਵਿੱਚ ਬਹੁਤ ਹੀ ਸੀਨੀਅਰ ਆਗੂਆਂ ਨੂੰ ਸ਼ਾਮਲ ਕੀਤਾ ਹੈ, ਜਿਨ੍ਹਾਂ ਵਿੱਚ ਵਿਸ਼ੇਸ਼ ਤੌਰ 'ਤੇ ਸਿਕੰਦਰ ਸਿੰਘ ਮਲੂਕਾ, ਜਥੇ: ਗੁਲਜ਼ਾਰ ਸਿੰਘ ਰਣੀਕੇ ਤੇ ਮਨਤਾਰ ਸਿੰਘ ਬਰਾੜ ਸ਼ਾਮਲ ਹਨ। ਉਨ੍ਹਾਂ ਭਰੋਸਾ ਪ੍ਰਗਟਾਇਆ ਕਿ ਪਾਰਟੀ ਪੱਧਰ 'ਤੇ ਇਸ ਰਿਪੋਰਟ ਦੇ ਆਧਾਰ 'ਤੇ, ਹੜ੍ਹ ਪ੍ਰਭਾਵਿਤ ਲੋਕਾਂ ਤੱਕ ਜਲਦ ਤੋਂ ਜਲਦ ਬਣਦੀ ਸਹਾਇਤਾ ਮੁਹੱਈਆ ਕਰਵਾਈ ਜਾਵੇਗੀ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਸੀਨੀਅਰ ਆਗੂ ਅਲਵਿੰਦਰਪਾਲ ਸਿੰਘ ਪੱਖੋਕੇ, ਐਸਜੀਪੀਸੀ ਮੈਂਬਰ ਗੁਰਬਚਨ ਸਿੰਘ ਕਰਮੂਵਾਲਾ, ਮੀਤ ਪ੍ਰਧਾਨ ਕੁਲਦੀਪ ਸਿੰਘ ਔਲਖ, ਅਮਰੀਕ ਸਿੰਘ ਪੱਖੋਕੇ ਚੇਅਰਮੈਨ, ਯਾਦਵਿੰਦਰ ਸਿੰਘ ਰੂੜੇ ਆਸਲ ਚੇਅਰਮੈਨ, ਚੋਹਲਾ ਤੋਂ ਜਗਜੀਤ ਸਿੰਘ ਜੱਗੀ, ਚੋਹਲਾ ਸਾਹਿਬ ਤੋਂ ਸਤਨਾਮ ਸਿੰਘ ਸੱਤਾ, ਦਿਲਬਾਗ ਸਿੰਘ ਕਾਹਲਵਾਂ, ਚੋਹਲਾ ਸਾਹਿਬ ਤੋਂ ਸਾਬਕਾ ਸਰਪੰਚ ਅਮਰੀਕ ਸਿੰਘ, ਗੁਰਦੇਵ ਸਿੰਘ, ਚੋਹਲਾ ਸਾਹਿਬ ਤੋਂ ਮਨਜਿੰਦਰ ਸਿੰਘ ਲਾਟੀ, ਬਲੀ ਸਿੰਘ, ਸਾਬਕਾ ਸਰਪੰਚ ਕੁਲਦੀਪ ਸਿੰਘ ਲਹੌਰੀਆ, ਹਰਦੀਪ ਸਿੰਘ ਖੱਖ, ਪ੍ਰੇਮ ਸਿੰਘ ਪੰਨੂ, ਭੈਲ ਤੋਂ ਸੂਬੇਦਾਰ ਮੋਹਣ ਸਿੰਘ, ਭੈਲ ਤੋਂ ਸਰਪੰਚ ਸਲੱਖਣ ਸਿੰਘ, ਕਾਬਲ ਸਿੰਘ ਭੈਲ, ਭੈਲ ਤੋਂ ਸਾਬਕਾ ਸਰਪੰਚ ਚੰਦ ਸਿੰਘ, ਸ਼ੰਕਰ ਸਿੰਘ, ਹਰਦੇਵ ਸਿੰਘ, ਚਰਨਜੀਤ ਸਿੰਘ ਭੈਲ, ਗੋਇੰਦਵਾਲ ਤੋਂ ਸੁੱਚਾ ਸਿੰਘ, ਧੂੰਦਾ ਤੋਂ ਸਾਬਕਾ ਸਰਪੰਚ ਜਗਤਾਰ ਸਿੰਘ, ਸੈਕਟਰੀ ਗੁਰਭੇਜ ਸਿੰਘ, ਬਲਕਾਰ ਸਿੰਘ, ਮੈਂਬਰ ਬਾਬਾ ਲੱਖਾ ਸਿੰਘ, ਮੁੰਡਾ ਪਿੰਡ ਤੋਂ ਅੰਗਰੇਜ ਸਿੰਘ, ਜਥੇਦਾਰ ਸਕੱਤਰ ਸਿੰਘ, ਸਾਬਕਾ ਸਰਪੰਚ ਗੁਰਦੀਪ ਸਿੰਘ, ਜੌਹਲ ਢਾਏ ਵਾਲਾ ਤੋਂ ਗੁਰਮੁਖ ਸਿੰਘ, ਮੱਖਣ ਸਿੰਘ, ਮਨਜੀਤ ਸਿੰਘ, ਗੁੱਜਰਪੁਰਾ ਤੋਂ ਸਰਪੰਚ ਸੁਖਦੇਵ ਸਿੰਘ ਸੁੱਖਾ, ਮਾਣਕਦੇਕੇ ਤੋਂ ਸਾਬਕਾ ਸਰਪੰਚ ਕੁਲਵੰਤ ਸਿੰਘ, ਧੁੰਨ ਤੋਂ ਮਾਸਟਰ ਗੁਰਨਾਮ ਸਿੰਘ, ਧੁੰਨ ਤੋਂ ਸਾਬਕਾ ਸਰਪੰਚ ਜੋਤਾ ਸਿੰਘ, ਕੰਬੋ ਢਾਏ ਵਾਲਾ ਤੋਂ ਸਾਬਕਾ ਸਰਪੰਚ ਮੁਖਤਾਰ ਸਿੰਘ, ਨੰਬਰਦਾਰ ਕਸ਼ਮੀਰ ਸਿੰਘ, ਗੁਰਮੀਤ ਸਿੰਘ, ਚੰਬਾ ਕਲਾਂ ਤੋਂ ਮਾਸਟਰ ਦਲਬੀਰ ਸਿੰਘ, ਚੰਬਾ ਹਵੇਲੀਆਂ ਤੋਂ ਸਾਬਕਾ ਸਰਪੰਚ ਬਲਕਾਰ ਸਿੰਘ, ਚੰਬਾ ਕਲਾਂ ਤੋਂ ਸਾਬਕਾ ਸਰਪੰਚ ਅਜੀਤਪਾਲ ਸਿੰਘ ਬਿੱਟੂ, ਚੰਬਾ ਕਲਾਂ ਤੋਂ ਪਰਮਜੀਤ ਸਿੰਘ, ਚੰਬਾ ਹਵੇਲੀਆਂ ਤੋਂ ਵਿਕਰਮ ਸਿੰਘ, ਘੜਕਾ ਤੋਂ ਸਤਨਾਮ ਸਿੰਘ ਬੱਲ, ਘੜਕਾ ਤੋਂ ਗੁਰਵਿੰਦਰ ਸਿੰਘ ਬੱਲ, ਘੜਕਾ ਤੋਂ ਸਰਪੰਚ ਕਪੂਰ ਸਿੰਘ, ਗੁਰਭੇਜ ਸਿੰਘ ਕਰਮੂਵਾਲਾ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

## ਡਾ. ਸਤਿੰਦਰ ਸਿੰਘ ਵੱਲੋਂ ਲਿਖੀ ਪੁਸਤਕ "ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੈਫ਼ਾਬਾਦ ਆਗਮਨ ਤੇ ਨਵਾਬ ਸੈਫ਼ ਖ਼ਾਨ" ਐਡ. ਧਾਮੀ ਵੱਲੋਂ ਲੋਕ ਅਰਪਿਤ



ਅੰਮ੍ਰਿਤਸਰ, 14 ਸਤੰਬਰ (ਬਬਲੂ ਮਹਾਜਨ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ, ਜੂਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ, ਐਂਤ੍ਰਿੰਗ ਕਮੇਟੀ ਮੈਂਬਰ ਸੁਰਜੀਤ ਸਿੰਘ ਗੜ੍ਹੀ, ਓ. ਐਸ. ਡੀ. ਸਤਬੀਰ ਸਿੰਘ ਤੇ ਹੋਰ ਮੁਹਤਬਰ ਸਖਸ਼ੀਅਤਾਂ ਵੱਲੋਂ ਸਿੱਖ ਇਤਿਹਾਸ ਰੀਸਰਚ ਬੋਰਡ ਦੇ ਰੀਸਰਚ ਸਕਾਲਰ, ਡਾ. ਸਤਿੰਦਰ ਸਿੰਘ ਵੱਲੋਂ ਲਿਖੀ ਪੁਸਤਕ "ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੈਫ਼ਾਬਾਦ ਆਗਮਨ ਤੇ ਨਵਾਬ ਸੈਫ਼ ਖ਼ਾਨ" ਸੰਗਤ ਅਰਪਣ ਕੀਤੀ ਗਈ। ਇਹ ਪੁਸਤਕ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਹੈ। ਸਿੱਖ ਇਤਿਹਾਸ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪ੍ਰਸੰਗ ਵਿਚ ਸੈਫ਼ਾਬਾਦ ਤੇ ਸੈਫ਼ ਖ਼ਾਨ ਦਾ ਜ਼ਿਕਰ ਵਿਲੱਖਣ ਹੈ। ਸੈਫ਼ਾਬਾਦ (ਅਜੋਕਾ ਬਹਾਦਰਗੜ੍ਹ, ਜ਼ਿਲਾ ਪਟਿਆਲਾ) ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਪਿਆਰਾ, ਨਵਾਬ ਸੈਫ਼ ਖ਼ਾਨ ਨਿਵਾਸ ਕਰਦਾ ਸੀ।

ਇਥੇ ਗੁਰੂ ਸਾਹਿਬ ਦੇ ਤਿੰਨ ਵਾਰ ਆਉਣ ਦੇ ਹਵਾਲੇ ਮਿਲਦੇ ਹਨ।ਇਕ ਵਾਰ ਮਾਤਾ ਨਾਨਕੀ ਜੀ, ਮਾਤਾ ਗੁਜਰੀ ਜੀ, ਮਾਮਾ ਕਿਰਪਾਲ ਚੰਦ ਜੀ ਅਤੇ ਹੋਰ ਗੁਰੂ ਦੇ ਪਿਆਰੇ ਸਿਖ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਆਦਿਕ ਵੀ ਆਏ ਸਨ। ਇਹ ਨਗਰ 1659 ਈਸਵੀ ਦੇ ਆਸ ਪਾਸ ਵਸਾਇਆ ਸੀ ਤੇ ਨਾਮ ਸੈਫ਼ਾਬਾਦ ਰੱਖਿਆ। ਬਾਅਦ ਵਿਚ ਮਹਾਰਾਜਾ ਪਟਿਆਲਾ ਅਮਰ ਸਿੰਘ ਨੇ 1775 ਈਸਵੀ ਵਿਚ ਇਸ ਦਾ ਨਾਮ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪਵਿਤਰ ਨਾਮ ਉਪਰ, ਬਹਾਦਰਗੜ੍ਹ ਰੱਖਿਆ।ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਪਟਨੇ ਦੀ ਸੰਗਤ ਦੇ ਨਾਮ ਸੈਫ਼ ਖ਼ਾਨ ਲਈ ਉਤਮ ਦਰਜੇ ਦੇ ਬਰਤਨ ਭੇਜਣ ਲਈ ਹੁਕਮਨਾਮਾ ਵੀ ਲਿਖਿਆ ਸੀ, ਜੋ ਹੁਣ ਪਟਨਾ ਸਾਹਿਬ ਵਿਖੇ ਸੁਭਾਇਮਾਨ ਹੈ। ਇਹ ਖੋਜ-ਪੁਸਤਕ, ਸਿੱਖ ਪ੍ਰਚਾਰਕਾਂ, ਅਧਿਆਪਕਾਂ ਤੇ ਸਕਾਲਰਾਂ ਲਈ ਮੁਲਵਾਨ ਜਾਣਕਾਰੀ ਮੁਹਈਆ ਕਰਦੀ ਹੈ।

# ਪੀ.ਐਸ.ਪੀ.ਸੀ.ਐਲ. ਪੰਜਾਬ ਭਰ ਵਿੱਚ ਬਿਜਲੀ ਲਾਈਨਾਂ ਨੂੰ ਅਪਗ੍ਰੇਡ ਕਰੇਗਾ : ਅਰੋੜਾ



ਲੁਧਿਆਣਾ, 14 ਸਤੰਬਰ (ਵਿਸ਼ਾਲ ਸ਼ਰਮਾ): ਕੈਬਨਿਟ ਮੰਤਰੀ ਬਿਜਲੀ ਸੰਜੀਵ ਅਰੋੜਾ ਨੇ ਅੱਜ ਪੰਜਾਬ ਭਰ ਵਿੱਚ ਬਿਜਲੀ ਲਾਈਨਾਂ ਨੂੰ ਅਪਗ੍ਰੇਡ ਕਰਨ ਲਈ ਇੱਕ ਵਿਆਪਕ ਮੇਕ-ਓਵਰ ਦਾ ਐਲਾਨ ਕੀਤਾ। ਅਰੋੜਾ ਨੇ ਕਿਹਾ ਕਿ ਵੱਖ-ਵੱਖ ਚੋਣ ਮੀਟਿੰਗਾਂ ਦੌਰਾਨ ਇਹ ਲੋਕਾਂ ਦੀ ਮੁੱਖ ਮੰਗ ਰਹੀ ਹੈ। ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀਐਸਪੀਸੀਐਲ) ਨੇ ਜਨਤਕ ਸੁਰੱਖਿਆ ਨੂੰ ਬਿਹਤਰ ਬਣਾਉਣ, ਆਊਟੇਜ ਘਟਾਉਣ ਅਤੇ ਸ਼ਹਿਰ ਦੀ ਸੁੰਦਰਤਾ ਨੂੰ ਵਧਾਉਣ ਲਈ 13 ਪ੍ਰਮੁੱਖ ਨਗਰ ਨਿਗਮਾਂ ਵਿੱਚ ਬਿਜਲੀ ਲਾਈਨਾਂ ਨੂੰ ਅਪਗ੍ਰੇਡ ਕਰਨ ਲਈ ਇੱਕ ਵਿਸ਼ੇਸ਼ ਪ੍ਰੋਜੈਕਟ ਸ਼ੁਰੂ ਕੀਤਾ ਹੈ, ਜਿਸ ਵਿੱਚ 87 ਪੀਐਸਪੀਸੀਐਲ ਉਪ-ਵਿਭਾਗਾਂ ਨੂੰ ਸ਼ਾਮਲ ਕੀਤਾ ਗਿਆ ਹੈ। ਪੀਐਸਪੀਸੀਐਲ ਦੇ ਖੰਭਿਆਂ ਤੋਂ ਗੈਰ-ਬਿਜਲੀ ਤਾਰਾਂ ਨੂੰ ਹਟਾਉਣਾ ਜਨਤਕ ਸੁਰੱਖਿਆ ਨੂੰ ਵਧਾਉਣ ਅਤੇ ਤੇਜ਼, ਵਧੇਰੇ ਸਟੀਕ ਵਿਜ਼ੂਅਲ ਨਿਰੀਖਣ ਅਤੇ ਨੁਕਸ ਖੋਜਣ ਨੂੰ ਸਮਰੱਥ ਬਣਾਉਣ ਲਈ ਪੀ ਐਸ ਪੀ ਸੀ ਐਲ ਦੇ ਖੰਭਿਆਂ ਤੋਂ ਸਾਰੀਆਂ ਡਿਸ਼ ਕੇਬਲਾਂ, ਇੰਟਰਨੈਟ ਫਾਈਬਰ ਅਤੇ ਹੋਰ ਗੈਰ-ਪੀਐਸਪੀਸੀਐਲ ਤਾਰਾਂ ਨੂੰ ਸਾਫ਼ ਕੀਤਾ ਜਾਵੇਗਾ। ਲਟਕਦੀਆਂ ਬਿਜਲੀ ਦੀਆਂ ਤਾਰਾਂ ਅਤੇ ਕੇਬਲਾਂ ਨੂੰ ਉੱਚਾ ਚੁੱਕਣਾ ਹਾਦਸਿਆਂ ਨੂੰ ਰੋਕਣ ਲਈ ਲਾਈਨਾਂ ਨੂੰ ਸੁਰੱਖਿਅਤ ਉਚਾਈ ਤੇ ਲਿਆਂਦਾ ਜਾਵੇਗਾ, ਖਾਸ ਕਰਕੇ ਵੱਡੇ ਵਾਹਨਾਂ ਨਾਲ ਸਬੰਧਤ । ਮਲਟੀਪਲ ਕੇਬਲ ਜੋੜਾਂ ਦੀ ਬਦਲੀ: ਆਊਟੇਜ, ਵੋਲਟੇਜ ਦੇ ਉਤਰਾਅ-ਚੜ੍ਹਾਅ ਅਤੇ ਅੱਗ ਦੇ ਖ਼ਤਰਿਆਂ ਨੂੰ ਘਟਾਉਣ ਲਈ ਮਲਟੀਪਲ ਜੋੜਾਂ ਨੂੰ ਹਟਾ ਦਿੱਤਾ ਜਾਵੇਗਾ ਅਤੇ ਲਗਾਤਾਰ ਨਵੀਂ ਕੇਬਲ ਨਾਲ ਬਦਲਿਆ ਜਾਵੇਗਾ । ਖੁੱਲ੍ਹੇ ਮੀਟਰ ਬਕਸਿਆਂ ਨੂੰ ਸੀਲ ਕਰਨਾ ਮੌਸਮ, ਛੇੜਛਾੜ ਤੋਂ ਬਚਾਉਣ ਅਤੇ ਸਮੁੱਚੀ ਜਨਤਕ ਸੁਰੱਖਿਆ ਨੂੰ ਬਿਹਤਰ ਬਣਾਉਣ ਲਈ ਮੀਟਰ ਬਕਸਿਆਂ ਨੂੰ ਸੁਰੱਖਿਅਤ ਢੰਗ ਨਾਲ ਬੰਦ ਅਤੇ ਸੀਲ ਕੀਤਾ ਜਾਵੇਗਾ । ਕੈਬਨਿਟ ਮੰਤਰੀ ਸੰਜੀਵ ਅਰੋੜਾ ਦੇ ਨਾਲ ਪ੍ਰੈਸ ਕਾਨਫਰੰਸ ਦੌਰਾਨ ਡੀਸੀ ਹਿਮਾਂਸ਼ੂ ਜੈਨ, ਡਾਇਰੈਕਟਰ ਟ੍ਰਾਂਸਮਿਸ਼ਨ ਇੰਦਰਪਾਲ, ਮੁੱਖ ਇੰਜੀਨੀਅਰ ਪੀਐਸਪੀਸੀਐਲ ਜਗਦੇਵ ਸਿੰਘ ਹੰਸ ਅਤੇ ਪੀਐਸਪੀਸੀਐਲ ਦੇ ਹੋਰ ਸੀਨੀਅਰ ਅਧਿਕਾਰੀ ਮੌਜੂਦ ਸਨ।

# ਸਿਸੋਦੀਆ ਨੇ ਲੋਕ ਸਭਾ ਇੰਚਾਰਜਾਂ ਦੀ ਅਹਿਮ ਮੀਟਿੰਗ ਦੀ ਪ੍ਰਧਾਨਗੀ ਕੀਤੀ



ਲੁਧਿਆਣਾ, 14 ਸਤੰਬਰ (ਵਿਸ਼ਾਲ ਸ਼ਰਮਾ): ਆਮ ਆਦਮੀ ਪਾਰਟੀ (ਆਪ) ਦੇ ਸੀਨੀਅਰ ਆਗੂ ਅਤੇ ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਸ੍ਰੀ ਮਨੀਸ਼ ਸਿਸੋਦੀਆ ਨੇ ਲੋਕ ਸਭਾ ਹਲਕਾ ਪੱਧਰ 'ਤੇ ਪਾਰਟੀ ਸੰਗਠਨ ਨੂੰ ਹੋਰ ਮਜ਼ਬੂਤ ਕਰਨ ਲਈ ਪੰਜਾਬ ਲੋਕ ਸਭਾ ਇੰਚਾਰਜਾਂ ਦੀ ਇੱਕ ਮਹੱਤਵਪੂਰਨ ਮੀਟਿੰਗ ਦੀ ਪ੍ਰਧਾਨਗੀ ਕੀਤੀ । ਮੀਟਿੰਗ ਵਿੱਚ ਤਾਲਮੇਲ ਵਧਾਉਣ, ਇੱਕ ਮਜ਼ਬੂਤ ਕਾਡਰ ਅਧਾਰ ਬਣਾਉਣ ਅਤੇ ਪੰਜਾਬ ਭਰ ਦੇ ਲੋਕਾਂ ਵਿੱਚ ਪ੍ਰਭਾਵਸ਼ਾਲੀ ਪਹੁੰਚ ਨੂੰ ਯਕੀਨੀ ਬਣਾਉਣ 'ਤੇ ਧਿਆਨ ਕੇਂਦਰਿਤ ਕੀਤਾ ਗਿਆ।

ਇਸ ਮੌਕੇ ਪੰਜਾਬ ਲਾਰਜ ਸਕੇਲ ਇੰਡਸਟਰੀ ਡਿਵੈਲਪਮੈਂਟ ਬੋਰਡ ਦੇ ਚੇਅਰਮੈਨ ਦੀਪਕ ਚੌਹਾਨ ਵੀ ਮੌਜੂਦ ਸਨ । ਸੈਸ਼ਨ ਵਿੱਚ ਸਰਗਰਮ ਭਾਗੀਦਾਰੀ ਅਤੇ ਰਚਨਾਤਮਕ ਵਿਚਾਰ-ਵਟਾਂਦਰੇ ਦੇਖਣ ਨੂੰ ਮਿਲੇ, ਜੋ ਜ਼ਮੀਨੀ ਪੱਧਰ 'ਤੇ ਸਸ਼ਕਤੀਕਰਨ ਅਤੇ ਲੋਕ-ਕੇਂਦ੍ਰਿਤ ਰਾਜਨੀਤੀ ਪ੍ਰਤੀ ਪਾਰਟੀ ਦੀ ਵਚਨਬੱਧਤਾ ਨੂੰ ਦਰਸਾਉਂਦੇ ਹਨ।

ਪੰਜਾਬ ਦਰਮਿਆਨੇ ਉਦਯੋਗ ਵਿਕਾਸ ਬੋਰਡ ਦੇ ਸੀਨੀਅਰ ਚੇਅਰਮੈਨ ਅਤੇ ਲੋਕ ਸਭਾ ਲੁਧਿਆਣਾ ਦੇ ਇੰਚਾਰਜ ਸ਼ਰਨਪਾਲ ਸਿੰਘ ਮੱਕੜ ਨੇ ਮੀਟਿੰਗ ਦੇ ਆਯੋਜਨ ਅਤੇ ਇਸਨੂੰ ਸਫਲ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ । ਸਿਸੋਦੀਆ ਨੇ ਸ਼ਰਨਪਾਲ ਸਿੰਘ ਮੱਕੜ ਨੂੰ ਸੀਨੀਅਰ ਚੇਅਰਮੈਨ ਦੀ ਵੱਕਾਰੀ ਭੂਮਿਕਾ ਸੰਭਾਲਣ 'ਤੇ ਆਪਣੀਆਂ ਨਿੱਘੀਆਂ ਵਧਾਈਆਂ ਵੀ ਦਿੱਤੀਆਂ। ਉਨ੍ਹਾਂ ਮੱਕੜ ਦੇ ਸਮਰਪਣ ਅਤੇ ਅਗਵਾਈ ਦੀ ਪ੍ਰਸ਼ੰਸਾ ਕੀਤੀ, ਵਿਸ਼ਵਾਸ ਪ੍ਰਗਟ ਕੀਤਾ ਕਿ ਉਹ ਲੁਧਿਆਣਾ ਵਿੱਚ ਆਪ ਦੇ ਸੰਗਠਨਾਤਮਕ ਅਧਾਰ ਨੂੰ ਹੋਰ ਮਜ਼ਬੂਤ ਕਰਨਗੇ। ਇਸ ਮੌਕੇ ਪਾਰਟੀ ਦੇ ਸੀਨੀਅਰ ਆਗੂ ਵਿਜੈ ਕੇ ਮੌਰੀਆ ਨਾਲ ਰਹੇ।

# ਸੰਗਤਾਂ ਨੂੰ ਮੂਲ-ਮੰਤਰ ਦੇ ਜਾਪ ਕਰਵਾਏ




ਲੁਧਿਆਣਾ 14 ਸਤੰਬਰ (ਰਵਿੰਦਰ ਸਿੰਘ ਨਿੱਝਰ/ਕਰਨੈਲ ਸਿੰਘ ਐੱਮ.ਏ.): ਦਰਬਾਰ ਸੰਪ੍ਰਦਾਇ ਸੰਤ ਆਸ਼ਰਮ ਲੋਪੋਂ ਵੱਲੋਂ ਸਮੂਹ ਸੰਗਤਾਂ ਦੇ ਵੱਡਮੁੱਲੇ ਸਹਿਯੋਗ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ 27ਵੇਂ ਤਿੰਨ ਦਿਨਾਂ ਧਾਰਮਿਕ ਨੂਰੀ ਦੀਵਾਨ ਦਾਣਾ ਮੰਡੀ, ਨਜ਼ਦੀਕ ਅਰੋੜਾ ਪੈਲੇਸ ਵਿਖੇ ਆਯੋਜਿਤ ਕੀਤੇ ਜਾ ਰਹੇ ਹਨ। ਪਿਛਲੇ ਦਿਨੀਂ ਆਰੰਭ ਕੀਤੇ ਗਏ ਸ੍ਰੀ ਅਖੰਡ-ਪਾਠ ਸਾਹਿਬ ਜੀ ਦੇ ਮੱਧ ਦੇ ਭੋਗ ਪਾਏ ਗਏ । ਸ਼ਾਮ ਦੇ ਦੀਵਾਨ ਵਿੱਚ ਸ੍ਰੀਮਾਨ ਸੰਤ ਜਗਜੀਤ ਸਿੰਘ ਲੋਪੋਂ ਸਾਹਿਬ ਵਾਲਿਆਂ ਨੇ ਸੰਗਤਾਂ ਨੂੰ ਨਾਮ ਬਾਣੀ ਨਾਲ ਜੋੜਦਿਆਂ ਆਤਮਕ ਜੀਵਨ ਬਾਰੇ ਪ੍ਰੇਰਨਾਦਾਇਕ ਬਚਨ ਕੀਤੇ। ਇਸ ਮੌਕੇ ਸੰਤ ਮਹਾਰਾਜ ਨੇ ਸੰਗਤਾਂ ਨੂੰ ਮੂਲ-ਮੰਤਰ ਦਾ ਜਾਪ ਵੀ ਕਰਵਾਇਆ, ਜਿਸ ਨਾਲ ਪੂਰੇ ਪੰਡਾਲ ਵਿੱਚ ਰੂਹਾਨੀ ਮਾਹੌਲ ਬਣ ਗਿਆ। ਸ਼ਾਮ ਦੇ ਸਮੇਂ ਹੀ ਕਵੀਸ਼ਰੀ ਜੱਥਿਆਂ ਮਨਜੀਤ ਸਿੰਘ ਲਾਡੀ, ਕੁਲਵੰਤ ਸਿੰਘ ਮਾਣੂੰਕੇ, ਰਾਜਨਜੀਤ ਸਿੰਘ ਲੁਧਿਆਣਾ, ਪ੍ਰਗਟ ਸਿੰਘ ਮੀਨੀਆਂ ਵੱਲੋਂ ਗੁਰੂ ਜੱਸ ਸੁਣਾ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਪ੍ਰਧਾਨ ਜੀਤ ਸਿੰਘ, ਚਮਕੌਰ ਸਿੰਘ, ਇੰਦਰਜੀਤ ਸਿੰਘ, ਕੁਲਦੀਪ ਸਿੰਘ, ਕੁਲਵਿੰਦਰ ਸਿੰਘ ਟੀਟੂ, ਪ੍ਰਿਤਪਾਲ ਸਿੰਘ, ਪ੍ਰੇਮ ਸਿੰਘ ਪੀ ਐਸ, ਹਰਧਿਆਨ ਸਿੰਘ, ਰਾਜੇਸ਼ ਕੁਮਾਰ, ਪ੍ਰਦੀਪ ਕੁਮਾਰ, ਹਰਪਾਲ ਸਿੰਘ, ਚਰਨ ਸਿੰਘ, ਦਰਸ਼ਨ ਸਿੰਘ, ਸਿਕੰਦਰ ਸਿੰਘ, ਸੁਖਜਿੰਦਰ ਸਿੰਘ, ਮਨਜਿੰਦਰ ਸਿੰਘ, ਤੇਜਾ ਸਿੰਘ, ਅਮਰਜੀਤ ਸਿੰਘ, ਗੁਰਮੀਤ ਸਿੰਘ, ਪਰਵਿੰਦਰ ਸਿੰਘ, ਕੁਲਦੀਪ ਕੌਰ, ਜਸਵੀਰ ਕੌਰ, ਜਸਵੀਰ ਕੌਰ, ਵਿਮਲਾ ਰਾਣੀ, ਗੁਰਦਿਆਲ ਕੌਰ, ਗੁਰਦੇਵ ਕੌਰ, ਕੁਲਦੀਪ ਕੌਰ, ਸਤਨਾਮ ਕੌਰ ਆਦਿ ਹਾਜ਼ਰ ਸਨ ।

# ਹੜ੍ਹਾਂ ਦੀ ਸਥਿਤੀ ਅਤੇ ਸਥਾਈ ਰੋਕਥਾਮ ਸਬੰਧੀ ਵਿਚਾਰ ਚਰਚਾ ਕਰਵਾਈ



ਲੁਧਿਆਣਾ, 14 ਸਤੰਬਰ (ਰਵਿੰਦਰ ਸਿੰਘ ਨਿੱਝਰ) : ਯੂਨਾਈਟਿਡ ਸਿੱਖਜ਼ ਦੇ ਨਿੱਘੇ ਸਹਿਯੋਗ ਨਾਲ ਗਿਆਨ ਪਰਗਾਸ ਟਰੱਸਟ ਵੱਲੋਂ ਅੱਜ ਗੁਰਦੁਆਰਾ ਸ੍ਰੀ ਅਕਾਲ ਬੁੰਗਾ, ਬੁੱਢੇਵਾਲ ਜ਼ਿਲ੍ਹਾ ਲੁਧਿਆਣਾ ਵਿਖੇ ਪੰਜਾਬ ਵਿੱਚ ਆਏ ਹੜ੍ਹਾਂ ਦੀ ਸਥਿਤੀ ਅਤੇ ਸਥਾਈ ਰੋਕਥਾਮ, ਪਿੰਡਾਂ ਦੀਆਂ ਸ਼ਾਮਲਾਟ ਜ਼ਮੀਨਾਂ ਨੂੰ ਬਚਾਉਣ ਦੇ ਨਾਲ-ਨਾਲ ਆਗਾਮੀ ਹੋਣ ਵਾਲੀਆਂ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਨੂੰ ਅੱਗੇ ਪਾਉਣ

ਸਬੰਧੀ ਵਿਸ਼ੇਸ਼ ਵਿਚਾਰ ਚਰਚਾ ਆਯੋਜਿਤ ਕੀਤੀ, ਜਿਸ ਅੰਦਰ ਗਿਆਨੀ ਕੇਵਲ ਸਿੰਘ ਸਾਬਕਾ ਜੱਥੇਦਾਰ ਤਖਤ ਸ੍ਰੀ ਤਲਵੰਡੀ ਸਾਬੋ ਨੇ ਕਿਹਾ ਕਿ ਅੱਜ ਪੰਜਾਬ ਕਈ ਤਰ੍ਹਾਂ ਦੀਆਂ ਵੱਡੀਆਂ ਸਿਆਸੀ, ਆਰਥਿਕ ਮੁਸ਼ਕਲਾਂ ਨਾਲ ਜਿੱਥੇ ਜੂਝ ਰਿਹਾ ਹੈ, ਉੱਥੇ ਭਿਆਨਕ ਹੜ੍ਹਾਂ ਦੀ ਮਾਰ ਦਾ ਸਾਹਮਣਾ ਵੀ ਕਰ ਰਿਹਾ ਹੈ ਜੋ ਕਿ ਸਮੁੱਚੇ ਪੰਜਾਬ ਲਈ ਇੱਕ ਵੱਡੀ ਤਰਾਸ਼ਦੀ ਹੈ, ਸੋ ਇਸ ਵੱਡੀ ਤਰਾਸ਼ਦੀ ਵਿੱਚੋਂ ਨਿਕਲਣ ਹੜ੍ਹਾਂ ਨੂੰ ਰੋਕਣ ਤੇ ਆਪਣੇ ਪਿੰਡਾਂ ਦੀਆਂ ਸ਼ਾਮਲਾਟ ਜ਼ਮੀਨਾਂ ਨੂੰ ਬਚਾਉਣ ਸਬੰਧੀ ਵਿਆਪਕ ਠੋਸ ਨੀਤੀ ਬਣਾਉਣ ਲਈ ਸਮੁੱਚੇ ਪੰਜਾਬੀਆਂ ਨੂੰ ਪੂਰੀ ਇਕਜੁੱਟਤਾ ਦਿਖਾਉਣੀ ਪਵੇਗੀ ਤਾਂ ਹੀ ਪੰਜਾਬ ਦੇ ਪਿੰਡਾਂ ਤੇ ਪੰਜਾਬ ਨੂੰ ਬਚਾਇਆ ਜਾ ਸਕਦਾ ਹੈ। ਇਸ ਦੌਰਾਨ ਸੀਨੀਅਰ ਪੱਤਰਕਾਰ ਹਮੀਰ ਸਿੰਘ, ਪ੍ਰਮੁੱਖ ਸਿਆਸੀ ਚਿੰਤਕ ਡਾ. ਪਿਆਰੇ ਲਾਲ ਗਰਗ ਨੇ ਕਿਹਾ ਕਿ ਵਿਕਾਸ ਦੀ ਤੀਬਰ ਗਤੀ ਦੀ ਆੜ ਹੇਠ ਕੁਦਰਤੀ ਵਸੀਲੀਆ, ਵਾਤਾਵਰਨ ਤੇ ਪਾਣੀਆਂ ਦਾ ਹੋ ਰਿਹਾ ਘਾਣ ਸਮੁੱਚੇ ਸੰਸਾਰ ਲਈ ਖਤਰੇ ਦੀ ਘੰਟੀ ਹੈ, ਖਾਸ ਕਰਕੇ ਜਲਵਾਯੂ ਪ੍ਰਤੀ ਸਾਡੇ ਦੇਸ਼ ਦੀਆਂ ਸਰਕਾਰਾਂ ਦੀ ਲਾਹਪ੍ਰਵਾਹੀ, ਸਾਡੀਆਂ ਨਿੱਜੀ ਖੁਦਗਰਜੀਆਂ, ਕੁਦਰਤੀ ਪਾਣੀ ਦੀ ਸਿਆਸਤ ਨਾਲ ਹੋ ਰਿਹਾ ਖਿਲਵਾੜ ਇੱਕ ਗੰਭੀਰ ਮਸਲਾ ਬਣ ਚੁੱਕਾ ਹੈ! ਜਿਸਦੇ ਸਦਕਾ ਅੱਜ ਪੰਜਾਬ ਵਾਸੀਆਂ ਨੂੰ ਭਿਆਨਕ ਹੜ੍ਹਾਂ ਦਾ ਸੰਤਾਪ ਭੋਗਣਾ ਪੈ ਰਿਹਾ ਹੈ। ਉਨ੍ਹਾਂ ਨੇ ਆਪਣੇ ਸ਼ਬਦਾਂ ਵਿੱਚ ਕਿਹਾ ਕਿ ਦੂਜੇ ਪਾਸੇ ਪੰਜਾਬ ਅੰਦਰ ਜਿਸ ਢੰਗ ਨਾਲ ਪਿੰਡਾਂ ਦੀਆਂ ਸ਼ਾਮਲਾਟ ਜ਼ਮੀਨਾਂ ਉਪਰ ਨਜਾਇਜ਼ ਕਬਜ਼ਿਆਂ ਦਾ ਰੁਝਾਨ ਚੱਲ ਰਿਹਾ ਹੈ। ਉਹ ਵੀ ਸਿੱਧੇ ਰੂਪ ਵਿੱਚ ਇੱਕ ਖਤਰਨਾਕ ਰੁਝਾਨ ਤੇ ਕੁਦਰਤੀ ਸਮਤੋਲਵਾਲੀਆਂ ਜ਼ਮੀਨਾਂ ਨੂੰ ਬਰਬਾਦ ਕਰਨ ਵਾਲਾ ਮਸਲਾ ਹੈ। ਜਿਸ ਤੋਂ ਸਮੁੱਚੇ ਪੰਜਾਬੀਆਂ ਨੂੰ ਸੁਚੇਤ ਹੋਣ ਦੀ ਲੋੜ ਹੈ।

ਵਿਚਾਰ ਚਰਚਾ ਦੌਰਾਨ ਸ.ਕਰਨੈਲ ਸਿੰਘ ਜਖੇਪਲ ਪ੍ਰਮੁੱਖ ਆਗੂ ਪਿੰਡ ਬਚਾਉ, ਪੰਜਾਬ ਬਚਾਉ ਲਹਿਰ, ਦਰਸ਼ਨ ਸਿੰਘ ਆਗੂ ਆਈ.ਡੀ.ਪੀ, ਜਸਕੀਰਤ ਸਿੰਘ ਆਗੂ ਬੁੱਢਾ ਨਾਲਾ ਬਚਾਉ ਐਕਸ਼ਨ ਕਮੇਟੀ ਤੇ ਵਾਤਾਵਰਣ ਪ੍ਰੇਮੀ, ਡਾ. ਖੁਸ਼ਹਾਲ ਸਿੰਘ ਚੰਡੀਗੜ੍ਹ, ਜਨਾਬ ਅਬਦੁੱਲ ਸ਼ਕੂਰ ਆਗੂ ਜਮਾਤ-ਏ-ਇਸਲਾਮੀਆਂ

ਸਮੇਤ ਕਈ ਪ੍ਰਮੁੱਖ ਚਿੰਤਕਾਂ ਨੇ ਆਪਣੇ ਖੋਜ ਭਰਪੂਰ ਵਿਚਾਰਾਂ ਦੀ ਸਾਂਝ ਪਾਈ ਅਤੇ ਉਪਰੋਕਤ ਮੁੱਦਿਆ ਦੇ ਹੱਲ ਲਈ ਸਮੂਹ ਪੰਜਾਬੀਆਂ ਨੂੰ ਇੱਕ ਸਾਂਝੀ ਲੋਕ ਰਾਏ ਬਣਾਉਣ ਦਾ ਸੱਦਾ ਦਿੱਤਾ। ਵਿਚਾਰ ਚਰਚਾ ਦੀ ਸਮਾਪਤੀ ਮੌਕੇ ਗਿਆਨ ਪ੍ਰਕਾਸ਼ ਟਰੱਸਟ ਦੇ ਪ੍ਰਮੁੱਖ ਸ. ਸਲੋਚਨਬੀਰ ਸਿੰਘ ਨੇ ਸਮੂਹ ਬੁਲਾਰਿਆਂ, ਸ਼ਖਸੀਅਤਾਂ ਅਤੇ ਸੰਗਤਾਂ ਦਾ ਧੰਨਵਾਦ ਪ੍ਰਗਟ ਕੀਤਾ। ਇਸ ਮੌਕੇ ਸ. ਅੰਮ੍ਰਿਤਪਾਲ ਸਿੰਘ ਡਾਇਰੈਕਟਰ ਪੰਜਾਬ ਯੂਨਾਇਟਿਡ ਸਿੱਖਜ਼, ਸੁਰਿੰਦਰ ਸਿੰਘ ਮੱਕੜ, ਸ. ਮੇਜਰ ਸਿੰਘ, ਪ੍ਰੀਤਮ ਸਿੰਘ, ਭੁਪਿੰਦਰ ਸਿੰਘ ਮੱਕੜ, ਕਰਨਲ ਰਿਟਾ. ਜੇ. ਐਸ ਗਿੱਲ, ਸ. ਗੁਰਦੀਪ ਸਿੰਘ ਪ੍ਰਧਾਨ ਵਿਸੇਸ਼ ਤੌਰ 'ਤੇ ਹਾਜ਼ਰ ਸਨ।

# ਬਾਬਾ ਬੁੱਢਾ ਜੀ ਦੀ ਯਾਦ ਨੂੰ ਸਮਰਪਿਤ ਕੀਰਤਨ ਸਮਾਗਮ ਕਰਵਾਇਆ



ਲੁਧਿਆਣਾ, 14 ਸਤੰਬਰ (ਰਵਿੰਦਰ ਸਿੰਘ ਨਿੱਝਰ): ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਐਕਸਟੈਂਸ਼ਨ ਦੀ ਪ੍ਰਬੰਧਕ ਕਮੇਟੀ ਵੱਲੋਂ ਬੀਤੀ ਰਾਤ ਗੁਰਦੁਆਰਾ ਸਾਹਿਬ ਵਿਖੇ ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਦੀ ਯਾਦ ਨੂੰ ਸਮਰਪਿਤ ਚੱਲ ਰਹੀ ਹਫਤਾਵਾਰੀ ਕੀਰਤਨ ਸਮਾਗਮ ਲੜੀ ਅੰਦਰ ਪੰਥ ਪ੍ਰਸਿੱਧ ਕੀਰਤਨੀਏ ਭਾਈ ਹਰਵਿੰਦਰ ਸਿੰਘ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲਿਆ ਦੇ ਕੀਰਤਨੀ ਜੱਥੇ ਨੇ ਆਪਣੀਆਂ ਹਾਜ਼ਰੀਆਂ ਭਰ ਕੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਰਾਹੀਂ ਨਿਹਾਲ ਕੀਤਾ । ਸਮਾਪਤੀ ਮੌਕੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਵੱਲੋਂ ਕੀਰਤਨੀ ਜੱਥੇ ਦੇ ਮੈਂਬਰਾਂ ਨੂੰ ਸਿਰੋਪਾਉ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਕੀਰਤਨ ਸਮਾਗਮ ਅੰਦਰ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ, ਮਹਿੰਦਰ ਸਿੰਘ ਡੰਗ, ਅੱਤਰ ਸਿੰਘ ਮੱਕੜ ਰਜਿੰਦਰ ਸਿੰਘ ਡੰਗ, ਬਲਬੀਰ ਸਿੰਘ ਭਾਟੀਆ, ਹਰਪਾਲ ਸਿੰਘ ਖਾਲਸਾ , ਹਰਮੀਤ ਸਿੰਘ ਡੰਗ, ਸੁਖਵਿੰਦਰ ਸਿੰਘ ਹੈਪੀ ਕੋਚਰ, ਹਰਵਿੰਦਰ ਸਿੰਘ ਕੋਹਲੀ, ਗੁਰਦੀਪ ਸਿੰਘ ਡੀਮਾਰਟੇ, ਨਰਿੰਦਰਪਾਲ ਸਿੰਘ ਕਥੂਰੀਆ, ਭੁਪਿੰਦਰ ਸਿੰਘ ਜੁਨੇਜਾ, ਪ੍ਰੇਮ ਸਿੰਘ, ਅਵਤਾਰ ਸਿੰਘ ਬੀ.ਕੇ, , ਅਵਤਾਰ ਸਿੰਘ ਮਿੱਡਾ ਅਤੇ ਮਨਮੋਹਨ ਸਿੰਘ ਵੀ ਹਾਜ਼ਰ ਸਨ ।

# ਸੰਪਰਦਾਇ ਕਾਰ ਸੇਵਾ ਸਰਹਾਲੀ ਸਾਹਿਬ ਵੱਲੋਂ ਹੜ੍ਹ ਪੀੜਤ ਪਰਿਵਾਰਾਂ ਦੀ ਮਦਦ ਲਈ 500 ਕਰੋੜ ਰਾਹਤ ਰਕਮ ਦੇਣ ਦਾ ਐਲਾਨ



ਡੇਹਲੋਂ /ਆਲਮਗੀਰ, 14 ਸਤੰਬਰ (ਅਮਰਜੀਤ ਸਿੰਘ ਸੰਧੂ) : ਪੰਜਾਬ ਵਿੱਚ ਆਏ ਭਿਆਨਕ ਹੜ੍ਹਾਂ ਦੀ ਸਥਿਤੀ ਨੂੰ ਧਿਆਨ ਵਿੱਚ ਰੱਖਦਿਆਂ ਹੋਏ ਸੰਪਰਦਾਇ ਕਾਰ ਸੇਵਾ ਸੰਤ ਬਾਬਾ ਤਾਰਾ ਸਿੰਘ ਜੀ ਸਰਹਾਲੀ ਸਾਹਿਬ ਦੀ ਪ੍ਰੇਰਣਾ ਨਾਲ ਬਾਬਾ ਹਾਕਮ ਸਿੰਘ ਜੀ ਵੱਲੋਂ ਹੜ੍ਹ ਪੀੜਤ ਇਲਾਕਿਆਂ ਅਤੇ ਪਰਿਵਾਰਾਂ ਦੀ ਮਦਦ ਲਈ 500 ਕਰੋੜ ਰੁਪਏ ਦੀ ਵਿਸ਼ੇਸ਼ ਰਾਹਤ ਰਕਮ ਦੇਣ ਦਾ ਐਲਾਨ ਕੀਤਾ ਗਿਆ ਹੈ।ਇਸ ਮੌਕੇ ਸਰਵ ਸੇਵਾ ਸਸ਼ਕਤੀਕਰਨ ਸੰਸਥਾਨ ਦੇ ਰਾਸ਼ਟਰੀ ਪ੍ਰਧਾਨ ਸੁਨੀਲ ਪਾਲ ਜੀ ਨੇ ਬਾਬਾ ਹਾਕਮ ਸਿੰਘ ਜੀ ਨਾਲ ਮੁਲਾਕਾਤ ਕਰਕੇ ਇਸ ਮਨੁੱਖਤਾ ਭਰੇ ਤੇ ਕਾਬਿਲ-ਏ-ਤਾਰੀਫ਼ ਉਪਰਾਲੇ ਲਈ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਹ ਸਹਿਯੋਗ ਨਾ ਸਿਰਫ਼ ਹੜ੍ਹ ਪੀੜਤਾਂ ਦੇ ਪੁਨਰਵਾਸ ਲਈ ਮੀਲ ਪੱਥਰ ਸਾਬਤ ਹੋਵੇਗਾ, ਸਗੋਂ ਪੰਜਾਬ ਦੀ ਸੇਵਾ ਭਾਵਨਾ ਪਰੰਪਰਾ ਨੂੰ ਵੀ ਹੋਰ ਮਜ਼ਬੂਤ ਕਰੇਗਾ।

ਵੰਡ ਛੱਕਣਾ ਸਿੱਖੀ ਦਾ ਸੁੰਦਰ ਨਿਯਮ ਹੈ।

ਸੇਵਾ ਕਰਤ ਹੋਇ ਨਿਹਕਾਮੀ ॥ ਤਿਸ ਕਉ ਹੋਤ ਪਰਾਪਤਿ ਸੁਆਮੀ ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)

ਇਸ ਮੌਕੇ 'ਤੇ ਗੁਰਦੀਪ ਸਿੰਘ ਗੋਸ਼ਾ ਨੇ ਬਾਬਾ ਜੀ ਦਾ ਧੰਨਵਾਦ ਕਰਦੇ ਬੋਲਦੇ ਕਿਹਾ ਬਾਬਾ ਹਾਕਮ ਸਿੰਘ ਜੀ ਦਾ ਇਹ ਕਦਮ ਸਮਾਜ ਲਈ ਪ੍ਰੇਰਨਾਦਾਇਕ ਹੈ ਅਤੇ ਆਫ਼ਤ ਦੀ ਇਸ ਘੜੀ ਵਿੱਚ ਸਮੂਹਕ ਸਹਿਯੋਗ ਦੀ ਵੱਡੀ ਮਿਸਾਲ ਪੇਸ਼ ਕਰਦਾ ਹੈ।

# ਐਸ.ਐਮ.ਓ. ਵੱਲੋਂ ਲਗਾਏ ਦੋਸ਼ਾਂ ਦੀ ਵਿਧਾਇਕਾ ਮਾਣੂੰਕੇ ਤੇ ਪ੍ਰੋ. ਸੁਖਵਿੰਦਰ ਸਿੰਘ ਨੇ ਮੰਗੀ ਨਿਰਪੱਖ ਜਾਂਚ




ਜਗਰਾਉਂ, 14 ਸਤੰਬਰ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ) : ਹਲਕਾ ਜਗਰਾਉਂ ਦੇ ਵਿਧਾਇਕਾ ਬੀਬੀ ਸਰਵਜੀਤ ਕੌਰ ਮਾਣੂੰਕੇ ਅਤੇ ਉਹਨਾਂ ਦੇ ਪਤੀ ਪ੍ਰੋਫੈਸਰ ਸੁਖਵਿੰਦਰ ਸਿੰਘ ਵੱਲੋਂ ਐਸ.ਐਮ.ਓ.ਜਗਰਾਉਂ ਹਰਜੀਤ ਸਿੰਘ ਵੱਲੋਂ ਲਗਾਏ ਝੂਠੇ ਦੋਸ਼ਾਂ ਵਿਰੁੱਧ ਮੋਰਚਾ ਖੋਲ੍ਹਦਿਆਂ ਪੰਜਾਬ ਵਿਧਾਨ ਸਭਾ ਦੇ ਮਾਣਯੋਗ ਸਪੀਕਰ ਕੁਲਤਾਰ ਸਿੰਘ ਸੰਧਵਾਂ, ਸਿਹਤ ਮੰਤਰੀ ਪੰਜਾਬ ਡਾ. ਬਲਵੀਰ ਸਿੰਘ, ਪ੍ਰਿੰਸੀਪਲ ਸਕੱਤਰ ਸਿਹਤ ਵਿਭਾਗ ਪੰਜਾਬ ਅਤੇ ਐਸ. ਐਸ.ਪੀ.ਜਗਰਾਉਂ ਨੂੰ ਦਰਖਾਸਤਾਂ ਦੇ ਕੇ ਮੰਗ ਕੀਤੀ ਹੈ ਕਿ ਮਾਮਲੇ ਦੀ ਨਿਰਪੱਖ ਜਾਂਚ ਕੀਤੀ ਜਾਵੇ ਅਤੇ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਕਰਕੇ ਲੋਕਾਂ ਦੇ ਸਾਹਮਣੇ ਰੱਖਿਆ ਜਾਵੇ ਅਤੇ ਪੂਰੀ ਪੜਤਾਲ ਕਰਕੇ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਇੱਕ ਵਿਧਾਇਕ ਤੇ ਉਸ ਦੇ ਪਤੀ ਦਾ ਸਮਾਜ ਵਿੱਚ ਅਕਸ ਖਰਾਬ ਕਰਨ ਵਾਲੇ ਐਸ. ਐਮ. ਓ. ਹਰਜੀਤ ਸਿੰਘ ਵਿਰੁੱਧ ਮੁਕੱਦਮਾ ਦਰਜ ਕਰਕੇ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇ। ਇਸ ਸਬੰਧ ਵਿੱਚ ਜਾਣਕਾਰੀ ਦਿੰਦੇ ਹੋਏ ਵਿਧਾਇਕਾ ਸਰਵਜੀਤ ਕੌਰ ਮਾਣੂੰਕੇ ਨੇ ਦੱਸਿਆ ਕਿ ਐਸ.ਐਮ.ਓ.ਜਗਰਾਉਂ ਡਾ. ਹਰਜੀਤ ਸਿੰਘ ਇੱਕ ਲਾ-ਪ੍ਰਵਾਹ ਅਫ਼ਸਰ ਹੈ ਅਤੇ ਉਸ ਦੇ ਵਿਰੁੱਧ ਪਹਿਲਾਂ ਤੋਂ ਹੀ ਅਪਰਾਧਿਕ ਮਾਮਲੇ ਚੱਲ ਰਹੇ ਹਨ । ਇਸ ਤੋਂ ਇਲਾਵਾ ਐਸ. ਐਮ. ਓ.ਅਧੀਨ ਕੰਮ ਕਰ ਰਹੀ ਇੱਕ ਮਹਿਲਾ ਪਾਰਟ ਟਾਈਮ ਵਰਕਰ ਵੱਲੋਂ 07 ਮਈ 2025 ਨੂੰ ਮਾਣਯੋਗ ਮੁੱਖ ਮੰਤਰੀ ਪੰਜਾਬ, ਮਾਣਯੋਗ ਗਵਰਨਰ ਪੰਜਾਬ, ਪ੍ਰਿੰਸੀਪਲ ਸਕੱਤਰ (ਸਿਹਤ ਵਿਭਾਗ) ਪੰਜਾਬ ਅਤੇ ਨੈਸ਼ਨਲ ਕਮਿਸ਼ਨ ਫਾਰ ਵੂਮੈਨ ਇੰਡੀਆ ਨੂੰ ਵੀ ਸ਼ਿਕਾਇਤਾਂ ਕੀਤੀਆਂ ਹੋਈਆਂ ਹਨ। ਵਿਧਾਇਕਾ ਮਾਣੂੰਕੇ ਨੇ ਹੋਰ ਦੱਸਿਆ ਕਿ ਐਸ. ਐਮ. ਓ.ਡਾ. ਹਰਜੀਤ ਸਿੰਘ ਦੇ ਸਟਾਫ਼ ਵੱਲੋਂ ਵੀ ਦੁਖੀ ਹੋਕੇ ਡਾਇਰੈਕਟਰ ਸਿਹਤ ਵਿਭਾਗ ਅਤੇ ਸਿਵਲ ਸਰਜਨ ਨੂੰ ਸ਼ਿਕਾਇਤਾਂ ਕੀਤੀਆਂ ਹੋਈਆਂ ਹਨ ਅਤੇ ਹਲਕੇ ਦੇ ਐਮ.ਐਲ.ਏ. ਹੋਣ ਕਰਕੇ ਅਕਸਰ ਹੀ ਐਸ.ਐਮ.ਓ.ਡਾ.ਹਰਜੀਤ ਸਿੰਘ ਵਿਰੁੱਧ ਲੋਕਾਂ ਦੀਆਂ ਸ਼ਿਕਾਇਤਾਂ ਉਹਨਾਂ ਨੂੰ ਮਿਲਦੀਆਂ ਰਹਿੰਦੀਆਂ ਹਨ। ਵਿਧਾਇਕਾ ਮਾਣੂੰਕੇ ਨੇ ਦੱਸਿਆ ਕਿ ਉਹਨਾਂ ਵੱਲੋਂ ਪੰਜਾਬ ਸਰਕਾਰ ਕੋਲੋਂ ਕਰੋੜਾਂ ਰੁਪਏ ਮਨਜ਼ੂਰ ਕਰਵਾਕੇ ਸਿਵਲ ਹਸਪਤਾਲ ਜਗਰਾਉਂ ਵਿਖੇ ਜੱਚਾ ਬੱਚਾ ਹਸਪਤਾਲ ਬਣਵਾਇਆ ਗਿਆ ਅਤੇ ਸਿਵਲ ਹਸਪਤਾਲ ਜਗਰਾਉਂ ਵਧੀਆ ਸਿਹਤ ਸਹੂਲਤਾਂ ਤੇ ਸਫਾਈ ਪੱਖੋਂ ਸਾਲ 2022-23 ਦੌਰਾਨ ਦੇਸ਼ ਭਰ ਵਿੱਚੋਂ ਪਹਿਲੇ ਸਥਾਨ 'ਤੇ ਰਿਹਾ। ਪਰੰਤੂ ਡਾ.ਹਰਜੀਤ ਸਿੰਘ ਨੇ ਜਦੋਂ ਤੋਂ ਸਿਵਲ ਹਸਪਤਾਲ ਜਗਰਾਉਂ ਵਿਖੇ ਬਤੌਰ ਐਸ.ਐਮ.ਓ. ਦਾ ਚਾਰਜ ਸੰਭਾਲਿਆ ਹੈ, ਉਸੇ ਸਮੇਂ ਤੋਂ ਹੀ ਸਿਵਲ ਹਸਪਤਾਲ ਜਗਰਾਉਂ ਦਾ ਬੁਰਾ ਹਾਲ ਹੈ ਅਤੇ ਮਰੀਜ਼ਾਂ ਨੂੰ ਲੋੜੀਂਦੀਆਂ ਸਹੂਲਤਾਂ ਵੀ ਨਹੀਂ ਮਿਲਦੀਆਂ। ਵਿਧਾਇਕਾ ਮਾਣੂੰਕੇ ਨੇ ਅੱਜ ਸਿਵਲ ਹਸਪਤਾਲ ਜਾ ਕੇ ਮਰੀਜ਼ਾਂ ਦਾ ਹਾਲ ਵੀ ਜਾਣਿਆ ਅਤੇ ਦੱਸਿਆ ਕਿ ਜੱਚਾ-ਬੱਚਾ ਹਸਪਤਾਲ ਦੀ ਲਿਫ਼ਟ ਲਗਭਗ ਡੇਢ ਸਾਲ ਤੋਂ ਖਰਾਬ ਹੈ, ਠੀਕ ਨਹੀਂ ਕਰਵਾਈ ਜਾ ਰਹੀ, ਜਨਰਲ ਵਾਰਡ ਵਿੱਚ ਏ.ਸੀ. ਖਰਾਬ ਹਨ, ਹਸਪਤਾਲ ਵਿੱਚ ਲਗਭਗ 460 ਚਾਦਰਾਂ ਹਨ, ਪਰੰਤੂ ਮਰੀਜ਼ਾਂ ਦੀਆਂ ਚਾਦਰਾਂ ਬਦਲੀ ਨਹੀਂ ਕੀਤੀਆਂ ਜਾਂਦੀਆਂ, ਬਾਥਰੂਮਾਂ ਵਿੱਚ ਸਫਾਈ ਦਾ ਬੁਰਾ ਹਾਲ ਤੇ ਹਸਪਤਾਲ ਵਿੱਚ ਥਾਂ-ਥਾਂ ਕੂੜੇ ਦੇ ਢੇਰ ਲੱਗੇ ਰਹਿੰਦੇ ਹਨ, ਅਲਟਰਾ ਸਾਊਂਡ ਵਾਲੇ ਕਮਰੇ ਨੂੰ ਜਿੰਦਾ ਲਗਾਕੇ ਰੱਖਿਆ ਜਾਂਦਾ ਤੇ ਲੋਕਾਂ ਦੇ ਅਲਟਰਾ ਸਾਊਂਡ ਕਰਨ ਦੀ ਬਜਾਇ ਬਾਹਰੋਂ ਕਰਵਾਉਣ ਲਈ ਕਹਿੰਦੇ ਹਨ। ਇਸ ਤੋਂ ਬਿਨਾਂ ਮਰੀਜ਼ਾਂ ਦੇ ਡਾਈਪਰ ਆਦਿ ਬਦਲੀ ਕਰਨ ਲਈ ਸੌ-ਸੌ ਰੁਪਏ ਦੀ ਮੰਗ ਕੀਤੀ ਜਾਂਦੀ ਹੈ। ਜਿਸ ਕਾਰਨ ਐਸ.ਐਮ.ਓ. ਵੱਲੋਂ ਲੋਕਾਂ ਵਿੱਚ ਪੰਜਾਬ ਸਰਕਾਰ ਦਾ ਵੀ ਅਕਸ ਵੀ ਧੁੰਦਲਾ ਕੀਤਾ ਜਾ ਰਿਹਾ ਹੈ। ਇਸ ਲਈ ਜਦੋਂ ਲੋਕਾਂ ਦੀਆਂ ਸਮੱਸਿਆਵਾਂ ਅਤੇ ਹਸਪਤਾਲ ਦੀ ਸਫਾਈ ਸਬੰਧੀ ਬਤੌਰ ਵਿਧਾਇਕ ਐਸ.ਐਮ.ਓ. ਨੂੰ ਅਸੀਂ ਜ਼ਰੂਰ ਕਹਿੰਦੇ ਹਾਂ, ਤਾਂ ਐਸ. ਐਮ. ਓ.ਆਪਣੀਆਂ ਨਲਾਇਕੀਆਂ ਛੁਪਾਉਣ ਲਈ ਸਾਡੇ ਉਪਰ ਜਾਣਬੁੱਝ ਕੇ ਦੋਸ਼ ਲਗਾਉਂਦਾ ਹੈ। ਵਿਧਾਇਕਾ ਮਾਣੂੰਕੇ ਨੇ ਐਸ.ਐਮ.ਓ. ਵੱਲੋਂ ਲਗਾਏ ਝੂਠੇ ਦੋਸ਼ਾਂ ਬਾਰੇ ਸਪੱਸ਼ਟ ਕਰਦਿਆਂ ਦੱਸਿਆ ਕਿ ਐਸ.ਐਮ.ਓ. ਡਾ.ਹਰਜੀਤ ਸਿੰਘ ਜਿਸ ਡੋਪ ਟੈਸਟ ਦਾ ਜ਼ਿਕਰ ਕਰ ਰਿਹਾ ਹੈ, ਉਸ ਵਿਅਕਤੀ ਵੱਲੋਂ ਆਪਣਾ ਡੋਪ ਟੈਸਟ ਕਰਵਾਉਣ ਲਈ 15 ਜੁਲਾਈ 2025 ਨੂੰ ਪਰਚੀ ਕਟਵਾਈ ਗਈ ਸੀ, ਪਰੰਤੂ ਡੇਢ ਮਹੀਨੇ ਦੇ ਲਗਭਗ ਸਮਾਂ ਬੀਤ ਜਾਣ 'ਤੇ ਵੀ ਐਸ.ਐਮ.ਓ.ਵੱਲੋਂ ਉਕਤ ਵਿਅਕਤੀ ਦਾ ਡੋਪ ਟੈਸਟ ਨਹੀਂ ਕੀਤਾ ਜਾ ਰਿਹਾ ਸੀ । ਜਿਸ ਕਾਰਨ ਦੁਖੀ ਹੋ ਕੇ ਉਕਤ ਵਿਅਕਤੀ ਨੇ ਆਪ ਆਗੂ ਸਾਜਨ ਮਲਹੋਤਰਾ ਨੂੰ ਸਮੱਸਿਆ ਦੱਸੀ ।

# ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੀ 81ਵੀਂ ਵਰ੍ਹੇਗੰਢ ਮਨਾਈ



ਲੁਧਿਆਣਾ, 14 ਸਤੰਬਰ (ਰਵਿੰਦਰ ਸਿੰਘ ਨਿੱਝਰ): ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੀ 81 ਵੀ ਵਰ੍ਹੇਗੰਢ ਅੱਜ ਲੁਧਿਆਣਾ ਵਿੱਖੇ ਫੈਡਰੇਸ਼ਨ ਦੇ ਸਾਬਕਾ ਆਗੂ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਗੁਰਦੀਪ ਸਿੰਘ ਲੀਲ ਦੀ ਅਗਵਾਈ ਹੇਠ ਕਰਾਇਆ। ਇਸ ਸਮਾਗਮ 'ਚ ਮੁੱਖ ਮਹਿਮਾਨ ਵੱਜੋਂ ਪਹੁੰਚੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਜਥੇਦਾਰ ਨਛੱਤਰ ਸਿੰਘ ਸਿੱਧੂ, ਸਾਬਕਾ ਪੁਲਿਸ ਅਫ਼ਸਰ ਰਘਬੀਰ ਸਿੰਘ, ਜਥੇਦਾਰ ਚਰਨ ਸਿੰਘ, ਜਗਤਾਰ ਸਿੰਘ ਐਤੀਆਨਾ ਜੀ ਪਹੁੰਚੇ ਸਭ ਤੋਂ ਪਹਿਲਾ ਫੈਡਰੇਸ਼ਨ ਦੇ ਸਾਬਕਾ ਆਗੂ ਸੰਦੀਪ ਸਿੰਘ ਖੋਸਾ ਅਤੇ ਹਰਦੇਵ ਸਿੰਘ ਢੋਲਣ ਨੇ ਸਭ ਨੂੰ ਜੀ ਆਇਆ ਕਿਹਾ ਇਸ ਸਮੇਂ ਗੁਰਦੀਪ ਸਿੰਘ ਲੀਲ ਨੇ ਕਿਹਾ ਕਿ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਸ਼੍ਰੋਮਣੀ ਅਕਾਲੀ ਦਲ ਦਾ ਇੱਕ ਹਰਿਆਵਲ ਦਸਤਾ ਹੈ ਜਿਸ ਸ਼੍ਰੋਮਣੀ ਅਕਾਲੀ ਦਲ ਦੀਆਂ ਸਰਕਾਰਾ ਬਣਾਉਣ 'ਚ ਬਹੁਤ ਅਹਿਮ ਰੋਲ ਅਦਾ ਕੀਤਾ ਹੈ। ਇਸ ਸਮੇਂ ਲੀਲ ਵਿਚਾਰ ਸਾਂਝੇ ਕਰਦੇ ਕਿਹਾ ਪੰਜਾਬੀ ਮਾਂ ਬੋਲੀ ਨੂੰ ਪ੍ਰਫੁੱਲਤ ਕਰਨਾ ਪੰਜਾਬੀ ਬੋਲੀ 'ਤੇ ਡੱਟ ਕੇ ਪਹਿਰਾ ਦੇਣਾ ਪ੍ਰਾਈਵੇਟ ਸਕੂਲਾਂ 'ਚ ਪੰਜਾਬੀ ਪੜ੍ਹਾਉਣਾ ਲਾਜ਼ਮੀ ਕਰਨਾ ਹੈ ।ਸਮੁੱਚੇ ਫੈਡਰੇਸ਼ਨ ਆਗੂਆਂ ਨੂੰ ਬੇਨਤੀ ਕੀਤੀ ਕਿ ਸਮੁੱਚੀਆਂ ਪੰਥਕ ਧਿਰਾ 'ਚ ਏਕਤਾ ਕਰਾਉਣ ਅਹਿਮ ਰੋਲ ਅਦਾ ਕਰਨ ਸਾਰੀਆਂ ਪੰਥਕ ਧਿਰਾਂ ਨੂੰ ਸਿੱਖ ਕੌਮ ਦੇ ਸਰਬ-ਉੱਚ ਅਸਥਾਨ ਸ੍ਰੀ ਅਕਾਲ ਤਖਤ ਜੀ ਦੀ ਰਹਿਮੁਨਾਈ ਹੇਠ ਇਕੱਠਾ ਕਰਨ। ਇਸ ਸਮੇਂ ਮਾਸਟਰ ਬਲਰਾਜ ਸਿੰਘ ਨੇ ਕਿਹਾ ਨੌਜਵਾਨਾਂ ਨੂੰ ਸਿੱਖੀ ਸਰੂਪ ਚਿਹਰਿਆਂ 'ਚ ਲਿਆਉਣਾ, ਦਸਤਾਰ ਅਤੇ ਸਰਦਾਰ ਦੀ ਮਹਾਨਤਾ ਤੋਂ ਜਾਣੂੰ ਕਰਾਉਣਾ ਚਾਹੀਦਾ ਹੈ। ਜਗਦੀਸ਼ ਸਿੰਘ ਬਿੱਟੂ ਨੇ ਕਿਹਾ ਨੌਜਵਾਨਾਂ ਨੂੰ ਨਸ਼ੇ ਦੀ ਦਲਦਲ 'ਚੋਂ ਕੱਢਣ 'ਚ ਠੋਸ ਉਪਰਾਲਾ ਕਰ ਰਹੇ ਹਾਂ। ਇਸ ਸਮੇਂ ਜਥੇਦਾਰ ਨਛੱਤਰ ਸਿੰਘ ਸਿੱਧੂ ਨੇ ਕਿਹਾ ਨੌਜਵਾਨ ਵਰਗ ਨੂੰ ਸਿੱਖੀ ਦੇ ਪ੍ਰਚਾਰ ਪ੍ਰਸਾਰ ਲਈ ਪ੍ਰੇਰਿਤ ਕਰਨਾ, ਨੌਜਵਾਨ ਵਰਗ ਨੂੰ ਗੁਰਸ਼ਬਦ ਨਾਲ ਜੋੜਨਾ ਫੈਡਰੇਸ਼ਨ ਦਾ ਮੁੱਢਲਾ ਫਰਜ਼ ਹੈ। ਇਸ ਸਮੇਂ ਫੈਡਰੇਸ਼ਨ ਦੇ ਸਾਬਕਾ ਆਗੂ ਹਰਦੇਵ ਸਿੰਘ ਢੋਲਣ ਨੇ ਫੈਡਰੇਸ਼ਨ ਨੇ ਦੇਸ਼ ਅਤੇ ਕੌਮ ਦੇ ਲਈ ਯੋਗ ਅਗਵਾਈ ਆਗੂ ਪੈਦਾ ਕੀਤੇ ਜਿਨ੍ਹਾਂ ਨੇ ਦੇਸ਼ ਦੇ ਉੱਚ ਅਹੁਦੇ 'ਤੇ ਸੇਵਾ ਨਿਭਾਈ ਤੇ ਵੱਖ ਵੱਖ ਰਾਜਨੀਤਕ ਤੇ ਧਾਰਮਿਕ ਖੇਤਰਾਂ 'ਚ ਸੇਵਾ ਨਿਭਾ ਰਹੇ ਹਨ। ਅੰਤ 'ਚ ਸਭ ਦਾ ਧੰਨਵਾਦ ਸੰਦੀਪ ਸਿੰਘ ਖੋਸਾ ਨੇ ਕਰਦਿਆਂ ਕਿਹਾ ਫੈਡਰੇਸ਼ਨ ਨੌਜਵਾਨਾਂ ਦੇ ਮਸਲਿਆਂ 'ਤੇ ਡੱਟ ਕੇ ਪਹਿਰਾ ਦੇ ਰਹੀ ਹੈ। ਇਸ ਮੀਟਿੰਗ 'ਚ ਗੁਰਦੀਪ ਸਿੰਘ ਲੀਲ , ਸੰਦੀਪ ਸਿੰਘ ਖੋਸਾ , ਜਥੇਦਾਰ ਨਛੱਤਰ ਸਿੰਘ ਸਿੱਧੂ, ਰਘਬੀਰ ਸਿੰਘ , ਜਗਤਾਰ ਸਿੰਘ ਐਤੀਆਨਾ , ਹਰਦੇਵ ਸਿੰਘ ਢੋਲਣ, ਜਗਦੀਸ਼ ਸਿੰਘ ਜੱਸੋਵਾਲ , ਮਾਸਟਰ ਬਲਰਾਜ ਸਿੰਘ , ਕੁਲਦੀਪ ਸਿੰਘ ਖਾਲਸਾ, ਜਗਦੀਸ ਸਿੰਘ ਬਿੱਟੂ, ਜਥੇਦਾਰ ਚਰਨ ਸਿੰਘ, ਮਨਮੋਹਣ ਸਿੰਘ ਮੋਹਣੀ , ਰਵਿੰਦਰ ਸਿੰਘ ਬੇਦੀ , ਜਸਵਿੰਦਰ ਸਿੰਘ ਖੱਟੜ , ਭੁਪਿੰਦਰ ਸਿੰਘ ਕਾਕਾ ਆਦਿ ਹਾਜ਼ਰ ਸਨ

# ਸਰਕਾਰ ਹੜ੍ਹ ਪੀੜਤ ਨੂੰ ਪੂਰਾ ਮੁਆਵਜ਼ਾ ਦੇਵੇ : ਬਾਬਾ ਜਸਵੰਤ ਸਿੰਘ, ਕਮਲਜੀਤ ਕੌਰ ਕਮਲ

ਲੁਧਿਆਣਾ, 14 ਸਤੰਬਰ (ਰਵਿੰਦਰ ਸਿੰਘ ਨਿੱਝਰ) : ਵਿਮੈਨ ਜਸਟਿਸ ਆਰਗਨਾਈਜੇਸ਼ਨ ਦੀ ਇੱਕ ਮੀਟਿੰਗ ਸ਼ਹੀਦ ਭਗਤ ਸਿੰਘ ਲੁਧਿਆਣਾ ਵਿਖੇ ਹੋਈ। ਮੀਟਿੰਗ ਦੌਰਾਨ ਸੰਸਥਾ ਦੇ ਉਪ ਚੇਅਰਮੈਨ ਬਾਬਾ ਜਸਵੰਤ ਸਿੰਘ ਲਾਲ ਬੱਤੀ ਵਾਲੇ ਅਤੇ ਪ੍ਰਧਾਨ ਕਮਲਜੀਤ ਕੌਰ ਕਮਲ ਨੇ ਕਿਹਾ ਕਿ ਸਰਕਾਰ ਨੂੰ ਪੰਜਾਬ ਵਿਚਲੇ ਹੜ੍ਹ ਪੀੜਤਾਂ ਦੀ ਪੂਰੀ ਮਦਦ ਕਰਨੀ ਚਾਹੀਦੀ ਹੈ ਅਤੇ ਥੋੜ੍ਹੀ ਮੋਟੀ ਮਦਦ ਦਾ ਐਲਾਨ ਕਰਕੇ ਪੱਲਾ ਝਾੜਨ ਵਾਲੀ ਗੱਲ ਨਹੀਂ ਕਰਨੀ ਚਾਹੀਦੀ। ਬਾਬਾ ਜਸਵੰਤ ਸਿੰਘ ਨੇ ਆਖਿਆ ਕਿ ਇੱਕ ਮੱਝ ਪਿੱਛੇ ਸਾਢੇ 37 ਹਜ਼ਾਰ ਰੁਪਏ ਦੇਣੇ ਪਸ਼ੂ ਪਾਲਕਾਂ ਨੂੰ ਮਜ਼ਾਕ ਕਰਨ ਵਾਲੀ ਗੱਲ ਹੈ ਕਿਉਂਕਿ ਹਰ ਕੋਈ ਜਾਣਦਾ ਹੈ ਕਿ ਪੰਜਾਬ ਵਿੱਚ ਇੱਕ ਮੱਝ ਇੱਕ ਲੱਖ ਰੁਪਏ ਤੋਂ ਘੱਟ ਨਹੀਂ ਆਉਂਦੀ। ਇਸ ਲਈ ਪ੍ਰਤੀ ਮੱਝ ਲੱਖ ਰੁਪਿਆ ਐਲਾਨਿਆ ਜਾਵੇ। ਇਸੇ ਤਰ੍ਹਾਂ ਹੋਰ ਨੁਕਸਾਨ ਦਾ ਮੁਆਵਜ਼ਾ ਵੀ ਮਾਰਕੀਟ ਰੇਟ ਦੇ ਮੁਤਾਬਕ ਦਿੱਤਾ ਜਾਵੇ। ਕਮਲਜੀਤ ਕੌਰ ਨੇ ਆਖਿਆ ਕਿ ਸਰਕਾਰ ਕਿਸਾਨਾਂ ਨੂੰ ਘਰ ਬਣਾਉਣ ਲਈ 40 ਹਜ਼ਾਰ ਰੁਪਿਆ ਦੇਣ ਬਾਰੇ ਕਹਿ ਰਹੀ ਹੈ ਜਦੋਂ ਕਿ 40 ਹਜ਼ਾਰ ਰੁਪਏ ਦੇ ਨਾਲ ਅੱਜ ਕੱਲ ਇੱਕ ਕਮਰਾ ਵੀ ਨਹੀਂ ਬਣਦਾ ਇਸ ਲਈ ਹੜ੍ਹਾਂ ਕਾਰਨ ਜਿੰਨਾ ਕਿਸਾਨਾਂ ਦੇ ਘਰ ਢਹਿ ਗਏ ਹਨ ਉਹਨਾਂ ਨੂੰ ਘੱਟੋ ਘੱਟ 5 ਲੱਖ ਰੁਪਿਆ ਦਿੱਤਾ ਜਾਵੇ ਅਤੇ ਜਿਨ੍ਹਾਂ ਦੇ ਘਰਾਂ ਨੂੰ ਘੱਟ ਨੁਕਸਾਨ ਹੋਇਆ ਹੈ ਉਹਨਾਂ ਨੂੰ ਵੀ ਨੁਕਸਾਨ ਦੇ ਅਨੁਸਾਰ ਤਿੰਨ ਚਾਰ ਲੱਖ ਰੁਪਏ ਦੀ ਰਾਸ਼ੀ ਦਿੱਤੀ ਜਾਵੇ । ਉਹਨਾਂ ਕਿਹਾ ਕਿ ਸਰਕਾਰ ਦੇ ਮੰਤਰੀ ਵਿਧਾਇਕ ਚੇਅਰਮੈਨ ਆਪਣੀਆਂ ਤਨਖਾਹਾਂ ਅਤੇ ਪੱਤਿਆਂ 'ਤੇ ਕੰਟਰੋਲ ਕਰਕੇ ਬਚਿਆ ਪੈਸਾ ਹੜ੍ਹ ਪੀੜਤਾਂ ਦੀ ਮਦਦ ਲਈ ਦੇਣ ਤਾਂ ਕਿ ਹੜ੍ਹਾਂ ਕਾਰਨ ਜਿਨ੍ਹਾਂ ਲੋਕਾਂ ਦੇ ਮਕਾਨ ਢਹੇ ਹਨ, ਪਸ਼ੂ ਮਰੇ ਹਨ ਅਤੇ ਫਸਲਾਂ ਦਾ ਨੁਕਸਾਨ ਹੋਇਆ ਹੈ, ਉਹਨਾਂ ਨੂੰ ਮੁੜ ਆਪਣੇ ਪੈਰਾਂ 'ਤੇ ਖੜੇ ਹੋਣ ਵਿੱਚ ਮਦਦ ਕੀਤੀ ਜਾ ਸਕੇ। ਇਸ ਮੌਕੇ ਪਰਮਿੰਦਰ ਸਿੰਘ ਅਤੇ ਵਿਕਾਸ ਕੁਮਾਰ ਆਦਿ ਵੀ ਮੌਜੂਦ ਸਨ।

# ਪ੍ਰਧਾਨ ਮੰਤਰੀ ਦੇ ਬਹੁਤੇ ਦੌਰੇ ਜਨਤਾ ਨਾਲ ਸਿਰਫ਼ ਮਜ਼ਾਕ : ਹਾਕਮ ਬਖਤੜੀ ਵਾਲਾ



ਲੁਧਿਆਣਾ, 14 ਸਤੰਬਰ (ਰਵਿੰਦਰ ਸਿੰਘ ਨਿੱਝਰ ): ਉੱਘੇ ਸਮਾਜ ਸੇਵਕ ਤੇ ਲੋਕ ਗਾਇਕ ਕਲਾ ਮੰਚ ਇੰਟਰਨੈਸ਼ਨਲ ਦੇ ਕੌਮੀ ਪ੍ਰਧਾਨ ਹਾਕਮ ਬਖਤੜੀ ਵਾਲਾ ਨੇ ਆਖਿਆ ਹੈ ਕਿ ਪਿਛਲੇ ਸਮੇਂ 'ਤੇ ਝਾਤ ਮਾਰੀਏ ਤਾਂ ਇਹ ਗੱਲ ਸਾਹਮਣੇ ਆ ਜਾਵੇਗੀ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਦੇਸ਼ ਦੇ ਕਈ ਸੂਬਿਆਂ ਵਿਚਲੇ ਦੌਰੇ ਜੋ ਕਿ ਅਸਲ ਵਿੱਚ ਜ਼ਖਮਾਂ 'ਤੇ ਮੱਲ੍ਹਮ ਲਗਾਉਣ ਦਾ ਢੰਡੋਰਾ ਪਿੱਟਣ ਵਾਲੀ ਗੱਲ ਹੁੰਦੀ ਹੈ ਪਰੰਤੂ ਇਹ ਦੌਰੇ ਅਸਲ ਵਿੱਚਜਨਤਾ ਨਾਲ ਕੋਝਾ ਮਜ਼ਾਕ ਸਿੱਧ ਹੁੰਦੇ ਹਨ ਅਤੇ ਕਈ ਵਾਰ ਤਾਂ ਜ਼ਖਮਾਂ 'ਤੇ ਮੱਲ੍ਹਮ ਲਗਾਉਣ ਦੀ ਬਜਾਏ ਇਹ ਦੌਰੇ ਜ਼ਖਮਾਂ ਨੂੰ ਹੋਰ ਉਦੇੜਨ ਵਿੱਚ ਹੀ ਮਦਦ ਕਰਦੇ ਹਨ। ਉਹਨਾਂ ਕਿਹਾ ਕਿ ਕੁਝ ਦਿਨ ਪਹਿਲਾਂ ਪ੍ਰਧਾਨ ਮੰਤਰੀ ਨੇ ਪੰਜਾਬ ਦਾ ਦੌਰਾ ਕੀਤਾ ਸੀ ਅਤੇ ਸਿਰਫ 1600 ਕਰੋੜ ਰੁਪਏ ਦੇਣ ਦਾ ਐਲਾਨ ਕੀਤਾ ਸੀ ਜਦੋਂ ਕਿ ਪੰਜਾਬ ਵਿੱਚ ਲੋਕਾਂ ਦਾ 20 ਹਜ਼ਾਰ ਕਰੋੜ ਤੋਂ ਵੱਧ ਦਾ ਨੁਕਸਾਨ ਹੋ ਚੁੱਕਾ ਹੈ । ਇਸ ਲਈ ਇਸ ਦੌਰੇ ਨੂੰ ਮਜ਼ਾਕ ਤੋਂ ਵੱਧ ਕੁਝ ਨਹੀਂ ਆਖਿਆ ਜਾ ਸਕਦਾ। ਹਾਲਾਂਕਿ ਪੰਜਾਬ ਦੇ ਭਾਜਪਾਈ ਅਸਲੀਅਤ ਵੱਲੋਂ ਅੱਖਾਂ ਮੋੜ ਕੇ 1600 ਕਰੋੜ ਰੁਪਏ ਨੂੰ ਬਹੁਤ ਵੱਡੀ ਰਕਮ ਸਮਝਦਿਆਂ ਹੋਇਆਂ ਪ੍ਰਧਾਨ ਮੰਤਰੀ ਦਾ ਧੰਨਵਾਦ ਕਰਦੇ ਨਹੀਂ ਥੱਕਦੇ ਜਦੋਂ ਕਿ ਅਸਲ ਵਿੱਚ ਇਸ ਨਾਲ ਨੁਕਸਾਨ ਦੀ 10 ਫੀਸਦੀ ਪੂਰਤੀ ਵੀ ਨਹੀਂ ਕੀਤੀ ਜਾ ਸਕਦੀ । ਇਸੇ ਤਰ੍ਹਾਂ ਮਨੀਪੁਰ ਦਾ ਦੌਰਾ ਵੀ ਮਜ਼ਾਕ ਹੀ ਹੈ ਕਿਉਂਕਿ ਦੋ ਸਾਲ ਤੋਂ ਉੱਥੇ ਹਿੰਸਾ ਭੜਕ ਰਹੀ ਹੈ ਪਰੰਤੂ ਪ੍ਰਧਾਨ ਮੰਤਰੀ ਨੇ ਮਨੀਪੁਰ ਵੱਲ ਮੂੰਹ ਨਹੀਂ ਕੀਤਾ ਅਤੇ ਦੋ ਸਾਲਾਂ ਵਿੱਚ ਵਿਦੇਸ਼ਾਂ ਦੇ ਤਾਂ ਦੋ ਦਰਜਨ ਤੋਂ ਵੀ ਵੱਧ ਦੌਰੇ ਕਰ ਲਏ ਹੋਣਗੇ ਪ੍ਰੰਤੂ ਮਨੀਪੁਰ ਜਾਣ ਦੀ ਖੇਚਲ ਨਹੀਂ ਕੀਤੀ। ਹੁਣ ਜੇਕਰ ਉਹ ਮਨੀਪੁਰ ਗਏ ਵੀ ਹਨ ਤਾਂ ਵੀ ਉਹਨਾਂ ਦਾ ਇਹ ਦੌਰਾ ਲੋਕਾਂ ਨਾਲ ਉਥੋਂ ਦੇ ਪੀੜਤ ਲੋਕਾਂ ਨਾਲ ਕੋਝਾ ਮਜ਼ਾਕ ਸਿੱਧ ਹੋ ਰਿਹਾ ਹੈ ਕਿਉਂਕਿ ਉਹਨਾਂ ਨੇ ਅਜਿਹਾ ਕੋਈ ਐਲਾਨ ਨਹੀਂ ਕੀਤਾ ਜਿਸ ਨਾਲ ਕਿ ਮਨੀਪੁਰ ਦੇ ਪੀੜਿਤ ਲੋਕਾਂ ਦੇ ਜ਼ਖਮਾਂ 'ਤੇ ਮਲ੍ਹਮ ਲਗਾਈ ਜਾ ਸਕੇ।

# ਦਹਾਕਿਆਂ ਪੁਰਾਣੀਆਂ ਸਮੱਸਿਆਵਾਂ ਹੱਲ ਕਰਕੇ ਲੋਕਾਂ ਦੇ ਵਿਸ਼ਵਾਸ 'ਤੇ ਮੋਹਰ ਲਗਾਈ : ਸੌਂਦ



ਲੁਧਿਆਣਾ, 14 ਸਤੰਬਰ (ਵਿਸ਼ਾਲ ਸ਼ਰਮਾ) ਵਿਧਾਨ ਸਭਾ ਹਲਕਾ ਖੰਨਾ ਤੋਂ ਵਿਧਾਇਕ ਅਤੇ ਪੰਜਾਬ ਦੇ ਪੇਂਡੂ ਵਿਕਾਸ ਤੇ ਪੰਚਾਇਤ, ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ, ਕਿਰਤ ਅਤੇ ਪ੍ਰਾਹੁਣਚਾਰੀ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਵੱਲੋਂ ਐਤਵਾਰ ਨੂੰ ਪਾਰਟੀ ਦਫਤਰ ਖੰਨਾ ਵਿੱਚ ਆਪਣੇ ਹਲਕੇ ਦੇ ਲੋਕਾਂ ਦੀਆਂ ਸਮੱਸਿਆਵਾਂ ਸੁਣਨ ਲਈ ਮੇਰਾ ਹਲਕਾ ਮੇਰਾ ਪਰਿਵਾਰ ਪ੍ਰੋਗਰਾਮ ਤਹਿਤ ਇੱਕ ਵਿਸ਼ਾਲ ਲੋਕ ਮਿਲਣੀ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਜਿੱਥੇ ਉਨ੍ਹਾਂ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ, ਉੱਥੇ ਨਾਲ ਹੀ ਉਨ੍ਹਾਂ ਦਾ ਨਿਬੇੜਾ ਵੀ ਕਰਵਾਇਆ ਗਿਆ। ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਕਿਹਾ ਹੈ ਕਿ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪੰਜਾਬ ਦੇ ਆਵਾਮ ਨੇ ਆਮ ਆਦਮੀ ਪਾਰਟੀ 'ਤੇ ਵਿਸ਼ਵਾਸ ਪ੍ਰਗਟ ਕਰਕੇ ਜੋ ਜ਼ਿੰਮੇਵਾਰੀ ਸ੍ਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੂੰ ਸੌਂਪੀ ਹੈ, ਉਸ ਯਕੀਨ ਨੂੰ ਕਾਇਮ ਰੱਖ ਕੇ ਸਰਕਾਰ ਨੇ ਦਹਾਕਿਆ ਪੁਰਾਣੀਆਂ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਸਫਲਤਾ ਪ੍ਰਾਪਤ ਕੀਤੀ ਹੈ। ਲੋਕਾਂ ਦੇ ਭਰੋਸੇ 'ਤੇ ਅਸੀਂ ਖਰੇ ਉਤਰੇ ਹਾਂ ਇਸੇ ਲਈ ਹਰੇਕ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੂੰ ਮਿਸਾਲੀ ਜਨਤਕ ਫਤਵਾ ਮਿਲਿਆ ਹੈ। ਤਰੁਨਪ੍ਰੀਤ ਸਿੰਘ ਸੌਂਦ ਨੇ ਕਿਹਾ ਕਿ ਉਹਨਾਂ ਨੂੰ ਖੰਨਾ ਹਲਕੇ ਦੇ ਵਿਧਾਇਕ ਦੀ ਜ਼ਿੰਮੇਵਾਰੀ ਮਿਲੀ ਹੈ ਅਤੇ ਸਾਢੇ ਤਿੰਨ ਸਾਲ ਵਿੱਚ ਇਸ ਹਲਕੇ ਦੇ ਪਿੰਡਾਂ ਅਤੇ ਸ਼ਹਿਰ ਦਾ ਰਿਕਾਰਡ ਵਿਕਾਸ ਕਰਵਾਇਆ ਹੈ ਜਿਸ ਨੇ ਪਿਛਲੇ 75 ਸਾਲ ਵਿੱਚ ਹੋਈ ਵਿਕਾਸ ਨੂੰ ਨਿਗੁਣਾ ਕਰ ਦਿੱਤਾ ਹੈ। ਉਹਨਾਂ ਕਿਹਾ ਕਿ ਅੱਜ ਸਾਡੇ ਹਲਕੇ ਦੇ ਹਰ ਪਿੰਡ ਵਿੱਚ ਕੋਈ ਨਾ ਕੋਈ ਵਿਕਾਸ ਦਾ ਕੰਮ ਚੱਲ ਰਿਹਾ ਹੈ। ਸਰਕਾਰੀ ਸਕੂਲਾਂ ਦੀ ਨੁਹਾਰ ਬਦਲ ਗਈ ਹੈ । ਸਿਹਤ ਸਹੂਲਤਾਂ ਲੋਕਾਂ ਦੇ ਦਰਾਂ ਤੇ ਉਪਲੱਬਧ ਕਰਵਾਈਆਂ ਗਈਆਂ ਹਨ। ਸਰਕਾਰੀ ਸਕੂਲਾਂ ਵਿੱਚ ਚਾਰ ਦੀਵਾਰੀ, ਲੈਬੋਰੇਟਰੀ, ਲਾਇਬ੍ਰੇਰੀ ਕਲਾਸ ਰੂਮ, ਵਾਈਫਾਈ ਇੰਟਰਨੈਟ, ਫਰਨੀਚਰ, ਟਰਾਂਸਪੋਰਟ, ਸੁਰੱਖਿਆ ਗਾਰਡ, ਕੈਂਪਸ ਮੈਨੇਜਰ ਵਰਗੀਆਂ ਸਹੂਲਤਾਂ ਮਿਲ ਰਹੀਆਂ ਹਨ। ਪਿੰਡਾਂ ਦੇ ਟੋਬੇ ਤੇ ਛੱਪੜਾਂ ਦੀ ਸਫਾਈ, ਖੇਡ ਮੈਦਾਨ, ਕਮਿਊਨਿਟੀ ਸੈਂਟਰਾਂ ਦੀ ਉਸਾਰੀ, ਓਪਨ ਜਿੰਮ, ਸੋਲਰ ਲਾਇਟਾਂ, ਪੀਣ ਲਈ ਸ਼ੁੱਧ ਜਲ ਸਪਲਾਈ, ਬਰਸਾਤੀ ਅਤੇ ਗੰਦੇ ਪਾਣੀ ਦੀ ਨਿਕਾਸੀ ਵਰਗੀਆਂ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ।

ਉਨ੍ਹਾਂ ਕਿਹਾ ਕਿ ਅਸੀਂ ਸੇਵਾ ਦੀ ਭਾਵਨਾ ਨਾਲ ਕੰਮ ਕਰ ਰਹੇ ਹਾਂ ਜਿਹੜੇ ਵੀ ਮਾਮਲੇ ਸਾਡੇ ਧਿਆਨ ਵਿੱਚ ਆ ਰਹੇ ਹਨ ਉਹਨਾਂ ਦਾ ਸਮਾਂਬੱਧ ਹੱਲ ਕੀਤਾ ਜਾ ਰਿਹਾ ਹੈ। ਅੱਜ ਖੰਨਾ ਸ਼ਹਿਰ ਅਤੇ ਵੱਖ-ਵੱਖ ਪਿੰਡਾਂ ਤੋਂ ਆਏ ਸਰਪੰਚਾਂ, ਪੰਚਾਂ, ਪੰਤਵੱਤੇ ਲੋਕਾਂ ਨੇ ਆਪਣੀਆਂ ਸਮੱਸਿਆਵਾਂ ਦੱਸੀਆਂ ਜਿਹਨਾਂ ਨੂੰ ਸਮਾਂਬੱਧ ਰਹਿ ਕੇ ਹੱਲ ਕੀਤਾ ਜਾ ਰਿਹਾ ਹੈ। ਇਸ ਮੌਕੇ ਕੰਮ ਕਰਵਾਉਣ ਲਈ ਆਏ ਹੋਏ ਲੋਕਾਂ ਨੇ ਆਪਣੇ ਆਗੂ ਤਰੁਨਪ੍ਰੀਤ ਸਿੰਘ ਸੌਂਦ ਦੀ ਲੋਕ ਸੇਵਾ ਨੂੰ ਮਿਸਾਲੀ ਦੱਸਦਿਆਂ ਕਿਹਾ ਕਿ ਆਮ ਤੌਰ 'ਤੇ ਚੋਣਾਂ ਤੋਂ ਬਾਅਦ ਚੁਣੇ ਹੋਏ ਨੁਮਾਇੰਦੇ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਹੋ ਜਾਂਦੇ ਹਨ, ਪ੍ਰੰਤੂ ਖੰਨਾ ਹਲਕੇ ਦੇ ਲੋਕ ਇਹ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਨੇ ਜਿਹੜਾ ਆਗੂ ਚੁਣਿਆ ਹੈ, ਉਹ ਉਨ੍ਹਾਂ ਦੇ ਦੁੱਖ ਤਕਲੀਫਾਂ ਨੂੰ ਜਾਣਦਾ ਹੈ ਅਤੇ ਹਰ ਸਮੇਂ ਹਾਜ਼ਰ ਹੈ। ਉਨ੍ਹਾਂ ਕਿਹਾ ਕਿ ਸਮਾਜਿਕ, ਧਾਰਮਿਕ ਸਮਾਗਮਾਂ ਅਤੇ ਲੋਕਾਂ ਦੇ ਦੁੱਖ-ਸੁੱਖ ਵਿਚ ਹਰ ਸਮੇਂ ਹਾਜ਼ਰ ਹੈ । ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਦੇ ਸਰਕਾਰ ਦੇ ਹੋਰ ਪ੍ਰੋਗਰਾਮ ਯੁੱਧ ਨਸ਼ਿਆਂ ਵਿਰੁੱਧ ਅਤੇ ਸਿੱਖਿਆ ਕ੍ਰਾਂਤੀ ਦੇ ਪ੍ਰੋਗਰਾਮਾਂ ਵਿਚ ਵੀ ਆਪਣੇ ਆਗੂ ਤਰੁਨਪ੍ਰੀਤ ਸਿੰਘ ਸੌਂਦ ਦੀ ਅਣਥੱਕ ਮਿਹਨਤ ਨੂੰ ਨੇੜੇ ਤੋਂ ਦੇਖਿਆ ਹੈ ਅਤੇ ਆਪ ਦੇ ਵਰਕਰ ਉਨ੍ਹਾਂ ਦੀ ਕਾਰਗੁਜ਼ਾਰੀ ਤੋਂ ਪ੍ਰਭਾਵਿਤ ਹੋ ਕੇ ਖੁਦ ਅਜਿਹੇ ਕੈਂਪਾਂ ਵਿੱਚ ਲੋਕਾਂ ਦੀ ਸੇਵਾ ਵਿੱਚ ਨਜ਼ਰ ਆਏ ਹਨ । ਇਸ ਮੌਕੇ ਚੇਅਰਮੈਨ ਮਾਰਕੀਟ ਕਮੇਟੀ ਖੰਨਾ ਜਗਤਾਰ ਸਿੰਘ ਗਿੱਲ ਰਤਨਹੇੜੀ, ਜ਼ਿਲ੍ਹਾ ਪਲਾਨਿੰਗ ਬੋਰਡ ਦੇ ਮੈਂਬਰ ਮਾਸਟਰ ਅਵਤਾਰ ਸਿੰਘ ਦਹਿੜੂ, ਓ. ਐਸ.ਡੀ ਕਰਨ ਅਰੋੜਾ, ਕੌਂਸਲਰ ਸੁਨੀਲ ਕੁਮਾਰ ਨੀਟਾ, ਕੌਂਸਲਰ ਵਿੱਕੀ ਮਿਸ਼ਾਲ, ਸਾਬਕਾ ਕੌਂਸਲਰ ਗੁਰਮੇਲ ਸਿੰਘ ਕਾਲਾ, ਅਮਰਿੰਦਰ ਸਿੰਘ ਚਾਹਲ, ਮਨਸਾ ਸਿੰਘ, ਗੌਰਵ ਮੋਦਗਿੱਲ, ਗੁਰਮੁੱਖ ਸਿੰਘ, ਕਰਮਜੀਤ ਸਿੰਘ ਸਿਫਤੀ, ਸ਼ੇਰ ਸਿੰਘ ਮੰਡੇਰ ਤੋ ਇਲਾਵਾ ਖੰਨਾ ਹਲਕੇ ਦੇ ਸਰਪੰਚ, ਪੰਚਾਇਤ ਮੈਂਬਰ ਅਤੇ ਵੱਡੀ ਗਿਣਤੀ ਵਿੱਚ ਲੋਕਾਂ ਨੇ ਸ਼ਮੂਲੀਅਤ ਕੀਤੀ।

# ਪਿੰਡ ਬਰੂਵਾਲ ਵਿਖੇ ਪ੍ਰਵਾਸੀਆਂ ਵੱਲੋਂ ਝੁੱਗੀਆਂ ਪਾਉਣ 'ਤੇ ਸਥਾਨਕ ਲੋਕਾਂ ਦਾ ਵਿਰੋਧ



ਕੀਰਤਪੁਰ ਸਾਹਿਬ, 14 ਸਤੰਬਰ (ਬੀ.ਐਸ. ਰਾਣਾ): ਨਜ਼ਦੀਕੀ ਪਿੰਡ ਬਰੂਵਾਲ ਅਤੇ ਦਬੁੜ ਦੇ ਕੋਲ ਨੈਸ਼ਨਲ ਹਾਈਵੇ ਦੇ ਦੋਨੋਂ ਪਾਸਿਆਂ 'ਤੇ ਬੀਤੇ ਦਿਨਾਂ ਤੋਂ ਵੱਡੀ ਗਿਣਤੀ ਵਿੱਚ ਪ੍ਰਵਾਸੀ ਮਜ਼ਦੂਰਾਂ ਵੱਲੋਂ ਝੁੱਗੀਆਂ ਬਣਾਈਆਂ ਜਾ ਰਹੀਆਂ ਸਨ। ਅੱਜ ਇਸ ਮਾਮਲੇ 'ਤੇ ਸਥਾਨਕ ਲੋਕਾਂ ਨੇ ਇਕੱਠੇ ਹੋ ਕੇ ਵਿਰੋਧ ਕੀਤਾ ਤੇ ਪ੍ਰਸ਼ਾਸਨ ਕੋਲ ਕਾਰਵਾਈ ਦੀ ਮੰਗ ਕੀਤੀ। ਲੋਕਾਂ ਦਾ ਦੋਸ਼ ਸੀ ਕਿ ਪ੍ਰਵਾਸੀਆਂ ਵੱਲੋਂ ਆਪਣੇ ਪਤੇ ਬਾਰੇ ਗਲਤ ਜਾਣਕਾਰੀ ਦਿੱਤੀ ਗਈ, ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਤਾਂ ਉਨ੍ਹਾਂ ਨੇ ਨੂਰਪੁਰ ਬੇਦੀ ਦੇ ਕਾਹਨਪੁਰ ਪਿੰਡ ਨਾਲ ਸਬੰਧਤ ਹੋਣ ਦਾ ਦਾਅਵਾ ਕੀਤਾ, ਪਰ ਕੋਈ ਦਸਤਾਵੇਜ਼ ਜਾਂ ਆਧਾਰ ਕਾਰਡ ਨਹੀਂ ਦਿਖਾਇਆ। ਮੌਕੇ 'ਤੇ ਪਹੁੰਚੀ ਪੁਲੀਸ ਨੇ ਜਦੋਂ ਉਨ੍ਹਾਂ ਦੇ ਆਧਾਰ ਕਾਰਡ ਚੈਕ ਕੀਤੇ ਤਾਂ ਉਹਨਾਂ 'ਤੇ ਹੁਸ਼ਿਆਰਪੁਰ ਦੇ ਪਤੇ ਦਰਜ ਸਨ। ਇਸ ਕਾਰਨ ਲੋਕਾਂ ਵਿੱਚ ਗੁੱਸਾ ਹੋਰ ਵੱਧ ਗਿਆ ਤੇ ਉਨ੍ਹਾਂ ਨੇ ਪੁਲੀਸ ਪ੍ਰਸ਼ਾਸਨ ਨੂੰ ਪ੍ਰਵਾਸੀਆਂ ਨੂੰ ਮੌਕੇ ਤੋਂ ਹਟਾਉਣ ਦੀ ਅਪੀਲ ਕੀਤੀ। ਦੱਸਣਯੋਗ ਹੈ ਕਿ ਪੁਲਿਸ ਵੱਲੋਂ ਪੁੱਛਗਿੱਛ ਦੌਰਾਨ ਪ੍ਰਵਾਸੀਆਂ ਨੇ ਖੁਦ ਕਬੂਲਿਆ ਕਿ ਹਾਲਾਂਕਿ ਇਸ ਵੇਲੇ ਉਹਨਾਂ ਦੀ ਗਿਣਤੀ ਲਗਭਗ 20 ਹੈ, ਪਰ ਉਹਨਾਂ ਦੇ ਨਾਲ ਜੁੜੇ ਹੋਰ ਕਰੀਬ 150 ਵਿਅਕਤੀ ਵੀ ਇੱਥੇ ਆ ਕੇ ਰਿਹਾਇਸ਼ ਬਣਾਉਣ ਵਾਲੇ ਸਨ। ਇਸ ਖੁਲਾਸੇ ਤੋਂ ਬਾਅਦ ਸਥਾਨਕ ਲੋਕਾਂ ਦੀ ਚਿੰਤਾ ਹੋਰ ਵੱਧ ਗਈ।ਗੌਰਤਲਬ ਹੈ ਕੇ ਪਿਛਲੇ ਦਿਨੀਂ ਹੁਸ਼ਿਆਰਪੁਰ ਵਿਖੇ ਇੱਕ ਪ੍ਰਵਾਸੀ ਵੱਲੋਂ ਬੱਚੇ ਨਾਲ ਸਰੀਰਕ ਸ਼ੋਸ਼ਣ ਕਰਨ ਤੋਂ ਬਾਅਦ ਉਸ ਦੀ ਹੱਤਿਆ ਕਰਨ ਦੀ ਘਟਨਾ ਸਾਹਮਣੇ ਆਈ ਸੀ। ਇਸ ਤੋਂ ਬਾਅਦ ਸੂਬੇ ਦੇ ਕਈ ਹਿੱਸਿਆਂ ਵਿੱਚ ਪ੍ਰਵਾਸੀਆਂ ਦੇ ਖ਼ਿਲਾਫ਼ ਰੋਸ ਵੱਧ ਰਿਹਾ ਹੈ। ਸਥਾਨਕ ਜ਼ਮੀਨ ਮਾਲਕਾਂ ਵੱਲੋਂ ਪੁਲਿਸ ਨੂੰ ਸੂਚਿਤ ਕਰਨ 'ਤੇ ਪ੍ਰਵਾਸੀਆਂ ਦੀਆਂ ਝੁੱਗੀਆਂ ਹਟਵਾ ਦਿੱਤੀਆਂ ਗਈਆਂ। ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਉਹ ਆਪਣੀ ਪੰਚਾਇਤ ਵੱਲੋਂ ਮਤਾ ਪਾਸ ਕਰਵਾਉਣਗੇ ਤਾਂ ਜੋ ਬਿਨਾਂ ਕਿਸੇ ਪੁਖਤਾ ਜਾਣਕਾਰੀ ਵਾਲੇ ਲੋਕਾਂ ਨੂੰ ਖੁੱਲ੍ਹੇ ਇਲਾਕਿਆਂ ਵਿੱਚ ਵਸਣ ਨਾ ਦਿੱਤਾ ਜਾਵੇ।

# ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ ਨਾਲ ਸਿੱਖਿਆ ਵਿਭਾਗ ਦੀ ਜਥੇਬੰਦੀ ਦੀ ਹੋਈ ਮੀਟਿੰਗ



ਗੁਰਦਾਸਪੁਰ, 14 ਸਤੰਬਰ (ਜਗੀਰ ਸਿੰਘ ਮੰਡ/ਐਮ.ਨਾਹਰ): ਪਿਛਲੀ ਦਿਨੀਂ ਸਿੱਖਿਆ ਵਿਭਾਗ ਦੇ ਜਥੇਬੰਦੀ ਦੀ ਮੀਟਿੰਗ ਡਾਇਰੈਕਟਰ ਸਿੱਖਿਆ ਵਿਭਾਗ ਸੈਕੰਡਰੀ ਪੰਜਾਬ ਗੁਰਿੰਦਰ ਸਿੰਘ ਸੋਢੀ ਨਾਲ ਬਹੁਤ ਹੀ ਸੁਖਾਵੇਂ ਮਾਹੌਲ ਵਿਚ ਹੋਈ, ਜਿਸ ਵਿਚ ਕਲੈਰੀਕਲ ਸਾਥੀਆਂ ਦੀ ਹਰੇਕ ਮੰਗ ਨੂੰ ਵਿਸਥਾਰਪੂਰਵਕ ਰੱਖਿਆ ਗਿਆ, ਇਸ ਸਬੰਧੀ ਡੀ.ਪੀ.ਆਈ. ਪੰਜਾਬ ਵੱਲੋਂ ਵਿਸ਼ਵਾਸ ਦਿਵਾਇਆ ਗਿਆ ਕਿ ਜਥੇਬੰਦੀ ਦੀਆਂ ਰਹਿੰਦੀਆਂ ਮੰਗਾਂ ਨੂੰ ਜਲਦ ਪੂਰਾ ਕਰਨ ਸਬੰਧੀ ਕਾਰਵਾਈ ਕੀਤੀ ਜਾਵੇਗੀ ਤੇ ਜਥੇਬੰਦੀ ਨੂੰ ਅਗਲੇ ਹਫਤੇ ਮੀਟਿੰਗ ਲਈ ਬੁਲਾਇਆ ਜਾਵੇਗਾ ਤੇ ਜਿਹੜੀਆਂ ਮੰਗਾਂ ਸਿੱਖਿਆ ਵਿਭਾਗ ਸਕੱਤਰ ਪੰਜਾਬ ਨੂੰ ਭੇਜੀਆਂ ਜਾਣੀਆਂ ਹਨ, ਉਨ੍ਹਾਂ ਦੇ ਵਿਸਥਾਰਪੂਰਵਕ ਅਲੱਗ-ਅਲੱਗ ਮੰਗ ਪੱਤਰ ਦੇਣ ਸਬੰਧੀ ਜਥੇਬੰਦੀ ਨੂੰ ਕਿਹਾ ਗਿਆ ਤੇ ਇਸ ਨਾਲ ਹੀ ਸੀਨੀਅਰ ਸਹਾਇਕ ਦੀਆਂ ਰਹਿੰਦੀਆਂ ਪ੍ਰਮੋਸ਼ਨਾਂ ਸਬੰਧੀ ਇਕ ਹਫਤੇ ਵਿਚ ਅਗਲੇਰੀ ਕਾਰਵਾਈ ਕਰਨ ਦਾ ਭਰੋਸਾ ਵੀ ਦਿੱਤਾ ਗਿਆ।ਇਸ ਮੌਕੇ ਡੀ.ਪੀ.ਆਈ. ਪੰਜਾਬ ਵੱਲੋਂ ਐਲਏ ਦੀਆਂ ਪੋਸਟਾਂ ਦਫ਼ਤਰਾਂ ਵਿਚ ਦੇਣ ਲਈ ਜਥੇਬੰਦੀ ਵੱਲੋਂ ਧੰਨਵਾਦ ਕੀਤਾ। ਇਸ ਮੌਕੇ ਰਾਜਦੀਪਕ ਗੁਪਤਾ, ਪਠਾਨਕੋਟ ਨਿਸ਼ਾਨ ਸਿੰਘ ਤੇ ਹਰਵਿੰਦਰ ਸਿੰਘ ਤਰਨ ਤਾਰਨ ਹਰਦੀਪ ਸਿੰਘ, ਨਵਾਂ ਸ਼ਹਿਰ ਦਲਜੀਤ ਸਿੰਘ, ਫਤਹਿਗੜ੍ਹ ਸਾਹਿਬ, ਜਸਵਿੰਦਰ ਸਿੰਘ ਫਾਜ਼ਿਲਕਾ, ਤਜਿੰਦਰ ਸਿੰਘ ਜਲੰਧਰ, ਗੁਰਸ਼ਰਨ ਸਿੰਘ ਪਟਿਆਲਾ ਆਦਿ ਹਾਜ਼ਰ ਸਨ।

# ਹਲਕਾ ਦੀਨਾਨਗਰ ਹੜ੍ਹ ਪ੍ਰਭਾਵਿਤਾਂ ਪਿੰਡ ਸ਼ਮਸ਼ੇਰਪੁਰ ਮਰਾੜਾ ਚੰਡੀਗੜ੍ਹ ਤੇ ਮਕੌੜਾ ਪੱਤਨ ਦਾ ਗਰਾਊਂਡ ਜ਼ੀਰੋ 'ਤੇ ਲਿਆ ਜਾਇਜ਼ਾ: ਸੋਢੀ



ਗੁਰਦਾਸਪੁਰ, 14 ਸਤੰਬਰ (ਜਸਵਿੰਦਰ ਸਿੰਘ): ਹਲਕਾ ਦੀਨਾਨਗਰ ਦੇ ਪਿੰਡ ਸ਼ਮਸ਼ੇਰਪੁਰ ਮਰਾੜਾ ਚੰਡੀਗੜ੍ਹ ਤੇ ਮਕੌੜਾ ਪੱਤਨ ਦਾ ਗਰਾਉਂਡ ਜੀਰੋ 'ਤੇ ਲਿਆ ਜਾਇਜ਼ਾ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਗੁਰਪ੍ਰੀਤ ਸਿੰਘ ਸੋਢੀ ਜ਼ਿਲ੍ਹਾ ਯੋਜਨਾ ਬੋਰਡ ਮੈਂਬਰ ਗੁਰਦਾਸਪੁਰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਬਲਾਕ ਪ੍ਰਧਾਨ ਮਨਿੰਦਰ ਪਾਲ ਸਿੰਘ ਹਨੀ ਦਿਓਲ ਬਲਾਕ ਪ੍ਰਧਾਨ ਰੁਪਿੰਦਰ ਸਿੰਘ ਰੋਮੀ ਸਰਪੰਚ ਸੁਖਵਿੰਦਰ ਸਿੰਘ ਦੇ ਨਾਲ ਪਾਰਟੀ ਹਾਈ ਕਮਾਂਡ ਵੱਲੋਂ ਲਗਾਈ ਗਈ ਡਿਊਟੀ ਤਹਿਤ ਵਿਧਾਨ ਸਭਾ ਹਲਕਾ ਦੀਨਾਨਗਰ ਦੇ ਪਿੰਡ ਸ਼ਮਸ਼ੇਰਪੁਰ ਮਰਾੜਾ ਚੰਡੀਗੜ੍ਹ ਤੇ ਮਕੌੜਾ ਪੱਤਨ ਦਾ ਗਰਾਉਂਡ ਜੀਰੋ 'ਤੇ ਜਾ ਕੇ ਲਿਆ ਜਾਇਜ਼ਾ ਤੇ ਉਨਾਂ ਨੇ ਕਿਹਾ ਕਿ ਹੜ੍ਹਾਂ ਨੇ ਪੰਜਾਬ ਅੰਦਰ ਜਾਨ ਮਾਲ ਦੇ ਨਾਲ ਨਾਲ ਫਸਲਾਂ ਦਾ ਵੀ ਕਾਫੀ ਨੁਕਸਾਨ ਕੀਤਾ ਹੈ ਪਰ ਸਾਡੀਆਂ ਸਮਾਜ ਸੇਵੀ ਸੰਸਥਾਵਾਂ ਅਤੇ ਸਰਕਾਰ ਨੇ ਮਿਲ ਕੇ ਇਸਦਾ ਟਾਕਰਾ ਕੀਤਾ ਹੈ, ਜਿਸ ਨਾਲ ਹੜ੍ਹ ਪ੍ਰਭਾਵਿਤਾਂ ਨੂੰ ਮੁਢਲੇ ਤੌਰ 'ਤੇ ਰਾਹਤ ਮਿਲੀ ਹੈ।ਪਰ ਹੁਣ ਸਾਡੇ ਸਾਹਮਣੇ ਹੜ੍ਹ ਪ੍ਰਭਾਵਿਤਾਂ ਤੇ ਨੁਕਸਾਨੇ ਗਏ ਢਾਂਚੇ ਨੂੰ ਮੁੜ ਪੈਰਾਂ ਸਿਰ ਲਿਆਉਣ ਦੀ ਚੁਣੌਤੀ ਹੈ ,ਜਿਸਦੇ ਲਈ ਸਰਕਾਰ ਸੁਹਿਰਦ ਹੈ ਤੇ ਲੋਕਾਂ ਦੇ ਨਾਲ ਖੜ੍ਹੀ ਹੈ। ਸੋਢੀ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਇਸ ਸੰਕਟ ਦੇ ਸਮੇਂ ਵਿੱਚ ਜਿਸਦਾ ਖੇਤ ਉਸਦੀ ਰੇਤ ਵਾਲਾ ਬਹੁਤ ਵਧੀਆ ਫੈਸਲਾ ਲਿਆ ਹੈ, ਕਿਉਂਕਿ ਖੇਤਾਂ ਅੰਦਰ ਰੇਤ ਚੜ੍ਹ ਜਾਣ ਕਾਰਨ ਮੌਜੂਦਾ ਫਸਲ ਦਾ ਨੁਕਸਾਨ ਤਾਂ ਹੋਇਆ ਹੀ ਹੈ, ਸਗੋਂ ਅਗਲੀ ਫਸਲ ਦੀ ਬਿਜਾਈ ਲਈ ਵੀ ਕਿਸਾਨਾਂ ਦੇ ਸਾਹਮਣੇ ਵੱਡਾ ਸੰਕਟ ਹੈ। ਪਰ ਹੁਣ ਕਿਸਾਨ ਅਪਣੀ ਜਮੀਨ ਅੰਦਰ ਹੜ੍ਹ ਕਾਰਨ ਜਮ੍ਹਾਂ ਹੋਈ ਰੇਤ ਵੇਚ ਸਕਣਗੇ ਤੇ ਉਨ੍ਹਾਂ ਨੂੰ ਇਸਦਾ ਆਰਥਿਕ ਲਾਭ ਹੋਵੇਗਾ।

# ਪ੍ਰਵਾਸੀ ਮਜ਼ਦੂਰਾਂ ਨੇ ਮ੍ਰਿਤਕ ਲੜਕੇ ਹਰਵੀਰ ਸਿੰਘ ਨੂੰ ਦਿੱਤੀ ਸ਼ਰਧਾਂਜਲੀ



ਨਵਾਂਸ਼ਹਿਰ, 14 ਸਤੰਬਰ (ਸੁਖਦੇਵ ਸਿੰਘ ਉੜਾਪੜ): ਅੱਜ ਪਰਵਾਸੀ ਮਜ਼ਦੂਰਾਂ ਨੇ ਇੱਥੇ ਮੀਟਿੰਗ ਕਰਕੇ ਹੁਸ਼ਿਆਰਪੁਰ ਪੁਰ ਵਿਖੇ ਪੰਜ ਸਾਲ ਦੇ ਹਰਵੀਰ ਸਿੰਘ ਨਾਮੀ ਲੜਕੇ ਦਾ ਬੇਰਹਿਮੀ ਨਾਲ ਕਤਲ ਕਰਨ ਵਾਲੇ ਇਕ ਪਰਵਾਸੀ ਦੋਸ਼ੀ ਨੂੰ ਸਖਤ ਸਜਾ ਦੇਣ ਦੀ ਮੰਗ ਕੀਤੀ ਹੈ। ਮੀਟਿੰਗ ਤੋਂ ਪਹਿਲਾਂ ਉਨਾਂ ਦੋ ਮਿੰਟ ਦਾ ਮੌਨ ਧਾਰਕੇ ਹਰਵੀਰ ਸਿੰਘ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।ਇਸ ਮੀਟਿੰਗ ਵਿਚ ਪ੍ਰਵਾਸੀ ਮਜਦੂਰ ਯੂਨੀਅਨ, ਰੇਹੜੀ ਵਰਕਰ ਯੂਨੀਅਨ, ਉਸਾਰੀ ਮਿਸਤਰੀ ਮਜਦੂਰ ਯੂਨੀਅਨ ਅਤੇ ਜੁਗੜੂ ਰੇਹੜਾ ਵਰਕਰ ਯੂਨੀਅਨ ਦੇ ਆਗੂਆਂ ਅਤੇ ਵਰਕਰਾਂ ਨੇ ਸ਼ਮੂਲੀਅਤ ਕੀਤੀ। ਯੂਨੀਅਨਾਂ ਦੇ ਆਗੂਆਂ ਨੇ ਇਸ ਮੌਕੇ ਸੰਬੋਧਨ ਕਰਦਿਆਂ ਕਿਹਾ ਕਿ ਹਰਵੀਰ ਸਿੰਘ ਦਾ ਕਤਲ ਦਿਲ ਦਹਿਲਾ ਦੇਣ ਵਾਲੀ ਘਟਨਾ ਹੈ ਜਿਸਦੀ ਜਿੰਨੀ ਵੀ ਨਿੰਦਾ ਕੀਤੀ ਜਾਵੇ ਥੋੜ੍ਹੀ ਹੈ।ਇਸ ਮੌਕੇ ਪਰਵੀਨ ਕੁਮਾਰ ਨਿਰਾਲਾ, ਸ਼ਿਵ ਨੰਦਨ ਕੁਮਾਰ, ਸਲੀਮ ਅਨਸਾਰੀ, ਆਜਾਦ ਖਾਨ, ਓਮ ਪ੍ਰਕਾਸ਼, ਬੱਬਲੂ ਕੁਮਾਰ ਸਾਹਨੀ, ਅਮਰ ਨਾਥ ਯਾਦਵ, ਸਤੇਂਦਰ ਕੁਮਾਰ ਰਾਜੂ, ਮੁਕੇਸ਼ ਸ਼ਾਹ, ਗੋਪਾਲ ਚੌਹਾਨ, ਅਖਿਲੇਸ਼ ਯਾਦਵ, ਰਾਜੇਸ਼ ਯਾਦਵ, ਅੰਮ੍ਰਿਤ ਪਾਸਵਾਨ, ਬੱਬਲੂ ਪਾਸਵਾਨ, ਕਪਿਲ ਕੁਮਾਰ, ਰਾਮ ਬ੍ਰਿਸ਼ ਆਗੂਆਂ ਨੇ ਸੰਬੋਧਨ ਕੀਤਾ।

# ਹੜ੍ਹ ਪੀੜਤ ਪਰਿਵਾਰਾਂ ਦੀ ਸਾਰ ਲੈਣ ਲਈ ਬਲਾਕ ਪ੍ਰਧਾਨਾਂ ਦੀਆਂ ਲੱਗੀਆਂ ਡਿਊਟੀਆਂ



ਬਟਾਲਾ, 14 ਸਤੰਬਰ (ਬਲਵਿੰਦਰ ਸਿੰਘ ਪੰਜਗਰਾਈਂ): ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਵਿਧਾਇਕ ਐਡ ਅਮਰਪਾਲ ਸਿੰਘ ਕਿਸ਼ਨਕੋਟ ਤੇ ਹਲਕੇ ਦੇ ਸੰਗਠਨ ਇੰਚਾਰਜ ਗੁਰਪ੍ਰੀਤ ਸਿੰਘ ਸੈਣੀ ਨੇ ਹੜ੍ਹ ਪੀੜਤ ਪਰਿਵਾਰਾਂ ਦੀ ਸਾਰ ਲੈਣ ਤੇ ਉਹਨਾਂ ਦੇ ਮੁੜ ਵਸੇਬੇ ਲਈ ਗੰਭੀਰ ਚਿੰਤਾ ਜਾਹਿਰ ਕੀਤੀ ਹੈ ਤੇ ਉਹਨਾਂ ਦੀ ਹਰ ਸੰਭਵ ਸਹਾਇਤਾ ਕਰਨ ਲਈ ਆਪਣੇ ਵਲੰਟੀਅਰਜ਼ ਦੀਆਂ ਡਿਊਟੀਆਂ ਲਗਾ ਦਿੱਤੀਆਂ ਹਨ। ਉਨ੍ਹਾਂ ਕਿਹਾ ਕਿ ਪਿਛਲੇ ਦਿਨੀਂ, ਪੰਜਾਬ ਦੇ ਅੱਧੇ ਤੋਂ ਵੱਧ ਪਿੰਡਾਂ ਵਿੱਚ ਹੜ੍ਹ ਨੇ ਭਾਰੀ ਤਬਾਹੀ ਮਚਾਈ। ਇਸ ਦੌਰਾਨ ਮਰਨ ਵਾਲਿਆਂ ਦੀ ਗਿਣਤੀ 50 ਤੋਂ 55 ਤੱਕ ਪਹੁੰਚ ਗਈ। ਪਾਣੀ ਵਿੱਚ ਕਿੰਨਾ ਪਸ਼ੂ ਧਨ ਰੁੜ ਗਿਆ ਅਤੇ ਕਿੰਨਿਆਂ ਦੀ ਮੌਤ ਹੋ ਗਈ, ਇਹਦੇ ਬਾਰੇ ਅਜੇ ਤੱਕ ਕੋਈ ਸਹੀ ਅੰਕੜੇ ਪ੍ਰਾਪਤ ਨਹੀਂ ਹੋ ਸਕੇ। ਇਸ ਸਾਰੀ ਤਰਾਸਦੀ ਨੂੰ ਦੇਖਦਿਆਂ ਹੋਇਆਂ ਅਸੀਂ ਬਲਾਕ ਪ੍ਰਧਾਨ, ਬਲਾਕ ਪ੍ਰਭਾਰੀ ਅਤੇ ਹੋਰ ਆਗੂਆਂ ਦੀਆਂ, ਹੜ੍ਹ ਪ੍ਰਭਾਵਿਤ ਇਲਾਕਿਆਂ ਦੇ ਚਾਰ-ਚਾਰ, ਪੰਜ ਪੰਜ ਪਿੰਡਾਂ ਅੰਦਰ ਡਿਊਟੀਆਂ ਲਗਾਈਆਂ ਹਨ, ਕਿ ਉਹ ਇਹਨਾਂ ਪਿੰਡਾਂ ਦਾ ਚੰਗੀ ਤਰ੍ਹਾਂ ਸਰਵੇਖਣ ਕਰਕੇ, ਪਾਰਟੀ ਦਫ਼ਤਰ ਵਿੱਚ ਪੂਰੀ ਰਿਪੋਰਟ ਦੇਣ ਤਾਂ ਕਿ ਉਨ੍ਹਾਂ ਦੀ ਹਰ ਸੰਭਵ ਸਹਾਇਤਾ ਕੀਤੀ ਜਾ ਸਕੇ। ਉਕਤ ਆਗੂਆਂ ਨੇ ਕਿਹਾ ਕਿ 2185 ਪਿੰਡ ਹੜ੍ਹ ਦੇ ਪਾਣੀ ਦੀ ਮਾਰ ਹੇਠ ਆਏ ਹਨ ਤੇ 1.91 ਲੱਖ ਹੈਕਟੇਅਰ ਫਸਲ ਬਰਬਾਦ ਹੋ ਚੁੱਕੀ ਹੈ। ਸਰਕਾਰ ਵੱਲੋਂ, ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਪੀੜਤ ਪਰਿਵਾਰਾਂ ਨੂੰ ਬਿਨਾਂ ਕਿਸੇ ਭੇਦਭਾਵ ਦੇ ਹਰ ਸਹੂਲਤ ਪਹੁੰਚਾਈ ਜਾਵੇਗੀ। ਇਸ ਮੌਕੇ ਵਿਧਾਇਕ ਅਮਰਪਾਲ ਸਿੰਘ ਕਿਸ਼ਨਕੋਟ ਤੇ ਸੰਗਠਨ ਇੰਚਾਰਜ ਗੁਰਪ੍ਰੀਤ ਸਿੰਘ ਸੈਣੀ ਤੋਂ ਇਲਾਵਾ ਬਾਬਾ ਬਲ, ਸਚਿਨ, ਪਰਮਵੀਰ ਸਿੰਘ ਰਾਣਾ, ਸੁਖਦੇਵ ਸਿੰਘ ਪੀਏ, ਨਵ ਭਿੰਡਰ ਪੀਏ, ਸਰਪੰਚ ਗੁਰਦੀਪ ਸਿੰਘ ਹੋਅਰ ਪੰਜ ਗਰਾਈਆਂ, ਬਲਾਕ ਪ੍ਰਧਾਨ ਸਲਵਿੰਦਰ ਸਿੰਘ ਜੇਤੋ ਸਰਜਾ, ਬਲਾਕ ਪ੍ਰਧਾਨ ਹਰਜੀਤ ਸਿੰਘ ਘੋਗਾਵਾਲ ਬਲਾਕ ਪ੍ਰਧਾਨ ਕੁਲਵਿੰਦਰ ਸਿੰਘ, ਬਲਾਕ ਪ੍ਰਭਾਰੀ ਸਿਕੰਦਰ ਸਿੰਘ ਕਰਨਾਮਾਂ, ਗੁਰਮੀਤ ਸਿੰਘ ਸੋਨੂ ਪ੍ਰਧਾਨ, ਕੁਲਦੀਪ ਸਿੰਘ ਪੱਡਾ, ਜਗਤਾਰ ਸਿੰਘ, ਸੁਖਦੇਵ ਸਿੰਘ, ਮਦਨ ਲਾਲ, ਹਜ਼ਾਰਾ ਲਾਲ ਹਾਜ਼ਰ ਸਨ।

# ਜੀਆ ਲਾਲ ਮਿੱਤਲ ਡੀਏਵੀ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਟੀਬੀ ਦੀ ਰੋਕਥਾਮ ਬਾਰੇ ਜਾਣਕਾਰੀ ਦਿੱਤੀ



ਗੁਰਦਾਸਪੁਰ, 14 ਸਤੰਬਰ (ਜਸਵਿੰਦਰ ਸਿੰਘ): ਜੀਆ ਲਾਲ ਮਿੱਤਲ ਡੀਏਵੀ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਟੀਬੀ (ਟੀਬੀ) ਬਾਰੇ ਇੱਕ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕੀਤਾ। ਇਸ ਮੌਕੇ ਬੱਚਿਆਂ ਨੇ ਭਾਸ਼ਣਾਂ ਤੇ ਪੋਸਟਰਾਂ ਰਾਹੀਂ ਦੱਸਿਆ ਕਿ ਟੀਬੀ ਇੱਕ ਖ਼ਤਰਨਾਕ ਬਿਮਾਰੀ ਹੈ, ਪਰ ਸਮੇਂ ਸਿਰ ਇਲਾਜ ਤੇ ਦਵਾਈ ਨਾਲ ਇਸਨੂੰ ਪੂਰੀ ਤਰ੍ਹਾਂ ਠੀਕ ਕੀਤਾ ਜਾ ਸਕਦਾ ਹੈ। ਵਿਦਿਆਰਥੀਆਂ ਨੇ ਦੱਸਿਆ ਕਿ ਟੀਬੀ ਮਾਈਕੋਬੈਕਟੀਰੀਅਮ ਟਿਊਬਰਕਿਊਲੋਸਿਸ ਨਾਮਕ ਬੈਕਟੀਰੀਆ ਦੁਆਰਾ ਫੈਲਦੀ ਹੈ। ਇਹ ਮੁੱਖ ਤੌਰ 'ਤੇ ਫੇਫੜਿਆਂ ਨੂੰ ਪ੍ਰਭਾਵਿਤ ਕਰਦੀ ਹੈ, ਪਰ ਹੱਡੀਆਂ, ਗੁਰਦਿਆਂ ਤੇ ਇੱਥੋਂ ਤੱਕ ਕਿ ਦਿਮਾਗ ਨੂੰ ਵੀ ਨੁਕਸਾਨ ਪਹੁੰਚਾ ਸਕਦੀ ਹੈ, ਜਦੋਂ ਸੰਕਰਮਿਤ ਵਿਅਕਤੀ ਖੰਘਦਾ ਜਾਂ ਛਿੱਕਦਾ ਹੈ, ਤਾਂ ਇਸਦੇ ਕੀਟਾਣੂ ਹਵਾ ਵਿੱਚ ਫੈਲਦੇ ਹਨ ਤੇ ਹੋਰਾਂ ਨੂੰ ਇਸ ਬਿਮਾਰੀ ਦਾ ਖ਼ਤਰਾ ਹੁੰਦਾ ਹੈ ਟੀਬੀ ਦੇ ਲੱਛਣ ਦੋ ਹਫ਼ਤਿਆਂ ਤੋਂ ਵੱਧ ਸਮੇਂ ਤੱਕ ਲਗਾਤਾਰ ਖੰਘ, ਛਾਤੀ ਵਿੱਚ ਦਰਦ, ਬੁਖਾਰ ਤੇ ਰਾਤ ਨੂੰ ਪਸੀਨਾ ਆਉਣਾ, ਭਾਰ ਘਟਣਾ ਅਤੇ ਕਮਜ਼ੋਰੀ, ਰੋਕਥਾਮ ਤੇ ਇਲਾਜ ਹਨ। ਵਿਦਿਆਰਥੀਆਂ ਨੇ ਦੱਸਿਆ ਕਿ ਜੇਕਰ ਮਰੀਜ਼ ਛੇ ਤੋਂ ਨੌਂ ਮਹੀਨਿਆਂ ਤੱਕ ਨਿਯਮਿਤ ਤੌਰ 'ਤੇ ਦਵਾਈਆਂ ਲੈਂਦਾ ਹੈ ਤਾਂ ਉਹ ਪੂਰੀ ਤਰ੍ਹਾਂ ਤੰਦਰੁਸਤ ਹੋ ਸਕਦਾ ਹੈ। ਸਰਕਾਰ ਦੁਆਰਾ ਚਲਾਏ ਜਾ ਰਹੇ ਡੌਟਸ ਪ੍ਰੋਗਰਾਮ ਤਹਿਤ, ਮਰੀਜ਼ਾਂ ਨੂੰ ਮੁਫਤ ਇਲਾਜ ਤੇ ਦਵਾਈਆਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ ਉਨ੍ਹਾਂ ਕਿਹਾ ਕਿ ਬੀਸੀਜੀ ਟੀਕਾ, ਸਫ਼ਾਈ, ਪੌਸ਼ਟਿਕ ਭੋਜਨ ਤੇ ਖੰਘਦੇ ਸਮੇਂ ਮੂੰਹ ਢੱਕਣ ਵਰਗੀਆਂ ਆਦਤਾਂ ਟੀਬੀ ਨੂੰ ਰੋਕਣ ਵਿੱਚ ਮਦਦ ਕਰਦੀਆਂ ਹਨ। ਸਕੂਲ ਦੇ ਪ੍ਰਿੰਸੀਪਲ ਰਾਜੀਵ ਭਾਰਤੀ ਨੇ ਆਪਣੇ ਸੰਦੇਸ਼ ਰਾਹੀਂ ਬੱਚਿਆਂ ਦੇ ਯਤਨਾਂ ਦੀ ਸ਼ਲਾਘਾ ਕੀਤੀ ਤੇ ਕਿਹਾ ਵਿਦਿਆਰਥੀਆਂ ਦਾ ਇਹ ਯਤਨ ਸਮਾਜ ਨੂੰ ਸਿਹਤ ਪ੍ਰਤੀ ਜਾਗਰੂਕ ਕਰਨ ਦੀ ਦਿਸ਼ਾ ਵਿੱਚ ਸ਼ਲਾਘਾਯੋਗ ਹੈ। ਟੀਬੀ ਵਰਗੀ ਬਿਮਾਰੀ ਨੂੰ ਹਰਾਉਣ ਲਈ, ਸਾਨੂੰ ਸਾਰਿਆਂ ਨੂੰ ਮਿਲ ਕੇ ਕੰਮ ਕਰਨਾ ਪਵੇਗਾ। ਸਮੇਂ ਸਿਰ ਜਾਂਚ, ਨਿਯਮਤ ਦਵਾਈ ਤੇ ਸਾਫ਼-ਸੁਥਰੀ ਆਦਤਾਂ ਇੱਕ ਸਿਹਤਮੰਦ ਸਮਾਜ ਦੀ ਨੀਂਹ ਹਨ।

# ਜੰਡੀਰਾਂ ਮੇਲਾ ਖਵਾਜਾ ਪੀਰ 7 ਅਕਤੂਬਰ ਨੂੰ



ਭੋਗਪੁਰ, 14 ਸਤੰਬਰ (ਅਮਰਜੀਤ ਸਿੰਘ ਸੈਣੀ ਜੰਡੀਰ): ਡੇਰਾ ਖਵਾਜਾ ਪੀਰ ਪਿੰਡ ਜੰਡੀਰ ਜਲੰਧਰ ਵਿਖੇ 27 ਵਾਂ ਸਾਲਾਨਾ ਉਰਸ 7 ਅਕਤੂਬਰ ਦਿਨ ਮੰਗਲਵਾਰ ਨੂੰ ਖਵਾਜਾ ਪੀਰ ਖਾਜਗਾਨ ਮੋਇਉਨਦੀਨ ਹਸਨ ਚਿਸ਼ਤੀ ਸੰਜਰੀ ਰਹਿਮਤੁਲਾ ਅਲਹੇ ਦੀ ਯਾਦ ਵਿੱਚ ਬੜੀ ਹੀ ਸ਼ਰਧਾ ਪੂਰਵਕ ਮਨਾਇਆ ਜਾ ਰਿਹਾ ਹੈ ਅੱਜ ਖਾਨ ਕਾ ਖਵਾਜਾ ਪੀਰ ਪਿੰਡ ਜੰਡੀਰ ਪ੍ਰਬੰਧਕ ਕਮੇਟੀ ਵੱਲੋਂ ਖਾਸ ਮੀਟਿੰਗ ਕੀਤੀ ਗਈ ਮੀਟਿੰਗ ਵਿੱਚ ਆਮ ਆਦਮੀ ਪਾਰਟੀ ਦੇ ਸੰਗਠਨ ਇੰਚਾਰਜ ਪਰਮਜੀਤ ਸਿੰਘ ਪੰਮਾ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ.ਪਰਮਜੀਤ ਪੰਮਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪਿੰਡ ਜੰਡੀਰਾਂ ਵਿੱਚ ਖਾਨ ਕਾ ਖਵਾਜਾ ਪੀਰ ਜੀ ਦਾ ਮੇਲਾ 7 ਅਕਤੂਬਰ ਨੂੰ ਮਨਾਇਆ ਜਾ ਰਿਹਾ ਹੈ, ਜਿਸ ਦੇ ਸਬੰਧ ਵਿੱਚ ਅੱਜ ਮੀਟਿੰਗ ਰੱਖੀ ਗਈ ਹੈ.ਖ਼ਾਨਕਾ ਖਵਾਜਾ ਪੀਰ ਦੇ ਮੁਖੀ ਖਵਾਜਾ ਮਜੂਰ ਹਸੈਨ ਨੇ ਦੱਸਿਆ ਕਿ ਪਿੰਡ ਜੰਡੀਰ ਵਿੱਚ ਹਰ ਸਾਲ ਹੀ ਮੇਲਾ ਲਗਾਇਆ ਜਾਂਦਾ ਹੈ ਤੇ ਮੇਲੇ ਵਿੱਚ ਵੱਖ ਵੱਖ ਜਥੇ ਹਾਜ਼ਰੀਆਂ ਭਰਦੇ ਹਨ ਉਹਨਾਂ ਦੱਸਿਆ ਕਿ 7 ਅਕਤੂਬਰ ਨੂੰ ਹਲਕਾ ਆਦਮਪੁਰ ਦੇ ਇੰਚਾਰਜ ਪਵਨ ਕੁਮਾਰ ਟੀਨੂ ਵਿਸ਼ੇਸ਼ ਤੌਰ 'ਤੇ ਹਾਜਰੀ ਭਰਨਗੇ ਤੇ ਮੇਲੇ ਦੀ ਸ਼ੁਰੂਆਤ ਕਰਨਗੇ। ਇਸ ਮੌਕੇ 'ਤੇ ਸਥਾਨ ਦੇ ਮੁਖੀ ਮਜੂਰ ਹੁਸੈਨ ਅਤੇ ਪ੍ਰਬੰਧਕਾਂ ਵੱਲੋਂ ਸੰਗਠਨ ਇੰਚਾਰਜ ਪਰਮਜੀਤ ਪੰਮਾ ਤੇ ਪੱਤਰਕਾਰ ਸਾਹਿਬਾਨਾ ਨੂੰ ਸਨਮਾਨਤ ਵੀ ਕੀਤਾ ਗਿਆ। ਮੁਖੀ ਬਾਬਾ ਮਜੂਰ ਹੁਸੈਨ ਨੇ ਲੋਕਾਂ ਨੂੰ 7 ਅਕਤੂਬਰ ਨੂੰ ਮੇਲੇ ਵਿੱਚ ਵੱਧ ਚੜ ਕੇ ਹਾਜ਼ਰੀਆਂ ਭਰਨ ਦੀ ਅਪੀਲ ਕੀਤੀ ਕਿਹਾ ਕਿ ਖਵਾਜਾ ਪੀਰ ਜੀ ਦੇ ਦਰਬਾਰ ਵਿੱਚ ਹਾਜ਼ਰੀਆਂ ਭਰ ਕੇ ਅਸ਼ੀਰਵਾਦ ਪ੍ਰਾਪਤ ਕਰਨ, ਉਹਨਾਂ ਦੱਸਿਆ ਕਿ ਝੰਡੇ ਦੀ ਰਸਮ ਸਵੇਰੇ 9 ਵਜੇ ਹੋਵੇਗੀ, ਕਵਾਲੀਆਂ ਪ੍ਰੋਗਰਾਮ ਸਵੇਰੇ 9 ਵਜੇ ਤੋਂ ਲੈ ਕੇ ਸ਼ਾਮ 5 ਵਜੇ ਤੱਕ ਹੋਣਗੇ ਤੇ ਲੰਗਰ ਅਟੁੱਟ ਵਰਤਾਏ ਜਾਣਗੇ। ਇਸ ਮੌਕੇ ੧ਤੇ ਮੁਖੀ ਬਾਬਾ ਮਜੂਰ ਹੁਸੈਨ ਆਮ ਆਦਮੀ ਪਾਰਟੀ ਦੇ ਸੰਗਠਨ ਇੰਚਾਰਜ ਪਰਮਜੀਤ ਸਿੰਘ ਪੰਮਾ, ਮੀਡੀਆ ਸੈਕਟਰੀ ਅਮਰਜੀਤ ਸਿੰਘ ਸੈਣੀ, ਊਧਮ ਸਿੰਘ ਸਾਬਕਾ ਸਬ ਇੰਸਪੈਕਟਰ, ਬਲਦੇਵ ਸਿੰਘ ਪ੍ਰਧਾਨ ਸਾਬਕਾ ਇੰਸਪੈਕਟਰ ਪੰਜਾਬ ਪੁਲਿਸ, ਰਫਾਨ ਹਸੈਨ ਕਿਸਤੀ, ਸਾਧੂ ਸਿੰਘ ਜੰਡੀਰ, ਮੱਖਣ ਸਿੰਘ ਤਹਿਸੀਲਦਾਰ, ਅਵਤਾਰ ਸਿੰਘ ਤਾਰਾ ਕੱਤੋਵਾਲ, ਬਲਵੀਰ ਸਿੰਘ ਸਰਪੰਚ ਮਚਰੋਵਾਲ, ਚਰਨਜੀਤ ਸਿੰਘ ਜੰਡੀਰ, ਮਨਜੀਤ ਸਿੰਘ ਜੰਡੀਰ ਆਦਿ ਹਾਜ਼ਰ ਸਨ।

# ਡੀ.ਸੀ. ਵੱਲੋਂ ਕਿਸਾਨਾਂ ਨੂੰ ਝੋਨੇ ਦੀ ਕਟਾਈ ਫਸਲ ਪੂਰੀ ਤਰ੍ਹਾਂ ਪੱਕਣ 'ਤੇ ਹੀ ਕਰਨ ਦੀ ਸਲਾਹ



ਫ਼ਿਰੋਜ਼ਪੁਰ, 14 ਸਤੰਬਰ (ਤਿਵਾੜੀ): ਡਿਪਟੀ ਕਮਿਸ਼ਨਰ ਦੀਪਸ਼ਿਖਾ ਸ਼ਰਮਾ ਨੇ ਜ਼ਿਲ੍ਹੇ ਦੇ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਝੋਨੇ ਦੀ ਕਟਾਈ ਫ਼ਸਲ ਪੂਰੀ ਤਰ੍ਹਾਂ ਤਿਆਰ ਹੋਣ 'ਤੇ ਹੀ ਕੀਤੀ ਜਾਵੇ ਤਾਂ ਜੋ ਮੰਡੀਆਂ ਵਿੱਚ ਸੁੱਕਾ ਝੋਨਾ ਪਹੁੰਚੇ ਤੇ ਕਿਸਾਨਾਂ ਨੂੰ ਫ਼ਸਲ ਦੇ ਮੰਡੀਕਰਨ ਵਿਚ ਕੋਈ ਦਿੱਕਤ ਨਾ ਆਵੇ। ਉਨ੍ਹਾਂ ਕਿਹਾ ਕਿ ਝੋਨੇ ਦੇ ਸੀਜ਼ਨ ਦੌਰਾਨ ਆਉਣ ਵਾਲੀਆਂ ਮੁਸ਼ਕਿਲਾਂ, ਜਿਨ੍ਹਾਂ ਵਿੱਚ ਮੁੱਖ ਤੌਰ 'ਤੇ ਅਨਾਜ ਵਿੱਚ ਜਿਆਦਾ ਨਮੀ ਦੀ ਮਾਤਰਾ ਦਾ ਹੋਣਾ ਹੈ। ਉਨ੍ਹਾਂ ਦੱਸਿਆ ਕਿ ਝੋਨੇ ਵਿੱਚ ਨਮੀ ਜ਼ਿਆਦਾ ਹੋਣ ਕਾਰਨ ਮੰਡੀਆਂ ਵਿੱਚ ਭਾਰੀ ਸਮੱਸਿਆ ਪੈਦਾ ਹੁੰਦੀ ਹੈ ਕਿਉਂਕਿ ਵੱਧ ਨਮੀ ਵਾਲੇ ਝੋਨੇ ਨੂੰ ਖਰੀਦਣ ਲਈ ਮੰਡੀਆਂ ਵਿੱਚ ਜ਼ਿਆਦਾ ਜਗ੍ਹਾ ਦੀ ਲੋੜ ਪੈਂਦੀ ਹੈ, ਜਿਸ ਕਾਰਨ ਹੋਰ ਝੋਨਾ ਲਗਾਉਣ ਦੀ ਜਗ੍ਹਾ ਨਹੀਂ ਰਹਿੰਦੀ। ਇਸ ਤੋਂ ਇਲਾਵਾ ਟਰੱਕਾਂ ਤੇ ਟਰਾਲੀਆਂ ਦੇ ਆਉਣ ਜਾਣ ਲਈ ਵੀ ਜਗ੍ਹਾਂ ਦੀ ਦਿੱਕਤ ਆ ਜਾਂਦੀ ਹੈ।ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਝੋਨੇ ਦੇ ਸੀਜ਼ਨ ਦੌਰਾਨ ਸੁੱਕਾ ਝੋਨਾ ਹੀ ਮੰਡੀਆਂ ਵਿੱਚ ਲੈ ਕੇ ਜਾਣ ਤਾਂ ਜੋ ਖਰੀਦ ਸਬੰਧੀ ਕੋਈ ਸਮੱਸਿਆ ਨਾ ਆਵੇ।ਮੰਡੀ ਵਿੱਚ ਝੋਨਾ ਲਿਆਉਣ ਸਮੇਂ ਉਸ ਵਿੱਚ ਨਮੀ ਦੀ ਮਾਤਰਾ 17 ਫੀਸਦੀ ਤੋਂ ਵੱਧ ਨਹੀਂ ਹੋਣੀ ਚਾਹੀਦੀ।ਉਨ੍ਹਾਂ ਕਿਸਾਨਾਂ ਨੂੰ ਇਹ ਵੀ ਅਪੀਲ ਕੀਤੀ ਕਿ ਉਹ ਝੋਨੇ ਦੀ ਕਟਾਈ ਲਈ ਰਾਤ ਨੂੰ ਹਾਰਵੈਸਟ ਕੰਬਾਈਨ ਦੀ ਵਰਤੋਂ ਨਾ ਕਰਨ ਤਾਂ ਜੋ ਖਰੀਦ ਵੇਲੇ ਵੱਧ ਨਮੀ ਕਾਰਨ ਕੋਈ ਪ੍ਰੇਸ਼ਾਨੀ ਨਾ ਆਵੇ। ਇਸ ਤੋਂ ਇਲਾਵਾ ਉਨ੍ਹਾਂ ਕਿਸਾਨਾਂ ਨੂੰ ਝੋਨੇ ਦੀ ਕਟਾਈ ਦਿਨ ਵੇਲੇ ਹੀ ਕਰਨ ਲਈ ਕਿਹਾ ਤਾਂ ਜੋ ਨਮੀ ਦੀ ਮਾਤਰਾ ਵੱਧ ਨਾ ਹੋਵੇ।

# ਸ਼ਹੀਦ ਭਗਤ ਸਿੰਘ ਯਾਦਗਾਰ ਕਮੇਟੀ ਦੀ ਪੁਰਜ਼ੋਰ ਅਪੀਲ

ਭੋਗਪੁਰ, 14 ਸਤੰਬਰ (ਅਮਰਜੀਤ ਸਿੰਘ ਸੈਣੀ ਜੰਡੀਰ): ਪਿਛਲੇ ਦਿਨਾਂ ਵਿਚ ਪਏ ਲਗਾਤਾਰ ਭਾਰੀ ਮੀਂਹ ਨੇ ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ ਵਿਚ ਤਬਾਹੀ ਮਚਾ ਦਿੱਤੀ ਹੈ। ਲਗਭਗ 2000 ਪਿੰਡ ਪਾਣੀ ਵਿਚ ਘਿਰ ਗਏ ਹਨ। ਜਾਨ, ਮਾਲ ਅਤੇ ਪਸ਼ੂਆਂ ਦਾ ਵੱਡਾ ਨੁਕਸਾਨ ਹੋਇਆ ਹੈ। ਫਸਲਾਂ ਸਣੇ ਜ਼ਮੀਨਾਂ ਬਰਬਾਦ ਹੋ ਗਈਆਂ ਹਨ। ਬਿਮਾਰੀਆਂ ਫੈਲਣ ਦਾ ਖਦਸ਼ਾ ਵਧ ਗਿਆ ਹੈ। ਇਸ ਅੰਤਾਂ ਦੇ ਕਹਿਰ ਵਿਚ ਜਿਹੜੀ ਲੋਕਾਂ, ਖਾਸ ਤੌਰ 'ਤੇ ਨੌਜਵਾਨਾਂ ਨੇ ਨਿਸ਼ਕਾਮ ਸੇਵਾ ਕੀਤੀ ਹੈ, ਅੱਜ ਸ਼ਹੀਦ ਭਗਤ ਸਿੰਘ ਯਾਦਗਾਰ ਕਮੇਟੀ ਦੀ ਮੀਟਿੰਗ ਹੋਈ ਤੇ ਆਗੂਆਂ ਨੇ ਕਿਹਾ ਜਥੇਬੰਦੀ ਦੇ ਜਨਰਲ ਸਕੱਤਰ ਗੁਰਦੀਪ ਸਿੰਘ ਬਹਿਰਾਮਵਾਲ ਅਤੇ ਅਮਰਜੀਤ ਸਿੰਘ ਨੇ ਕਿਸਾਨਾਂ, ਖਾਸ ਤੌਰ 'ਤੇ ਖੇਤ ਮਜ਼ਦੂਰਾਂ ਅਤੇ ਥੁੜ੍ਹ ਜ਼ਮੀਨੇ ਕਿਸਾਨਾਂ ਦੀ ਜ਼ਿੰਦਗੀ ਮੁੜ ਤੋਂ ਲੀਹ ਤੇ ਲਿਆਉਣ ਲਈ ਘਰ ਉਸਾਰੀ ਜਾਂ ਮੁਰੰਮਤ, ਘੱਟ ਤੋਂ ਘੱਟ ਛੇ ਮਹੀਨੇ ਲਈ ਇਕ ਵਾਢਿਓਂ ਸਾਰੀਆਂ ਅਣਸਰਦੀਆਂ ਲੋੜਾਂ ਪੂਰੀਆਂ ਕਰਨਾ, ਖੇਤ ਨੂੰ ਵਾਹੀਯੋਗ ਬਣਾਉਣ ਲਈ ਟਰੈਕਟਰ -ਡੀਜ਼ਲ, ਬੀਜਣ ਲਈ ਬੀਜ-ਡੀਏਪੀ ਖਾਦ, ਪਸ਼ੂਆਂ ਲਈ ਚਾਰਾ, ਲੋਕਾਂ ਤੇ ਪਸ਼ੂਆਂ ਲਈ ਦਵਾਈਆਂ ਦਾ ਪ੍ਰਬੰਧ ਕਰਨਾ ਆਦਿ ਭਖਦੇ ਮਸਲੇ ਹਨ। ਐਨਾ ਵੱਡਾ ਪ੍ਰਬੰਧ ਕਰਨ ਲਈ ਸਰਕਾਰਾਂ, ਖਾਸ ਤੌਰ 'ਤੇ ਕੇਂਦਰੀ ਸਰਕਾਰ ਵੱਲੋਂ ਐਲਾਨੀ ਭੋਰਾ ਭਰ ਸਹਾਇਤਾ ਨਾਲ ਤਾਂ ਖਾਲ ਵਿਚ ਪਾਣੀ ਵੀ ਨਹੀਂ ਅੱਪੜਨਾ. ਵੇਖੋ ਸਰਮਾਏਦਾਰੀ ਨਿਜ਼ਾਮ ਦੇ ਜੁਲਮ ਦੀ ਖੇਡ ਇਕ ਪਾਸੇ ਸਮਾਜ ਸੇਵੀ ਸੰਸਥਾਵਾਂ ਅਤੇ ਦਾਨੀ ਵਿਅਕਤੀਆਂ ਨੂੰ ਕਿਸਾਨ-ਮਜਦੂਰ ਜਥੇਬੰਦੀਆਂ ਹਾਲ ਦੀ ਘੜੀ ਹੋਰ ਰਾਸ਼ਨ ਭੇਜਣ ਤੋਂ ਰੋਕਣ ਦੀਆਂ ਬੇਨਤੀਆਂ ਕਰ ਰਹੀਆਂ ਹਨ, ਦੂਜੇ ਪਾਸੇ ਸਰਕਾਰਾਂ ਦਾ ਆਹ ਹਾਲ ਹੈ ਜਿਨ੍ਹਾਂ ਨੇ 1988 ਦੇ ਵੱਡੇ ਹੜ੍ਹਾਂ ਤੋਂ ਬਾਅਦ ਵੀ ਇਨ੍ਹਾਂ ਨੂੰ ਰੋਕਣ ਲਈ ਥੋੜ੍ਹੇ ਸਮੇ ਵਾਲੀਆਂ ਤੇ ਲੰਮੇ ਸਮੇ ਵਾਲੀਆਂ ਯੋਜਨਾਵਾਂ ਨਹੀਂ ਬਣਾਈਆਂ ਤੇ ਨਾ ਹੀ ਭਵਿੱਖ ਵਿਚ ਇਹਨਾਂ ਸਭ ਪਾਰਟੀਆਂ ਦੀਆਂ ਸਰਕਾਰਾਂ ਡੱਕਾ ਤੋੜ ਕੇ ਦੂਹਰਾ ਕਰਨ। ਅਜਿਹੀ ਸਥਿਤੀ ਵਿਚ ਕਿਸਾਨ-ਮਜ਼ਦੂਰ ਤੇ ਹੋਰ ਮਿਹਨਤਕਸ਼ ਜਨਤਾ ਨੂੰ ਲੋਕ ਲਹਿਰ ਤੇ ਟੇਕ ਰੱਖਣ ਤੋਂ ਬਗੈਰ ਹੋਰ ਕੋਈ ਚਾਰਾ ਨਹੀਂ ਰਿਹਾ। ਦਿੱਲੀ ਬਾਡਰ ਵਾਲੀ ਇਤਿਹਾਸਕ ਕਿਸਾਨ ਲਹਿਰ ਤੋਂ ਪ੍ਰੇਰਨਾ ਤੇ ਸਿੱਖਿਆ ਲੈ ਕੇ ਇਕ ਵਾਰ ਫੇਰ ਸੂਬਾ ਤੇ ਕੇਂਦਰ ਸਰਕਾਰ ਖਿਲਾਫ਼ ਮੈਦਾਨ ਵਿਚ ਨਿੱਤਰਨ ਦੀ ਅਸੀਂ ਪੁਰਜੋਰ ਅਪੀਲ ਕਰਦੇ ਹਾਂ।

# ਕੁਦਰਤੀ ਹੜ੍ਹਾਂ ਦੀ ਮਾਰ ਝੱਲ ਰਹੇ ਪੰਜਾਬ ਦੀ ਸੂਬਾ ਤੇ ਕੇਂਦਰ ਸਰਕਾਰਾਂ ਨੇ ਨਹੀਂ ਲਈ ਸਾਰ: ਜਥੇਦਾਰ ਮਛਰਾਈ, ਬਡਾਲੀ



ਅਮਲੋਹ, 14 ਸਤੰਬਰ (ਜਸਵੰਤ ਸਿੰਘ): ਸ਼੍ਰੋਮਣੀ ਅਕਾਲੀ ਦਲ ਦੇ ਸੂਬਾ ਡੈਲੀਗੇਟ ਜਥੇਦਾਰ ਕੁਲਦੀਪ ਸਿੰਘ ਮਛਰਾਈ, ਹਲਕਾ ਅਬਜ਼ਰਵਰ ਜਥੇਦਾਰ ਹਰਬੰਸ ਸਿੰਘ ਬਡਾਲੀ ਤੇ ਸਰਕਲ ਪ੍ਰਧਾਨ ਸਲਾਣਾ ਦਿਹਾਤੀ ਦੇ ਪ੍ਰਧਾਨ ਹਰਵਿੰਦਰ ਸਿੰਘ ਬਿੰਦਾ ਮਾਜਰੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਾਰਾ ਪੰਜਾਬ ਕੁਦਰਤੀ ਹੜ੍ਹਾਂ ਦੀ ਮਾਰ ਹੇਠ ਹੈ। ਇਸ ਕਾਰਨ ਜਿੱਥੇ ਕਿਸਾਨਾਂ ਦੀ ਹਜ਼ਾਰਾਂ ਏਕੜ ਫ਼ਸਲ ਤਬਾਹ ਹੋ ਗਈ ਉੱਥੇ ਜਾਨੀ ਤੇ ਮਾਲੀ ਭਾਰੀ ਨੁਕਸਾਨ ਹੋਇਆ ਪ੍ਰੰਤੂ ਦੁਖ ਦੀ ਗੱਲ ਹੈ ਕਿ ਪੰਜਾਬ ਤੇ ਕੇਂਦਰ ਸਰਕਾਰ ਵੱਲੋਂ ਪੀੜਤਾਂ ਦੀ ਸਹਾਇਤਾ ਲਈ ਕੋਈ ਵੀ ਢੁਕੀ ਕਾਰਵਾਈ ਨਹੀਂ ਕੀਤੀ ਗਈ। ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਸਲਾਘਾ ਕਰਦਿਆ ਕਿਹਾ ਕਿ ਉਨਾਂ ਪੰਜਾਬ ਦੇ ਕੋਨੇ-ਕੋਨੇ ਵਿੱਚ ਜਾ ਕੇ ਹੜਪੀੜਤਾਂ ਦੀ ਹਰ ਸੰਭਵ ਮਦਦ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬਾ ਅਤੇ ਕੇਂਦਰ ਸਰਕਾਰ ਨੇ ਆਪਣਾ ਬਣਦਾ ਫ਼ਰਜ਼ ਨਹੀਂ ਨਿਭਾਇਆ। ਉਨ੍ਹਾਂ ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸਮਾਜ ਸੇਵੀ ਸੰਸਥਾਵਾਂ ਵੱਲੋਂ ਪੀੜਤਾਂ ਦੀ ਮਦਦ ਲਈ ਲਗਾਤਾਰ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੰਜਾਬ ਦਾ ਦੌਰਾ ਕਰਕੇ ਪੀੜਤਾਂ ਲਈ ਸਿਰਫ 1600 ਕਰੋੜ ਰੁਪਏ ਦੀ ਰਾਸ਼ੀ ਦਾ ਐਲਾਨ ਕੀਤਾ ਹੈ ਜਿਸ ਕਾਰਨ ਪੰਜਾਬ ਦੇ ਲੋਕਾਂ ਵਿਚ ਰੋਸ ਹੈ। ਉਨ੍ਹਾਂ ਕਿਹਾ ਕਿ ਇਤਿਹਾਸ ਗਵਾਹ ਹੈ ਕਿ ਪੰਜਾਬ ਨੇ ਹਮੇਸ਼ਾ ਦੇਸ ਦੀ ਕੁਰਬਾਨੀ ਤੇ ਦੁਸ਼ਮਣਾਂ ਨਾਲ ਡੱਟ ਕੇ ਲੜਾਈ ਵਿਚ ਮੋਹਰੀ ਯੋਗਦਾਨ ਪਾਇਆ ਹੈ ਤੇ ਦੇਸ਼ ਦੀ ਤਰੱਕੀ ਤੇ ਖੁਸ਼ਹਾਲੀ ਵਿਚ ਅਹਿਮ ਯੋਗਦਾਨ ਹੈ। ਉਨ੍ਹਾਂ ਮੰਗ ਕੀਤੀ ਕਿ ਕੇਂਦਰ ਸਰਕਾਰ ਨੂੰ ਪੰਜਾਬ ਦੀ ਖੁੱਲਦਿਲੀ ਨਾਲ ਮਦਦ ਕਰਨੀ ਚਾਹੀਦੀ ਹੈ ਤਾਂ ਜੋ ਪੰਜਾਬ ਮੁੜ ਪੈਰਾਂ 'ਤੇ ਖੜਾ ਹੋ ਸਕੇ।

# ਸਰਕਾਰ ਵੱਲੋਂ ਹੜ੍ਹ ਪੀੜਤਾਂ ਦੀ ਮਦਦ ਲਈ ਲਏ ਗਏ ਫ਼ੈਸਲੇ ਲੋਕਾਂ ਲਈ ਰਾਹਤ ਸਾਬਤ ਹੋਣਗੇ: ਦਹੀਯਾ




ਫਿਰੋਜ਼ਪੁਰ, 14 ਸਤੰਬਰ (ਤਿਵਾੜੀ): ਫਿਰੋਜ਼ਪੁਰ ਦਿਹਾਤੀ ਹਲਕੇ ਦੇ ਵਿਧਾਇਕ ਸ਼੍ਰੀ ਰਜਨੀਸ਼ ਦਹੀਯਾ ਨੇ ਪੰਜਾਬ ਸਰਕਾਰ ਦੀ ਕੈਬਨਿਟ ਬੈਠਕ ਵਿੱਚ ਨਵੀਂ ਨੀਤੀ ਤਹਿਤ,ਮੇਰਾ ਖੇਤ, ਮੇਰੀ ਰੇਤ ਨੀਤੀ ਲਾਗੂ ਕਰਨ ਦਾ ਸਵਾਗਤ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਦੇ ਇਸ ਫ਼ੈਸਲੇ ਨਾਲ ਹੜ੍ਹ ਪ੍ਰਭਾਵਿਤ ਖੇਤਰ ਦੇ ਕਿਸਾਨਾਂ ਨੂੰ ਆਪਣੇ ਖੇਤਾਂ ਵਿੱਚੋਂ ਰੇਤ ਕੱਢਣ ਦੀ ਇਜਾਜ਼ਤ ਹੋਵੇਗੀ। ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਹੜ੍ਹ ਪ੍ਰਭਾਵਿਤ ਕਿਸਾਨਾਂ ਲਈ 20,000 ਰੁਪਏ ਪ੍ਰਤੀ ਏਕੜ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਗਿਆ ਹੈ, ਜੋ ਕਿਸੇ ਵੀ ਰਾਜ ਦੁਆਰਾ ਦਿੱਤਾ ਗਿਆ ਸਭ ਤੋਂ ਵੱਧ ਮੁਆਵਜ਼ਾ ਹੈ। ਇਸ ਤੋਂ ਇਲਾਵਾ ਹੜ੍ਹਾਂ ਕਾਰਨ ਮਰਨ ਵਾਲਿਆਂ ਦੇ ਪਰਿਵਾਰਾਂ ਨੂੰ 4 ਲੱਖ ਰੁਪਏ ਦੀ ਸਹਾਇਤਾ ਰਾਸ਼ੀ ਦਿੱਤੀ ਜਾਵੇਗੀ। ਇਸ ਦੇ ਨਾਲ ਕਿਸਾਨਾਂ ਨੂੰ ਸੁਸਾਇਟੀਆਂ ਜਾਂ ਸਹਿਕਾਰੀ ਬੈਂਕਾਂ ਤੋਂ ਲਏ ਗਏ ਕਰਜ਼ਿਆਂ ਦੀ ਅਦਾਇਗੀ ਵਿੱਚ ਛੇ ਮਹੀਨਿਆਂ ਦੀ ਛੋਟ ਵੀ ਦਿੱਤੀ ਗਈ ਹੈ। ਰਜਨੀਸ਼ ਦਹੀਯਾ ਨੇ ਕਿਹਾ ਕਿ 1988 ਤੋਂ ਬਾਅਦ ਪੰਜਾਬ ਅੱਜ ਬਹੁਤ ਵੱਡੇ ਹੜ੍ਹਾਂ ਦੀ ਮਾਰ ਝੱਲ ਰਿਹਾ ਹੈ। ਲੋਕਾਂ ਦੇ ਖੇਤ ਤੇ ਘਰ ਪਾਣੀ ਦੀ ਲਪੇਟ ਵਿੱਚ ਹਨ। ਉਨ੍ਹਾਂ ਕਿਹਾ ਕਿ ਜਿੰਨ੍ਹਾਂ ਪਰਿਵਾਰਾਂ ਦੇ ਘਰ ਤਬਾਹ ਹੋ ਗਏ ਹਨ ਜਾਂ ਪਾਣੀ ਵਿੱਚ ਵਹਿ ਗਏ ਹਨ, ਉਨ੍ਹਾਂ ਦਾ ਸਰਵੇਖਣ ਕੀਤਾ ਜਾਵੇਗਾ ਤੇ ਸਰਕਾਰ ਨੁਕਸਾਨ ਦਾ ਮੁਲਾਂਕਣ ਕਰਕੇ ਵਿੱਤੀ ਸਹਾਇਤਾ ਪ੍ਰਦਾਨ ਕਰੇਗੀ। ਇਸ ਤੋਂ ਇਲਾਵਾ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਕਰਜ਼ੇ ਦੀਆਂ ਕਿਸ਼ਤਾਂ ਦਾ ਭੁਗਤਾਨ ਕਰਨ ਵਿੱਚ 6 ਮਹੀਨੇ ਦੀ ਛੋਟ ਦਿੱਤੀ ਗਈ ਹੈ। ਇਸ ਮਿਆਦ ਦੌਰਾਨ ਉਨ੍ਹਾਂ ਨੂੰ ਕਿਸ਼ਤਾਂ ਦਾ ਭੁਗਤਾਨ ਨਹੀਂ ਕਰਨਾ ਪਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਵੱਡੀ ਗਿਣਤੀ 'ਚ ਜਾਨਵਰਾਂ ਨੂੰ ਕਾਫ਼ੀ ਨੁਕਸਾਨ ਹੋਇਆ ਹੈ, ਸਰਕਾਰ ਇਸ ਦੀ ਭਰਪਾਈ ਕਰੇਗੀ ਤੇ ਜਾਨਵਰਾਂ ਲਈ ਇੱਕ ਵਿਸ਼ੇਸ਼ ਟੀਕਾਕਰਨ ਮੁਹਿੰਮ ਚਲਾਈ ਜਾਵੇਗੀ। ਹੜ੍ਹ ਤੋਂ ਬਾਅਦ ਹੋਣ ਵਾਲੀਆਂ ਬਿਮਾਰੀਆਂ ਨੂੰ ਰੋਕਣ ਲਈ ਹੜ੍ਹਾ ਵਾਲੇ ਖੇਤਰਾਂ ਵਿੱਚ ਫੋਗਿੰਗ ਮਸ਼ੀਨਾਂ ਲਗਾਈਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਹੜ੍ਹਾਂ ਕਾਰਨ ਵਿੱਦਿਅਕ ਸੰਸਥਾਵਾਂ ਤੇ ਬਿਜਲੀ ਦੇ ਬੁਨਿਆਦੀ ਢਾਂਚੇ ਨੂੰ ਹੋਏ ਨੁਕਸਾਨ ਦੀ ਮੁਰੰਮਤ ਜੰਗੀ ਪੱਧਰ 'ਤੇ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਹੜ੍ਹ ਪੀੜਤਾਂ ਦੀ ਮੱਦਦ ਲਈ ਲਏ ਗਏ ਇਹ ਫ਼ੈਸਲੇ ਹੜ੍ਹ ਪ੍ਰਭਾਵਿਤ ਲੋਕਾਂ ਲਈ ਰਾਹਤ ਸਾਬਤ ਹੋਣਗੇ।ਉਨ੍ਹਾਂ ਲੋਕ ਪੱਖੀ ਫ਼ੈਸਲਿਆਂ ਲਈ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ।

# 64ਵੇਂ ਪੇਂਡੂ ਖੇਡ ਮੇਲੇ ਦੇ ਦੂਸਰੇ ਦਿਨ ਚੇਅਰਮੈਨ ਢਿੱਲੋਂ ਨੇ ਖਿਡਾਰੀਆਂ ਨਾਲ ਕੀਤੀ ਜਾਣ-ਪਹਿਚਾਣ



ਫ਼ਤਹਿਗੜ੍ਹ ਸਾਹਿਬ, 14 ਸਤੰਬਰ (ਸੂਦ): ਪਿੰਡ ਭਮਾਰਸੀ ਜੇਰ ਵਿਖੇ 64ਵੇਂ ਪੇਂਡੂ ਖੇਡ ਮੇਲੇ ਦੇ ਦੂਸਰੇ ਦਿਨ ਦੀਆਂ ਖੇਡਾਂ ਦਾ ਉਦਘਾਟਨ ਮਾਰਕੀਟ ਕਮੇਟੀ ਸਰਹਿੰਦ-ਫਤਹਿਗੜ੍ਹ ਸਾਹਿਬ ਦੇ ਚੇਅਰਮੈਨ ਤੇ ਆਮ ਆਦਮੀ ਪਾਰਟੀ ਦੇ ਸੂਬਾਈ ਬੁਲਾਰੇ ਗੁਰਵਿੰਦਰ ਸਿੰਘ ਢਿੱਲੋਂ ਨੇ ਕਰਦਿਆ ਕਿਹਾ ਕਿ ਪੰਜਾਬ ਵਿੱਚ ਕਬੱਡੀ, ਰੱਸਾ ਕੱਸੀ ਤੇ ਕੁਸ਼ਤੀਆਂ ਰਵਾਇਤੀ ਖੇਡਾਂ ਹਨ। ਸਾਡੇ ਪਿੰਡਾਂ ਦੇ ਨੌਜਵਾਨਾਂ ਵੱਲੋਂ ਇਨਾਂ ਖੇਡਾਂ ਵਿੱਚ ਵਧ ਚੜ ਕੇ ਹਿਸਾ ਲੈਣਾ ਸਾਬਤ ਕਰਦਾ ਹੈ ਕਿ ਪੰਜਾਬੀਆਂ ਦੇ ਵਿਰਸੇ ਦਾ ਇੱਕ ਅਹਿਮ ਹਿੱਸਾ ਇਹ ਰਵਾਇਤੀ ਖੇਡਾਂ ਬਣ ਚੁੱਕੀਆਂ ਹਨ। ਉਨ੍ਹਾਂ ਐਨਆਰਆਈ ਅਵਤਾਰ ਸਿੰਘ ਯੂਐਸਏ ਦੀ ਅਗਵਾਈ ਵਿੱਚ ਬਣੀ ਕਮੇਟੀ ਵੱਲੋਂ ਗ੍ਰਾਮ ਪੰਚਾਇਤ ਦੇ ਸਹਿਯੋਗ ਨਾਲ ਹਰ ਸਾਲ ਕਰਵਾਈਆਂ ਜਾਂਦੀਆਂ ਖੇਡਾਂ ਦੀ ਸ਼ਲਾਘਾ ਕੀਤੀ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਖਿਡਾਰੀਆਂ ਨੂੰ ਟਰੇਨਿੰਗ ਪ੍ਰੋਗਰਾਮ ਚਲਾਏ ਜਾ ਰਹੇ ਹਨ ਹਰ ਪੰਜਾਬੀ ਨੂੰ ਜ਼ਿਲਾ ਖੇਡ ਅਫ਼ਸਰ ਨਾਲ ਸੰਪਰਕ ਕਰਕੇ ਆਪਣੇ ਹੁਨਰ ਨੂੰ ਚਮਕਾਉਣ ਲਈ ਪੰਜਾਬ ਸਰਕਾਰ ਦੇ ਪ੍ਰੋਗ੍ਰਾਮਾਂ ਦਾ ਲਾਭ ਲੈਣਾ ਚਾਹੀਦਾ ਹੈ। ਇਸ ਮੌਕੇ ਅਵਤਾਰ ਸਿੰਘ ਯੂਐਸਏ, ਸਰਪੰਚ ਨਰਿੰਦਰ ਸਿੰਘ ਤੇ ਪ੍ਰਬੰਧਕਾਂ ਵੱਲੋਂ ਢਿੱਲੋਂ, 'ਆਪ' ਦੇ ਬਲਾਕ ਪ੍ਰਧਾਨ ਬਲਬੀਰ ਸਿੰਘ ਸੋਢੀ, ਨਿਰਮਲ ਸਿੰਘ ਸੀੜਾ, ਹਰਦੇਵ ਸਿੰਘ ਸਾਬਕਾ ਸਰਪੰਚ ਤੇ ਤਰਨਪਾਲ ਸਿੰਘ ਦਾ ਵਿਸੇਸ਼ ਸਨਮਾਨ ਵੀ ਕੀਤਾ ਗਿਆ।

# ਨਬੀਪੁਰ 'ਚ ਕ੍ਰਿਕਟ ਟੂਰਨਾਮੈਂਟ ਦੇ ਜੇਤੂਆਂ ਨੂੰ ਮਨਦੀਪ ਕੌਰ ਨਾਗਰਾ ਨੇ ਵੰਡੇ ਇਨਾਮ



ਫ਼ਤਹਿਗੜ੍ਹ ਸਾਹਿਬ, 14 ਸਤੰਬਰ (ਸੂਦ): ਪਿੰਡ ਨਬੀਪੁਰ ਵਿਖੇ ਪਹਿਲਾ ਕ੍ਰਿਕਟ ਟੂਰਨਾਮੈਂਟ ਕਰਵਾਇਆ ਗਿਆ ਜਿਸ ਵਿੱਚ 20 ਟੀਮਾਂ ਨੇ ਭਾਗ ਲਿਆ। ਇਸ ਮੌਕੇ ਸਾਬਕਾ ਵਿਧਾਇਕ ਕੁਲਜੀਤ ਸਿੰਘ ਨਾਗਰਾ ਦੀ ਧਰਮ ਪਤਨੀ ਮਨਦੀਪ ਕੌਰ ਨਾਗਰਾ ਨੇ ਮੁੱਖ-ਮਹਿਮਾਨ ਵਜੋਂ ਸ਼ਿਰਕਤ ਕੀਤੀ ਤੇ ਜੇਤੂ ਖਿਡਾਰੀਆਂ ਨੂੰ ਇਨਾਮ ਵੰਡੇ। ਫਾਈਨਲ ਮੁਕਾਬਲੇ ਵਿੱਚ ਮਰਾਰਕੂ ਦੀ ਟੀਮ ਨੇ ਪਹਿਲਾ ਲੰਗ ਦੀ ਟੀਮ ਨੇ ਦੂਜਾ, ਨਲੀਨੀ ਦੀ ਟੀਮ ਨੇ ਤੀਜਾ ਅਤੇ ਸ਼ੇਖੂਪੁਰ ਦੀ ਟੀਮ ਨੇ ਚੌਥਾ ਸਥਾਨ ਹਾਸਲ ਕੀਤਾ ਜਿਨ੍ਹਾਂ ਨੂੰ ਕ੍ਰਮਵਾਰ 31 ਹਜ਼ਾਰ, 15 ਹਜ਼ਾਰ ਅਤੇ 3100-3100 ਰੁਪਏ ਅਤੇ ਯਾਦਗਾਰੀ ਚਿੰਨ ਨਾਲ ਸਨਮਾਨਿਤ ਕੀਤਾ ਗਿਆ। ਮੈਨ ਆਫ ਸੀਰੀਜ਼ ਨੂੰ ਇਨਾਮ ਵਜੋਂ 54 ਟੀਵੀ ਦਿਤਾ ਗਿਆ। ਬੀਬੀ ਨਾਗਰਾ ਨੇ ਪ੍ਰਬੰਧਕਾਂ ਵੱਲੋਂ ਕੀਤੇ ਉਪਰਾਲੇ ਦੀ ਸ਼ਲਾਘਾ ਕਰਦਿਆ ਕਿਹਾ ਕਿ ਪਿੰਡ ਵਿਚ ਕੋਈ ਗਰਾਊਂਡ ਨਹੀਂ ਸੀ ਅਤੇ ਪਿਛਲੀ ਕਾਂਗਰਸ ਸਰਕਾਰ ਸਮੇਂ ਉਨ੍ਹਾਂ ਦੇ ਪਤੀ ਕੁਲਜੀਤ ਸਿੰਘ ਨਾਗਰਾ ਨੇ ਖੇਡ ਮੈਦਾਨ ਬਣਵਾਇਆ ਸੀ, ਜਿਸ ਵਿਚ ਓਪਨ ਜਿਮ ਤੇ ਰਨਿੰਗ ਟਰੈਕ ਵੀ ਬਣਾਇਆ ਸੀ। ਇਸ ਮੌਕੇ ਸ਼ਾਹਬਾਜ਼ ਸਿੰਘ ਨਾਗਰਾ, ਬਲਾਕ ਪ੍ਰਧਾਨ ਗੁਰਮੁੱਖ ਸਿੰਘ ਪੰਡਰਾਲੀ, ਪਰਮਿੰਦਰ ਸਿੰਘ ਨੋਨੀ, ਸਾਬਕਾ ਸਰਪੰਚ ਧਰਮਿੰਦਰ ਸਿੰਘ ਨਬੀਪੁਰ, ਪ੍ਰਗਟ ਸਿੰਘ ਬੱਬੂ, ਸਿਕੰਦਰ ਰਾਮ ਮੀਤ ਪ੍ਰਧਾਨ ਸਹਿਕਾਰੀ ਸਭਾ ਨਬੀਪੁਰ, ਦੇਸਰਾਜ, ਹੈਪੀ ਰਾਮ, ਸੁਰਜੀਤ, ਜਸਪਾਲ ਸਿੰਘ, ਸੁਰਿੰਦਰਪਾਲ, ਅਮਰੀਕ ਲਾਰਾ, ਜਤਿੰਦਰਪਾਲ ਸਿੰਘ ਕਾਲਾ, ਸਰਪੰਚ ਰਾਜਿੰਦਰ ਸਿੰਘ, ਪੰਚ ਅਜੀਤ ਸਿੰਘ, ਪੰਚ ਦਵਿੰਦਰ ਸਿੰਘ, ਪੰਚ ਜਗਵਿੰਦਰ ਕੌਰ, ਨੰਬਰਦਾਰ ਬਲਵਿੰਦਰ ਸਿੰਘ, ਗੁਰਨਾਮ ਸਿੰਘ ਮੱਲੀ, ਜਰਨੈਲ ਸਿੰਘ ਗੁਰਦਿਆਲ ਸਿੰਘ, ਮਾਸਟਰ ਸਰਦਾਰਾ ਸਿੰਘ, ਮਾਸਟਰ ਤਾਰਾ ਸਿੰਘ, ਮੰਗਲ ਸਿੰਘ ਚੀਮਾ, ਕਰਨੈਲ ਸਿੰਘ ਬਾਜਵਾ, ਹਰਮੇਸ਼ ਸਿੰਘ ਪੱਪੂ, ਗੁਲਜਾਰ ਸਿੰਘ, ਭਗਵਾਨ ਸਿੰਘ, ਮਨਪ੍ਰੀਤ ਸਿੰਘ, ਜਸਵੰਤ ਸਿੰਘ ਬੱਬੀ, ਪਰਮਿੰਦਰ ਸਿੰਘ ਚੀਮਾ, ਬਿਕਰਮਜੀਤ ਸਿੰਘ ਚੀਮਾ, ਦਰਸ਼ਨ ਸਿੰਘ ਤੇ ਅਵਤਾਰ ਸਿੰਘ ਆਦਿ ਹਾਜ਼ਰ ਸਨ।

# ਜ਼ਿਲ੍ਹਾ ਮੈਜਿਸਟਰੇਟ ਨੇ ਝੋਨੇ ਦੀ ਰਹਿੰਦ-ਖੂੰਹਦ ਨੂੰ ਅੱਗ ਲਗਾਉਣ 'ਤੇ ਪੂਰਨ ਪਾਬੰਦੀ ਲਗਾਈ



ਫ਼ਤਹਿਗੜ੍ਹ ਸਾਹਿਬ, 14 ਸਤੰਬਰ (ਹਰਪ੍ਰੀਤ ਕੌਰ ਟਿਵਾਣਾ): ਜ਼ਿਲ੍ਹਾ ਮੈਜਿਸਟਰੇਟ ਡਾ. ਸੋਨਾ ਥਿੰਦ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦੀ ਹਦੂਦ ਅੰਦਰ ਜੀਰੀ (ਝੋਨੇ) ਦੀ ਰਹਿੰਦ-ਖੂੰਹਦ ਨੂੰ ਅੱਗ ਲਗਾਉਣ 'ਤੇ ਪੂਰਨ ਤੌਰ 'ਤੇ ਪਾਬੰਦੀ ਲਗਾਉਣ ਦੇ ਹੁਕਮ ਜਾਰੀ ਕੀਤੇ ਹਨ।ਜ਼ਿਲ੍ਹਾ ਮੈਜਿਸਟਰੇਟ ਵੱਲੋਂ ਜਾਰੀ ਕੀਤੇ ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਜੀਰੀ (ਝੋਨੇ) ਦੀ ਰਹਿੰਦ-ਖੂੰਹਦ ਨੂੰ ਅੱਗ ਲਗਾਉਣ ਨਾਲ ਹਵਾ ਵਿੱਚ ਧੂੰਏ ਨਾਲ ਬਹੁਤ ਪ੍ਰਦੂਸ਼ਨ ਫੈਲਦਾ ਹੈ ਅਤੇ ਵਾਤਾਵਰਣ 'ਤੇ ਮਾੜਾ ਅਸਰ ਪੈਂਦਾ ਹੈ। ਇਸ ਧੂੰਏ ਕਾਰਨ ਆਮ ਜਨਤਾ ਦੀ ਸਿਹਤ 'ਤੇ ਵੀ ਬਹੁਤ ਮਾੜਾ ਅਸਰ ਪੈਂਦਾ ਹੈ ਅਤੇ ਉਨ੍ਹਾਂ ਨੂੰ ਮਾਰੂ ਬੀਮਾਰੀਆਂ ਲਗਦੀਆਂ ਹਨ। ਅੱਗ ਨਾਲ ਆਲੇ ਦੁਆਲੇ ਖੜ੍ਹੀ ਫਸਲ ਦਾ ਨੁਕਸਾਨ ਹੋਣ ਦਾ ਨਿਰੰਤਰ ਡਰ ਰਹਿੰਦਾ ਹੈ। ਇਸ ਤੋਂ ਇਲਾਵਾ ਅਨੇਕਾ ਲਾਭਦਾਇਕ ਜੀਵ-ਜੰਤੂ ਵੀ ਮਾਰੇ ਜਾਂਦੇ ਹਨ। ਸੜਕ ਦੇ ਨਾਲ ਲੱਗਦੇ ਖੇਤਾਂ ਵਿੱਚ ਅੱਗ ਲਗਾਉਣ ਕਾਰਨ ਸੜਕ ਉੱਪਰ ਸੰਘਣਾ ਧੂੰਆਂ ਹੋਣ ਕਾਰਨ ਆਵਾਜਾਈ ਵਿੱਚ ਵਿਘਨ ਪੈਂਦਾ ਹੈ ਅਤੇ ਦੁਰਘਟਨਾਵਾਂ ਵਾਪਰਦੀਆਂ ਹਨ, ਜਿਸ ਨਾਲ ਜਾਨੀ ਤੇ ਮਾਲੀ ਨੁਕਸਾਨ ਹੋਣ ਦਾ ਖਤਰਾ ਰਹਿੰਦਾ ਹੈ। ਇਸ ਤੋਂ ਇਲਾਵਾ ਇਸ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਘੱਟਦੀ ਹੈ। ਇਹ ਹੁਕਮ 30 ਨਵੰਬਰ, 2025 ਤੱਕ ਜਾਰੀ ਰਹਿਣਗੇ।

# ਭਾਰਤ ਵਿਕਾਸ ਪ੍ਰੀਸ਼ਦ ਨੇ ਬੱਚਿਆਂ ਨੂੰ ਟੀ-ਸ਼ਰਟਾਂ ਤੇ ਖੇਡ ਕਿੱਟਾਂ ਵੰਡੀਆਂ



ਅਮਲੋਹ, 14 ਸਤੰਬਰ (ਜਸਵੰਤ ਸਿੰਘ): ਭਾਰਤ ਵਿਕਾਸ ਪਰਿਸ਼ਦ ਬਰਾਂਚ ਅਮਲੋਹ ਦੇ ਸਹਿਯੋਗ ਨਾਲ ਸੁਰਿੰਦਰ ਸਿੰਘ ਐਮ.ਡੀ ਐਸ. ਪੀ ਮੋਟਰ ਵਰਕਸ਼ਾਪ ਅਮਲੋਹ ਵੱਲੋਂ ਸਰਕਾਰੀ ਐਲੀਮੈਂਟਰੀ ਸਕੂਲ ਖਨਿਆਣ ਵਿਖੇ ਬੱਚਿਆਂ ਲਈ ਟੀ-ਸ਼ਰਟਾਂ ਅਤੇ ਖੇਡ ਕਿੱਟਾਂ ਵੰਡੀਆਂ ਗਈਆਂ। ਪਰਿਸ਼ਦ ਦੇ ਸਕੱਤਰ ਚਰਨਜੀਤ ਕੁਮਾਰ ਨੇ ਦੱਸਿਆ ਕਿ ਪ੍ਰੀਸ਼ਦ ਵੱਲੋਂ ਜਿੱਥੇ ਸਮਾਜ ਸੇਵੀ ਕੰਮਾਂ ਵਿੱਚ ਵੱਧ ਚੜ ਕੇ ਹਿੱਸਾ ਪਾਇਆ ਜਾ ਰਿਹਾ ਹੈ ਉਥੇ ਪਿੰਡ ਖਨਿਆਣ ਦੇ ਹੀ ਜਮ ਪਲ ਬਲਵਿੰਦਰ ਸਿੰਘ ਘਟੌੜਾ ਦੇ ਸਹਿਯੋਗ ਨਾਲ ਅਮਲੋਹ ਵਿੱਚ ਇਕ ਐਂਬੂਲੈਂਸ ਸੇਵਾ ਚਲਾਈ ਜਾ ਰਹੀ ਹੈ ਜਿਸ ਦਾ ਲੋਕਾਂ ਨੂੰ ਭਰਪੂਰ ਫਾਇਦਾ ਹੋ ਰਿਹਾ ਹੈ। ਸਕੂਲ ਦੇ ਹੈੱਡ ਟੀਚਰ ਗੁਰਪ੍ਰੀਤ ਸਿੰਘ ਨੇ ਪ੍ਰੀਸ਼ਦ ਵੱਲੋਂ ਸਮੇਂ ਸਮੇਂ ਸਕੂਲਾਂ ਵਿੱਚ ਬੱਚਿਆਂ ਦੀ ਕੀਤੀ ਜਾ ਰਹੀ ਮਦਦ ਦੀ ਸਲਾਘਾ ਕੀਤੀ। ਸਕੂਲ ਮੈਨੇਜਮੈਂਟ ਕਮੇਟੀ ਵੱਲੋਂ ਪ੍ਰੀਸ਼ਦ ਦੇ ਪ੍ਰਧਾਨ ਬ੍ਰਿਜ ਭੂਸ਼ਣ ਗਰਗ ਸੁਰਿੰਦਰ ਸਿੰਘ ਅਤੇ ਪ੍ਰੀਸ਼ਦ ਦੀ ਟੀਮ ਦਾ ਸਨਮਾਨ ਵੀ ਕੀਤਾ ਗਿਆ। ਸ੍ਰੀ ਜਰਨੈਲ ਸਿੰਘ ਸਹੋਤਾ ਨੇ ਦੱਸਿਆ ਕਿ ਪ੍ਰੀਸ਼ਦ ਵੱਲੋਂ ਕੈਂਸਰ ਨਾਲ ਪੀੜਤਾਂ ਦੀ ਜਾਂਚ ਲਈ 1 ਦਸੰਬਰ ਨੂੰ ਕੁਲਵੰਤ ਸਿੰਘ ਧਾਲੀਵਾਲ ਵਰਲਡ ਕੈਂਸਰ ਕੇਅਰ ਚੈਰੀਟੇਬਲ ਸੁਸਾਇਟੀ ਦੇ ਸਹਿਯੋਗ ਨਾਲ ਕੈਂਪ ਲਗਾਇਆ ਜਾ ਰਿਹਾ ਹੈ। ਇਸ ਮੌਕੇ ਸਰਪੰਚ ਪਰਮਿੰਦਰ ਸਿੰਘ, ਹਰਪਾਲ ਸਿੰਘ ਘਟੌੜਾ, ਬਲਵਿੰਦਰ ਸਿੰਘ ਚੇਅਰਮੈਨ, ਸੁਖਬੀਰ ਸਿੰਘ ਇਟਲੀ, ਗੁਰਵਿੰਦਰ ਸਿੰਘ ਪੰਚ, ਜਸਪਾਲ ਸਿੰਘ ਪੰਚ, ਡਾ. ਰਾਮ ਸਰੂਪ, ਭੂਸ਼ਣ ਸ਼ਰਮਾ, ਜਸਵੰਤ ਸਿੰਘ ਗੋਲਡ, ਸਮੀਰ ਮੁਹੰਮਦ, ਜੋਗਿੰਦਰ ਸਿੰਘ ਨਰੂਲਾ, ਗੁਰਪ੍ਰੀਤ ਕੌਰ, ਜਸਵਿੰਦਰ ਕੌਰ ਤੇ ਜਗਦੀਪ ਸਿੰਘ ਹਾਜ਼ਰ ਸਨ।

# ਕੇਂਦਰੀ ਰਾਜ ਮੰਤਰੀ ਜਾਰਜ ਕੁਰੀਆਂ ਵੱਲੋਂ ਜ਼ਿਲ੍ਹਾ ਗੁਰਦਾਸਪੁਰ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ



ਡੇਰਾ ਬਾਬਾ ਨਾਨਕ, 14 ਸਤੰਬਰ (ਹੈਪੀ ਕੋਟਲੀ): ਕੇਂਦਰੀ ਰਾਜ ਮੰਤਰੀ ਜਾਰਜ ਕੁਰੀਆਂ ਵੱਲੋਂ ਅੱਜ ਜ਼ਿਲ੍ਹਾ ਗੁਰਦਾਸਪੁਰ ਦੇ ਹੜ੍ਹ ਪ੍ਰਭਾਵਿਤ ਖੇਤਰ ਸ੍ਰੀ ਕਰਤਾਰਪੁਰ ਸਾਹਿਬ ਕੋਰੀਡੋਰ ਡੇਰਾ ਬਾਬਾ ਨਾਨਕ, ਪਿੰਡ ਰੱਤਾ, ਰੱਤੜ-ਛੱਤੜ, ਘਣੀਏ-ਕੇ-ਬੇਟ, ਧਰਮਕੋਟ ਰੰਧਾਵਾ, ਧਰਮਕੋਟ ਪੱਤਣ, ਗੁਰਚੱਕ, ਡਾਲਾ, ਗੋਲਾ-ਢੋਲਾ ਤੇ ਗੁਰਚੱਕ ਦਾ ਦੌਰਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨੇ ਹੜ੍ਹਾਂ ਨਾਲ ਹੋਏ ਨੁਕਸਾਨ ਦਾ ਜਾਇਜ਼ਾ ਲਿਆ ਤੇ ਨਾਲ ਹੀ ਪ੍ਰਭਾਵਿਤ ਲੋਕਾਂ ਨਾਲ ਮੁਲਾਕਾਤ ਕੀਤੀ। ਇਸ ਮੌਕੇ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਵੱਲੋਂ ਕੇਂਦਰੀ ਰਾਜ ਮੰਤਰੀ ਨੂੰ ਹੜ੍ਹਾਂ ਕਾਰਨ ਹੋਏ ਨੁਕਸਾਨ ਦੀ ਜਾਣਕਾਰੀ ਦਿੱਤੀ ਤੇ ਨਾਲ ਹੀ ਸਰਕਾਰ ਵੱਲੋਂ ਚਲਾਏ ਜਾ ਰਹੇ ਰਾਹਤ ਤੇ ਪੁਨਰਵਾਸ ਕਾਰਜਾਂ ਬਾਰੇ ਵਿਸਥਾਰ ਵਿੱਚ ਦੱਸਿਆ ਗਿਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਕੇਂਦਰੀ ਰਾਜ ਮੰਤਰੀ ਜਾਰਜ ਕੁਰੀਆਂ ਨੇ ਕਿਹਾ ਕਿ ਹੜ੍ਹ ਕਾਰਨ ਸਰਹੱਦ ਨਾਲ ਲੱਗਦੇ ਖੇਤਰ ਦਾ ਵੱਡਾ ਨੁਕਸਾਨ ਹੋਇਆ ਹੈ। ਉਨ੍ਹਾਂ ਕਿਹਾ ਕਿ ਇਸ ਸੰਕਟ ਦੀ ਘੜੀ ਵਿੱਚ ਕੇਂਦਰ ਸਰਕਾਰ ਪੰਜਾਬ ਦੇ ਨਾਲ ਹੈ। ਉਨ੍ਹਾਂ ਕਿਹਾ ਕਿ ਕੇਂਦਰੀ ਖੇਤੀਬਾੜੀ ਤੋਂ ਇਲਾਵਾ ਪ੍ਰਧਾਨ ਮੰਤਰੀ ਵੀ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ ਕਰ ਚੁੱਕੇ ਹਨ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਸੂਬੇ ਨੂੰ 1600 ਕਰੋੜ ਦਾ ਵਿਸ਼ੇਸ਼ ਵਿੱਤੀ ਪੈਕੇਜ ਵੀ ਜਾਰੀ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਪੰਜਾਬ ਸਰਕਾਰ ਨਾਲ ਮਿਲ ਕੇ ਯਤਨ ਕੀਤੇ ਜਾਣਗੇ ਕਿ ਭਵਿੱਖ ਵਿੱਚ ਅਜਿਹੀ ਸਥਿਤੀ ਦਾ ਸਾਹਮਣਾ ਨਾ ਕਰਨਾ ਪਵੇ। ਇਸ ਮੌਕੇ ਵਧੀਕ ਐਸ.ਡੀ.ਐਮ. ਡੇਰਾ ਬਾਬਾ ਨਾਨਕ ਡਾ. ਆਦਿੱਤਯ ਸ਼ਰਮਾ, ਡੀ.ਆਰ.ਓ. ਜਸਕਰਨਜੀਤ ਸਿੰਘ, ਤਹਿਸੀਲਦਾਰ ਲਛਮਣ ਸਿੰਘ ਰੰਧਾਵਾ, ਬੀ.ਡੀ.ਪੀ.ਓ. ਅਮਨਦੀਪ ਕੌਰ, ਪਸ਼ੂ ਪਾਲਣ ਵਿਭਾਗ ਦੇ ਡਿਪਟੀ ਡਾਇਰੈਕਟਰ ਡਾ. ਜਸਪ੍ਰੀਤ ਸਿੰਘ ਨਾਗਪਾਲ, ਡਾ. ਗੁਰਦੇਵ ਸਿੰਘ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਭਾਜਪਾ ਆਗੂ ਬਘੇਲ ਸਿੰਘ, ਰਵੀ ਕਰਨ ਸਿੰਘ ਕਾਹਲੋਂ ਵੀ ਹਾਜ਼ਰ ਸਨ।

# ਨਗਰ ਪੰਚਾਇਤ ਨੇ ਸ਼ਮਸ਼ਾਨਘਾਟ ਵਿਖੇ ਲੈਂਟਰ ਪਾਇਆ



ਬਟਾਲਾ, 14 ਸਤੰਬਰ (ਬਲਵਿੰਦਰ ਸਿੰਘ ਪੰਜਗਰਾਈਂ): ਨਜ਼ਦੀਕੀ ਪਿੰਡ ਪੰਜਗਰਾਈਆਂ ਦੇ ਸ਼ਮਸ਼ਾਨਘਾਟ ਵਿਖੇ ਨਗਰ ਦੇ ਸਰਪੰਚ ਗੁਰਦੀਪ ਸਿੰਘ ਹੇਅਰ ਦੇ ਯਤਨਾਂ ਸਦਕਾ ਬੀਤੇ ਕੱਲ੍ਹ ਲੈਂਟਰ ਪਾਇਆ ਗਿਆ। ਜਾਣਕਾਰੀ ਸਾਂਝੀ ਕਰਦੇ ਹੋਏ ਸਰਪੰਚ ਗੁਰਦੀਪ ਸਿੰਘ ਹੇਅਰ, ਪੰਚ ਸਤਨਾਮ ਸਿੰਘ ਫੌਜੀ, ਪੰਚ ਸੁਖਦੀਪ ਸਿੰਘ ਹੇਅਰ ਆਦਿ ਮੋਹਤਬਰਾਂ ਨੇ ਦੱਸਿਆ ਕਿ ਇਸ ਜਗ੍ਹਾ ਉਪਰ ਪਹਿਲਾਂ ਵੀ ਸ਼ੈਡ ਸੀ, ਜੋ ਕਿ ਬਹੁਤ ਛੋਟਾ ਸੀ ਤੇ ਇੱਕ ਹੀ ਪ੍ਰਾਣੀ ਦਾ ਸਸਕਾਰ ਹੁੰਦਾ ਸੀ। ਸਰਪੰਚ ਗੁਰਦੀਪ ਸਿੰਘ ਨੇ ਦੱਸਿਆ ਕਿ ਪਹਿਲਾਂ ਵਾਲਾ ਸ਼ੈਡ 35-40 ਸਾਲ ਪੁਰਾਣਾ ਹੋਣ ਕਰਕੇ ਕਾਫੀ ਖਸਤਾ ਹਾਲਤ ਵਿੱਚ ਸੀ। ਸਸਕਾਰ ਕਰਨ ਸਮੇਂ ਕਿਸੇ ਦਾ ਜਾਨੀ-ਮਾਲੀ ਨੁਕਸਾਨ ਨਾ ਹੋ ਜਾਵੇ, ਇਸ ਕਰਕੇ ਉਸ ਸ਼ੈਡ ਨੂੰ ਢਹਿ-ਢੇਰੀ ਕਰ ਦਿੱਤਾ ਗਿਆ ਸੀ, ਜਿਸ ਦੀ ਜਗ੍ਹਾ ਇਸ ਸ਼ੈਡ ਨੂੰ ਪਹਿਲੇ ਨਾਲੋਂ ਡਬਲ ਕਰਕੇ ਇਸ ਦੀ ਨਵ ਉਸਾਰੀ ਕੀਤੀ ਗਈ ਹੈ। ਉਨ੍ਹਾਂ ਹੋਰ ਕਿਹਾ ਕਿ ਸਾਡੇ ਹਲਕਾ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਕਿਸ਼ਨ ਕੋਟ ਨੇ ਵੀ ਪਿੰਡ ਦੇ ਵਿਕਾਸ ਕਾਰਜਾਂ ਵਾਸਤੇ ਗ੍ਰਾਂਟ ਦੇਣ ਦੀ ਗੱਲ ਕੀਤੀ ਹੈ, ਸਰਕਾਰ ਵੱਲੋਂ ਗ੍ਰਾਂਟ ਮਿਲਣ 'ਤੇ ਪਿੰਡ ਦੇ ਰਹਿੰਦੇ ਕੰਮ ਕਰਵਾਉਣ ਨੂੰ ਤਰਜੀਹ ਦਿੱਤੀ ਜਾਵੇਗੀ। ਇਸ ਮੌਕੇ ਸਰਪੰਚ ਗੁਰਦੀਪ ਸਿੰਘ ਹੇਅਰ ਤੋਂ ਇਲਾਵਾ ਭੁਪਿੰਦਰ ਸਿੰਘ ਬਾਜਵਾ, ਪੰਚ ਕਰਮਜੀਤ ਸਿੰਘ, ਪੰਚ ਗੁਰਦੇਵ ਸਿੰਘ, ਪੰਚ ਹਰਪ੍ਰੀਤ ਸਿੰਘ, ਪੰਚ ਹਜ਼ਾਰਾ ਲਾਲ, ਮਦਨ ਮਦੀ, ਮਿਸਤਰੀ ਜੱਗਾ ਸਿੰਘ ਤੇ ਹੋਰ ਅਨੇਕਾਂ ਸੰਗਤਾਂ ਹਾਜ਼ਰ ਸਨ।

# ਹੜ੍ਹ ਪ੍ਰਭਾਵਿਤ ਪਿੰਡਾਂ 'ਚ ਰਾਹਤ ਤੇ ਪੁਨਰਵਾਸ ਕਾਰਜਾਂ ਲਈ ਨਿਗਰਾਨ ਕਮੇਟੀਆਂ ਦਾ ਗਠਨ

☛ ਸਰਕਾਰ ਵੱਲੋਂ 45 ਦਿਨਾਂ ਦੇ ਅੰਦਰ ਦਿੱਤਾ ਜਾਵੇਗਾ ਹੜ੍ਹ ਪੀੜਤਾਂ ਨੂੰ ਮੁਆਵਜ਼ਾ: ਬਹਿਲ

ਕਾਹਨੂੰਵਾਨ, 14 ਸਤੰਬਰ (ਕੁਲਜੀਤ ਸਿੰਘ ਖੋਖਰ): ਪੰਜਾਬ ਸਰਕਾਰ ਵੱਲੋਂ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਰਾਹਤ ਤੇ ਪੁਨਰਵਾਸ ਦੇ ਕਾਰਜ ਲਗਾਤਾਰ ਜਾਰੀ ਹਨ। ਰਾਹਤ ਤੇ ਪੁਨਰਵਾਸ ਕਾਰਜਾਂ ਨੂੰ ਹੋਰ ਤੇਜ਼ ਕਰਨ ਲਈ ਪੰਜਾਬ ਸਰਕਾਰ ਨੇ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਗ੍ਰਾਮ ਪੰਚਾਇਤਾਂ ਦੇ ਵਿਸ਼ੇਸ਼ ਇਜਲਾਸ ਕਰਕੇ ਕਮੇਟੀਆਂ ਗਠਨ ਕਰਨ ਦੇ ਹੁਕਮ ਜਾਰੀ ਕੀਤੇ ਹਨ। ਇਨ੍ਹਾਂ ਹੁਕਮਾਂ ਤਹਿਤ ਹੀ ਅੱਜ ਵਿਧਾਨ ਸਭਾ ਹਲਕਾ ਗੁਰਦਾਸਪੁਰ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਬਲੱਗਣ, ਹਰਦਾਨ, ਖੋਖਰ, ਭੁੱਲਾ ਤੇ ਲੱਖੋਵਾਲ ਵਿਖੇ ਗ੍ਰਾਮ ਪੰਚਾਇਤਾਂ ਦੇ ਵਿਸ਼ੇਸ਼ ਇਜਲਾਸ ਬੁਲਾਏ ਗਏ। ਇਨ੍ਹਾਂ ਵਿਸ਼ੇਸ਼ ਇਜਲਾਸਾਂ ਵਿੱਚ ਸੀਨੀਅਰ ਆਗੂ ਰਮਨ ਬਹਿਲ ਨੇ ਵੀ ਹਾਜ਼ਰੀ ਭਰੀ। ਇਨ੍ਹਾਂ ਇਜਲਾਸਾਂ ਦੌਰਾਨ ਪਿੰਡਾਂ ਵਿੱਚ ਨਿਗਰਾਨ ਕਮੇਟੀਆਂ ਦਾ ਗਠਨ ਕੀਤਾ ਗਿਆ, ਜਿਸ ਵਿੱਚ ਸਰਪੰਚ, ਪੰਚਾਇਤ ਮੈਂਬਰ, ਸਕੱਤਰ, ਸਮਾਜ ਸੇਵੀ ਜਾਂ ਸਾਬਕਾ ਫ਼ੌਜੀਆਂ ਨੂੰ ਸ਼ਾਮਲ ਕੀਤਾ



ਗਿਆ ਹੈ। ਇਨ੍ਹਾਂ ਨਿਗਰਾਨ ਕਮੇਟੀਆਂ ਵੱਲੋਂ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਇਕੱਠੀ ਹੋਈ ਗਾਰ ਦੀ ਸਫ਼ਾਈ, ਨੁਕਸਾਨੇ ਗਏ ਘਰਾਂ ਦੀ ਮੁਰੰਮਤ, ਪ੍ਰਧਾਨ ਮੰਤਰੀ ਆਵਾਸ ਯੋਜਨਾ ਦੀਆਂ ਹਦਾਇਤਾਂ ਅਨੁਸਾਰ ਨਵਾਂ ਸਰਵੇ, ਮਰੇ ਹੋਏ ਪਸ਼ੂਆਂ ਨੂੰ ਦਬਾਉਣ, ਪਿੰਡ ਵਿੱਚ ਸਰਕਾਰੀ ਇਮਾਰਤਾਂ, ਸਰਕਾਰੀ ਸਕੂਲ, ਸ਼ਮਸ਼ਾਨਘਾਟ, ਬੂਟੇ, ਖੇਡ ਮੈਦਾਨ, ਪਾਰਕ, ਮਨਰੇਗਾ ਦੇ ਐਸਿਸਟ ਜਿਵੇਂ ਆਂਗਨਵਾੜੀ ਸੈਂਟਰ, ਪੰਚਾਇਤ ਘਰ ਆਦਿ ਦੇ ਨੁਕਸਾਨ ਤੇ ਰਿਪੇਅਰ ਸਬੰਧੀ ਇਸ ਤੋਂ ਇਲਾਵਾ ਗ੍ਰਾਮ ਸਭਾ ਨੂੰ ਕੋਈ ਹੋਰ ਹੜ੍ਹ ਪ੍ਰਭਾਵਿਤ ਕੰਮਾਂ ਨੂੰ ਕਰਵਾਇਆ ਜਾਵੇਗਾ। ਰਮਨ ਬਹਿਲ ਨੇ ਇਨ੍ਹਾਂ ਪਿੰਡਾਂ ਵਿੱਚ ਚੁਣੀਆਂ ਗਈਆਂ ਨਿਗਰਾਨ ਕਮੇਟੀ ਦੇ ਮੈਂਬਰਾਂ ਨੂੰ ਕਿਹਾ ਕਿ ਉਹ ਪੂਰੀ ਤਨਦੇਹੀ ਨਾਲ ਦਿੱਤੀ ਗਈ ਜ਼ਿੰਮੇਵਾਰੀ ਨੂੰ ਨਿਭਾਉਣ ਤਾਂ ਜੋ ਹੜ੍ਹ ਪੀੜਤਾਂ ਨੂੰ ਰਾਹਤ ਮਿਲ ਸਕੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੇ ਹੁਕਮਾਂ ਤਹਿਤ ਫਸਲਾਂ ਦੇ ਨੁਕਸਾਨ ਦਾ ਪਤਾ ਲਗਾਉਣ ਲਈ ਵਿਸ਼ੇਸ਼ ਗਿਰਦਾਵਰੀ 13 ਸਤੰਬਰ ਤੋਂ ਸ਼ੁਰੂ ਹੋ ਗਈ ਹੈ ਤੇ ਇਹ ਸਮੁੱਚੀ ਪ੍ਰਕਿਰਿਆ 45 ਦਿਨਾਂ ਦੇ ਅੰਦਰ ਪੂਰੀ ਕਰ ਲਈ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਤੋਂ ਤੁਰੰਤ ਬਾਅਦ ਕਿਸਾਨਾਂ ਨੂੰ ਆਪਣੇ ਮੁਆਵਜ਼ੇ ਦੇ ਚੈਕ ਮਿਲਣੇ ਸ਼ੁਰੂ ਹੋ ਜਾਣਗੇ।

# ਇੱਕ ਵਾਰ ਫ਼ਿਰ ਹੋਇਆ ਮਿਡ-ਡੇ-ਮੀਲ ਬਲਾਕ ਮੈਨੇਜਰਾਂ ਨਾਲ ਧੱਕਾ

☛ ਮੰਤਰੀਆਂ ਦੇ ਹੁਕਮਾਂ ਨੂੰ ਟਿੱਚ ਜਾਣਦੀ ਹੈ ਪੰਜਾਬ ਦੀ ਅਫ਼ਸਰਸ਼ਾਹੀ

ਗੁਰਦਾਸਪੁਰ, 14 ਸਤੰਬਰ (ਜਗੀਰ ਸਿੰਘ ਮੰਡ): ਪਿਛਲੇ 16 ਸਾਲਾਂ ਤੋਂ ਬਲਾਕ ਦਫ਼ਤਰਾਂ ਵਿੱਚ ਪੂਰੀ ਤਨਦੇਹੀ ਨਾਲ ਬਹੁਤ ਹੀ ਨਿਗੂਣੀਆਂ ਤਨਖਾਹਾਂ 'ਤੇ ਸੇਵਾ ਨਿਭਾ ਰਹੇ ਸਹਾਇਕ ਬਲਾਕ ਮੈਨੇਜਰਾਂ ਨਾਲ ਵਿਭਾਗ ਦੇ ਅਧਿਕਾਰੀਆਂ ਨੇ ਇੱਕ ਵਾਰ ਫ਼ਿਰ ਧੱਕਾ ਕਰਦੇ ਹੋਏ ਰੈਗੂਲਰ ਲਈ ਇਨ੍ਹਾਂ ਨੂੰ ਨਹੀਂ ਵਿਚਾਰਿਆ ਗਿਆ, ਜਦਕਿ ਕੈਬਨਿਟ ਸਬ-ਕਮੇਟੀ ਵੱਲੋਂ ਹਰੇਕ ਮੀਟਿੰਗ ਵਿੱਚ ਵਾਰ-ਵਾਰ ਵਿਭਾਗ ਦੇ ਅਧਿਕਾਰੀਆਂ ਨੂੰ ਸਮੱਗਰਾ ਦੇ ਦਫ਼ਤਰੀ ਕਰਮਚਾਰੀਆਂ ਦੇ ਨਾਲ-ਨਾਲ ਮਿਡ-ਡੇ-ਮੀਲ ਦੇ ਸਹਾਇਕ ਬਲਾਕ ਮੈਨੇਜਰਾਂ ਨੂੰ ਵੀ ਰੈਗੂਲਰ ਕਰਨ ਲਈ ਕਿਹਾ ਗਿਆ। ਜਾਣਕਾਰੀ ਦਿੰਦੇ ਹੋਏ ਏ.ਬੀ.ਐਮ. ਯੂਨੀਅਨ, ਪੰਜਾਬ ਦੇ ਸੀਨੀਅਰ ਆਗੂ ਮੁਨੀਸ਼ ਕੁਮਾਰ ਨੇ ਦੱਸਿਆ ਕਿ ਸਾਲ 2009 ਤੋਂ ਸੇਵਾ ਨਿਭਾ ਰਹੇ ਮਿਡ-ਡੇ-ਮੀਲ ਸਹਾਇਕ ਬਲਾਕ ਮੈਨੇਜਰਾਂ ਨਾਲ ਸਮੇਂ ਦੀਆਂ ਸਰਕਾਰਾਂ ਤੇ ਸਿੱਖਿਆ ਵਿਭਾਗ ਵੱਲੋਂ ਸ਼ੁਰੂ ਤੋਂ ਹੀ ਵਿਤਕਰਾ ਕੀਤਾ ਜਾ ਰਿਹਾ ਹੈ। ਪਹਿਲਾਂ ਸਾਲ 2014 ਵਿੱਚ ਜਦ ਸਮੱਗਰਾ ਸਿੱਖਿਆ ਅਭਿਆਨ ਸੁਸਾਇਟੀ ਦੇ



ਮੁਲਾਜ਼ਮਾਂ ਨੂੰ ਗ੍ਰੇਡ ਪੇਅ ਲਗਾ ਕੇ ਉਨ੍ਹਾਂ ਦੀਆਂ ਤਨਖਾਹਾਂ ਵਿੱਚ ਵੱਡਾ ਵਾਧਾ ਕੀਤਾ ਗਿਆ ਪਰ ਮਿਡ-ਡੇ-ਮੀਲ ਸੁਸਾਇਟੀ ਦੇ ਕਰਮਚਾਰੀਆਂ ਨੂੰ ਵੱਖਰੀ ਸੁਸਾਇਟੀ ਦਾ ਨਾਂ ਦੇ ਕੇ ਵਿਤਕਰਾ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਦਸੰਬਰ 2024 ਵਿੱਚ ਵਿਭਾਗ ਵੱਲੋਂ ਇਕ ਵਾਰ ਫਿਰ ਤੋਂ ਸਹਾਇਕ ਬਲਾਕ ਮੈਨੇਜਰਾਂ ਨਾਲ ਧੱਕਾ ਕਰਦੇ ਹੋਏ ਮਿਡ-ਡੇ-ਮੀਲ ਸੁਸਾਇਟੀ ਅਧੀਨ ਕੰਮ ਕਰਦੇ ਲੇਖਾਕਾਰ ਜੋ ਕਿ ਇਨ੍ਹਾਂ ਦੇ ਨਾਲ ਹੀ ਭਰਤੀ ਹੋਏ ਸਨ, ਉਨ੍ਹਾਂ ਦੀ ਤਨਖਾਹ ਸਮੱਗਰਾ ਸਿੱਖਿਆ ਅਭਿਆਨ ਸੁਸਾਇਟੀ ਦੇ ਲੇਖਾਕਾਰਾਂ ਦੇ ਬਰਾਬਰ ਕਰਨ ਦੀ ਮਨਜ਼ੂਰੀ ਵਿੱਤ ਵਿਭਾਗ ਤੋਂ ਚੁੱਪ-ਚੁਪੀਤੇ ਲੈ ਕੇ ਲੇਖਾਕਾਰਾਂ ਨੂੰ 01 ਅਪ੍ਰੈਲ 2023 ਤੋਂ ਬਕਾਇਆ ਵੀ ਦੇ ਦਿੱਤਾ ਗਿਆ। ਉਨ੍ਹਾਂ ਅੱਗੇ ਦੱਸਿਆ ਕਿ ਪੰਜਾਬ ਸਰਕਾਰ ਤੇ ਵਿਭਾਗ ਨੇ ਮਿਡ-ਡੇ-ਮੀਲ ਸੁਸਾਇਟੀ ਦੇ ਕਰਮਚਾਰੀਆਂ ਨਾਲ ਇੱਕ ਹੋਰ ਵੱਡਾ ਧੱਕਾ ਕਰਦੇ ਹੋਏ ਸਿਰਫ਼ ਸਮੱਗਰਾ ਸਿੱਖਿਆ ਅਭਿਆਨ ਸੁਸਾਇਟੀ ਦੇ ਕਰਮਚਾਰੀਆਂ ਨੂੰ ਰੈਗੂਲਰ ਕਰਨ ਲਈ ਵਿੱਤ ਵਿਭਾਗ ਤੋਂ ਅਸਾਮੀਆਂ ਦੀ ਰਚਨਾ ਕਰਵਾ ਕੇ ਮਤਾ ਕੈਬਨਿਟ ਵਿੱਚ ਭੇਜ ਕੇ ਪਾਸ ਕਰਵਾ ਲਿਆ ਤੇ ਮਿਡ-ਡੇ-ਮੀਲ ਦੇ 104 ਕਰਮਚਾਰੀਆਂ ਨੂੰ ਫ਼ਿਰ ਛੱਡ ਦਿੱਤਾ ਗਿਆ। ਵਿੱਤ ਵਿਭਾਗ ਵੱਲੋਂ ਸਾਲ 2019 ਵਿੱਚ ਦਿੱਤੀ ਮਨਜ਼ੂਰੀ ਅਨੁਸਾਰ ਸਮੱਗਰਾ ਤੇ ਮਿਡ-ਡੇ-ਮੀਲ ਦੇ ਕਰਮਚਾਰੀਆਂ ਨੂੰ ਰੈਗੂਲਰ ਕਰਨ ਹਿੱਤ ਅਸਾਮੀਆਂ ਦੀ ਰਚਨਾ ਕਰ ਦਿੱਤੀ ਗਈ ਸੀ ਪਰ ਉਸੇ ਮਨਜ਼ੂਰੀ ਦੇ ਆਧਾਰ 'ਤੇ ਹੀ ਹੁਣ ਜੁਲਾਈ 2025 ਵਿੱਚ ਵਿੱਤ ਵਿਭਾਗ ਵੱਲੋਂ ਦੁਬਾਰਾ ਮਨਜ਼ੂਰੀ ਦਿੱਤੀ ਗਈ ਪਰ ਵਿਭਾਗ ਵੱਲੋਂ ਫ਼ਿਰ ਤੋਂ ਮਿਡ-ਡੇ-ਮੀਲ ਕਰਮਚਾਰੀਆਂ ਨੂੰ ਛੱਡ ਦਿੱਤਾ ਗਿਆ। ਉਨ੍ਹਾਂ ਪੰਜਾਬ ਸਰਕਾਰ ਤੇ ਸਿੱਖਿਆ ਵਿਭਾਗ ਦੇ ਉੱਚ ਅਧਿਕਾਰੀਆਂ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਸਰਕਾਰ 2019 ਵਿੱਚ ਵਿੱਤ ਵਿਭਾਗ ਵੱਲੋਂ ਦਿੱਤੀ ਗਈ ਮਨਜ਼ੂਰੀ ਅਨੁਸਾਰ ਸਮੱਗਰਾ ਦੇ ਕਰਮਚਾਰੀਆਂ ਦੇ ਨਾਲ-ਨਾਲ ਮਿਡ-ਡੇ-ਮੀਲ ਦੇ ਕਰਮਚਾਰੀਆਂ ਨੂੰ ਤੁਰੰਤ ਰੈਗੂਲਰ ਕੀਤਾ ਜਾਵੇ ਨਹੀਂ ਤਾਂ ਵਿਭਾਗ ਦੇ ਇਸ ਨਾਦਰਸ਼ਾਹੀ ਫ਼ੈਸਲੇ ਦੇ ਖ਼ਿਲਾਫ਼ ਵਿਭਾਗ ਦੇ ਉੱਚ ਅਧਿਕਾਰੀਆਂ ਦੇ ਖ਼ਿਲਾਫ਼ ਗੁਪਤ ਐਕਸ਼ਨ ਕੀਤੇ ਜਾਣਗੇ ਤੇ ਲੋੜ ਪੈਣ 'ਤੇ ਕੋਰਟ ਦਾ ਬੂਹਾ ਵੀ ਖੜਕਾਇਆ ਜਾਵੇਗਾ। ਇਸ ਸਮੇਂ ਜਥੇਬੰਦੀ ਦੇ ਆਗੂ ਪ੍ਰਧਾਨ ਪ੍ਰਵੀਨ ਸ਼ਰਮਾ, ਗਾਇਤਰੀ ਸ਼ਰਮਾ, ਸੁਰੇਸ਼ ਕੁਮਾਰ, ਤਜਿੰਦਰ ਪਾਲ ਸਿੰਘ ਹਾਜ਼ਰ ਸਨ।

# ਖਾਲਸਾ ਏਡ, ਅਕਾਲ ਪੁਰਖ ਕੀ ਫੌਜ ਤੇ ਬੀਬੀ ਕੌਲਾਂ ਜੀ ਹਸਪਤਾਲ ਦੇ ਸਹਿਯੋਗ ਨਾਲ ਸੱਤ ਐਂਬੂਲੈਂਸਾਂ ਹੜ੍ਹ ਪ੍ਰਭਾਵਿਤ ਇਲਾਕਿਆਂ ਲਈ ਕੀਤੀਆਂ ਰਵਾਨਾ

ਫਤਹਿਗੜ੍ਹ ਚੂੜੀਆਂ, 14 ਸਤੰਬਰ (ਰਾਜਨ ਸ਼ਰਮਾ): ਪਿਛਲੇ ਦਿਨੀਂ ਪੰਜਾਬ 'ਚ ਆਏ ਹੜ੍ਹਾਂ ਨੇ ਭਾਰੀ ਤਬਾਹੀ ਮਚਾ ਕੇ ਲੋਕਾਂ ਦਾ ਜੀਵਨ ਉਥਲ-ਪੁਥਲ ਕਰ ਦਿੱਤਾ ਹੈ। ਲੋਕਾਂ ਦੀਆਂ ਲਹਿ-ਲਹਿਰਾਉਂਦੀਆਂ ਫਸਲਾਂ, ਮਾਲ ਡੰਗਰ, ਘਰ ਬਾਰ ਅੱਖਾਂ ਸਾਹਮਣੇ ਵੇਖਦੇ-ਵੇਖਦੇ ਹੀ ਪਾਣੀ ਨੇ ਨਿਗਲ ਲਿਆ। ਇਸ ਔਖੀ ਘੜੀ ਵਿਚ ਹੜ੍ਹ ਪੀੜਤ ਪਰਿਵਾਰਾਂ ਦੀ ਬਾਂਹ ਫੜ੍ਹਨ ਲਈ ਵੱਖ-ਵੱਖ ਸਮਾਜ ਸੇਵਿਕ ਜਥੇਬੰਦੀਆਂ, ਕਲਾਕਾਰਾਂ, ਦਾਨ ਵੀਰਾਂ ਤੇ ਮਨੁੱਖਤਾ ਨਾਲ ਪਿਆਰ ਕਰਨ ਵਾਲੇ ਲੋਕਾਂ ਨੇ ਆਪੋ-ਆਪਣੇ ਹਿਸਾਬ ਨਾਲ ਵੱਧ ਚੜ੍ਹ ਕੇ ਹਿੱਸਾ ਪਾ ਕੇ ਆਪਣੇ ਪੀੜਤ ਭੈਣ ਭਰਾਵਾਂ ਦੀ ਬਾਂਹ ਫੜ੍ਹੀ। ਇਸੇ ਕੜੀ ਤਹਿਤ ਖਾਲਸਾ ਏਡ, ਅਕਾਲ ਪੁਰਖ ਕੀ ਫੌਜ ਤੇ ਬੀਬੀ ਕੌਲਾਂ ਜੀ ਹਸਪਤਾਲ ਫਤਹਿਗੜ੍ਹ ਚੂੜੀਆਂ ਦੇ ਸਾਂਝੇ ਸਹਿਯੋਗ ਦੇ ਨਾਲ ਸੱਤ ਐਂਬੂਲੈਂਸ ਫਤਹਿਗੜ੍ਹ ਚੂੜੀਆਂ ਦੇ ਬੀਬੀ ਕੌਲਾਂ ਜੀ ਹਸਪਤਾਲ ਤੋਂ ਹੜ੍ਹ ਪ੍ਰਭਾਵਿਤ



ਇਲਾਕਿਆਂ ਨੂੰ ਰਵਾਨਾ ਕੀਤੀਆਂ ਗਈਆਂ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਾ. ਏ.ਪੀ. ਸਿੰਘ ਨੇ ਦੱਸਿਆ ਕਿ ਇਹ ਸੱਤ ਐਂਬੂਲੈਂਸ ਹੜ੍ਹ ਦੀ ਲਪੇਟ ਵਿੱਚ ਆਏ ਪਿੰਡ ਗਾਲੜੀ, ਰਮਦਾਸ, ਡੇਰਾ ਬਾਬਾ ਨਾਨਕ, ਅਜਨਾਲਾ ਤੇ ਗੱਗੋਂ ਮਾਹਲ ਹਲਕੇ ਵਿੱਚ ਇੱਕ ਐਮ.ਬੀ.ਬੀ.ਐਸ. ਡਾਕਟਰ, ਇੱਕ ਨਰਸਿੰਗ ਸਟਾਫ, ਡਰਾਈਵਰ ਸਮੇਤ ਪੂਰੀਆਂ ਦਵਾਈਆਂ ਨਾਲ ਲੈਸ ਕਰਕੇ ਰਵਾਨਾ ਕੀਤੀਆਂ ਗਈਆਂ ਹਨ। ਇਹ ਸੱਤ ਦੀਆਂ ਸੱਤ ਐਂਬੂਲੈਂਸ ਇਕ ਮਹੀਨੇ ਵਾਸਤੇ ਇਨ੍ਹਾਂ ਹੜ੍ਹ ਪ੍ਰਭਾਵਿਤ ਏਰੀਆ ਦੇ ਲੋਕਾਂ ਦੀ ਸੇਵਾ ਕਰਨਗੀਆਂ। ਡਾ. ਏ.ਪੀ. ਸਿੰਘ ਨੇ ਅੱਗੇ ਦੱਸਿਆ ਕਿ ਲੋਕਾਂ ਦੇ ਹਾਲਾਤ ਤੇ ਸਿਹਤ ਨੂੰ ਮੱਦੇਨਜ਼ਰ ਰੱਖਦਿਆਂ ਹੋਇਆਂ ਜੇ ਲੋੜ ਪੈਂਦੀ ਹੈ ਤੇ ਇਹ ਐਂਬੂਲੈਂਸ ਦਾ ਸਮਾਂ ਹੋਰ ਵੀ ਵਧਾਇਆ ਜਾਵੇਗਾ। ਡਾ. ਏ.ਪੀ. ਸਿੰਘ ਨੇ ਅੱਗੇ ਕਿਹਾ ਕਿ ਬਹੁਤ ਹੀ ਜਲਦ ਇੱਕ ਪਿੰਕ ਐਂਬੂਲੈਂਸ, ਜਿਸ ਦੇ ਵਿੱਚ ਫੀਮੇਲ ਐਮਬੀਬੀਐਸ ਡਾਕਟਰ, ਫੀਮੇਲ ਸਟਾਫ ਤੇ ਜਨਾਨਾ ਰੋਗਾਂ ਦਾ ਸਾਰਾ ਹੀ ਜ਼ਰੂਰੀ ਸਮਾਨ ਵੀ ਇਸ ਏਰੀਆ ਵਿੱਚ ਰਵਾਨਾ ਕੀਤਾ ਜਾ ਰਿਹਾ ਹੈ। ਇੱਥੇ ਇਹ ਜ਼ਿਕਰ ਯੋਗ ਹੈ ਕਿ ਜਦੋਂ ਵੀ ਇਸ ਹੜ੍ਹ ਦੇ ਪਾਣੀ ਹੇਠ ਇਲਾਕੇ ਆਏ ਹਨ, ਫਤਹਿਗੜ੍ਹ ਚੂੜੀਆਂ ਦੇ ਬੀਬੀ ਕੌਲਾਂ ਜੀ ਹਸਪਤਾਲ ਵੱਲੋਂ ਅਗਾਹ ਵੱਧ ਚੜ੍ਹ ਕੇ ਆਪਣੀਆਂ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ। ਇਸ ਮੌਕੇ ਐਡਵੋਕੇਟ ਜਸਵਿੰਦਰ ਸਿੰਘ (ਅਕਾਲ ਪੁਰਖ ਕੀ ਫੌਜ), ਗੁਰਮੀਤ ਸਿੰਘ (ਖਾਲਸਾ ਏਡ), ਕਰਨਬੀਰ ਸਿੰਘ (ਰਿਲਾਇੰਸ ਕੰਪਨੀ) ਡਾ. ਅਮਨਪ੍ਰੀਤ ਸਿੰਘ ਬੀਬੀ ਕੌਲਾਂ ਜੀ ਹਸਪਤਾਲ ਫਤਹਿਗੜ੍ਹ ਚੂੜੀਆਂ, ਗਗਨਦੀਪ ਕੌਰ, ਦਵਿੰਦਰ ਸਿੰਘ (ਖਾਲਸਾ ਏਡ), ਕਮਲਪ੍ਰੀਤ ਸਿੰਘ (ਖਾਲਸਾ ਏਡ), ਕਸ਼ਿਸ਼ ਗੁਪਤਾ, ਅਮਨਿੰਦਰ ਸਿੰਘ ਬੀਬੀ ਕੌਲਾਂ ਜੀ ਹਸਪਤਾਲ ਫਤਹਿਗੜ੍ਹ ਚੂੜੀਆਂ, ਰਾਜਨ ਸ਼ਰਮਾ ਬੀਬੀ ਕੌਲਾਂ ਜੀ ਹਸਪਤਾਲ, ਮੁਹੱਬਤ ਪਾਲ ਸਿੰਘ ਤੋਂ ਇਲਾਵਾ ਖਾਲਸਾ ਏਡ ਤੇ ਅਕਾਲ ਪੁਰਖ ਫੌਜ ਦੇ ਸਮੂਹ ਮੈਂਬਰ ਹਾਜ਼ਰ ਸਨ।

# ਪੰਜਾਬ ਸਰਕਾਰ ਵੱਲੋਂ ਹੜ੍ਹ ਪੀੜਤਾਂ ਦੀ ਮਦਦ ਲਈ ਹਰ ਸੰਭਵ ਉਪਰਾਲਾ ਕੀਤਾ ਜਾ ਰਿਹੈ: ਘੁਮਾਣ



ਸ੍ਰੀ ਹਰਗੋਬਿੰਦਪੁਰ ਸਾਹਿਬ/ਘੁਮਾਣ, 14 ਸਤੰਬਰ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਪੰਜਾਬ ਸਰਕਾਰ ਵੱਲੋਂ ਹੜ੍ਹ ਪੀੜਤਾਂ ਦੀ ਮਦਦ ਲਈ ਹਰ ਸੰਭਵ ਉਪਰਾਲਾ ਕੀਤਾ ਜਾ ਰਿਹਾ ਹੈ ਤੇ ਆਪਣੇ ਸੁਭਾਅ ਮੁਤਾਬਿਕ ਪੰਜਾਬੀਆਂ ਨੇ ਖੁੱਲ੍ਹ ਦਿਲੀ ਨਾਲ ਪੀੜਤ ਪਰਿਵਾਰਾਂ ਦੀ ਸਹਾਇਤਾ ਖੁਦ ਪਹੁੰਚ ਕੇ ਕਰ ਰਹੇ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਸੂਬਾ ਜੁਆਇੰਟ ਸਕੱਤਰ ਨੀਲਮ ਘੁਮਾਣ ਨੇ ਪਾਰਟੀ ਹਾਈਕਮਾਂਡ ਦੇ ਨਿਰਦੇਸ਼ਾਂ ਅਨੁਸਾਰ ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਵੱਖ-ਵੱਖ ਪਿੰਡਾਂ ਵਿਖੇ ਮੌਜੂਦਾ ਹਾਲਾਤਾਂ ਦਾ ਜਾਇਜ਼ਾ ਲੈਣ ਸਮੇਂ ਗੱਲਬਾਤ ਦੌਰਾਨ ਕੀਤਾ। ਉਨ੍ਹਾਂ ਨੇ ਕਿਹਾ ਕਿ ਮੌਜੂਦਾ ਹਾਲਾਤਾਂ ਦੀ ਰਿਪੋਰਟ ਬਣਾ ਕੇ ਪਾਰਟੀ ਹਾਈਕਮਾਂਡ ਨੂੰ ਭੇਜ ਦਿਤੀ ਹੈ ਤਾਂ ਜੋ ਹੜ੍ਹ ਪੀੜਤ ਪਰਿਵਾਰਾਂ ਦੀ ਹਰ ਸੰਭਵ ਮਦਦ ਹੋ ਸਕੇ। ਉਨ੍ਹਾਂ ਕਿਹਾ ਕਿ ਕੁਝ ਦਿਨ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਜੋ ਹੜ੍ਹ ਪੀੜਤ ਇਲਾਕਿਆਂ ਦਾ ਦੌਰਾ ਕੀਤਾ ਗਿਆ ਹੈ ਪਰ ਇਸ ਤਰ੍ਹਾਂ ਦੀ ਕੁਦਰਤੀ ਆਫਤ ਵਿਚ ਜੋ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਪੰਜਾਬ ਦੇ ਅਣਗਿਣਤ ਹੜ੍ਹ ਪੀੜਤਾਂ ਲਈ ਐਲਾਨੀ 1600 ਕਰੋੜ ਰੁਪਏ ਦੀ ਸਹਾਇਤਾ ਊਠ ਦੇ ਮੂੰਹ ਵਿੱਚ ਜ਼ੀਰੇ ਬਰਾਬਰ ਹੈ। ਪੰਜਾਬ ਨੂੰ ਆਪਣੇ ਪੈਰਾਂ ਸਿਰ ਖੜ੍ਹੇ ਹੋਣ ਲਈ ਘੱਟ ਤੋਂ ਘੱਟ 20 ਹਜ਼ਾਰ ਕਰੋੜ ਰੁਪਏ ਦੀ ਸਖਤ ਜ਼ਰੂਰਤ ਹੈ ਜੋ ਕਿ ਕੇਂਦਰ ਵੱਲੋਂ ਸਿਰਫ 1600 ਕਰੋੜ ਰੁਪਏ ਦੀ ਸਹਾਇਤਾ ਐਲਾਨ ਕੀਤੀ ਗਈ ਹੈ ਜੋ ਕਿ ਇੱਕ ਕੋਜਾ ਮਜ਼ਾਕ ਹੈ। ਕੇਂਦਰ ਨੇ ਇਹ ਸਹਾਇਤਾ ਨਹੀਂ ਕੀਤੀ ਸਿਰਫ ਹਰ ਪੀੜਤਾਂ ਦੇ ਜ਼ਖਮਾਂ 'ਤੇ ਲੂਣ ਛਿੜਕਿਆ ਹੈ, ਕੇਂਦਰ ਨੂੰ ਆਪਣੇ ਇਸ ਫੈਸਲੇ 'ਤੇ ਮੁੜ ਵਿਚਾਰ ਕਰਨਾ ਚਾਹੀਦਾ ਹੈ। ਇਸ ਮੌਕੇ ਸੀਨੀਅਰ ਆਗੂ ਗੁਰਦਿਆਲ ਸਿੰਘ ਘੁਮਾਣ, ਬਲਾਕ ਪ੍ਰਧਾਨ ਕਾਹਨੂੰਵਾਨ ਬਲਵਿੰਦਰ ਸਿੰਘ ਮਿੱਠਾ, ਅਰਜਨ ਸਿੰਘ ਕੋਟਲੀ, ਸੁਖਜਿੰਦਰ ਸਿੰਘ ਬੱਬੀ ਕੋਟਲੀ ਹਾਜ਼ਰ ਸਨ।

# ਨਸ਼ਾ ਤਸਕਰਾਂ 'ਤੇ ਲਗਾਮ ਲਗਾਉਣ ਲਈ ਲਗਾਏ ਸੀਸੀਟੀਵੀ ਕੈਮਰਿਆਂ ਦੀ ਭੰਨਤੋੜ



ਗੜ੍ਹਸ਼ੰਕਰ, 14 ਸਤੰਬਰ (ਅਜਮੇਰ ਸਿੰਘ ਭਨੋਟ): ਗੜ੍ਹਸ਼ੰਕਰ ਦੇ ਪਿੰਡ (ਬਸਤੀ ਸੈਂਸੀਆਂ) ਵਿਖੇ ਨਸ਼ਾ ਤਸਕਰਾਂ 'ਤੇ ਲਗਾਮ ਲਗਾਉਣ ਲਈ ਲਗਾਏ ਗਏ ਸੀਸੀਟੀਵੀ ਕੈਮਰਿਆਂ ਦੀ ਭੰਨਤੋੜ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਗ੍ਰਾਮ ਪੰਚਾਇਤ ਨੇ ਪੰਜਾਬ ਸਰਕਾਰ ਤੇ ਪ੍ਰਸ਼ਾਸਨ ਤੋਂ ਕਾਰਵਾਈ ਦੀ ਮੰਗ ਕੀਤੀ ਹੈ। ਜਾਣਕਾਰੀ ਦਿੰਦੇ ਹੋਏ ਪਿੰਡ ਦੇਨੋਵਾਲ ਖੁਰਦ ਬਸਤੀ ਸੈਂਸੀਆਂ ਦੀ ਸਰਪੰਚ ਕਮਲਜੀਤ ਕੌਰ ਨੇ ਦੱਸਿਆ ਕਿ ਉਨ੍ਹਾਂ ਪਿੰਡ ਵਿੱਚ ਨਸ਼ੇ ਦੇ ਖ਼ਾਤਮੇ ਲਈ ਸਰਪੰਚ ਬਣਨ ਉਪਰੰਤ ਪੁਲਿਸ ਪ੍ਰਸ਼ਾਸਨ ਦੀ ਮਦਦ ਦੇ ਨਾਲ ਕਾਫੀ ਹੱਦ ਤੱਕ ਨਸ਼ੇ 'ਤੇ ਨੱਥ ਪਾਈ ਹੈ, ਪ੍ਰੰਤੂ ਫਿਰ ਵੀ ਕੁਝ ਸਮਾਜ ਵਿਰੋਧੀ ਅਨਸਰਾਂ ਵੱਲੋਂ ਪਿੰਡ ਦੇ ਵਿੱਚ ਨਸ਼ੇ ਦਾ ਵਪਾਰ ਕੀਤਾ ਜਾ ਰਿਹਾ ਹੈ, ਜਿਸ ਨੂੰ ਰੋਕਣ ਦੇ ਲਈ ਉਨ੍ਹਾਂ ਵੱਲੋਂ ਪਿੰਡ ਦੇ ਵਿੱਚ ਸੀਸੀਟੀਵੀ ਕੈਮਰੇ ਲਗਵਾਏ ਗਏ। ਉਨ੍ਹਾਂ ਦੱਸਿਆ ਕਿ ਇਨ੍ਹਾਂ ਸੀਸੀਟੀਵੀ ਕੈਮਰਿਆਂ ਦੀ ਅਣਪਛਾਤੇ ਵਿਅਕਤੀਆਂ ਵੱਲੋਂ ਭੰਨਤੋੜ ਕਰ ਦਿੱਤੀ ਗਈ ਹੈ, ਜਿਸ ਦੀ ਸੀਸੀਟੀਵੀ ਵੀਡੀਓ ਵੀ ਸਾਹਮਣੇ ਆਈ ਹੈ। ਪਿੰਡ ਦੀ ਪੰਚਾਇਤ ਨੇ ਸਰਕਾਰ ਤੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਸੀਸੀਟੀਵੀ ਕੈਮਰੇ ਦੀ ਭੰਨਤੋੜ ਕਰਨ ਵਾਲੇ ਦੋਸ਼ੀਆਂ ਤੇ ਨਸ਼ੇ ਦੇ ਤਸਕਰਾਂ ਦੇ ਉੱਪਰ ਸਖਤ ਕਾਰਵਾਈ ਕੀਤੀ ਜਾਵੇ ਤਾਂ ਕਿ ਨਸ਼ੇ ਦੇ ਕੋਹੜ ਨੂੰ ਜੜ੍ਹੋਂ ਖਤਮ ਕੀਤਾ ਜਾਵੇ। ਇਸ ਮੌਕੇ ਕਮਲਜੀਤ ਕੌਰ ਸਰਪੰਚ, ਮਨਜੀਤ ਕੌਰ ਪੰਚ, ਰਣਵੀਰ ਸਿੰਘ, ਰਜਤ ਕੁਮਾਰ ਪੰਚ, ਪਾਲ ਸਿੰਘ ਪੰਚ, ਮਨੋਜ ਕੁਮਾਰ ਸਾਬਕਾ ਪੰਚ, ਭਗਤ ਰਾਮ ਸਾਬਕਾ ਸਰਪੰਚ, ਕਮਲਜੀਤ ਕੌਰ ਆਦਿ ਹਾਜ਼ਰ ਸਨ।

# ਡੀ.ਆਈ.ਜੀ. ਵੱਲੋਂ ਸਰਹੱਦ ਨਾਲ ਲੱਗਦੇ ਹੜ੍ਹ ਪ੍ਰਭਾਵਿਤ ਬੀ.ਐਸ.ਐਫ. ਖੇਤਰਾਂ ਦਾ ਦੌਰਾ

ਗੁਰਦਾਸਪੁਰ, 14 ਸਤੰਬਰ (ਜਗੀਰ ਸਿੰਘ ਮੰਡ/ਐਮ.ਨਾਹਰ): ਜਸਵਿੰਦਰ ਕੁਮਾਰ ਬਿਰਦੀ, ਡੀ.ਆਈ.ਜੀ., ਐਸ.ਐਚ.ਕਿਊ. ਬੀ.ਐਸ.ਐਫ., ਗੁਰਦਾਸਪੁਰ ਨੇ ਕਮਲ ਯਾਦਵ, ਕਮਾਂਡੈਂਟ 58 ਬਟਾਲੀਅਨ ਬੀ.ਐਸ.ਐਫ., ਸੁਸ਼ੀਲ ਕੁਮਾਰ (ਡੀ.ਸੀ./ਐਡਜੂਟੈਂਟ), ਸੁਮਿਤ ਜੈਸਵਾਲ (ਏ.ਈ./ਸਿਵਲ) ਤੇ ਰਾਜੇਸ਼ ਕੁਮਾਰ ਅਹਿਰਵਾਰ (ਏ.ਸੀ./ਇਲੈਕਟ੍ਰਿਕ) ਦੇ ਨਾਲ ਮਿਲ ਕੇ ਹੜ੍ਹ ਪ੍ਰਭਾਵਿਤ ਬੀ.ਓ.ਪੀ. ਠਾਕੁਰਪੁਰ, ਨਿੱਕਾ ਤੇ ਭਰਿਆਲ ਲੱਸੀਆਂ ਦਾ ਦੌਰਾ ਕੀਤਾ। ਦੌਰੇ ਦੌਰਾਨ ਵੱਖ-ਵੱਖ ਆਵਾਜਾਈ ਦੇ ਸਾਧਨਾਂ ਜਿਵੇਂ ਟਰੈਕਟਰ, ਕਿਸ਼ਤੀ ਤੇ ਪੈਦਲ ਰਾਹੀਂ ਪ੍ਰਭਾਵਿਤ ਖੇਤਰਾਂ ਦਾ ਨਿਰੀਖਣ ਕੀਤਾ ਗਿਆ। 58 ਬਟਾਲੀਅਨ ਖੇਤਰ ਦੀ ਪੂਰੀ ਰੇਕੀ ਕਰਨ ਤੋਂ ਬਾਅਦ ਡੀ.ਆਈ.ਜੀ. ਨੇ ਬਾਰਡਰ 'ਤੇ ਤੈਨਾਤ ਜਵਾਨਾਂ ਨਾਲ ਗੱਲਬਾਤ ਕੀਤੀ ਤੇ ਹੜ੍ਹ ਨਾਲ ਹੋਏ ਨੁਕਸਾਨ ਦਾ ਮੌਕੇ 'ਤੇ ਜਾਇਜ਼ਾ ਲਿਆ। ਡੀ.ਆਈ.ਜੀ. ਨੇ ਪ੍ਰਭਾਵਿਤ ਖੇਤਰਾਂ ਵਿੱਚ ਤੈਨਾਤ ਜਵਾਨਾਂ ਦੀ ਹਿੰਮਤ ਤੇ ਸਮਰਪਣ ਦੀ ਪ੍ਰਸ਼ੰਸਾ ਕੀਤੀ, ਜਿਨ੍ਹਾਂ ਨੇ ਮੁਸ਼ਕਿਲ ਮੌਸਮ ਤੇ



ਆਪਰੇਸ਼ਨਲ ਚੁਣੌਤੀਆਂ ਦੇ ਬਾਵਜੂਦ ਸਰਹੱਦੀ ਸੁਰੱਖਿਆ ਨੂੰ ਯਕੀਨੀ ਬਣਾਇਆ। ਉਨ੍ਹਾਂ ਨੇ ਸੰਚਾਰ ਸਾਧਨਾਂ, ਬੁਨਿਆਦੀ ਢਾਂਚੇ ਤੇ ਜ਼ਰੂਰੀ ਸਪਲਾਈਜ਼ ਨੂੰ ਹੋਏ ਨੁਕਸਾਨ ਦੀ ਵੀ ਜਾਂਚ ਕੀਤੀ ਤੇ ਭਰੋਸਾ ਦਿਵਾਇਆ ਕਿ ਜ਼ਰੂਰੀ ਮੁਰੰਮਤ ਤੇ ਰਾਹਤ ਕਾਰਜ ਤਰਜੀਹ ਆਧਾਰ 'ਤੇ ਕੀਤੇ ਜਾਣਗੇ। ਡੀ.ਆਈ.ਜੀ. ਨੇ ਖੇਤਰੀ ਕਮਾਂਡਰਾਂ ਨੂੰ ਸਥਾਨਕ ਸਿਵਲ ਪ੍ਰਸ਼ਾਸਨ ਨਾਲ ਨੇੜਲਾ ਸਹਿਯੋਗ ਬਣਾਈ ਰੱਖਣ ਲਈ ਹਦਾਇਤਾਂ ਦਿੱਤੀਆਂ ਤਾਂ ਜੋ ਪ੍ਰਭਾਵਿਤ ਖੇਤਰਾਂ ਵਿੱਚ ਰਾਹਤ ਤੇ ਪੁਨਰਵਾਸ ਕਾਰਜ ਸਮੇਂ ਸਿਰ ਕੀਤੇ ਜਾ ਸਕਣ। ਖ਼ਾਸ ਧਿਆਨ ਇਸ ਗੱਲ 'ਤੇ ਦਿੱਤਾ ਗਿਆ ਕਿ ਜਵਾਨਾਂ ਲਈ ਲੌਜਿਸਟਿਕ ਸਹਾਇਤਾ, ਮੈਡੀਕਲ ਸੁਵਿਧਾਵਾਂ ਤੇ ਭਲਾਈ ਸਬੰਧੀ ਪ੍ਰਬੰਧਾਂ ਵਿੱਚ ਕੋਈ ਰੁਕਾਵਟ ਨਾ ਆਵੇ। ਅੰਤ ਵਿੱਚ ਡੀ.ਆਈ.ਜੀ. ਨੇ ਬੀ.ਐਸ.ਐਫ. ਦੀ ਇਸ ਵਚਨਬੱਧਤਾ ਨੂੰ ਦੁਹਰਾਇਆ ਕਿ ਫੋਰਸ ਬਾਰਡਰ ਸੁਰੱਖਿਆ ਦੇ ਨਾਲ-ਨਾਲ ਸਥਾਨਕ ਜਨਤਾ ਦੀ ਸਹਾਇਤਾ ਲਈ ਵੀ ਹਮੇਸ਼ਾ ਤਤਪਰ ਰਹੇਗੀ।

# ਗੁ. ਲੰਗਰ ਸਾਹਿਬ ਸ੍ਰੀ ਹਜ਼ੂਰ ਸਾਹਿਬ ਵੱਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਨਿਰੰਤਰ ਸੇਵਾ ਜਾਰੀ ਰਹੇਗੀ: ਸੰਤ ਬਾਬਾ ਨਰਿੰਦਰ ਸਿੰਘ



ਬਟਾਲਾ, 14 ਸਤੰਬਰ (ਸੁਖਦੇਵ ਸਿੰਘ ਰੰਧਾਵਾ/ਬਲਬੀਰ ਸੋਹਲ): ਪੰਜਾਬ ਭਰ 'ਚ ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਗੁਰਦੁਆਰਾ ਲੰਗਰ ਸਾਹਿਬ, ਡੇਰਾ ਸੰਤ ਬਾਬਾ ਨਿਧਾਨ ਸਿੰਘ ਜੀ, ਸ੍ਰੀ ਹਜ਼ੂਰ ਸਾਹਿਬ ਜੀ ਦੇ ਮਹਾਂਪੁਰਸ਼ਾਂ ਸੰਤ ਬਾਬਾ ਨਰਿੰਦਰ ਸਿੰਘ, ਸੰਤ ਬਾਬਾ ਬਲਵਿੰਦਰ ਸਿੰਘ ਕਾਰ ਸੇਵਾ ਵਾਲਿਆਂ ਵੱਲੋਂ ਰਾਹਤ ਕਾਰਜ ਨਿਰੰਤਰ ਜਾਰੀ ਹਨ। ਅੱਜ ਇਸ ਸੰਪਰਦਾਇ ਵੱਲੋਂ ਹਰਿਆਣਾ ਸਮਾਜ ਦੇ ਸਹਿਯੋਗ ਸਦਕਾ ਜਥੇਦਾਰ ਬਾਬਾ ਗੁਰਮੀਤ ਸਿੰਘ ਹਰਿਆਣਾ ਦੀ ਅਗਵਾਈ, ਮੋਹੱਬਤ ਸਿੰਘ ਤੇ ਸਮੂਹ ਸਾਥੀਆਂ, ਸੰਗਤਾਂ ਦੇ ਉਪਰਾਲੇ ਨਾਲ ਹੜ੍ਹ ਤੋਂ ਪ੍ਰਭਾਵਿਤ ਲੋਕਾਂ ਲਈ 5 ਟਰਾਲੇ ਬਟਾਲਾ ਵਿਖੇ ਪਹੁੰਚਾਏ ਗਏ। ਅੱਜ ਕਲਾਨੌਰ ਹਲਕੇ 'ਚ ਧੁੱਸੀ ਬੰਨ੍ਹ ਦੇ ਨਜ਼ਦੀਕ ਪਿੰਡਾਂ 'ਚ ਇਹ ਸਮੱਗਰੀ ਰੁਪਿੰਦਰ ਸਿੰਘ ਸ਼ਾਮਪੁਰਾ, ਜਥੇਦਾਰ ਬਾਬਾ ਹੋਸ਼ਿਆਰ ਸਿੰਘ ਭੁੱਲਰ, ਗੁਰਬਿੰਦਰ ਸਿੰਘ ਸ਼ਾਹ ਭਾਗੋਵਾਲ ਤੇ ਹੋਰ ਸੇਵਾਦਾਰਾਂ ਵੱਲੋਂ ਪਸ਼ੂਆਂ ਲਈ ਚਾਰਾ, ਤਰਪਾਲਾਂ, ਘਰ ਲਈ ਰਾਸ਼ਨ, ਤੂੜੀ, ਮੈਡੀਕਲ ਏਡ ਦਿੱਤੀ ਗਈ। ਰੁਪਿੰਦਰ ਸਿੰਘ ਸ਼ਾਮਪੁਰਾ ਤੇ ਜਥੇਦਾਰ ਬਾਬਾ ਹੋਸ਼ਿਆਰ ਸਿੰਘ ਭੁੱਲਰ ਨੇ ਦੱਸਿਆ ਕਿ ਗੁਰਦੁਆਰਾ ਲੰਗਰ ਸਾਹਿਬ, ਸ੍ਰੀ ਹਜ਼ੂਰ ਸਾਹਿਬ ਦੇ ਮਹਾਂਪੁਰਸ਼ਾਂ ਸੰਤ ਬਾਬਾ ਨਰਿੰਦਰ ਸਿੰਘ ਸੰਤ ਬਾਬਾ ਬਲਵਿੰਦਰ ਸਿੰਘ ਕਾਰ ਸੇਵਾ ਵਾਲਿਆਂ ਵੱਲੋਂ ਹੁਕਮ ਹੈ ਕਿ ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਜਿੱਥੇ ਵੀ ਕਿਤੇ ਜੋ ਵੀ ਵਸਤੂਆਂ ਦੀ ਜ਼ਰੂਰਤ ਹੈ, ਉਹ ਗੁਰਦੁਆਰਾ ਲੰਗਰ ਸਾਹਿਬ, ਸ੍ਰੀ ਹਜ਼ੂਰ ਸਾਹਿਬ ਦੀ ਤਰਫੋਂ ਦਿੱਤੀ ਜਾ ਰਹੀ ਹੈ। ਇਸ ਮੌਕੇ ਉੱਘੇ ਸਮਾਜ ਸੇਵਕ ਭਾਈ ਰੁਪਿੰਦਰ ਸਿੰਘ ਸ਼ਾਮਪੁਰਾ ਤੇ ਜਥੇਦਾਰ ਬਾਬਾ ਹੁਸ਼ਿਆਰ ਸਿੰਘ ਭੁੱਲਰ ਨੇ ਕਿਹਾ ਕਿ ਗੁਰਦੁਆਰਾ ਲੰਗਰ ਸਾਹਿਬ ਦੇ ਮਹਾਂਪੁਰਸ਼ਾਂ ਵੱਲੋਂ ਉਨ੍ਹਾਂ ਦੇ ਹੁਕਮਾਂ ਅਨੁਸਾਰ ਬਟਾਲਾ ਹਲਕੇ 'ਚੋਂ ਕਲਾਨੌਰ, ਡੇਰਾ ਬਾਬਾ ਨਾਨਕ, ਰਮਦਾਸ, ਅਜਨਾਲਾ ਇਨ੍ਹਾਂ ਇਲਾਕਿਆਂ 'ਚ ਲਗਾਤਾਰ ਸੇਵਾ ਜਾਰੀ ਹੈ। ਇਸ ਸਮੇਂ ਸੇਵਾਦਾਰਾਂ ਵਿੱਚ ਗੁਰਪਿੰਦਰ ਸਿੰਘ ਸ਼ਾਹ ਭਾਗੋਵਾਲ, ਭੁਪਿੰਦਰ ਸਿੰਘ ਪੱਗੜੀ ਸੈਂਟਰ ਵਾਲੇ, ਮਨਜੀਤ ਸਿੰਘ ਹੈਪੀ, ਮਿੱਤਰਮਾਨ ਸਿੰਘ ਭੁੱਲਰ, ਸੁਖਵਿੰਦਰ ਸਿੰਘ ਭੁੱਲਰ, ਸਿਕੰਦਰ ਸਿੰਘ ਬਾਲੇਵਾਲ, ਬਲਜੀਤ ਸਿੰਘ ਧਾਲੀਵਾਲ, ਹਰਦੇਵ ਸਿੰਘ ਸੰਧੂ, ਗੁਰਜੰਟ ਸਿੰਘ ਬੱਲੀ, ਜੁਗਰਾਜ ਸਿੰਘ ਬਾਲੇਵਾਲ, ਕੁਲਦੀਪ ਸਿੰਘ ਧਾਲੀਵਾਲ, ਗਗਨਦੀਪ ਸਿੰਘ, ਰਾਣਾਪ੍ਰਤਾਪ ਸਿੰਘ ਹਾਜ਼ਰ ਸਨ।

# ਪਿੰਡ ਮੰਡ ਵਿਖੇ ਗੁਰਦੁਆਰਾ ਮੰਡਾਣਾ ਸਾਹਿਬ 'ਚ ਡਾ. ਸ਼ੌਕੀਨ ਸਿੰਘ ਨੇ ਲਗਾਇਆ ਫ੍ਰੀ ਮੈਡੀਕਲ ਅੱਖਾਂ ਦਾ ਕੈਂਪ

ਬਟਾਲਾ/ਘੁਮਾਣ/ਸ੍ਰੀ ਹਰਗੋਬਿੰਦਪੁਰ ਸਾਹਿਬ, 14 ਸਤੰਬਰ (ਜਗੀਰ ਸਿੰਘ ਮੰਡ/ਡਾ. ਨਰਿੰਦਰ ਸਿੰਘ ਘੁਮਾਣ/ ਡਾ. ਸਰਬਜੀਤ ਸਿੰਘ ਭਿੰਡਰ): ਪਿੰਡ ਮੰਡ ਵਿੱਚ ਗੁਰਦੁਆਰਾ ਮੰਡਾਣਾ ਸਾਹਿਬ ਵਿਖੇ ਇਸੇ ਇਲਾਕੇ ਦੇ ਪਿੰਡ ਬੱਲੜਵਾਲ ਪੁਰਾਣਾ ਦੇ ਅੱਖਾਂ ਦੇ ਸਪੈਸ਼ਲਿਸਟ ਡਾ. ਸ਼ੌਕੀਨ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਹਰਪਾਲ ਸਿੰਘ ਮੰਡ ਦੀ ਯੋਗ ਅਗਵਾਈ ਵਿੱਚ ਅੱਖਾਂ ਦਾ ਫ੍ਰੀ ਮੈਡੀਕਲ ਕੈਂਪ ਲਗਾ ਕੇ ਚੈਕਅੱਪ ਕੀਤਾ ਗਿਆ। ਜਿਸ ਵਿੱਚ ਪਿੰਡ ਮੰਡ ਤੇ ਲਾਗਲੇ ਪਿੰਡਾਂ ਤੋਂ ਵੱਡੀ ਗਿਣਤੀ ਵਿੱਚ ਲੋਕਾਂ ਨੇ ਇਸ ਕੈਂਪ ਵਿੱਚ ਪਹੁੰਚ ਕੇ ਮਿਲ ਰਹੀ ਸਹੂਲਤ ਦਾ ਫਾਇਦਾ ਲਿਆ। ਜਿਸ ਵਿੱਚ ਕਿ ਲੋਕਾਂ ਨੂੰ ਅੱਖਾਂ ਦੇ ਦਾਰੂ ਤੇ ਐਨਕਾਂ



ਵੀ ਵੰਡੀਆਂ ਗਈਆਂ ਤੇ 200 ਦੇ ਕਰੀਬ ਮਰੀਜ਼ਾਂ ਦਾ ਚੈਕਅੱਪ ਕੀਤਾ ਗਿਆ। ਜਿਨ੍ਹਾਂ ਵਿੱਚੋਂ ਲਗਭਗ 40 ਮਰੀਜ਼ਾਂ ਨੂੰ ਫ੍ਰੀ ਆਪ੍ਰੇਸ਼ਨ ਦੀਆਂ ਸਲਿਪਾਂ ਦਿੱਤੀਆਂ ਗਈਆਂ ਤੇ ਅੰਮ੍ਰਿਤਸਰ ਆਪਣੇ ਹਸਪਤਾਲ ਵਿੱਚ ਆਪ੍ਰੇਸ਼ਨ ਲਈ 14 ਸਤੰਬਰ ਨੂੰ ਬੁਲਾਇਆ ਗਿਆ। ਇਹ ਉਪਰਾਲਾ ਡਾਕਟਰ ਸਾਹਿਬ ਦਾ ਬਹੁਤ ਵੱਡਾ ਉਪਰਾਲਾ ਹੈ। ਜੋ ਕਿ ਹਰ ਸਾਲ ਵੱਖ ਵੱਖ ਪਿੰਡਾਂ ਵਿੱਚ ਮੌਸਮ ਮੁਤਾਬਿਕ ਚੱਲਦਾ ਰਹਿੰਦਾ ਹੈ। ਇਸ ਸਮੇਂ ਪਹੁੰਚੇ ਡਾਕਟਰਾਂ ਦੀ ਟੀਮ ਵਿੱਚ ਡਾ. ਸੁਦਾਮਾ ਤੇ ਰਣਜੀਤ ਸਿੰਘ ਨੇ ਬਹੁਤ ਹੀ ਸ਼ਿੱਦਤ ਨਾਲ ਇਹ ਸੇਵਾ ਨਿਭਾਈ ਤੇ ਸਹੂਲਤ ਲਈ ਲੋੜੀਂਦੇ ਲੋਕਾਂ ਤੋਂ ਅਸੀਸਾਂ ਲਈਆਂ। ਇਸ ਸਮੇਂ ਪਤਵੰਤੇ ਸੱਜਣ ਰਿਟਾਇਰਡ ਜੇ.ਈ. ਜਸਬੀਰ ਸਿੰਘ, ਗੁਰੂਘਰ ਦੇ ਵਜ਼ੀਰ ਗ੍ਰੰਥੀ ਬਾਬਾ ਭਾਈ ਹਰਬੰਸ ਸਿੰਘ, ਡਾ. ਸਾਹਿਬ ਦੇ ਭਰਾ ਜਸਵੰਤ ਸਿੰਘ ਬੱਲੜਵਾਲ, ਅਮਰੀਕ ਸਿੰਘ ਫੌਜੀ ਤੇ ਰਵਿੰਦਰ ਸਿੰਘ ਰਵੀ ਤੇ ਸਮੂਹ ਨਗਰ ਨਿਵਾਸੀ ਹਾਜ਼ਰ ਸਨ।

# ਮੰਦਰ ਨਾਨਕ ਚੱਕ ਵਿਖੇ ਬਰਸੀ ਤੇ ਸਮਾਧੀ ਕਲਸ਼ ਸਮਾਰੋਹ ਹੋਇਆ ਸੰਪੂਰਨ



ਫਤਹਿਗੜ੍ਹ ਚੂੜੀਆਂ, 14 ਸਤੰਬਰ (ਰਾਜਨ ਸ਼ਰਮਾ): ਫਤਹਿਗੜ੍ਹ ਚੂੜੀਆਂ ਦੇ ਨਜ਼ਦੀਕ ਤਪ ਅਸਥਾਨ ਭਗਵਾਨ ਬਾਬਾ ਸ੍ਰੀ ਚੰਦਰ ਜੀ ਨਾਨਕ ਚੱਕ ਵਿਖੇ ਬ੍ਰਹਮਲੀਨ 108 ਮਹੰਤ ਤਿਲਕ ਦਾਸ ਦੀ ਬਰਸੀ ਤੇ ਸਮਾਧੀ ਕਲਸ਼ ਸਥਾਪਨਾ ਸਮਾਰੋਹ ਤਪ ਅਸਥਾਨ ਭਗਵਾਨ ਸ੍ਰੀ ਚੰਦਰ ਜੀ ਮਹਾਰਾਜ ਨਾਨਕ ਚੱਕ ਵਿਖੇ ਸੰਪੂਰਨ ਹੋਇਆ। ਮੰਦਰ ਨਾਨਕ ਚੱਕ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਤੇ ਰਾਗੀ ਜੱਥਿਆਂ ਵੱਲੋਂ ਕੀਰਤਨ ਕੀਤੇ ਗਏ ਤੇ ਮੰਦਰ ਨਾਨਕ ਚੱਕ ਵਿਖੇ ਕਲਸ਼ ਯਾਤਰਾ ਵੀ ਕੱਢੀ ਗਈ। ਇਸ ਦੇ ਨਾਲ ਹੀ ਮਹੰਤ ਤਿਲਕ ਦਾਸ ਦੀ ਯਾਦ ਵਿੱਚ ਆਈਆਂ ਹੋਈਆਂ ਸੰਗਤਾਂ ਵਿੱਚ ਬੂਟੇ ਵੰਡੇ ਗਏ। ਪੂਜਨੀਯ ਗੱਦੀ ਨਸ਼ੀਨ ਮਹੰਤ ਹਰੀ ਕੁੰਭ ਦਾਸ ਨੇ ਆਏ ਹੋਏ ਦੂਰੋਂ-ਨੇੜਿਓਂ ਸੰਤਾਂ-ਮਹਾਂਪੁਰਖਾਂ ਦਾ ਸਵਾਗਤ ਕੀਤਾ। ਇਸ ਮੌਕੇ 'ਤੇ ਮਹੰਤ ਹਰੀ ਕੁੰਭ ਦਾਸ, ਰਵਿੰਦਰ ਮੁਨੀ, ਰਣਜੋਧ ਸਿੰਘ, ਜੱਸ ਲੋਧੀ ਨੰਗਲ, ਸੰਦੀਪ ਬੇਦੀ, ਰੰਮੀ ਅਲੀਵਾਲ, ਗੁਰਲਾਲ ਗੇਲਾ, ਹੈਪੀ ਨਾਨਕ ਚੱਕ, ਦੁਰਗਾ ਪ੍ਰਸਾਦ, ਦੁਰਲਭਜੀਤ ਸਿੰਘ, ਯਾਦਵਿੰਦਰ ਸਿੰਘ, ਸੰਦੀਪ ਸਿੰਘ, ਅੰਮ੍ਰਿਤਪਾਲ ਸਿੰਘ ਸ਼ੈਂਕੀ, ਪ੍ਰਿੰਸ ਢੱਲਾ, ਮੰਨਾ ਸੀੜਾ, ਗੁਰਲਾਲ ਫੌਜੀ, ਪਵਨ ਗੁੱਜਰਪੁਰਾ, ਜੋਬਨ ਡੁਲਟ, ਜਸ਼ਨ ਕੋਟਲਾ ਬਾਮਾ, ਧਰਮਵੀਰ, ਨੀਰਜ ਬੇਦੀ, ਕੁਲਦੀਪ ਪੇਟਰ, ਰਣਜੀਤ ਸਿੰਘ, ਜਗਰੂਪ ਸਿੰਘ, ਸਤਨਾਮ ਸਿੰਘ ਕਾਦਰਾਬਾਦ, ਇੰਦਰਜੀਤ ਸਿੰਘ ਨਾਨਕ ਚੱਕ ਰਜਿੰਦਰ ਸਿੰਘ, ਮਨਪ੍ਰੀਤ ਪਟਵਾਰੀ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਦੂਰੋਂ-ਨੇੜਿਓਂ ਸੰਤ ਮਹਾਂਪੁਰਖਾਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

# ਕਾਰ ਦਾ ਸੰਤੁਲਨ ਵਿਗੜਨ ਕਾਰਨ ਡਿਵਾਈਡਰ 'ਤੇ ਚੜ੍ਹੀ, ਔਰਤ ਜ਼ਖਮੀ

ਕਾਠਗੜ੍ਹ, 14 ਸਤੰਬਰ (ਸੁਖਜੀਤ ਭਾਟੀਆ): ਰੋਪੜ-ਬਲਾਚੌਰ ਨੈਸ਼ਨਲ ਹਾਈਵੇ 'ਤੇ ਇੱਕ ਕਾਰ ਹਾਦਸਾ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਮੌਕੇ ਤੋਂ ਪ੍ਰਾਪਤ ਜਾਣਕਾਰੀ ਦੇ ਅਨੁਸਾਰ ਗੁਰਜੰਟ ਸਿੰਘ ਪੁੱਤਰ ਧਰਮ ਸਿੰਘ ਵਾਸੀ ਰੋਪੜ ਆਪਣੇ ਇੱਕ ਪਰਿਵਾਰਕ ਮੈਂਬਰ ਨਾਲ ਜਸਵੰਤ ਕੌਰ ਜੋ ਸਵਿਫਟ ਡਿਜਾਇਰ ਕਾਰ ਵਿੱਚ ਸਵਾਰ ਹੋ ਕੇ ਸ੍ਰੀ ਹਰਮਿੰਦਰ ਸਾਹਿਬ ਅੰਮ੍ਰਿਤਸਰ ਵਿਖੇ ਮੱਥਾ ਟੇਕਣ ਜਾ ਰਹੇ ਸੀ ਕਿ ਜਦੋਂ ਇਨ੍ਹਾਂ ਦੀ ਕਾਰ ਪਿੰਡ ਪਨਿਆਲੀ ਬੱਸ ਅੱਡੇ ਨਜ਼ਦੀਕ ਪਹੁੰਚੀ ਤਾਂ ਕਾਰ ਦਾ ਸੰਤੁਲਨ ਵਿਗੜ ਗਿਆ, ਜਿਸ ਨਾਲ ਕਾਰ ਡਿਵਾਈਡਰ 'ਤੇ ਜਾ ਚੜ੍ਹੀ। ਜਿਸ ਦੇ ਚੱਲਦੇ ਕਾਰ ਵਿੱਚ ਸਵਾਰ ਜਸਵੰਤ ਕੌਰ ਜ਼ਖਮੀ ਹੋ ਗਈ। ਇਸ ਹਾਦਸੇ ਦੀ ਸੂਚਨਾ ਮਿਲਦੇ ਹੀ ਨੈਸ਼ਨਲ ਹਾਈਵੇ ਅਥਾਰਟੀ ਦੀ ਐਂਬੂਲੈਂਸ ਮੌਕੇ 'ਤੇ ਪਹੁੰਚ ਗਈ। ਸਥਾਨਕ ਲੋਕਾ ਦੀ ਮਦਦ ਨਾਲ ਹਸਪਾਤਲ ਪਹੁੰਚਾਇਆ ਗਿਆ। ਜਦਕਿ ਕਾਰ ਬੁਰੀ ਤਰ੍ਹਾਂ ਨਾਲ ਨੁਕਸਾਨੀ ਗਈ ਤੇ ਜਾਨੀ ਨੁਕਸਾਨ ਤੋਂ ਬਚਾਅ ਰਿਹਾ।




# ਗੁਰਦਾਸਪੁਰ ਜ਼ਿਲ੍ਹੇ ਵਿਖੇ ਮਨਾਇਆ ਈ.ਸੀ.ਈ. ਡੇਅ

ਗੁਰਦਾਸਪੁਰ, 14 ਸਤੰਬਰ (ਜਗੀਰ ਸਿੰਘ ਮੰਡ): ਪੰਜਾਬ ਸਰਕਾਰ ਵੱਲੋਂ ਬਾਲ ਵਿਕਾਸ ਯਤਨਾਂ ਨੂੰ ਮਜ਼ਬੂਤ ਕਰਨ ਲਈ ਰਾਜ ਪੱਧਰ 'ਤੇ ਹਰ ਮਹੀਨੇ ਦੇ ਦੂਜੇ ਸ਼ਨੀਵਾਰ ਨੂੰ ਈ.ਸੀ.ਈ. ਡੇਅ ਮਨਾਇਆ ਜਾਂਦਾ ਹੈ। ਇਸ ਮੌਕੇ 'ਤੇ ਗੁਰਦਾਸਪੁਰ ਵਿੱਚ ਵੀ ਆਂਗਨਵਾੜੀ ਕੇਂਦਰਾਂ 'ਤੇ ਵਿਸ਼ੇਸ਼ ਸਮਾਗਮ ਆਯੋਜਿਤ ਕੀਤੇ ਗਏ। ਇਸ ਦਿਨ ਦਾ ਮੁੱਖ ਉਦੇਸ਼ 06 ਸਾਲ ਦੇ ਬੱਚਿਆਂ ਦੀ ਸਿੱਖਿਆ ਤੇ ਵਿਕਾਸ ਵਿੱਚ ਮਾਪਿਆਂ ਦੀ ਸਰਗਰਮ ਭਾਗੀਦਾਰੀ ਯਕੀਨੀ ਬਣਾਉਣਾ ਹੈ। ਇਸ ਸਮਾਗਮ ਵਿੱਚ ਜਸਮੀਤ ਕੌਰ, ਜ਼ਿਲ੍ਹਾ ਪ੍ਰੋਗਰਾਮ ਅਫਸਰ ਗੁਰਦਾਸਪੁਰ ਦੀ ਅਗਵਾਈ ਹੇਠ ਵਿਭਾਗ ਦੇ ਅਧਿਕਾਰੀਆਂ, ਆਂਗਨਵਾੜੀ ਵਰਕਰਾਂ, ਅਧਿਆਪਕਾਂ, ਸਚਿਨ (ਪ੍ਰੋਗਰਾਮ) ਤੇ ਮਾਪਿਆਂ ਨੇ ਹਿੱਸਾ ਲਿਆ। ਸਮਾਗਮ ਦੌਰਾਨ ਜਸਮੀਤ ਕੌਰ, ਜ਼ਿਲ੍ਹਾ ਪ੍ਰੋਗਰਾਮ ਅਫਸਰ ਗੁਰਦਾਸਪੁਰ ਨੇ ਆਪਣੇ ਸੰਦੇਸ਼ ਵਿੱਚ ਕਿਹਾ ਕਿ ਸਿਰਫ਼ ਬੱਚਿਆਂ ਲਈ ਨਹੀਂ, ਸਗੋਂ ਮਾਪਿਆਂ ਲਈ ਵੀ ਇੱਕ ਅਹਿਮ ਮੌਕਾ ਹੈ ਤਾਂ ਜੋ ਵਿੱਚ ਉਹ ਅਰਾਪਣੇ ਬੱਚਿਆਂ ਦੇ ਸਿੱਖਣ ਯਾਤਰਾ ਵਿੱਚ ਸਾਥੀ ਬਣ ਸਕਣ। ਇਸ ਮੌਕੇ ਬੱਚਿਆ ਨੂੰ ਆਪਣੇ ਆਲੇ-ਦੁਆਲੇ ਸਾਫ਼-ਸਫ਼ਾਈ ਕਰਨ ਤੇ ਹੜ੍ਹ ਦੇ ਗੰਦੇ ਪਾਣੀ ਨਾਲ ਵੱਧ ਰਹੀਆਂ ਬਿਮਾਰੀਆ ਤੋਂ ਬਚਣ ਵਾਸਤੇ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਹਰਜੀਤ ਕੌਰ ਬਾਲ ਵਿਕਾਸ ਪ੍ਰੋਜੈਕਟ ਅਫਸਰ ਕਲਾਨੌਰ ਨੇ ਆਂਗਨਵਾੜੀ ਸੈਂਟਰਾਂ ਵਿੱਚ ਜਾ ਕੇ ਜਾਇਜ਼ਾ ਲਿਆ ਤੇ ਉਨ੍ਹਾਂ ਨੇ ਆਂਗਨਵਾੜੀ ਵਰਕਰਾਂ ਦੀ ਭੂਮਿਕਾ ਦੀ ਸ਼ਲਾਘਾ ਕੀਤੀ, ਜਿਨ੍ਹਾਂ ਨੇ ਸਮਾਗਮ ਨੂੰ ਅਰਥਪੂਰਨ ਬਣਾਇਆ। ਇਸ ਮੌਕੇ 'ਤੇ ਕਈ ਮਾਪਿਆਂ ਨੇ ਆਪਣਾ ਅਨੁਭਵ ਸਾਂਝਾ ਕਰਦੇ ਕਿਹਾ ਕਿ ਈ.ਸੀ.ਈ. ਡੇਅ ਨੇ ਉਨ੍ਹਾਂ ਨੂੰ ਆਪਣੇ ਬੱਚਿਆਂ ਨਾਲ ਨਵੀਆਂ ਤੇ ਰਚਨਾਤਮਕ ਗਤੀਵਿਧੀਆਂ ਕਰਨ ਲਈ ਪ੍ਰੇਰਿਤ ਕੀਤਾ ਹੈ। ਇਸ ਮੌਕੇ ਆਂਗਨਵਾੜੀ ਵਰਕਰ ਜਸਵਿੰਦਰ ਕੌਰ, ਬਲਜੀਤ ਕੌਰ ਤੋਂ ਇਲਾਵਾ ਬੱਚਿਆਂ ਦੇ ਮਾਪਿਆਂ ਨੇ ਵੀ ਹਿੱਸਾ ਲਿਆ।



# ਸ੍ਰੀ ਗੁਰੂ ਰਾਮਦਾਸ ਕਾਲਜ ਆਫ਼ ਐਜੂਕੇਸ਼ਨ ਪੰਧੇਰ ਦਾ ਬੀ.ਐਡ ਸਮੈਸਟਰ ਦੂਸਰਾ ਦਾ ਨਤੀਜਾ ਸ਼ਾਨਦਾਰ ਰਿਹਾ

ਬਟਾਲਾ, 14 ਸਤੰਬਰ (ਸੁਖਦੇਵ ਸਿੰਘ ਰੰਧਾਵਾ/ਬਲਬੀਰ ਸੋਹਲ): ਸ੍ਰੀ ਗੁਰੂ ਰਾਮਦਾਸ ਕਾਲਜ ਆਫ਼ ਐਜੂਕੇਸ਼ਨ, ਪੰਧੇਰ ਬੀ.ਐਡ ਸਮੈਸਟਰ ਦੂਸਰਾ ਦੀਆਂ ਪ੍ਰੀਖਿਆਵਾਂ ਦੇ ਨਤੀਜੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋ ਘੋਸ਼ਿਤ ਕੀਤੇ ਗਏ ਹਨ। ਇਨ੍ਹਾਂ ਪੇਪਰਾਂ ਵਿੱਚੋਂ ਸਾਰੇ ਵਿਦਿਆਰਥੀ ਵਧੀਆ ਅੰਕ ਲੈ ਕੇ ਪਾਸ ਹੋਏ ਹਨ। ਵਿਦਿਆਰਥੀਆਂ ਨੂੰ ਉਨ੍ਹਾਂ ਦੀ ਸਖ਼ਤ ਮਿਹਨਤ ਤੇ ਮਿਸਾਲੀ ਪ੍ਰਦਰਸ਼ਨ ਲਈ ਮੈਨੇਜਿੰਗ ਡਾਇਰੈਕਟਰ ਅਵਤਾਰ ਸਿੰਘ ਕੰਗ ਨੇ ਵਧਾਈਆਂ ਦਿੰਦੇ ਕਿਹਾ ਕਿ ਇਹ ਵਿਦਿਆਰਥੀਆਂ ਦੀ ਸਖ਼ਤ ਮਿਹਨਤ ਦਾ ਨਤੀਜਾ ਹੈ। ਕਾਲਜ ਦੀ ਵਿਦਿਆਰਥਣ ਸੁਪਨਦੀਪ ਕੌਰ ਤੇ ਸੁਪ੍ਰੀਆ ਨੇ 80 ਫੀਸਦੀ ਅੰਕ ਹਾਸਲ ਕਰਕੇ ਪਹਿਲਾ ਸਥਾਨ ਹਾਸਲ ਕੀਤਾ ਹੈ, ਜਦੋਂ ਕਿ ਵਿਦਿਆਰਥਣ ਤਨੀਸ਼ਾ, ਮਾਲਿਨੀ ਖੰਨਾ, ਹਰਲੀਨ ਕੌਰ, ਕੋਮਲਪ੍ਰੀਤ ਕੌਰ, ਨਵਜੋਤ ਕੌਰ ਨੇ 79 ਫੀਸਦੀ ਅੰਕ ਹਾਸਲ ਕਰਕੇ ਦੂਸਰਾ ਸਥਾਨ ਹਾਸਲ ਕੀਤਾ ਹੈ। ਚੇਅਰਪਰਸਨ ਹਰਜਿੰਦਰਪਾਲ ਕੌਰ ਕੰਗ ਨੇ ਸ੍ਰੀ ਗੁਰੂ ਰਾਮਦਾਸ ਕਾਲਜ ਆਫ਼ ਐਜੂਕੇਸ਼ਨ ਦੇ ਫੈਕਲਟੀ ਤੇ ਸਟਾਫ਼ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਸ਼ਾਨਦਾਰ ਪ੍ਰਾਪਤੀਆਂ ਲਈ ਵਧਾਈ ਦਿੰਦੇ ਹਨ ਤੇ ਉਨ੍ਹਾਂ ਦੇ ਅਕਾਦਮਿਕ ਤੇ ਪੇਸ਼ੇਵਰ ਕੰਮਾਂ ਵਿੱਚ ਨਿਰੰਤਰ ਸਫਲਤਾ ਦੀ ਕਾਮਨਾ ਕਰਦੇ ਹਨ।



# ਸਿਰਲੇਖਵਾਰ ਇਸ਼ਤਿਹਾਰ/Classified Advertisements

**(U/o 5 Rule 20 CPC)**
**In the Court of Ms. Sonali Singh, Additional Civil Judge (Senior Division), Barnala**
CNR No. PBBR02-001054-2025
Next Date: 30.09.2025
Devinder Pal Singh
Versus
General Public
Notice to: General Public: Barnala
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 30.09.2025 at 10:00 A.M.
For details logon to https://highcourtchd.gov.in/?mod=district_notice&district=mogacourt.
Dated, this day of 04-08-2025
**Sd/- Addl. Civil Judge (Sr. Divn.), Barnala.**

---

**(U/o 5 Rule 20 CPC)**
**(Succession Case)**
**In the Court of Ms. Neha Goel, Civil Judge (Senior Division), Ferozepur.**
CNR No. PBFZ02-001056-2025
Next Date: 29.09.2025
Kavita
Versus
General Public
**Application under section 372 of Indian Succession Act.**
Notice to: Respondent: General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 29.09.2025 at 10:00 A.M.
For details logon to https://highcourtchd.gov.in/?mod=district_notice&district=mogacourt.
Dated, this day of 29-08-2025
**Sd/- Civil Judge (Sr. Divn.), Ferozepur.**

---

**(U/o 5 Rule 20 CPC)**
**In the Court of Ms. Ramandeep Neetu Additional Civil Judge (Senior Division), Mukerian.**
CNR No. PBHOC0-000564-2025
SUCC-5-2020
Next Date: 30.09.2025
Kamlesh Kumari aged 61 years Wd/o Balwant Singh, R/o Village Beh Chuhar, PO Kamahi Devi, Tehsil Mukerian, District Hoshiarpur
Vs.
General Public
**Succession Certificate**
Notice to: General Public: General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 30.09.2025 at 10:00 A.M.
For details logon to https://highcourtchd.gov.in/?mod=district_notice&district=Hoshiarpur
Dated, this day of 09-09-2025
**Sd/- Addl. Civil Judge (Sr. Divn.), Mukerian.**

---

**In the Court of Sh. Bikramdeep Singh Judicial Magistrate-1st Class-2, Patiala.**
CNR No. PBPT03-003116-2022
Next Date: 01.11.2025
Davinder Kumar
Vs.
Ram Gopal
**Detail of offence: 138 NI Act**
Notice to: Ram Gopal S/o Harbhajan Dass, R/o 167, Arrian Street, Patiala.
In above titled case the accused could not be served. It is ordered that accused should appear in person or through counsel on 01.11.2025 at 10:00 A.M.
For details logon to https://highcourtchd.gov.in/?mod=district_notice&district=patiala.
Dated, this day of 08-09-2025
**Sd/- JMIC-2, Patiala.**

---

**In the Court of Sh. Abhishek Pathak, Judicial Magistrate-1st CLass-IV, Barnala.**
CNR No. PBBR03-008913-2023
Next Date: 14.10.2025
Pooja Traders
Versus
Bagga Karyana Store
Notice to: Bagga: Prop. Bagga Karyana Store, Near ITI Chowk, Nabha Road, Malerkotla.
In above titled case the accused could not be served. It is ordered that accused should appear in person or through counsel on 14.10.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 06-09-2025
**Sd/- JMIC-IV, Barnala.**

---

**In the Court of Sh. Bikramdeep Singh, Judicial Magistrate-1st Class-2, Patiala.**
CNR No. PBPT03-013364-2022
Next Date: 30.10.2025
Cholamandalam Investment and Finance Company Ltd.
Vs.
Gohli Singh
**Detail of offence: 138 NI Act.**
Notice to: Gohli Singh S/o Sukhwinder Singh, R/o Vill. Retgarh Near Gurudwara Sahib, Tehsil Smana Distt. Patiala.
In above titled case the accused could not be served. It is ordered that accused should appear in person or through counsel on 30.10.2025 at 10:00 A.M.
For details logon to https://highcourtchd.gov.in/?mod=district_notice&district=patiala.
Dated, this day of 02-09-2025
**Sd/- JMIC-2, Patiala.**

---

**(U/o 5 Rule 20 CPC)**
**In the Court of Ms. Jaskiran Sondh, Civil Judge Junior Division, Muktsar.**
CNR No. PBSM02-000908-2024
Next Date: 01.10.2025
Gurleen Kaur through mother
Vs.
Suba Singh
Notice to: Gurjeet Singh S/o Suba Singh S/o Meja Singh, r/o R/o Budhi Mal, Tehsil and District SMS (Working as Loan Deptt HDFC Bank Moga)
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 01.10.2025 at 10:00 A.M.
For details logon to https://highcourtchd.gov.in/?mod=district_notice&district=mogacourt.
Dated, this day of 04-08-2025
**Sd/- Civil Judge Jr. Divn., Muktsar.**

---

**ਚੜ੍ਹਦੀਕਲਾ ਪੜ੍ਹੋ, ਚੜ੍ਹਦੀਕਲਾ 'ਚ ਰਹੋ**

---

**(U/o 5 Rule 20 CPC)**
**In the Court of Ms. Jashanpreet Kaur, Civil Judge Junior Division-3, Jalalabad.**
CNR No. PBFZB0-000789-2024
Next Date: 01.10.2025
Anjana Makkar
Vs.
Sahibzada Ajit Singh Education Trust
Notice to: Jasmeet Kaur, Spouse: Sukhjot Singh, R/o 48, New Jawahar Nagar, Jalandhar City, Tehsil and Distt. Jalandhar.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 01.10.2025 at 10:00 A.M.
For details logon to https://highcourtchd.gov.in/?mod=district_notice&district=fazilkacourt.
Dated, this day of 02-09-2025
**Sd/- Civil Judge Jr. Divn.-3, Jalalabad.**

---

**(U/o 5 Rule 20 CPC)**
**In the Court of Hon'ble Jasmine, Civil Judge (Junior Division), Amritsar.**
CNR No. PBAS02-003697-2023
Next Date: 30.09.2025
ICICI Bank Limited
Vs.
Bagicha Singh
**Suit for Recovery**
Notice to: Bagicha Singh: S/o Dial Singh, R/o Village Bhail Dhailwala, Near Gurudwara Qila Sahib, Tehsil and District Tarn Taran.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 30.09.2025 at 10:00 A.M.
For details logon to https://highcourtchd.gov.in/?trs=district_notice&district=Amritsar.
Dated, this day of 18-08-2025
**Sd/- Civil Judge (Jr. Divn.), Amritsar.**

---

**(U/o 5 Rule 20 CPC)**
**In the Court of Ms. Jaspreet Kaur Simak, Additional Civil Judge (Senior Division), Dasuya.**
CNR No. PBHOA0-000526-2025
Next Date: 01.10.2025
Tilak Raj S/o Ram Chand, R/o Village Hardothala, Tehsil Dasuya, District Hoshiarpur.
Vs.
1. General Public, 2. Ashok Kumar S/o Ram Chand, 3. Inderjit Singh S/o Ram Chand Both R/o Village Hardothala, Tehsil Dasuya, District Hoshiarpur etc.
**Suit for declaration.**
Notice to: General Public and others: General Public.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 01.10.2025 at 10:00 A.M.
For details logon to https://highcourtchd.gov.in/?mod=district_notice&district=Hoshiarpur.
Dated, this day of 26-08-2025
**Sd/- Addl. Civil Judge (Sr. Divn.), Dasuya.**

---

**(U/o 5 Rule 20 CPC)**
**In the Court of Ms. Geetanshu, Civil Judge (Junior Division)-IV, Barnala.**
CNR No. PBBR02-000623-2023
Next Date: 30.09.2025
Subhash Chander
Vs.
Jagtar Singh
Notice to: Jagtar Singh, Father: Nahar Singh S/o Surjan Singh, Jalaldiwal, Tehsil Raikot, District Ludhiana.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 30.09.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 27-08-2025
**Sd/- Civil Judge (Jr. Divn.)-IV, Barnala.**

---

**In the Court of Dr. Rajwinder Kaur II, Judicial Magistrate 1st Class 1, Samana Samana.**
CNR No. PBPTC1-001715-2020
Next Date: 06.11.2025
HDFC
Vs.
Harinder Singh
Notice to: Harinder Singh S/o Sultan Singh, Village Molviwala, Tehsil Patran, Patiala.
In above titled case the accused could not be served. It is ordered that accused should appear in person or through counsel on 06.11.2025 at 10:00 A.M.
For details logon to https://highcourtchd.gov.in/?mod=district_notice&district=patiala.
Dated, this day of 09-09-2025
**Sd/- JMIC-1, Samana, Samana.**

---

**(U/o 5 Rule 20 CPC)**
**In the Court of Sh. Hem Amrit Mahi Civil Judge (Senior Division), Gurdaspur**
CNR No. PBGD02-000979-2024
Next Date: 29.09.2025
exe-185-2024
Punjab and Sind Bank
Vs.
Johnson
Notice to: 1) Johnson S/o Dalbir Masih VPO Sohal Tehsil and Distt. Gurdaspur 2) Samsum S/o Gulam Masih r/o c/o Mac. Robert Hospital, Dhariwal, gurdaspur
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 29.09.2025 at 10:00 A.M.
For details logon to https://highcourtchd.gov.in/?mod=district_notice&district=Gurdaspur
Dated, this day of 06-09-2025
**Sd/- Civil Judge (Senior Division),Gurdaspur**

---

**(U/o 5 Rule 20 CPC)**
**In the Court of Ms. Riffi Bhatti Civil Judge (Junior Divn.), Jagraon**
CNR No. PBLDB0-000844-2024
Next Date: 30.09.2025
Karamjit Kaur
Versus
Balraj Singh
Notice to :Balraj Singh S/o Santokh Singh R/o Boparai Kalan, Teh Jagraon, Distt. Ludhiana Now Residing with Amandeep Kaur D/o Gurcharan Singh R/o Near Chappar ,Jalal patti, Dakha, Teh. and Distt. Ludhiana
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **30.**09.2025 at 10:00 A.M.
For details logon to https://highcourtchd.gov.in/?mod=district_notice&district=Ludhianacourt
Dated, this day of 06-09-2025
**Sd/- Civil Judge (Junior Divn.), Jagraon**

---

**(U/o 5 Rule 20 CPC)**
**In the Court of Sh. Servesh Singh Civil Judge Junior Divn-1, Sultanpur Lodhi**
CNR No. PBKPB0-000382-2024
Next Date: 01.10.2025
CS-272/2024
Balwinder Singh & ors
Vs.
Harbhajan Singh & ors
Notice to:6. Daljit Singh S/o Karam Singh S/o Bhola Singh 18. Mohan Singh S/o Bhola Singh S/o Uttam Singh 19. Surinder Singh S/o Naranjan Singh S/o Dogar Singh 21. Jaskaran Singh S/o Ajit Singh S/o Bhola Singh 24. Gurjinder Singh S/o Balbir Singh S/o Amar Singh S/o Sher Singh(Gurjinder Singh is LR of Balbir Singh) All R/o Village Rampur Jagir Teh. Sultanpur Lodhi, Distt. Kapurthala
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 01.10.2025 at 10:00 A.M.
For details logon to https://highcourtchd.gov.in/?mod=district_notice&district=Kapurthala
Dated, this day of 30-08-2025
**Sd/- Civil Judge Junior Divn-1, Sultanpur Lodhi**

---

**(U/o 5 Rule 20 CPC)**
**In the Court of Ms. Sarveesha Sharma Civil Judge (Junior Division)-9,**
CNR No. PBSA02-001251-2023
Next Date: 30.09.2025
IDBI Bank Limited
Vs.
M/s Garg Karyana Store
**Suit For Recovery of Rs. 9,50,879/-**
Notice to: 1.M/s Garg Karyana Store Through its proprietor Sh. Ashwani Kumar S/o Sh. Rattan Lal Garg Near Gurudwara Sahib, Sohana, Chandigarh Landran Road ,Sohana Teh. and Distt. Mohali 2. Ashwani Kumar S/o Rattan Lal Garg R/o 2156 Sector 68, SAS Nagar Mohali
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **30.**09.2025 at 10:00 A.M.
For details logon to https://highcourtchd.gov.in/?mod=district_notice&district=mohali
Dated, this day of 08-09-2025
**Sd/- Civil Judge (Junior Divn.)-9,**

---

**(U/o 5 Rule 20 CPC)**
**In the Court of Ms. Navreet Kaur Addl. Civil Judge (Senior Division), Dera Bassi**
CNR No. PBSAB0-001308-2022
Next Date: 01.12.2025
CS/1044/2022
Naib Singh & Anr.
Versus
Davinder Singh & Anr
**Suit for PI**
Notice to:1. Davinder Singh S/o Joginder Singh R/o Vill. Paragpur, Teh. Derabassi, Distt. Sas Nagar
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 01.12.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 05-09-2025
**Sd/- Addl. Civil Judge (Senior Division) Dera Bassi**

---

**(U/o 5 Rule 20 CPC)**
**In the Court of Ms. Navreet Kaur Addl. Civil Judge (Senior Division), Dera Bassi**
CNR No. PBSAB0-000759-2025
Next Date: 09.12.2025
GW/12/2025
Rita W/o Late Sh. Rakesh Kumar R/o Vill. Bhagsi Tehsil Dera Bassi, Distt. S.A.S. Nagar, Mohali, natural guardian and next friend of minor male Child namely Madhav Sharma S/o Late. Sh. Rakesh Kumar R/oVill. Bhagsi,Teh. Dera Bassi,Distt. S.A.S. Nagar
Versus
General Public
**Petition U/s 8 of Hindu Minority and Guardianship Act 1956**
Notice to:General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 09.12.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 12-09-2025
**Sd/- Addl. Civil Judge (Senior Division) Dera Bassi**

---

**(U/o 5 Rule 20 CPC)**
**In the Court of Ms. Parneet Kaur Civil Judge (Junior Divn.), Dera Bassi**
CNR No. PBSAB0-001214-2024
Next Date: 19.11.2025
Ms Shiva Land Promoters
Versus
Rajni Goel
Notice to :Rajni Goel w/o Ajay Goel HNo. 14 Ground Floor Highway Homes Kishanpura M/s SKy Infrastructures Pvt. Ltd. office at SCF 5 Kalgidhar Enclave Baltana Sub Teh. zirakpur Through Rajni Goyal
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 19.11.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 09-09-2025
**Sd/- Civil Judge (Junior Divn.) Dera Bassi.**

---

## ਜ਼ਰੂਰੀ ਸੂਚਨਾ

ਰੋਜ਼ਾਨਾ ਚੜ੍ਹਦੀਕਲਾ ਵਿਚ ਛੱਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੇ ਤੱਥਾਂ ਦੀ ਪੁਸ਼ਟੀ ਕਰ ਲੈਣ।
**-ਇਸ਼ਤਿਹਾਰ ਮੈਨੇਜਰ**

---

# ਸ਼੍ਰੋਮਣੀ ਅਕਾਲੀ ਦਲ ਆਪ ਸਰਕਾਰ ਨੂੰ ਹੜ੍ਹ ਮਾਰੇ ਲੋਕਾਂ ਨੂੰ ਰਾਹਤ ਪ੍ਰਦਾਨ ਕਰਨ ਵਾਸਤੇ ਮਜ਼ਬੂਰ ਕਰੇਗਾ : ਐਨ ਕੇ ਸ਼ਰਮਾ

ਚੰਡੀਗੜ੍ਹ, 14 ਸਤੰਬਰ (ਚ.ਨ.ਸ.): ਸ਼੍ਰੋਮਣੀ ਅਕਾਲੀ ਦਲ ਨੇ ਅੱਜ ਆਮ ਆਦਮੀ ਪਾਰਟੀ (ਆਪ) ਸਰਕਾਰ ਵੱਲੋਂ ਸੰਕਟ ਵੇਲੇ ਪੰਜਾਬੀਆਂ ਇਕੱਲਿਆਂ ਛੱਡਣ ਦੀ ਨਿਖੇਧੀ ਕੀਤੀ ਅਤੇ ਜ਼ੋਰ ਦੇ ਕੇ ਕਿਹਾ ਕਿ ਉਹ ਰਾਜ ਸਰਕਾਰ ਨੂੰ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੂੰ ਢੁਕਵਾਂ ਮੁਆਵਜ਼ਾ ਦੇਣ ਵਾਸਤੇ ਮਜ਼ਬੂਰ ਕਰੇਗਾ ਅਤੇ ਹੜ੍ਹ ਮਾਰੇ ਲੋਕਾਂ ਦੀ ਮਦਦ ਕਰਨ ਵਾਸਤੇ ਦ੍ਰਿੜ੍ਹ ਸੰਕਲਪ ਰਹੇਗਾ। ਇਥੇ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਖ਼ਜ਼ਾਨਚੀ ਸ੍ਰੀ ਐਨ ਕੇ ਸ਼ਰਮਾ ਨੇ ਕਿਹਾ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਹੜ੍ਹ ਮਾਰੇ ਕਿਸਾਨਾਂ ਦੀ ਮਦਦ ਵਾਸਤੇ ਦਿਨ ਰਾਤ ਕੰਮ ਕੀਤਾ ਹੈ। ਉਹਨਾਂ ਕਿਹਾ ਕਿ ਨਾ ਸਿਰਫ ਸ਼੍ਰੋਮਣੀ ਅਕਾਲੀ ਦਲ ਨੇ ਸੰਕਟ ਵਿਚ ਫਸੇ ਕਿਸਾਨਾਂ ਤੱਕ ਪਹੁੰਚ ਕਰ ਕੇ ਉਹਨਾਂ ਨੂੰ ਨਗਦ ਰਾਸ਼ੀ, ਡੀਜ਼ਲ ਤੇ ਹੋਰ ਜ਼ਰੂਰੀ ਸਮਾਨ ਬੰਨ ਪੂਰਨ ਤੇ ਮਜ਼ਬੂਤ ਕਰਨ ਵਾਸਤੇ ਪ੍ਰਦਾਨ ਕੀਤਾ ਬਲਕਿ ਉਹਨਾਂ ਨੇ ਇਕ ਵਿਲੱਖਣ ਸੇਵਾ ਕੀਤੀ ਜਿਸ ਵਾਸਤੇ ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਵਾਲਾ ਲਿਫਾਫਾ ਦਲ ਉਹਨਾਂ ਦੀ ਬਦਨਾਮੀ ਵੀ ਕਰ ਰਿਹਾ ਹੈ। ਉਹਨਾਂ ਕਿਹਾ ਕਿ ਆਪ ਸਰਕਾਰ ਦੇ ਨਾਲ-ਨਾਲ ਕੇਂਦਰ ਸਰਕਾਰ ਇਸ ਨਕਲੀ ਅਕਾਲੀ ਦਲ ਦੀ ਵਰਤੋਂ ਸ਼੍ਰੋਮਣੀ ਅਕਾਲੀ ਦਲ ਦੀ ਬਦਨਾਮੀ ਕਰਨ ਵਾਸਤੇ ਕਰ ਰਿਹਾ ਹੈ।



ਐਨ ਕੇ ਸ਼ਰਮਾ ਨੇ ਇਸ ਮੌਕੇ ਪੰਪ ਸੈਟ, ਪਲਾਸਟਿਕ ਪਾਈਪਾਂ, ਤਰਪਾਲਾਂ ਤੇ ਹੋਰ ਸਮੇਤ ਡੀਜ਼ਲ ਦੇ ਬਿੱਲਾਂ ਦੀਆਂ ਕਾਪੀਆਂ ਵੀ ਜਾਰੀ ਕੀਤੀਆਂ। ਐਨ ਕੇ ਸ਼ਰਮਾ ਨੇ ਜ਼ੋਰ ਦੇ ਕੇ ਕਿਹਾ ਕਿ ਸਰਦਾਰ ਬਾਦਲ ਨੇ ਨਾ ਸਿਰਫ ਹੜ੍ਹ ਮਾਰੇ ਕਿਸਾਨਾਂ ਨੂੰ ਰਾਹਤ ਪ੍ਰਦਾਨ ਕੀਤੀ ਹੈ ਬਲਕਿ ਉਹਨਾਂ ਦੇ ਮੁੜ ਵਸੇਬੇ ਦਾ ਵੀ ਪ੍ਰਬੰਧ ਕੀਤਾ ਹੈ। ਉਹਨਾਂ ਕਿਹਾ ਕਿ ਲੋਕਾਂ ਵਾਸਤੇ ਰਾਸ਼ਨ, ਸੁੱਕਾ ਚਾਰਾ, ਮੱਕੀ ਦਾ ਆਚਾਰ ਤੇ ਸਰਟੀਫਾਈਡ ਬੀਜ ਵੀ ਪ੍ਰਦਾਨ ਕੀਤੇ ਗਏ ਹਨ ਅਤੇ ਅਗਲੇ ਹਫਤੇ ਤੋਂ ਇਹ ਲੋਕਾਂ ਨੂੰ ਮਿਲ ਜਾਣਗੇ। ਉਹਨਾਂ ਜ਼ੋਰ ਦੇ ਕੇ ਕਿਹਾ ਕਿ ਲੋਕ ਅਸਲੀਅਤ ਜਾਣਦੇ ਹਨ ਤੇ ਇਹ ਬਦਨਾਮੀ ਵਾਲੀ ਮੁਹਿੰਮ ਮੂਧ ਮੂੰਹ ਡਿੱਗੇਗੀ।

# ਬਾਬਾ ਬੰਦਾ ਸਿੰਘ ਬਹਾਦਰ ਇੰਜੀ. ਕਾਲਜ 'ਚ ਪਾਇਥਨ ਨਾਲ ਏ.ਆਈ. ਤੇ ਐਮ.ਐਲ. ਵਿਸ਼ੇ ਤੇ ਬੂਟਕੈਂਪ ਲਗਾਇਆ

ਫਤਿਹਗੜ੍ਹ ਸਾਹਿਬ, 14 ਸਤੰਬਰ (ਹਰਪ੍ਰੀਤ ਕੌਰ ਟਿਵਾਣਾ): ਬਾਬਾ ਬੰਦਾ ਸਿੰਘ ਬਹਾਦਰ ਇੰਜੀਨੀਅਰਿੰਗ ਕਾਲਜ ਫਤਿਹਗੜ੍ਹ ਸਾਹਿਬ ਦੇ ਕੰਪਿਊਟਰ ਸਾਇੰਸ ਅਤੇ ਇੰਜੀਨੀਅਰਿੰਗ ਵਿਭਾਗ ਵੱਲੋਂ ਬੀ.ਟੈਕ (ਸੀ. ਐੱਸ. ਈ) ਦੇ 7ਵੇਂ ਸਮੈਸਟਰ ਦੇ ਵਿਦਿਆਰਥੀਆਂ ਲਈ "ਪਾਇਥਨ ਨਾਲ ਏ.ਆਈ. ਅਤੇ ਐਮ.ਐਲ. ਬੂਟਕੈਂਪ"ਦਾ ਆਯੋਜਨ ਕੀਤਾ ਗਿਆ। ਇਸ ਵਰਕਸ਼ਾਪ ਦਾ ਉਦੇਸ਼ ਵਿਦਿਆਰਥੀਆਂ ਨੂੰ ਆਰਟੀਫੀਸੀਅਲ ਇੰਟੈਲੀਜੈਂਸ (ਏ. ਆਈ.) ਅਤੇ ਮਸ਼ੀਨ ਲਰਨਿੰਗ(ਐਮ. ਐਲ.) ਖੇਤਰਾਂ ਵਿੱਚ ਗਿਆਨ ਪ੍ਰਦਾਨ ਕਰਨਾ ਸੀ।

ਇਸ ਮੌਕੇ ਇਸ਼ਿਕਾ, ਜੋ ਕਿ ਨੋਵੈਮ ਕੰਟਰੋਲ ਵਿਚ ਪਾਇਥਨ ਡਿਵੈਲਪਰ ਦੇ ਤੌਰ ਤੇ ਕੰਮ ਕਰ ਰਹੇ ਹਨ, ਨੇ ਇਸ ਮੌਕੇ ਪ੍ਰਯੋਗਾਤਮਕ ਸਿਖਲਾਈ ਦਿੱਤੀ ਤੇ ਆਪਣਾ ਉਦਯੋਗਿਕ ਅਨੁਭਵ ਸਾਂਝਾ ਕੀਤਾ। ਇਸ ਮੌਕੇ ਪ੍ਰਿੰਸੀਪਲ ਡਾ. ਲਖਵੀਰ ਸਿੰਘ ਨੇ ਵਰਕਸ਼ਾਪ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਸਮਾਗਮ ਵਿਦਿਆਰਥੀਆਂ ਨੂੰ ਉਦਯੋਗ ਦੀਆਂ ਲੋੜਾਂ ਲਈ ਤਿਆਰ ਕਰਦੇ ਹਨ। ਵਿਭਾਗ ਮੁਖੀ ਡਾ. ਜਤਿੰਦਰ ਸਿੰਘ ਸੈਣੀ ਨੇ ਏ.ਆਈ. ਅਤੇ ਐਮ.ਐਲ. ਤਕਨੀਕ ਦੀ ਭਵਿੱਖ ਵਿੱਚ ਭੂਮਿਕਾ ਨੂੰ ਉਜਾਗਰ ਕੀਤਾ ਅਤੇ ਇਸਦੇ ਸਫਲ ਆਯੋਜਨ ਲਈ ਟੀਮ ਦੀ ਸ਼ਲਾਘਾ ਕੀਤੀ।

# ਪੰਜਾਬ ਦੌਰੇ ਤੋਂ ਪਹਿਲਾਂ ਰਾਹੁਲ ਗਾਂਧੀ ਦੇਣ ਜਵਾਬ, ਇੰਡੀ ਗਠਜੋੜ ਦੀਆਂ ਸਰਕਾਰਾਂ ਨੇ ਪੰਜਾਬ ਦੇ ਲਈ ਕਿੰਨੀ ਮਦਦ ਭੇਜੀ? : ਬੱਲੀਏਵਾਲ

ਚੰਡੀਗੜ੍ਹ 14 ਸਤੰਬਰ (ਅੰਮ੍ਰਿਤਪਾਲ ਸਿੰਘ): ਪੰਜਾਬ ਵਿੱਚ ਆਏ ਹੜ੍ਹਾਂ ਨੂੰ ਲੈ ਕੇ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਪੰਜਾਬ ਦੇ ਦੌਰੇ 'ਤੇ ਆ ਰਹੇ ਹਨ। ਰਾਹੁਲ ਗਾਂਧੀ ਦੇ ਦੌਰੇ ਨੂੰ ਲੈ ਕੇ ਭਾਜਪਾ ਬੁਲਾਰੇ ਪ੍ਰਿਤਪਾਲ ਸਿੰਘ ਬੱਲੀਏਵਾਲ ਨੇ ਸਵਾਲ ਚੁੱਕਦੇ ਹੋਏ ਕਿਹਾ ਕਿ ਪੂਰੇ ਦੇਸ਼ ਦੇ 8 ਰਾਜਾਂ ਵਿੱਚ ਕਾਂਗਰਸ+ ਆਪ ਤੇ ਹੋਰ ਪਾਰਟੀ ਦੀਆਂ ਇੰਡੀ ਗਠਜੋੜ ਦੀਆਂ ਸਰਕਾਰਾਂ ਹਨ, ਉਨ੍ਹਾਂ ਸਰਕਾਰਾਂ ਨੇ ਪੰਜਾਬ ਵਿੱਚ ਆਏ ਹੜ੍ਹ ਪੀੜਤਾਂ ਲਈ ਕਿੰਨੀ ਵਿੱਤੀ ਮਦਦ ਜਾਂ ਰਾਹਤ ਸਮੱਗਰੀ ਭੇਜੀ ਹੈ..?

ਬਲੀਏਵਾਲ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੇ ਕਾਂਗਰਸ ਪ੍ਰਧਾਨ ਰਾਜਾ ਵੜਿੰਗ ਨੂੰ ਪੰਜਾਬ ਦੇ ਲੋਕਾਂ ਅੱਗੇ ਇਹ ਅੰਕੜਾ ਰੱਖਣ ਲਈ ਕਿਹਾ ਤਾਂ ਜੋ ਪੰਜਾਬੀਆਂ ਨੂੰ ਪਤਾ ਲੱਗ ਸਕੇ ਕਿ ਔਖੀ ਘੜੀ ਵਿੱਚ ਕੌਣ ਪੰਜਾਬ ਦੇ ਨਾਲ ਹੈ। ਬੱਲੀਏਵਾਲ ਨੇ ਕਿਹਾ ਕਿ ਪੰਜਾਬ ਦੀ ਮੌਜੂਦਾ ਸਰਕਾਰ ਅਤੇ ਵਿਰੋਧੀ ਪਾਰਟੀ ਕਾਂਗਰਸ ਕੇਂਦਰੀ ਫੰਡਾਂ ਤੇ ਸਵਾਲ ਚੁੱਕਦੇ ਹਨ ਪਰ ਜਿੱਥੇ ਇਨ੍ਹਾਂ ਦੀ ਸਰਕਾਰਾਂ ਹਨ ਉਨ੍ਹਾਂ ਨੇ ਤਾਂ ਪੰਜਾਬ ਦਾ ਸਾਥ ਦੇਣਾ ਵੀ ਜ਼ਰੂਰੀ ਨਹੀਂ ਸਮਝਿਆ। ਬੱਲੀਏਵਾਲ ਨੇ ਕਿਹਾ ਕਿ ਜਦੋਂ ਪੰਜਾਬ ਡੁੱਬ ਰਿਹਾ ਸੀ ਅਤੇ ਲੋਕ ਰੋ ਰਹੇ ਸਨ, ਉਦੋਂ ਤਾਂ ਰਾਹੁਲ ਗਾਂਧੀ ਮਲੇਸ਼ੀਆ ਦੇ ਵਿੱਚ ਐਸ਼ ਕਰ ਰਹੇ ਸੀ! ਹੁਣ ਰਾਹੁਲ ਗਾਂਧੀ ਦਾ ਇਹ ਪੰਜਾਬ ਦੌਰਾ ਲੋਕਾਂ ਦਾ ਦਰਦ ਮਿਟਾਉਣ ਲਈ ਨਹੀਂ, ਸਿਰਫ਼ ਸਿਆਸੀ ਸਟੇਜ ਤੇ ਡਰਾਮੇਬਾਜ਼ੀ ਹੀ ਹੈ।ਬੱਲੀਏਵਾਲ ਨੇ ਅੱਗੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਨੇ ਪੰਜਾਬ ਨੂੰ 1600 ਕਰੋੜ ਦੀ ਫੌਰੀ ਸਹਾਇਤਾ ਦਿੱਤੀ ਅਤੇ ਕੁਦਰਤੀ ਆਫ਼ਤ ਫ਼ੰਡ ਦਾ 12 ਹਜ਼ਾਰ ਕਰੋੜ ਪਹਿਲਾਂ ਤੋਂ ਪੰਜਾਬ ਸਰਕਾਰ ਕੋਲ ਪਿਆ ਹੋਇਆ ਹੈ। ਜੇ ਹੋਰ ਭਾਜਪਾ ਸਰਕਾਰਾਂ ਦੀਆਂ ਗੱਲ ਕਰੀਏ ਤਾਂ ਦਿੱਲੀ, ਗੁਜਰਾਤ, ਗੋਆ ਅਤੇ ਹਰਿਆਣਾ ਦੀ ਭਾਜਪਾ ਸਰਕਾਰਾਂ ਮੁੱਖ ਮੰਤਰੀ ਪੰਜਾਬ ਰੀਲੀਫ਼ ਫ਼ੰਡ ਵਿੱਚ 5-5 ਕਰੋੜ ਰੁਪਏ ਅਤੇ ਬਾਕੀ ਸਰਕਾਰਾਂ ਨੇ ਹੜ੍ਹ ਪੀੜਤਾਂ ਲਈ ਰਾਸ਼ਨ ਸਮੱਗਰੀ ਤੇ ਹੋਰ ਲੋੜੀਂਦਾ ਸਾਮਾਨ ਦੇ ਹਜ਼ਾਰਾਂ ਟਰੱਕ ਤੇ ਰੇਲ ਗੱਡੀਆਂ ਰਾਹੀਂ ਭੇਜੀ ਜਾ ਰਹੀ ਹੈ । ਭਾਜਪਾ ਪੰਜਾਬ ਦੇ ਆਗੂਆਂ ਵੱਲੋਂ ਹੜ੍ਹ ਪੀੜਤਾਂ ਦੀ ਲਗਾਤਾਰ ਸੇਵਾ ਕੀਤੀ ਜਾ ਰਹੀ ਹੈ।


ਸਿਰਫ਼ ਸਿਆਸੀ ਡਰਾਮੇਬਾਜ਼ੀ ਕਰਨ ਪੰਜਾਬ ਆ ਰਹੇ ਰਾਹੁਲ ਗਾਂਧੀ ਜਵਾਬ ਜ਼ਰੂਰ ਦੇਣ ਕਿ ਆਖਿਰ ਕਾਂਗਰਸ ਸਰਕਾਰਾਂ ਨੂੰ ਪੰਜਾਬ ਨਾਲ ਏਨੀ ਵਿਰੋਧਤਾ ਕਿਉਂ ਹੈ..?


---

## ਅਸਟੇਟ ਦਫ਼ਤਰ, ਯੂ.ਟੀ.

**ਜਨਤਕ ਨੋਟਿਸ**

**ਵੱਲੋਂ : ਸ਼੍ਰੀ ਨਵੀਨ, ਡੈਨਿਕਸ ਸਹਾਇਕ ਅਸਟੇਟ ਅਫ਼ਸਰ, ਯੂ.ਟੀ., ਚੰਡੀਗੜ੍ਹ**





ਵਿਸ਼ਾ: ਸਵਰਗੀ ਡਾ. ਰੁਪਿੰਦਰ ਕਲੇਰ ਦੀ ਅਣਵੰਡੀ ਮੌਤ ਦੇ ਆਧਾਰ 'ਤੇ ਰਿਹਾਇਸ਼ੀ ਸਾਈਟ ਨੰਬਰ 2208, ਸੈਕਟਰ 38-ਸੀ ਚੰਡੀਗੜ੍ਹ (ਆਰਪੀਐਲ 19747) ਦੇ ਸੰਬੰਧ ਵਿੱਚ ਲੀਜ਼ ਹੋਲਡ ਅਧਿਕਾਰਾਂ ਦਾ 100.00% ਹਿੱਸੇ ਦੀ ਹੱਦ ਤੱਕ ਤਬਾਦਲਾ।

ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਦਫ਼ਤਰ ਦੇ ਰਿਕਾਰਡ ਅਨੁਸਾਰ ਸ਼੍ਰੀ/ਸ਼੍ਰੀਮਤੀ ਡਾ. ਰੁਪਿੰਦਰ ਕਲੇਰ ਰਿਹਾਇਸ਼ੀ ਸਾਈਟ ਨੰਬਰ 2208, ਸੈਕਟਰ 38-ਸੀ ਚੰਡੀਗੜ੍ਹ ਦੇ 100.00% ਹਿੱਸੇ ਦੀ ਹੱਦ ਤੱਕ ਮਾਲਕ/ਪੱਟੇਦਾਰ ਹਨ।

ਰੁਬਿਕਾ ਕਲੇਰ ਖੁਰਾਨਾ, ਡਾ. ਧੀਰਜ ਖੁਰਾਨਾ ਦੁਆਰਾ ਸੂਚਿਤ ਕੀਤਾ ਗਿਆ ਹੈ ਕਿ ਸ਼੍ਰੀ/ਸ਼੍ਰੀਮਤੀ ਡਾ. ਰੁਪਿੰਦਰ ਕਲੇਰ ਦੀ 21/02/2025 ਨੂੰ ਮੌਤ ਹੋ ਗਈ ਸੀ ਅਤੇ ਉਸਨੇ/ਉਨ੍ਹਾਂ ਨੇ ਮ੍ਰਿਤਕ ਮਾਲਕ/ਪੱਟੇਦਾਰ ਦੇ ਹੇਠ ਲਿਖੇ ਕਾਨੂੰਨੀ ਵਾਰਸਾਂ ਨੂੰ ਵੀ ਸੂਚਿਤ ਕੀਤਾ ਹੈ:-

| ਲ. ਨੰ. | ਕਾਨੂੰਨੀ ਵਾਰਸ ਦਾ ਨਾਮ | ਮ੍ਰਿਤਕ ਨਾਲ ਸਬੰਧ |
|---|---|---|
| 1. | | |
| 2. | ਡਾ. ਧੀਰਜ ਖੁਰਾਨਾ | ਪਤੀ |
| 3. | ਰੁਬਿਕਾਕਲੇਰ ਖੁਰਾਨਾ | ਪੁੱਤਰੀ |

ਹੁਣ, ਰੁਬਿਕਾ ਕਲੇਰ ਖੁਰਾਨਾ, ਡਾ. ਧੀਰਜ ਖੁਰਾਨਾ ਨੇ ਰਿਹਾਇਸ਼ੀ ਸਾਈਟ ਨੰਬਰ 2208, ਸੈਕਟਰ 38-ਸੀ, ਚੰਡੀਗੜ੍ਹ ਦੇ ਸੰਬੰਧ ਵਿੱਚ, ਸਵਰਗੀ ਡਾ. ਰੁਪਿੰਦਰ ਕਲੇਰ ਦੁਆਰਾ ਆਪਣੇ/ਆਪਣੇ ਹੱਕ ਵਿੱਚ ਰੱਖੇ ਗਏ 100.00% ਹਿੱਸੇ ਦੀ ਹੱਦ ਤੱਕ, ਅਣਵੰਡੀ ਮੌਤ ਦੇ ਆਧਾਰ 'ਤੇ, ਲੀਜ਼ ਅਧਿਕਾਰਾਂ ਦੇ ਤਬਾਦਲੇ ਲਈ ਅਰਜ਼ੀ ਦਿੱਤੀ ਹੈ/ਦਿੱਤੀ ਹੈ। ਜੇਕਰ ਕਿਸੇ ਕੋਲ ਉੱਪਰ ਦੱਸੇ ਗਏ ਤੋਂ ਇਲਾਵਾ ਮ੍ਰਿਤਕ ਦੇ ਕਿਸੇ ਹੋਰ ਕਾਨੂੰਨੀ ਵਾਰਸ(ਵਾਰਸਾਂ) ਬਾਰੇ ਕੋਈ ਜਾਣਕਾਰੀ ਹੈ, ਤਾਂ ਇਸਦੀ ਸੂਚਨਾ ਤੁਰੰਤ ਅਸਟੇਟ ਅਫਸਰ, ਯੂ.ਟੀ., ਚੰਡੀਗੜ੍ਹ ਨੂੰ ਦਿੱਤੀ ਜਾ ਸਕਦੀ ਹੈ। ਜੇਕਰ ਕਿਸੇ ਨੂੰ ਉਪਰੋਕਤ ਨਾਮਜ਼ਦ ਬਿਨੈਕਾਰਾਂ ਦੇ ਹੱਕ ਵਿੱਚ ਉਕਤ ਜਾਇਦਾਦ ਵਿੱਚ ਉਕਤ ਹਿੱਸੇ ਦੇ ਇੰਤਕਾਲ 'ਤੇ ਕੋਈ ਇਤਰਾਜ਼ ਹੈ, ਤਾਂ ਉਹ ਇਸ ਨੋਟਿਸ ਦੇ ਪ੍ਰਕਾਸ਼ਨ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ-ਅੰਦਰ ਲਿਖਤੀ ਰੂਪ ਵਿੱਚ (ਮੈਜਿਸਟ੍ਰੇਟ/ਨੋਟਰੀ ਦੁਆਰਾ ਪ੍ਰਮਾਣਿਤ ਹਲਫਨਾਮੇ ਨਾਲ ਸਮਰਥਤ) ਹੇਠ ਹਸਤਾਖਰ ਕੀਤੇ ਵਿਅਕਤੀ ਦੇ ਦਫ਼ਤਰ ਵਿੱਚ ਜਮ੍ਹਾਂ ਕਰਵਾ ਸਕਦੇ ਹਨ, ਨਹੀਂ ਤਾਂ ਉਕਤ ਜਾਇਦਾਦ ਵਿੱਚ ਉਕਤ ਹਿੱਸੇ ਨੂੰ ਉਪਰੋਕਤ ਲਾਭਪਾਤਰੀਆਂ ਦੇ ਨਾਮ 'ਤੇ ਇੰਤਕਾਲ ਕਰ ਦਿੱਤਾ ਜਾਵੇਗਾ ਅਤੇ ਬਾਅਦ ਵਿੱਚ ਕਿਸੇ ਵੀ ਹੋਰ ਦਾਅਵੇ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।

**ਨਵੀਨ, ਡੈਨਿਕਸ, ਸਹਾਇਕ ਅਸਟੇਟ ਅਫ਼ਸਰ, ਅਸਟੇਟ ਅਫ਼ਸਰ, ਯੂ.ਟੀ., ਚੰਡੀਗੜ੍ਹ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ**

---

## ਬੈਂਕ ਆਫ ਬੜੌਦਾ / Bank of Baroda

ਆਰਓ ਲੁਧਿਆਣਾ, ਪਤਾ : ਬੀ20-3369, ਤੀਜੀ ਮੰਜ਼ਿਲ ਸੰਧੂ ਟਾਵਰ II, ਗੁਰਦੇਵ ਨਗਰ, ਫਿਰੋਜ਼ਪੁਰ ਰੋਡ, ਲੁਧਿਆਣਾ (141001) ਸੰਪਰਕ ਨੰ. 0161-5127233
Email ID: recovery.ludhiana@bankofbaroda.co.in

### ਨਿਯਮ-8 (1) ਕਬਜ਼ਾ ਸੂਚਨਾ (ਚੱਲ/ਅਚੱਲ ਸੰਪੱਤੀ ਦੇ ਲਈ)

ਜਿਥੇ ਕਿ, ਨਿਮਨ ਹਸਤਾਖ਼ਰੀ ਨੇ **ਬੈਂਕ ਆਫ ਬੜੌਦਾ** ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (2002 ਦਾ 54) ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈਆਂ ਸੂਚਨਾਵਾਂ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਨਿਮਨ ਅਨੁਸਾਰ ਸੂਚਨਾ (ਵਾਂ) ਵਿਚ ਦਰਸਾਈ ਰਕਮ ਨੂੰ ਅਦਾ ਕਰਨ ਦੇ ਲਈ ਕਰਜ਼ਦਾਰ(ਾਂ) ਨੂੰ ਸੱਦਾ ਦਿੰਦੇ ਹੋਏ ਨਿਮਨ ਦਰਸਾਈ ਮਿਤੀ ਨੂੰ ਮੰਗ ਸੂਚਨਾ ਜਾਰੀ ਕੀਤੀ ਸੀ।

ਕਰਜ਼ਦਾਰ (ਾਂ) ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ (ਾਂ) ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਨਿਮਨ ਖਾਤੇ ਅਧੀਨ ਦਰਸਾਈਆਂ ਮਿਤੀਆਂ ਨੂੰ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ **ਨਿਯਮ 8** ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ **ਧਾਰਾ (13) (4)** ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ ਦਾ **ਕਬਜ਼ਾ** ਲੈ ਲਿਆ ਹੈ।

ਕਰਜ਼ਦਾਰ(ਾਂ)/ਜ਼ਾਮਨ (ਾਂ)/ਗਿਰਵੀਕਾਰਾਂ ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ(ਆਂ) ਦੀ ਕੋਈ ਵੀ ਸੌਦੇਬਾਜ਼ੀ ਨਿਮਨ ਦਰਸਾਈ ਕੁੱਲ ਰਕਮ + ਭਾਵੀ ਵਿਆਜ ਅਤੇ ਲਾਗਤਾਂ ਆਦਿ ਦੇ ਲਈ **ਬੈਂਕ ਆਫ ਬੜੌਦਾ** ਦੇ ਚਾਰਜ ਨਾਲ ਸਬੰਧਤ ਹੋਵੇਗੀ।

**ਕਰਜ਼ਦਾਰ ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸਬੰਧ ਵਿਚ ਸਰਫਾਇਸੀ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀ ਵਿਵਸਥਾ ਵੱਲ ਦੁਆਇਆ ਜਾਂਦਾ ਹੈ।**

| ਸ਼ਾਖਾ, ਖਾਤਾ /ਕਰਜ਼ਦਾਰ/ ਮਾਲਕ/ਜ਼ਾਮਨ (ਾਂ)/ ਗਿਰਵੀਕਾਰ (ਾਂ) ਦਾ ਨਾਮ | ਅਚੱਲ ਸੰਪੱਤੀਆਂ ਦਾ ਵੇਰਵਾ | ਮੰਗ ਸੂਚਨਾ ਦੀ ਮਿਤੀ | ਸੰਕੇਤਕ ਕਬਜ਼ਾ ਦੀ ਮਿਤੀ | ਮੰਗ ਸੂਚਨਾ ਅਨੁਸਾਰ ਰਕਮ |
|---|---|---|---|---|
| **ਘੰਟਾ ਘਰ ਸ਼ਾਖਾ**<br>**ਸ੍ਰੀ ਰਜਨੀ ਕਾਂਤ ਚੌਬੇ** ਪੁੱਤਰ ਸ੍ਰੀ ਰਾਮ ਚਾਪਿਤ ਚੌਬੇ ਅਤੇ ਸ੍ਰੀਮਤੀ ਰਾਖੀ ਦੇਵੀ ਪਤਨੀ ਸ੍ਰੀ ਰਜਨੀ ਕਾਂਤ | ਵਿਕਰੀ ਡੀਡ ਵਸੀਕਾ ਨੰਬਰ- 15 ਮਿਤੀ 01.04.2016 ਦੇ ਅਧੀਨ ਪੰਜੀਕ੍ਰਿਤ ਸ਼੍ਰੀ ਰਜਨੀ ਕਾਂਤ ਚੌਬੇ ਦੇ ਨਾਮ 'ਤੇ ਹੱਦਬਸਤ ਨੰ. 261, ਵਾਕਿਆ ਪਿੰਡ ਗਿਆਸਪੁਰਾ ਨੇੜੇ ਅਜੀਤ ਟੈਲੀਕਾਮ, ਸਮਰਾਟ ਕਲੋਨੀ, ਗਿਆਸਪੁਰਾ ਰੋਡ ਲੁਧਿਆਣਾ ਦੇ ਖਸਰਾ ਨੰਬਰ- 38//1/2, 3/1, 2, 9/1, 9/2, 10/1, 11/2, 12, 29//12, 13/2, 18/2, 19, 22, 23/1, 11, 20, 21, 30//15, ਖੇਵਟ ਨੰ.- 184/1, 185, 186, 307, 308, 309, 310, ਖਤੌਨੀ ਨੰ.- 190, 191, 192, 315, 316, 317, 318 ਵਿਖੇ ਸਥਿਤ ਸੰਪੱਤੀ ਦੀ ਨਿਆਂਸੰਗਤ ਗਿਰਵੀ। ਹੱਦਾਂ: ਪੂਰਬ: ਗੁਆਂਢੀ, ਪੱਛਮ: ਗਲੀ, ਉੱਤਰ: ਗੁਆਂਢੀ, ਦੱਖਣ: ਗੁਆਂਢੀ | 31.05.2025 | 09.09.2025 | Rs. 10,72,505/-<br>**(ਰੁ. ਦਸ ਲੱਖ ਬਹੱਤਰ ਹਜ਼ਾਰ ਪੰਜ ਸੌ ਪੰਜ ਕੇਵਲ) ਜਮ੍ਹਾਂ ਅਣਵਸੂਲਿਆ ਵਿਆਜ ਅਤੇ ਹੋਰ ਬਣਦੇ ਖਰਚੇ) 24.05.2025 ਅਨੁਸਾਰ** |

**ਮਿਤੀ: 09-09-2025** **ਸਥਾਨ: ਲੁਧਿਆਣਾ** **ਅਧਿਕਾਰਤ ਅਧਿਕਾਰੀ**

---

## SMFG Grihashakti — ਐਸਐਮਐਫਜੀ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮਟਿਡ

**ਕਾਰਪੋਰੇਟ ਦਫ਼ਤਰ :** 503 ਅਤੇ 504, 5ਵੀਂ ਮੰਜ਼ਿਲ, ਜੀ-ਬਲਾਕ, ਇਂਸਪਾਇਰ ਬੀਕੇਸੀ, ਬੀਕੇਸੀ ਮੁੱਖ ਸੜਕ, ਬਾਂਦਰਾ ਕੁਰਲਾ ਕੰਪਲੈਕਸ, ਬਾਂਦਰਾ (ਪੂਰਬ), ਮੁੰਬਈ-400051
**ਰਜਿ. ਦਫ਼ਤਰ :** ਕਾਮਰਜ਼ੋਨ ਆਈਟੀ ਪਾਰਕ, ਟਾਵਰ ਬੀ, ਪਹਿਲੀ ਮੰਜ਼ਿਲ, ਨੰ. 111, ਮਾਊਂਟ ਪੂਨਮੱਲੀ ਰੋਡ, ਪੋਰੂਰ, ਚੇਨੱਈ-600116, ਤਾਮਿਲਨਾਡੂ

### ਮੰਗ ਸੂਚਨਾ

**ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ("ਕਾਨੂੰਨ") ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ("ਨਿਯਮਾਂਵਲੀ") ਦੀਆਂ ਵਿਵਸਥਾਵਾਂ ਦੇ ਅਧੀਨ**

ਨਿਮਨ ਹਸਤਾਖਰੀ ਨੇ ਕਾਨੂੰਨ ਦੇ ਅਧੀਨ **ਐਸਐਮਐਫਜੀ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮਟਿਡ (ਇਸ ਉਪਰੰਤ ਐਸਐਮਐਚਐਫਸੀ ਵਜੋਂ ਸੰਦਰਭਿਤ)** ਦੇ ਅਧਿਕਾਰਤ ਅਧਿਕਾਰੀ ਵਜੋਂ ਅਤੇ ਨਿਯਮ 3 ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 13 (12) ਦੇ ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਕਾਨੂੰਨ ਦੀ ਧਾਰਾ 13 (2) ਅਧੀਨ ਮੰਗ ਸੂਚਨਾ (ਵਾਂ) ਜਾਰੀ ਕੀਤੀ ਸੀ, ਜਿਸ ਦੇ ਤਹਿਤ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ **60 ਦਿਨਾਂ ਦੇ ਅੰਦਰ** ਸਬੰਧਤ ਸੂਚਨਾ (ਵਾਂ) ਵਿਚ ਦਰਸਾਈ ਰਕਮ ਨੂੰ ਅਦਾ ਕਰਨ ਲਈ ਨਿਮਨਲਿਖਤ ਕਰਜ਼ਦਾਰ (ਾਂ) ਨੂੰ ਸੱਦਾ ਦਿੱਤਾ ਸੀ। ਨਿਮਨ ਹਸਤਾਖਰੀ ਕੋਲ ਇਹ ਮੰਨ ਲੈਣ ਦੇ ਕਾਰਨ ਹਨ ਕਿ ਕਰਜ਼ਦਾਰ (ਾਂ) ਮੰਗ ਸੂਚਨਾ (ਵਾਂ) ਦੀ ਤਾਮੀਲ ਤੋਂ ਟਲ ਰਿਹਾ ਹੈ/ਰਹੇ ਹਨ, ਇਸ ਲਈ ਨਿਯਮਾਂ ਅਨੁਸਾਰ ਚਸਪਾ ਅਤੇ ਪ੍ਰਕਾਸ਼ਨ ਦੁਆਰਾ ਇਸ ਸੂਚਨਾ ਦੀ ਤਾਮੀਲ ਕਰਵਾਈ ਜਾ ਰਹੀ ਹੈ। ਮੰਗ ਸੂਚਨਾ (ਵਾਂ) ਦੇ ਵੇਰਵੇ ਨਿਮਨ ਦਰਸਾਏ ਗਏ ਹਨ :-

| ਲ. ਨੰ. | ਕਰਜ਼ ਖਾਤਾ ਨੰਬਰ ਅਤੇ ਕਰਜ਼ਦਾਰ/ਸਹਿ-ਕਰਜ਼ਦਾਰ, ਸੰਪੱਤੀ ਧਾਰਕਾਂ ਦਾ ਨਾਮ, ਜੋ ਵੀ ਮਾਮਲਾ ਹੋਵੇ | ਸੁਰੱਖਿਅਤ ਅਸਾਸਿਆਂ/ਗਿਰਵੀ ਸੰਪੱਤੀ ਦਾ ਵੇਰਵਾ | ਧਾਰਾ 13 (2) ਦੇ ਅਧੀਨ ਮੰਗ ਸੂਚਨਾ ਦੀ ਮਿਤੀ ਅਤੇ ਕੁੱਲ ਬਕਾਇਆ |
|---|---|---|---|
| 1 | LAN : 609939511447351<br>1. ਅੰਕਿਤ ਗਜਿੰਦਰ ਸਿੰਘ<br>2. ਅਨੀਤਾ ਗਜਿੰਦਰ ਸਿੰਘ<br>3. ਵਿੰਦਰੇਸ਼ ਪਤਨੀ ਅੰਕਿਤ ਪਤਾ: ਪੁੱਤਰ ਗਜਿੰਦਰ ਸਿੰਘ, ਗਲੀ ਨੰ: 8-1 ਗੁਰੂ ਤੇਗ ਬਹਾਦਰ ਨਗਰ ਕੋਟਕਪੂਰਾ, ਫਰੀਦਕੋਟ-151204 | ਵਿਕਰੀ ਡੀਡ ਵਸੀਕਾ ਨੰਬਰ-1627 ਮਿਤੀ 16-8-2013 ਅਨੁਸਾਰ ਅਨੀਤਾ ਪਤਨੀ ਗਜਿੰਦਰ ਸਿੰਘ ਦੇ ਨਾਮ 'ਤੇ ਦਰਜ 185 ਵਰਗ ਗਜ਼ ਹੈ ਜੋ ਕਿ ਕੁੱਲ ਜ਼ਮੀਨ 45 ਕਨਾਲ 3 ਮਰਲੇ ਦਾ 54/8127 ਹਿੱਸਾ ਹੈ, ਜੋ ਕਿ ਖੇਵਟ ਨੰਬਰ-149, ਖਤੌਨੀ ਨੰਬਰ-184, ਖਸਰਾ ਨੰਬਰ-2093/2/45-3, ਅਘਵਰ ਕਸ਼ਮੀਰੀ, ਕੱਚਾ ਢਿਲਵਾਂ ਰੋਡ, ਕੋਟਕਪੂਰਾ ਵਿਖੇ ਸਥਿਤ ਜਾਇਦਾਦ ਦਾ ਸਾਰੇ ਭਾਗ ਅਤੇ ਹਿੱਸੇ। ਹੱਦਬੰਦੀ ਹੇਠ ਲਿਖੇ ਅਨੁਸਾਰ ਹੈ:- ਪੂਰਬੀ- ਗਲੀ, ਪੱਛਮੀ- ਗੁਰਬਚਨ ਸਿੰਘ, ਉੱਤਰੀ- ਚਰਨਜੀਤ ਸਿੰਘ, ਦੱਖਣੀ- ਇਕਬਾਲ ਸਿੰਘ। | 21-08-2025<br>Rs. 8,55,964/-<br>(ਰੁਪਏ ਅੱਠ ਲੱਖ ਪਚਵੰਜਾ ਹਜ਼ਾਰ ਨੌਂ ਸੌ ਚੌਂਹਠ ਕੇਵਲ) 12.08.2025 ਦੇ ਅਨੁਸਾਰ<br>ਐਨਪੀਏ ਦੀ ਮਿਤੀ : 05.08.2025 |
| 2 | LAN : 609939211614820<br>1. ਗੁਰਦੇਵ ਸਿੰਘ<br>2. ਰੀਤੂ ਕੌਰ<br>ਪਤਾ: ਸ: ਮੇਜਰ ਸਿੰਘ, #9418, ਭੁੱਲਰ ਕਲੋਨੀ, ਗਲੀ ਨੰ-8, ਮੁਕਤਸਰ, ਪੰਜਾਬ-152026।<br>ਇੱਥੇ ਵੀ: ਪੁੱਤਰੀ ਬਲਦੇਵ ਸਿੰਘ, ਗੋਨਿਆਣਾ, ਸ੍ਰੀ ਮੁਕਤਸਰ ਸਾਹਿਬ, ਪੰਜਾਬ-152026। | ਵਿਕਰੀ ਡੀਡ ਵਸੀਕਾ ਨੰ-2023-24/53/1/5862 ਮਿਤੀ 13-3-2024 ਗੁਰਦੇਵ ਸਿੰਘ ਪੁੱਤਰ ਮੇਜਰ ਸਿੰਘ ਦੇ ਨਾਮ ਤੇ ਦਰਜ ਦੋ ਮੰਜ਼ਿਲਾ ਮਕਾਨ ਦਾ ਆਕਾਰ 5 ਮਰਲੇ 5 ਸਰਸਾਈ ਹੈ ਜੋ ਕਿ ਕੁੱਲ ਜ਼ਮੀਨ ਦਾ 50/11538 ਹਿੱਸਾ ਹੈ 64 ਕਨਾਲ 2 ਮਰਲੇ, ਖੇਵਟ ਨੰਬਰ-1486, ਖਤੌਨੀ ਨੰਬਰ-2060, ਮੁਸਤੀ ਨੰਬਰ-184, ਕਿਲਾ ਨੰਬਰ-25(4-15), ਮੁਸਤਿਲ ਨੰਬਰ-185, ਕਿਲਾ ਨੰਬਰ-21(7-11), ਮੁਸਤਿਲ ਨੰਬਰ-190, ਕਿਲਾ ਨੰਬਰ-1(8-0), 10(8-0), 11(7-18), ਮੁਸਤਿਲ ਨੰਬਰ-191, ਕਿਲਾ ਨੰਬਰ-5(8-0), 6(8-0), 15(8-0), 16(3-18), ਜਮ੍ਹਾਂਬੰਦੀ ਸਾਲ 2020-21 ਲਈ, ਮਕਾਨ ਨੰ-54, ਭੁੱਲਰ ਕਲੋਨੀ ਵਿਖੇ ਗਲੀ ਨੰ-8 ਅਤੇ 9 ਦੇ ਵਿਚਕਾਰ, ਗੁਰਦੁਆਰਾ ਸਾਹਿਬ ਦੇ ਨੇੜੇ, ਤਹਿਸੀਲ ਅਤੇ ਜ਼ਿਲ੍ਹਾ-ਸ੍ਰੀ ਮੁਕਤਸਰ ਸਾਹਿਬ ਵਿਖੇ ਸਥਿਤ ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ। ਇਸ ਤਰ੍ਹਾਂ ਹੱਦਬੰਦੀ:- ਪੂਰਬੀ-ਗਲੀ, ਵਿਜੇ ਕੁਮਾਰ ਪ੍ਰੇਮੀ ਦਾ ਪੱਛਮੀ-ਰਿਹਾਇਸ਼ੀ ਮਕਾਨ, ਉੱਤਰੀ-ਚਰਨਜੀਤ, ਕਮਲੇਸ਼ ਰਾਣੀ ਦਾ ਦੱਖਣੀ-ਰਿਹਾਇਸ਼ੀ ਮਕਾਨ। | 21-08-2025<br>Rs. 15,87,822.74<br>(ਰੁਪਏ ਪੰਦਰਾਂ ਲੱਖ ਸਤਾਸੀ ਹਜ਼ਾਰ ਅੱਠ ਸੌ ਬਾਈ ਅਤੇ ਚੁਹੱਤਰ ਪੈਸੇ ਕੇਵਲ) 12.08.2025 ਦੇ ਅਨੁਸਾਰ<br>ਐਨਪੀਏ ਦੀ ਮਿਤੀ : 05.08.2025 |
| 3 | LAN : 610239511280142<br>1. ਗੁਰਜੰਟ ਸਿੰਘ<br>2. ਰਾਜਵਿੰਦਰ ਕੌਰ<br>ਪਤਾ: ਪੁੱਤਰ ਗੁਰਨਾਮ ਸਿੰਘ, ਪਿੰਡ ਅਸਮਾਨਪੁਰ, ਪਟਿਆਲਾ, ਪੰਜਾਬ-147101 | ਜਾਇਦਾਦ ਦਾ ਸਾਰਾ ਟੁਕੜਾ ਅਤੇ ਪਾਰਸਲ 0 ਕਨਾਲ 18-1/5 ਮਰਲੇ, ਜਿਸ ਵਿੱਚ ਖੇਵਟ ਨੰਬਰ-166/161, ਖਤੌਨੀ ਨੰਬਰ-204 ਤੋਂ 221, ਖਸਰਾ ਨੰਬਰ-32//12(7-2), 140(1-9), 236(0-2), 237(0-2), 30//16/1(1-8), 31//9(1-17), 31//10(9-4), 31//11 ਮਿਨ (6- 19), 31//12(5-1), 32//2(1-0), 30//16/1 ਮਿੰਟ (2-19), 31//21(6- 18), 31//22(6-18), 31//23(3-19), ਸ਼ਾਮਲ ਹਨ। 32//9(7-4), 32//2ਮਿਨ(7-0), 32//19ਮਿਨ(4-0), 30//25/2(3-19), 31//11(2-1), 31//20(6-9), 32//18(3-9), 32///23/13/13(23/18 ਮਿਨ), 32//14 ਮਿਨ(2-10), 32//18 ਮਿਨ(2-11), 32//19 ਮਿਨ (3-12), 32//22/1(4-0), 32//17(6-2), 32//18 ਮਿਨ(2-0), 32//24/1(3-11), 32//25/1(0-8), 31//12 ਮਿਨ(1- 5), 31//19/2 ਮਿਨ (6-5), 31//20 ਮਿਨ (0-11), 32//13 ਮਿਨ (2-3), 32//14 ਮਿਨ (0-2), 32//3 (6-0), 32//8/1 (2-5), 31//18 (2-5), 31//19/1 (0-15), 31//19/2 (1-0), 32//8/2/1 (2-3), 32//8/2/2 (3-10), 67//24 (4-16), 70//4/1 (0-11), 67//4 (8-0), 67//7 (8-0), 67//15/1 (5- 18), 66/1/2 (5-19), 67//5 (8-0), 67//6(8-0), 66//1/1(2-1), 66//10(8-0), 66//11(8-16), 67//15/2(3-2), ਕਿੱਤੇ-55, ਤਦਾਦੀ 222 ਕਨਾਲ 10 ਮਰਲੇ ਦਾ 18-1/5 ਹਿੱਸਾ ਭਾਵ 551 ਵਰਗ ਗਜ਼, ਸਾਲ 2018-19 ਲਈ ਜਮ੍ਹਾਂਬੰਦੀ, ਅਸਮਾਨਪੁਰ, ਤਹਿਸੀਲ-ਸਮਾਣਾ, ਜ਼ਿਲ੍ਹਾ-ਪਟਿਆਲਾ ਵਿਖੇ ਸਥਿਤ ਟ੍ਰਾਂਸਫਰ ਡੀਡ ਬੇਅਰਿੰਗ ਵਸੀਕਾ ਨੰਬਰ- 2022-23/78/1/2090 ਮਿਤੀ 24-11-2022 ਨੂੰ ਰਾਜਵਿੰਦਰ ਕੌਰ ਪਤਨੀ ਗੁਰਜੰਟ ਸਿੰਘ ਦੇ ਨਾਮ ਤੇ ਦਰਜ ਹੈ। ਹੇਠ ਲਿਖੇ ਅਨੁਸਾਰ:- ਗੁਰਦਿਆਲ ਦਾ ਪੂਰਬੀ ਘਰ, ਸਾਈਡ-32'-9" ਗਲੀ+37-3"+18-2", ਪੱਛਮ-ਮੋਹਰ ਸਿੰਘ ਅਤੇ ਜਗਤਾਰ ਸਿੰਘ ਦਾ ਮਕਾਨ-ਸਾਈਡ 93', ਉੱਤਰ-ਸਤਿੰਦਰਪਾਲ ਸਿੰਘ ਦਾ ਮਕਾਨ ਸਾਈਡ-78'-6", ਦੱਖਣੀ-ਸਟਰੀਟ ਵਾਲਾ ਪਾਸਾ- 43'-6"+28'-1"+8'-7" ਅਤੇ ਗੁਰਦਿਆਲ ਦਾ ਮਕਾਨ। | 21-08-2025<br>Rs. 14,59,913.52<br>(ਰੁਪਏ ਚੌਦਾਂ ਲੱਖ ਉਣਾਹਠ ਹਜ਼ਾਰ ਨੌਂ ਸੌ ਤੇਰਾਂ ਅਤੇ ਬਵੰਜਾ ਪੈਸੇ ਕੇਵਲ) 12.08.2025 ਦੇ ਅਨੁਸਾਰ<br>ਐਨਪੀਏ ਦੀ ਮਿਤੀ : 05.08.2025 |
| 4 | LAN : 609939511766970<br>1. ਗੁਰਪ੍ਰੀਤ ਸਿੰਘ<br>2. ਗੁਰਜੀਤ ਕੌਰ<br>ਪਤਾ: ਪੁੱਤਰ ਬੇਅੰਤ ਸਿੰਘ, #424, ਰਣਜੀਤ ਐਵੀਨਿਊ, ਗਲੀ ਨੰ-3, ਅਬੋਹਰ ਰੋਡ, ਬਾਈਪਾਸ, ਮੁਕਤਸਰ-152026 | ਵਿਕਰੀ ਡੀਡ ਵਸੀਕਾ ਨੰਬਰ-2023-24/53/1/5662 ਮਿਤੀ 5-3-2024 ਅਨੁਸਾਰ ਗੁਰਪ੍ਰੀਤ ਸਿੰਘ ਪੁੱਤਰ ਬੇਅੰਤ ਸਿੰਘ ਦੇ ਨਾਮ 'ਤੇ ਦਰਜਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ 4 ਮਰਲੇ 1 ਸਰਸਾਈ ਜੋ ਕਿ ਕੁੱਲ 16 ਕਨਾਲ 16 ਮਰਲੇ ਜ਼ਮੀਨ ਦਾ 37/3024 ਹਿੱਸਾ ਹੈ, ਖੇਵਟ ਨੰਬਰ-887, ਖਤੌਨੀ ਨੰਬਰ-1360, ਮੁਸਤਿਲ ਨੰਬਰ-362, ਕਿਲਾ ਨੰਬਰ-9(8-0), 11/2/2(0-16), 12(8-0), ਸਾਲ 2020-21 ਲਈ ਜਮ੍ਹਾਂਬੰਦੀ, ਮਕਾਨ ਨੰ-54, ਸ੍ਰੀ ਮੁਕਤਸਰ ਸਾਹਿਬ-ਲੀ, ਤਹਿਸੀਲ ਅਤੇ ਜ਼ਿਲ੍ਹਾ-ਸ੍ਰੀ ਮੁਕਤਸਰ ਸਾਹਿਬ ਵਿਖੇ ਸਥਿਤ। ਇਸ ਤਰ੍ਹਾਂ ਸੀਮਤ: - ਪੂਰਬ-ਖਾਲੀ ਪਲਾਟ, ਪੱਛਮੀ-ਕੋਨਾ ਪਲਾਟ, ਉੱਤਰੀ-ਮਾਲਕ ਖੁਦ, ਦੱਖਣੀ-ਗਲੀ। | 21-08-2025<br>Rs. 10,15,915.19<br>(ਰੁਪਏ ਦਸ ਲੱਖ ਪੰਦਰਾਂ ਹਜ਼ਾਰ ਨੌਂ ਸੌ ਪੰਦਰਾਂ ਅਤੇ ਉਨੀ ਪੈਸੇ ਕੇਵਲ) 12.08.2025 ਦੇ ਅਨੁਸਾਰ<br>ਐਨਪੀਏ ਦੀ ਮਿਤੀ : 05.08.2025 |
| 5 | LAN : 610239211816362<br>1. ਜਤਿੰਦਰ ਕੁਮਾਰ<br>2. ਰਜਿੰਦਰ ਕੁਮਾਰ<br>ਪਤਾ: ਪੁੱਤਰ ਰਜਿੰਦਰ ਕੁਮਾਰ, ਬੀ-38/80, ਮੁਹੱਲਾ ਟਾਪ ਖਾਨਾ ਰੋਡ, ਪਟਿਆਲਾ, ਪੰਜਾਬ-147001 ਪਤਾ :ਪੁੱਤਰ ਸੀਤਾ ਰਾਮ, ਬੀ-38/80, ਜਾਜੀਆਂ ਮੁਹੱਲਾ, ਪਟਿਆਲਾ, ਪੰਜਾਬ-147001 | ਵਿਕਰੀ ਡੀਡ ਵਸੀਕਾ ਨੰਬਰ-2024-25/11/1/10407 ਮਿਤੀ 30-8-2024 ਜਤਿੰਦਰ ਕੁਮਾਰ ਪੁੱਤਰ ਰਾਜਿੰਦਰ ਕੁਮਾਰ ਦੇ ਨਾਮ 'ਤੇ ਦਰਜ ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ ਜਿਸ ਵਿੱਚ ਮਕਾਨ ਨੰਬਰ-338 ਮਿਨ (ਨਵਾਂ ਨੰਬਰ-ਬੀ-38/226, ਮਾਪ 40 ਵਰਗ ਗਜ਼, ਅਗਰਵਾਲ ਸਟਰੀਟ 'ਤੇ ਸਥਿਤ, ਟੈਂਕ ਦੇ ਨੇੜੇ, ਤਹਿਸੀਲ ਅਤੇ ਜ਼ਿਲ੍ਹਾ-ਪਟਿਆਲਾ ਹੈ। ਇਸ ਤਰ੍ਹਾਂ ਹੱਦਬੰਦੀ:-ਪੂਰਬੀ-ਗਲੀ, ਪੱਛਮੀ-ਮਕਾਨ ਹੰਸਰਾਜ ਅਤੇ ਚੰਦੂ, ਉੱਤਰੀ-ਮਕਾਨ ਰਾਜੂ ਅਤੇ ਗੁਲਸ਼ਨ, ਦੱਖਣੀ-ਗਲੀ। | 21-08-2025<br>Rs. 12,83,061.65<br>(ਰੁਪਏ ਬਾਰਾਂ ਲੱਖ ਤਰਾਸੀ ਹਜ਼ਾਰ ਇਕਾਹਠ ਸੌ ਪੈਂਹਠ ਪੈਸੇ ਕੇਵਲ) 12.08.2025 ਦੇ ਅਨੁਸਾਰ<br>ਐਨਪੀਏ ਦੀ ਮਿਤੀ : 05.08.2025 |
| 6 | LAN : 610239511681466<br>1. ਕਾਬਲ ਸਿੰਘ<br>2. ਹਰਪ੍ਰੀਤ ਕੌਰ<br>ਪਤਾ: ਪੁੱਤਰ ਕਪੂਰ ਸਿੰਘ, ਪਿੰਡ ਅਸਮਾਨਪੁਰ, ਪਟਿਆਲਾ, ਪੰਜਾਬ-147101 | ਟ੍ਰਾਂਸਫਰ ਡੀਡ ਵਸੀਕਾ ਨੰ-2023-24/78/1/3441 ਮਿਤੀ 28-3-2024 ਅਨੁਸਾਰ ਕਾਬਲ ਸਿੰਘ ਪੁੱਤਰ ਕਪੂਰ ਸਿੰਘ ਦੇ ਨਾਮ 'ਤੇ ਦਰਜ ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇਜਿਸ ਵਿੱਚ 0 ਕਨਾਲ 6-2/3 ਮਰਲੇ ਭਾਵ 200 ਵਰਗ ਗਜ਼, ਖੇਵਟ ਨੰਬਰ-12/11, ਖਤੌਨੀ ਨੰਬਰ-16, ਖਸਰਾ ਨੰਬਰ-5//13/2 ਮਿਨ (0-19), ਕਿੱਤੇ-1, ਤਦਾਦੀ 0 ਕਨਾਲ ਸ਼ਾਮਲ ਹਨ। 19 ਮਰਲੇ ਦਾ 6-2/3/19 ਹਿਸਾ, ਸਾਲ 2018-19 ਲਈ ਜਮ੍ਹਾਂਬੰਦੀ, ਪਿੰਡ-ਅਸਮਾਨਪੁਰ, ਤਹਿਸੀਲ-ਸਮਾਣਾ, ਜ਼ਿਲ੍ਹਾ-ਪਟਿਆਲਾ ਵਿਖੇ ਸਥਿਤ ਹੈ। ਇਸ ਤਰ੍ਹਾਂ ਹੱਦਬੰਦੀ:- ਪੂਰਬੀ-ਘਰ ਕੁਲਵਿੰਦਰ ਸਿੰਘ, ਪੱਛਮੀ-ਪ੍ਰਾਪਰਟੀ ਕਾਬਲ ਸਿੰਘ, ਉੱਤਰੀ-ਗਲੀ, ਦੱਖਣੀ-ਗਲੀ। | 21-08-2025<br>Rs. 12,31,170.67<br>(ਰੁਪਏ ਬਾਰਾਂ ਲੱਖ ਇਕੱਤੀ ਹਜ਼ਾਰ ਇਕ ਸੌ ਸੱਤਰ ਅਤੇ ਸਤਾਹਠ ਪੈਸੇ ਕੇਵਲ) 12.08.2025 ਦੇ ਅਨੁਸਾਰ<br>ਐਨਪੀਏ ਦੀ ਮਿਤੀ : 05.08.2025 |
| 7 | LAN : 610139211507268<br>1. ਕਮਲਪ੍ਰੀਤ ਸ਼ਰਮਾ<br>2. ਪਰਮਜੀਤ ਕੌਰ<br>ਪਤਾ: ਸੋ ਰਜਿੰਦਰਪਾਲ, ਮਕਾਨ ਨੰ-102/496, ਅੰਬੇਡਕਰ ਕਲੋਨੀ, ਖੰਨਾ, ਜ਼ਿਲ੍ਹਾ-ਲੁਧਿਆਣਾ-141401। | ਵਿਕਰੀ ਡੀਡ ਵਸੀਕਾ ਨੰ-2023-24/107/1/3851 ਮਿਤੀ 9-1-2024 ਕਮਲਪ੍ਰੀਤ ਸ਼ਰਮਾ ਪੁੱਤਰ ਰਾਜਿੰਦਰਪਾਲ ਦੇ ਨਾਮ 'ਤੇ ਦਰਜਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ 0 ਕਨਾਲ 8 ਮਰਲੇ, ਜਿਸ ਵਿੱਚ ਖੇਵਟ ਨੰ-55/57, ਖਤੌਨੀ ਨੰ-59, ਮੁਸਤਿਲ ਅਤੇ ਕਿਲਾ ਨੰ-8//9(7-13), ਕਿਤਾ-1, ਤਦਾਦੀ 7 ਕਨਾਲ 13 ਮਰਲੇ ਵਿਚੋਂ ਭਵਨ ਸ਼ਰਮਾ ਦਾ 4/153 ਹਿਸਾ ਬਕਦਰ 0 ਕਨਾਲ 4 ਮਰਲੇ ਅਤੇ ਰਜਨੀਸ਼ ਸ਼ਾਮਲ ਹਨ। ਸ਼ਰਮਾ ਦਾ 4/153 ਹਿਸਾ ਬਕਦਰ 0 ਕਨਾਲ 4 ਮਰਲਾ, ਕੁੱਲ ਰਕਬਾ 0 ਕਨਾਲ 8 ਮਰਲਾ, ਸਾਲ 2016-17 ਲਈ ਜਮ੍ਹਾਂਬੰਦੀ, ਮਕਾਨ ਨੰ-223, ਖੰਨਾ ਕਲਾਂ ਵਿਖੇ ਸਥਿਤ, ਆਬਾਦੀ ਗਲੀ ਨੰ-2, ਕੇਹਰ ਸਿੰਘ ਕਲੋਨੀ, ਤਹਿਸੀਲ ਅਤੇ ਜ਼ਿਲ੍ਹਾ-ਖੰਨਾ ਵਿਖੇ ਸਥਿਤ ਹੈ। ਹੇਠ ਲਿਖੇ ਅਨੁਸਾਰ ਹੱਦਬੰਦੀ:- ਪੂਰਬੀ-ਗਲੀ, ਪੱਛਮੀ-ਮਕਾਨ ਬਲਵਿੰਦਰ ਸਿੰਘ, ਉੱਤਰੀ-ਮਕਾਨ ਅਸ਼ੋਕ ਕੁਮਾਰ, ਦੱਖਣੀ-ਪਲਾਟ ਹੋਰ ਮਾਲਕ। | 21-08-2025<br>Rs. 33,27,976.30<br>(ਰੁਪਏ ਤੇਤੀ ਲੱਖ ਸਤਾਈ ਹਜ਼ਾਰ ਨੌਂ ਸੌ ਛਿਹੱਤਰ ਅਤੇ ਤੀਹ ਪੈਸੇ ਕੇਵਲ) 12.08.2025 ਦੇ ਅਨੁਸਾਰ<br>ਐਨਪੀਏ ਦੀ ਮਿਤੀ : 05.08.2025 |
| 8 | LAN : 617539211683413<br>1. ਕੋਹਿਨੂਰ ਗੁਰਿੰਦਰਜੀਤ ਸਿੰਘ<br>2. ਕਰਮਜੀਤ ਕੌਰ<br>ਪਤਾ: ਪੁੱਤਰ ਗੁਰਿੰਦਰਜੀਤ ਸਿੰਘ, ਤਰਖਾਣਾ ਵਾਲਾ ਮੁਹੱਲਾ, ਵਾਰਡ ਨੰ-13, ਸੁਨਾਮ, ਸੰਗਰੂਰ, ਪੰਜਾਬ-148028। | ਵਿਕਰੀ ਡੀਡ ਵਸੀਕਾ ਨੰਬਰ-2024-25/124/1/354 ਮਿਤੀ 13-5-2024 ਅਨੁਸਾਰ ਕਰਮਜੀਤ ਕੌਰ ਪਤਨੀ ਗੁਰਿੰਦਰਜੀਤ ਸਿੰਘ ਦੇ ਨਾਮ 'ਤੇ ਦਰਜ 285 ਵਰਗ ਗਜ਼ ਦੀ ਰਿਹਾਇਸ਼ੀ ਜਾਇਦਾਦ ਦਾ ਸਾਰਾ ਟੁਕੜਾ ਅਤੇ ਪਾਰਸਲ, ਜਿਸ ਵਿੱਚ ਖਾਤਾ ਨੰਬਰ-69/98, ਖਸਰਾ ਨੰਬਰ-124//2 ਮਿਨ/5-12, ਕਿੱਤੇ-1, ਟਾਡਾੜੀ 5 ਕਨਾਲ 12 ਮਰਲੇ ਦਾ 19/224 ਹਿੱਸਾ, ਸਾਲ 2018-19 ਲਈ ਜਮ੍ਹਾਂਬੰਦੀ, ਮਕਾਨ ਨੰ.-40, ਪਿਛਲੇ ਪਾਸੇ ਨਵਾਂ ਬੱਸ ਸਟੈਂਡ, ਪ੍ਰੀਤ ਕਲੋਨੀ, ਗਲੀ ਨੰ.-2, ਭਵਾਨੀਗੜ੍ਹ ਵਿਖੇ ਸਥਿਤ ਹੈ, ਹੈ। ਹੇਠ ਲਿਖੇ ਅਨੁਸਾਰ ਹੱਦਬੰਦੀ:- ਪੂਰਬ-ਖਾਲੀ ਪਲਾਟ, ਪੱਛਮੀ-ਮਕਾਨ ਗੌਰਵ ਗਰਗ, ਉੱਤਰੀ-ਗਲੀ, ਦੱਖਣੀ-ਮਕਾਨ ਬਲਦੇਵ ਸਿੰਘ। | 21-08-2025<br>Rs. 44,63,205.13<br>(ਰੁਪਏ ਚੁਤਾਲੀ ਲੱਖ ਤਰੇਂਹਠ ਹਜ਼ਾਰ ਦੋ ਸੌ ਪੰਜ ਅਤੇ ਤੇਰਾਂ ਪੈਸੇ ਕੇਵਲ) 12.08.2025 ਦੇ ਅਨੁਸਾਰ<br>ਐਨਪੀਏ ਦੀ ਮਿਤੀ : 05.08.2025 |
| 9 | LAN : 617539511672558<br>1. ਪੂਜਾ ਕੌਰ<br>2. ਭੂਰਾ ਸਿੰਘ<br>3. ਜਗਸੀਰ ਸਿੰਘ ਪਤਾ: ਪਤਨੀ ਜਗਸੀਰ ਸਿੰਘ, ਮਕਾਨ ਨੰ-1353, ਵਾਰਡ ਨੰ-24, ਠੀਕਰੀਵਾਲਾ ਰੋਡ, ਬਰਨਾਲਾ, ਪੰਜਾਬ-148101 | ਵਿਕਰੀ ਡੀਡ ਵਸੀਕਾ ਨੰਬਰ-6172 ਮਿਤੀ 13-12-2004 ਅਨੁਸਾਰ ਭੂਰਾ ਸਿੰਘ ਪੁੱਤਰ ਧੰਨਾ ਸਿੰਘ ਦੇ ਨਾਮ 'ਤੇ ਦਰਜ ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ 0 ਕਨਾਲ 5 ਮਰਲੇ, ਜਿਸ ਵਿੱਚ ਖੇਵਟ ਨੰਬਰ-55, ਖਤੌਨੀ ਨੰਬਰ-149, ਖਸਰਾ ਨੰਬਰ-80//1/7-7, 2/7-7, 3/3-17, ਕੁੱਲ ਕਿੱਤੇ-3 ਸ਼ਾਮਲ ਹੈ, ਜੋ ਕਿ 18 ਕਨਾਲ 11 ਮਰਲੇ ਦਾ 5/371 ਹਿੱਸਾ ਹੈ, ਬਰਨਾਲਾ-ਏ, ਤਹਿਸੀਲ ਅਤੇ ਜ਼ਿਲ੍ਹਾ-ਬਰਨਾਲਾ ਵਿਖੇ ਸਥਿਤ ਹੈ।ਹੱਦਬੰਦੀ ਹੇਠ ਲਿਖੇ ਅਨੁਸਾਰ ਹੈ:- ਗੁਰਦਰਸ਼ਨ ਸਿੰਘ ਦੀ ਪੂਰਬੀ-ਜਾਇਦਾਦ, ਪੱਛਮੀ-ਹੋਰ ਜਾਇਦਾਦ, ਉੱਤਰੀ-ਕਰਮ ਸਿੰਘ, ਦੱਖਣੀ-ਗਲੀ। | 21-08-2025<br>Rs. 20,10,803.72<br>(ਰੁਪਏ ਵੀਹ ਲੱਖ ਦਸ ਹਜ਼ਾਰ ਅੱਠ ਸੌ ਤਿੰਨ ਅਤੇ ਬਹੱਤਰ ਪੈਸੇ ਕੇਵਲ) 12.08.2025 ਦੇ ਅਨੁਸਾਰ<br>ਐਨਪੀਏ ਦੀ ਮਿਤੀ : 05.08.2025 |
| 10 | LAN : 615339511648146<br>1. ਸਾਜਨ ਮੋਂਗਾ<br>2. ਕਮਲੇਸ਼ ਰਾਣੀ<br>3. ਰਮੇਸ਼ ਕੁਮਾਰ<br>ਪਤਾ: ਪੁੱਤਰ ਰਮੇਸ਼ ਨੰਬਰ-7 ਕੁਮਾਰ, ਵਾਰਡ ਮੱਲਾਂਵਾਲਾ, ਫਿਰੋਜ਼ਪੁਰ, ਪੰਜਾਬ-152021<br>ਇਥੇ ਵੀ : ਪੁੱਤਰ ਸੋਹਣ ਲਾਲ, ਜੈਮਲਵਾਲਾ, ਫਿਰੋਜ਼ਪੁਰ, ਮੱਲਾਂਵਾਲਾ, ਪੰਜਾਬ-152021 | ਕਮਲੇਸ਼ ਰਾਣੀ ਸੁਪਤਨੀ ਰਮੇਸ਼ ਕੁਮਾਰ ਦੇ ਨਾਮ 'ਤੇ ਦਰਜ ਤਬਾਦਲਾ ਡੀਡ ਵਸੀਕਾ ਨੰ-2022-23/2010/1/67 ਮਿਤੀ 12-1-2023 ਦੇ ਅਨੁਸਾਰ ਅਬਾਦੀ ਵਾਰਡ ਨੰ. 7, ਮੱਲਾਂਵਾਲਾ ਸ਼ਾਮਲੀ, ਤਹਿਸੀਲ-ਜ਼ੀਰਾ, ਜ਼ਿਲ੍ਹਾ-ਫਿਰੋਜ਼ਪੁਰ ਵਿਖੇ 0 ਕਨਾਲ 9 ਮਰਲੇ ਮਾਪ ਵਾਲੀ ਸੰਪੱਤੀ ਦੇ ਸਾਰੇ ਭਾਗ ਅਤੇ ਹਿੱਸੇ। ਹੱਦਬੰਦੀ ਨਿਮਨ ਅਨੁਸਾਰ:- ਪੂਰਬ-ਰਸਤਾ ਅਤੇ ਪਰਸ਼ੋਤਮ ਲਾਲ, ਪੱਛਮ-ਸਤਪਾਲ, ਉੱਤਰ-ਕੇਵਲ ਕ੍ਰਿਸ਼ਨ, ਦੱਖਣ-ਲਖਵਿੰਦਰ ਸਿੰਘ, ਜਵਾਹਰ ਲਾਲ ਅਤੇ ਮੰਗਤ ਰਾਮ। | 21-08-2025<br>Rs. 21,04,380.74<br>(ਰੁਪਏ ਇਕੀ ਲੱਖ ਚਾਰ ਹਜ਼ਾਰ ਤਿੰਨ ਸੌ ਅੱਸੀ ਅਤੇ ਚੁਹੱਤਰ ਪੈਸੇ ਕੇਵਲ) 12.08.2025 ਦੇ ਅਨੁਸਾਰ<br>ਐਨਪੀਏ ਦੀ ਮਿਤੀ : 05.08.2025 |
| 11 | LAN : 615339511825615<br>1. ਸੋਨੂੰ ਰਾਮ<br>2. ਗਗਨਦੀਪ ਕੌਰ<br>3. ਸੁਖਦੇਵ ਸਿੰਘ<br>ਪਤਾ: ਪੁੱਤਰ ਸੁਖਦੇਵ ਸਿੰਘ, ਨੇੜੇ ਗੁਰੂਦੁਆਰਾ, ਪਿੰਡ-ਚਾਹਲ, ਫਰੀਦਕੋਟ, ਪੰਜਾਬ-151203 | ਟ੍ਰਾਂਸਫਰ ਡੀਡ ਵਸੀਕਾ ਨੰਬਰ-2024-25/42/1/1827 ਮਿਤੀ 8-8-2024 ਅਨੁਸਾਰ ਸੋਨੂੰ ਰਾਮ ਪੁੱਤਰ ਸੁਖਦੇਵ ਸਿੰਘ ਦੇ ਨਾਮ 'ਤੇ ਦਰਜ ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ 1 ਕਨਾਲ 10 ਮਰਲੇ ਜੋ ਕਿ ਕੁੱਲ 8 ਕਨਾਲ 17 ਮਰਲੇ ਜ਼ਮੀਨ ਦਾ 30/177 ਹਿੱਸਾ ਹੈ, ਖਸਰਾ ਨੰਬਰ-1382 ਮਿਨ/4-8, 1382 ਮਿਨ/0-11, 1382 ਮਿਨ/3-18, ਖੇਵਟ ਨੰਬਰ-875/1206 ਤੋਂ 1208, ਸਾਲ 2022-23 ਲਈ ਜਮ੍ਹਾਂਬੰਦੀ ਵਿੱਚ ਸ਼ਾਮਲ ਹੈ, ਪਿੰਡ-ਚਾਹਲ, ਤਹਿਸੀਲ ਅਤੇ ਜ਼ਿਲ੍ਹਾ-ਫਰੀਦਕੋਟ ਵਿਖੇ ਸਥਿਤ ਹੈ। ਸੀਮਾ ਹੇਠ ਲਿਖੇ ਅਨੁਸਾਰ ਹੈ:- ਪੂਰਬ-ਬਲਦੇਵ ਸਿੰਘ ਆਦਿ, ਪੱਛਮ-ਗੁਰਦੀਪ ਸਿੰਘ, ਉੱਤਰੀ-ਸਟਰੀਟ ਅਤੇ ਮੀਨਾ ਦੇਵੀ, ਦੱਖਣੀ-ਧਰਮ ਸਿੰਘ। | 21-08-2025<br>Rs. 13,13,843.99<br>(ਰੁਪਏ ਤੇਰਾਂ ਲੱਖ ਤੇਰਾਂ ਹਜ਼ਾਰ ਅੱਠ ਸੌ ਤਰਤਾਲੀ ਅਤੇ ਨਨਿੰਨਵੇਂ ਪੈਸੇ ਕੇਵਲ) 12.08.2025 ਦੇ ਅਨੁਸਾਰ<br>ਐਨਪੀਏ ਦੀ ਮਿਤੀ : 05.08.2025 |
| 12 | LAN : 610139211484296 & 610139511233561<br>1. ਖੇਮ ਚੰਦ ਮਿੱਢਾ<br>2. ਆਸ਼ਾ ਰਾਣੀ<br>3. ਧੀਰਜ ਕੁਮਾਰ ਮਿੱਢਾ।<br>ਪਤਾ: ਪੁੱਤਰ ਚੰਦ ਮਿੱਢਾ, ਮਕਾਨ ਨੰ-447, ਕਾਲੀ ਸੜਕ, ਨਿਊ ਆਨੰਦਪੁਰੀ ਕਲੋਨੀ, ਰਾਣਾ ਸਵੀਟ ਸ਼ਾਪ ਨੇੜੇ, ਲੁਧਿਆਣਾ, ਪੰਜਾਬ-141008 | **ਜਾਇਦਾਦ ਨੰ.1:** ਵਿਕਰੀ ਡੀਡ ਵਸੀਕਾ ਨੰ.-2023-24/106/1/17900 ਮਿਤੀ 25-10-2023 ਅਨੁਸਾਰ ਖੇਮ ਚੰਦ ਮਿੱਢਾ ਅਤੇ ਧੀਰਜ ਕੁਮਾਰ ਮਿੱਢਾ ਦੋਵਾਂ ਨੇਮ ਚੰਦ ਮਿੱਢਾ ਦੇ ਪੁੱਤਰਾਂ ਦੇ ਨਾਮ 'ਤੇ ਦਰਜ ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ ਮਕਾਨ ਕਮ ਪਲਾਟ ਨੰ.-126, ਜਾਇਦਾਦ ਨੰ.-ਬੀ-32-ਈ-12/129 (ਯੂਆਈਡੀ ਨੰ.-ਬੀ032-00126-001), 218 ਵਰਗ ਗਜ਼, ਖਸਰਾ ਨੰ.-1//25, 4//5, 4//6/1, ਖੇਵਟ/ਖਤੌਨੀ ਨੰ.-625/658, 626/659, ਸਾਲ 2016-17 ਲਈ ਜਮ੍ਹਾਂਬੰਦੀ, ਮਕਾਨ ਨੰ.-87, ਸਲੇਮ ਟਾਬਰੀ, ਅਬਾਦੀ ਸਲੇਮ ਟਾਬਰੀ, ਲੁਧਿਆਣਾ ਵਿਖੇ ਸਥਿਤ, ਹਨ। ਸੀਮਾ ਹੇਠ ਲਿਖੇ ਅਨੁਸਾਰ:- ਪੂਰਬੀ-ਪਲਾਟ ਨੰ-126, ਪੱਛਮੀ-ਪਲਾਟ ਨੰ-124, ਉੱਤਰ-ਗੁਆਂਢੀ, ਦੱਖਣੀ-ਗਲੀ<br>**ਜਾਇਦਾਦ ਨੰ.2:** ਵਿਕਰੀ ਡੀਡ ਅਨੁਸਾਰ ਵਸੀਕਾ ਨੰ-2022-23/106/1/3 ਮਿਤੀ 1-4-2022 ਨੂੰ ਨੇਮ ਚੰਦ ਮਿੱਢਾ ਦੇ ਪੁੱਤਰਾਂ ਖੇਮ ਚੰਦ ਮਿੱਢਾ ਅਤੇ ਧੀਰਜ ਕੁਮਾਰ ਮਿੱਢਾ ਦੇ ਨਾਮ 'ਤੇ ਦਰਜ ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ ਜਿਸ ਵਿੱਚ ਪਲਾਟ ਨੰ-447, ਮਾਪ ਵਾਲਾ 100 ਵਰਗ ਗਜ਼, ਖਸਰਾ ਨੰ-1258/5, ਖਾਤਾ ਨੰ-395/410, ਸਾਲ 2011-12 ਲਈ ਜਮ੍ਹਾਂਬੰਦੀ, ਮਕਾਨ ਨੰ-78, ਪਿੰਡ-ਤਰਫ਼ ਸੇਖੇਵਾਲ, ਆਬਾਦੀ ਆਨੰਦਪੁਰੀ ਕਲੋਨੀ, ਤਹਿਸੀਲ ਅਤੇ ਜ਼ਿਲ੍ਹਾ-ਲੁਧਿਆਣਾ ਸਥਿਤ ਹੈ, ਹੈ। ਹੱਦਬੰਦੀ ਹੇਠ ਲਿਖੇ ਅਨੁਸਾਰ:- ਪੂਰਬੀ-ਗੁਆਂਢੀ, ਪੱਛਮੀ-ਗੁਆਂਢੀ, ਉੱਤਰ-ਗਲੀ, ਦੱਖਣੀ-ਗੁਆਂਢੀ। | 21-08-2025<br>Rs. 66,07,240.91<br>(ਰੁਪਏ ਛਿਆਹਠ ਲੱਖ ਸੱਤ ਹਜ਼ਾਰ ਦੋ ਸੌ ਚਾਲੀ ਅਤੇ ਇਕਾਨਵੇਂ ਪੈਸੇ ਕੇਵਲ) 12.08.2025 ਦੇ ਅਨੁਸਾਰ<br>ਐਨਪੀਏ ਦੀ ਮਿਤੀ : 05.08.2025 |
| 13 | LAN : 615339511888762 & 615339511962952<br>1. ਰੁਪਿੰਦਰ ਕੌਰ<br>2. ਜਤਿੰਦਰ ਸਿੰਘ<br>ਪਤਾ: ਮਾਰਫਤ ਪੁੱਤਰ ਜਤਿੰਦਰ ਸਿੰਘ, ਬੀ-2/275, ਜਤਿੰਦਰ ਮਾਰਗ, ਫਰੀਦਕੋਟ, ਪੰਜਾਬ-151203 | ਵਿਕਰੀ ਡੀਡ ਅਨੁਸਾਰ ਵਸੀਕਾ ਨੰਬਰ-2021-22/42/1/1336 ਮਿਤੀ 29-7-2021 ਰੁਪਿੰਦਰ ਕੌਰ ਪਤਨੀ ਜਤਿੰਦਰ ਸਿੰਘ ਦੇ ਨਾਮ 'ਤੇ ਦਰਜ ਜਾਇਦਾਦ ਨੰਬਰ 1: ਰਿਹਾਇਸ਼ੀ ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ ਜਿਸ ਵਿੱਚ ਮਿਊਂਸੀਪਲ ਜਾਇਦਾਦ ਨੰਬਰ-ਬੀ-2/277, 55 ਵਰਗ ਗਜ਼ ਮਾਪਿਆ ਜਾਂਦਾ ਹੈ, ਜਤਿੰਦਰ ਚੌਂਕ, ਫਰੀਦਕੋਟ ਵਿਖੇ ਸਥਿਤ। ਹੇਠ ਲਿਖੇ ਅਨੁਸਾਰ ਹੱਦਬੰਦੀ:- ਪੂਰਬ-ਹਰਬੰਸ ਸਿੰਘ, ਪੱਛਮੀ-ਹੰਸਰਾਜ, ਉੱਤਰੀ-ਧਰਮਸ਼ਾਲਾ, ਦੱਖਣੀ-ਰੋਡ।<br>ਜਾਇਦਾਦ ਨੰ.2: ਪ੍ਰਾਪਰਟੀ ਸ਼ਾਪ ਮੀਸਰਿੰਗ 11.47 ਵਰਗ ਗਜ਼, ਨਗਰ ਨਿਗਮ ਨੰ.ਬੀ-7-160, ਮੁਹੱਲਾ ਦੋਦਾ ਵਾਲੀ ਗਲੀ ਵਿਚ, ਫਰੀਦਕੋਟ ਵਿਖੇ ਸਥਿਤ, ਵਿਕਰੀ ਡੀਡ ਵਸੀਕਾ ਨੰ.-2024-25/42/1/2437 ਮਿਤੀ 27-9-2024 ਅਨੁਸਾਰ, ਰੁਪਿੰਦਰ ਕੌਰ ਪਤਨੀ ਜਤਿੰਦਰ ਸਿੰਘ ਦੇ ਨਾਮ 'ਤੇ ਦਰਜ ਹੈ। ਹੇਠ ਲਿਖੇ ਅਨੁਸਾਰ ਸੀਮਾ:- ਪੂਰਬ-ਵਿਕਾਸ ਕੁਮਾਰ, ਪੱਛਮੀ-ਸਟਰੀਟ, ਉੱਤਰੀ-ਕਾਮਨ ਸਟਰੀਟ, ਦੱਖਣੀ-ਗਲੀ। | 21-08-2025<br>Rs. 54,44,065.18<br>(ਰੁਪਏ ਚੁਰੰਜਾ ਲੱਖ ਚੁਤਾਲੀ ਹਜ਼ਾਰ ਪੈਂਹਠ ਅਤੇ ਅਠਾਰਾਂ ਪੈਸੇ ਕੇਵਲ) 12.08.2025 ਦੇ ਅਨੁਸਾਰ<br>ਐਨਪੀਏ ਦੀ ਮਿਤੀ : 05.08.2025 |
| 14 | LAN : 610239511509907<br>1. ਪ੍ਰਕਾਸ਼ ਚੰਦ (ਕਰਜ਼ਦਾਰ) (ਮ੍ਰਿਤਕ ਕਰਜ਼ਦਾਰ ਦੇ ਕਾਨੂੰਨੀ ਵਾਰਸ ਰਾਹੀਂ) ਸਵਰਨਜੀਤ ਕੌਰ (ਸਹਿ-ਕਰਜ਼ਦਾਰ ਅਤੇ ਕਾਨੂੰਨੀ ਵਾਰਸ)<br>2. ਟਵਿੰਕਲ ਵਰਮਾ<br>ਪਤਾ: ਪਤਨੀ ਪ੍ਰਕਾਸ਼ ਚੰਦ, ਮਕਾਨ ਨੰ: 502 ਐਲਆਈਜੀ ਫਲੈਟ, ਐਸ.ਐਸ.ਟੀ. ਨਗਰ, ਪਟਿਆਲਾ ਪੰਜਾਬ 147001 | ਪ੍ਰਾਪਰਟੀ ਬੇਅਰਿੰਗ ਦੁਕਾਨ ਨੰ.-3 ਦੇ ਸਾਰੇ ਭਾਗ ਅਤੇ ਹਿੱਸੇ, 30 ਵਰਗ ਗਜ਼ ਮਾਪ ਹੋਏ, ਭਾਵ। 0-0-9.7/20 ਸਰਸਾਹੀ, ਖੇਵਟ ਨੰਬਰ-507/505, ਖਤੌਨੀ ਨੰਬਰ-685, ਖਸਰਾ ਨੰਬਰ-14//6/1(0-13), 14//6/1/2(0-3-6.00), ਸਾਲ 2018-19 ਲਈ ਜਮ੍ਹਾਂਬੰਦੀ ਵਿੱਚ ਸ਼ਾਮਲ, ਮੇਨ ਬਾਜ਼ਾਰ, ਗਲੀ ਨੰਬਰ-2, ਜੁਝਾਰ ਨਗਰ, ਤਫ਼ਜ਼ਲਪੁਰਾ, ਤਹਿਸੀਲ ਅਤੇ ਜ਼ਿਲ੍ਹਾ-ਪਟਿਆਲਾ ਵਿਖੇ ਸਥਿਤ ਵਿਕਰੀ ਡੀਡ ਵਸੀਕਾ ਨੰਬਰ-2023-24/11/1/5192 ਮਿਤੀ 26-6-2023 ਪ੍ਰਕਾਸ਼ ਚੰਦ ਪੁੱਤਰ ਸਵਰਗੀ ਚਾਨਣ ਰਾਮ ਦੇ ਨਾਮ ਤੇ ਦਰਜ ਹੈ। ਹੇਠ ਲਿਖੇ ਅਨੁਸਾਰ ਹੱਦਬੰਦੀ :-ਪੂਰਬੀ-ਨਿਰਮਾਣ ਦੁਕਾਨ ਸਾਂਝੀ ਕੰਧ, ਪੱਛਮੀ-ਨਿਰਮਾਣ ਦੁਕਾਨ ਸਾਂਝੀ ਕੰਧ, ਉੱਤਰੀ-ਮੁੱਖ ਸੜਕ, ਦੱਖਣ-ਨਿਰਮਾਣ ਮਕਾਨ। | 25-07-2025<br>Rs. 26,35,392.36<br>(ਰੁਪਏ ਛੱਬੀ ਲੱਖ ਪੈਂਤੀ ਹਜ਼ਾਰ ਤਿੰਨ ਸੌ ਬਾਹਨਵੇਂ ਅਤੇ ਛੱਤੀ ਪੈਸੇ ਕੇਵਲ) 12.08.2025 ਦੇ ਅਨੁਸਾਰ<br>ਐਨਪੀਏ ਦੀ ਮਿਤੀ : 05.08.2025 |

ਕਰਜ਼ਦਾਰ (ਾਂ) ਨੂੰ ਇਸ ਦੁਆਰਾ ਸਲਾਹ ਦਿੱਤੀ ਜਾਂਦੀ ਹੈ ਕਿ ਮੰਗ ਸੂਚਨਾ (ਵਾਂ) ਦਾ ਪਾਲਣ ਕਰਨ ਅਤੇ ਭੁਗਤਾਨ ਦੀ ਪੂਰਤੀ ਦੀ ਮਿਤੀ ਤੱਕ ਲਾਗੂ ਵਿਆਜ, ਵਾਧੂ ਵਿਆਜ, ਬਾਊਂਸ ਖਰਚੇ, ਲਾਗਤਾਂ ਅਤੇ ਫੀਸਾਂ ਸਮੇਤ ਇਸ ਪ੍ਰਕਾਸ਼ਨ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਇਥੇ ਦਰਸਾਈ ਅਤੇ ਉਕਤ ਮੰਗ ਰਕਮ ਨੂੰ ਅਦਾ ਕਰ ਦੇਣ। ਕਰਜ਼ਦਾਰ (ਾਂ) ਨੋਟ ਕਰਨ ਕਿ **ਐਸਐਮਐਚਐਫਸੀ** ਇੱਕ ਸੁਰੱਖਿਅਤ ਕਰਜ਼ਦਾਤਾ ਹੈ ਅਤੇ ਕਰਜ਼ਦਾਰ (ਾਂ) ਵੱਲੋਂ ਪ੍ਰਾਪਤ ਕੀਤੀ ਗਈ ਕਰਜ਼ ਸੁਵਿਧਾ ਕਰਜ਼ਦਾਰ (ਾਂ) ਵੱਲੋਂ ਗਿਰਵੀ ਸੁਰੱਖਿਅਤ ਸੰਪੱਤੀ (ਆਂ) ਵਜੋਂ ਅਚੱਲ ਸੰਪੱਤੀ/ਸੰਪੱਤੀਆਂ ਦੇ ਅਧੀਨ ਇਕ ਸੁਰੱਖਿਅਤ ਕਰਜ਼ਾ ਹੈ। ਕਰਜ਼ਦਾਰ (ਾਂ) ਵੱਲੋਂ ਨਿਰਧਾਰਤ ਸਮੇਂ ਦੇ ਅੰਦਰ ਮੁਕੰਮਲ ਰੂਪ ਵਿਚ ਆਪਣੀਆਂ ਦੇਣਦਾਰੀਆਂ ਨਿਪਟਾਉਣ ਤੋਂ ਅਸਫਲ ਰਹਿਣ ਦੀ ਸੂਰਤ ਵਿਚ **ਐਸਐਮਐਚਐਫਸੀ** ਕੋਲ ਕਾਨੂੰਨ ਦੇ ਅਧੀਨ ਉਪਲਬਧ ਸੰਪੱਤੀ ਦੀ ਵਿਕਰੀ ਜਾਂ ਕਾਨੂੰਨ ਅਤੇ ਇਸਦੇ ਅਧੀਨ ਨਿਯਮਾਂ ਦੇ ਤਹਿਤ ਉਪਲਬਧ ਕਿਸੇ ਵੀ ਹੋਰ ਉਪਚਾਰ ਦੇ ਮਾਧਿਅਮ ਦੁਆਰਾ ਜੋ ਕਿ ਤਬਾਦਲੇ ਤੱਕ ਸੀਮਿਤ ਨਹੀਂ, ਸਮੇਤ ਸੁਰੱਖਿਅਤ ਸੰਪੱਤੀ (ਆਂ) ਦਾ ਕਬਜ਼ਾ ਲੈਣ ਲਈ ਕਾਨੂੰਨ ਦੀ ਧਾਰਾ 13 (4) ਅਧੀਨ ਸਾਰੇ ਅਧਿਕਾਰਾਂ ਦੀ ਵਰਤੋਂ ਅਤੇ ਭੁਗਤਾਨ ਦੀ ਪੂਰਤੀ ਦਾ ਅਧਿਕਾਰ ਹੋਵੇਗਾ। **ਐਸਐਮਐਚਐਫਸੀ** ਕੋਲ ਵਿਕਰੀ ਜਾਂ ਤਬਾਦਲੇ ਦੇ ਅਧਿਕਾਰ ਨੂੰ ਵਰਤੋਂ ਵਿਚ ਲਿਆਉਣ ਤੋਂ ਪਹਿਲਾਂ ਸੁਰੱਖਿਅਤ ਸੰਪੱਤੀ (ਆਂ) ਨੂੰ **ਜੋੜਨ ਅਤੇ/ਜਾਂ ਤਾਲਾਬੰਦ** ਕਰਨ ਦਾ ਵੀ ਅਧਿਕਾਰ ਹਾਸਲ ਹੈ। ਸੁਰੱਖਿਅਤ ਸੰਪੱਤੀ (ਆਂ) ਦੀ ਵਿਕਰੀ ਦੇ ਉਪਰੰਤ, **ਐਸਐਮਐਚਐਫਸੀ** ਕੋਲ ਬਕਾਇਆ ਰਕਮ ਦੀ ਵਸੂਲੀ ਲਈ ਵੱਖਰੀ ਕਾਨੂੰਨੀ ਪ੍ਰਕਿਰਿਆ ਸ਼ੁਰੂ ਕਰਨ ਦਾ ਵੀ ਅਧਿਕਾਰ ਮੌਜੂਦ ਹੈ, ਜੇਕਰ **ਐਸਐਮਐਚਐਫਸੀ** ਵੱਲ ਅਦਾਇਗੀਯੋਗ ਬਕਾਇਆਂ ਨੂੰ ਪੂਰਾ ਕਰਨ ਲਈ ਗਿਰਵੀ ਸੰਪੱਤੀਆਂ ਦੀ ਲਾਗਤ ਨਾਕਾਫੀ ਹੋਵੇ। ਇਹ ਉਪਚਾਰ ਕਿਸੇ ਵੀ ਹੋਰ ਕਾਨੂੰਨ ਦੇ ਅਧੀਨ **ਐਸਐਮਐਚਐਫਸੀ** ਨੂੰ ਉਪਲਬਧ ਸਾਰੇ ਹੋਰ ਉਪਲਬਧ ਉਪਚਾਰਾਂ ਤੋਂ ਵੱਖਰਾ ਅਤੇ ਸੁਤੰਤਰ ਹੈ।

ਕਰਜ਼ਦਾਰ (ਾਂ) ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸਬੰਧ ਵਿਚ ਕਾਨੂੰਨ ਦੀ ਧਾਰਾ 13 (8) ਅਤੇ ਅੱਗੇ ਕਾਨੂੰਨ ਦੀ ਧਾਰਾ 13 (13) ਵੱਲ ਵੀ ਦੁਆਇਆ ਜਾਂਦਾ ਹੈ, ਜਿਥੇ ਕਿ ਕਰਜ਼ਦਾਰ (ਾਂ) 'ਤੇ **ਐਸਐਮਐਚਐਫਸੀ** ਦੀ ਅਗਾਊਂ ਲਿਖਤੀ ਪ੍ਰਵਾਨਗੀ ਪ੍ਰਾਪਤ ਕੀਤੇ ਬਿਨਾਂ ਸੁਰੱਖਿਅਤ ਸੰਪੱਤੀ (ਆਂ) ਵਿਚੋਂ ਕਿਸੇ ਦੀ ਵੀ ਵਿਕਰੀ, ਲੀਜ਼ ਜਾਂ ਕਿਸੇ ਹੋਰ ਮਾਧਿਅਮ (ਵਪਾਰ ਦੇ ਸਧਾਰਨ ਢੰਗ ਨਾਲੋਂ ਹੋਰ) ਦੁਆਰਾ ਤਬਾਦਲੇ ਜਾਂ ਸੁਰੱਖਿਅਤ ਸੰਪੱਤੀ (ਆਂ) ਦੇ ਨਿਪਟਾਰੇ ਜਾਂ ਸੌਦੇਬਾਜ਼ੀ ਤੋਂ ਮਨਾਹੀ/ਰੋਕ ਲਗਾਈ ਜਾਂਦੀ ਹੈ ਅਤੇ ਉਕਤ ਦਾ ਗੈਰ-ਅਨੁਪਾਲਣ ਦਰਸਾਏ ਕਾਨੂੰਨ ਦੀ ਧਾਰਾ 29 ਦੇ ਅਧੀਨ ਇੱਕ ਸਜ਼ਾਯੋਗ ਅਪਰਾਧ ਹੈ। ਮੰਗ ਸੂਚਨਾ ਦਾ ਉਤਾਰਾ ਨਿਮਨ ਹਸਤਾਖ਼ਰੀ ਕੋਲ ਉਪਲਬਧ ਹੈ ਅਤੇ ਕਰਜ਼ਦਾਰ (ਾਂ) ਜੇਕਰ ਚਾਹੁੰਣ ਤਾਂ ਇਸ ਨੂੰ ਆਮ ਦਫ਼ਤਰੀ ਘੰਟਿਆਂ ਦੌਰਾਨ ਕਿਸੇ ਵੀ ਕੰਮ ਵਾਲੇ ਦਿਨ ਨੂੰ ਨਿਮਨ ਹਸਤਾਖ਼ਰੀ ਤੋਂ ਇਕੱਤਰ ਕਰ ਸਕਦੇ ਹਨ।

**ਸਥਾਨ** : ਸ੍ਰੀ ਮੁਕਤਸਰ ਸਾਹਿਬ, ਪਟਿਆਲਾ, ਭਵਾਨੀਗੜ੍ਹ, ਬਰਨਾਲਾ, ਫਿਰੋਜ਼ਪੁਰ, ਫਰੀਦਕੋਟ, ਲੁਧਿਆਣਾ, ਪੰਜਾਬ
**ਮਿਤੀ** : 21.08.2025/25.07.2025

ਸਹੀ/- ਅਧਿਕਾਰਤ ਅਧਿਕਾਰੀ,
**ਐਸਐਮਐਫਜੀ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮਟਿਡ**



# ਧਰਮ ਤੇ ਵਿਰਸਾ



## ਸ਼੍ਰੋਮਣੀ ਢਾਡੀ ਜਸਵੰਤ ਸਿੰਘ ਤਾਨ ਨੂੰ ਯਾਦ ਕਰਦਿਆਂ



ਕਾਲਾ ਸਿੰਘ ਸੈਣੀ
99882-80386



**ਢਾਡੀ** ਕਲਾ ਲੋਕ ਸੰਗੀਤ ਦਾ ਇੱਕ ਅਹਿਮ ਅੰਗ ਹੀ ਨਹੀ ਸਗੋਂ ਪੰਜਾਬ ਦਾ ਕੀਮਤੀ ਵਿਰਸਾ ਹੈ। ਇਸ ਹੀ ਕਲਾ ਦਾ ਅਨਮੋਲ ਹੀਰਾ ਸੀ ਸ਼੍ਰੋਮਣੀ ਢਾਡੀ ਗਿਆਨੀ ਜਸਵੰਤ ਸਿੰਘ ਤਾਨ। ਨਿੱਗਰ ਤੇ ਮਿਆਰੀ ਸੋਚ ਦਾ ਧਾਰਨੀ ਸੀ ਉੱਥੇ ਹੀ ਤਿਆਗ ਦੀ ਰੂਹ, ਦੁੱਖਿਆਂ ਦਾ ਦਰਦੀ ਤੇ ਢਾਡੀ,ਪੰਥਕ ਸਟੇਜਾਂ ਦਾ ਸ਼ਿੰਗਾਰ ਅਤੇ ਢਾਡੀ ਪ੍ਰੰਪਰਾ ਦਾ ਮੋਢੀ ਵੀ ਸੀ। ਢਾਡੀ ਜਸਵੰਤ ਸਿੰਘ ਤਾਨ ਦਾ ਜਨਮ 22 ਦਸੰਬਰ 1933 ਨੂੰ ਜ਼ਿਲ੍ਹਾ ਸ੍ਰੀ ਫਤਿਹਗੜ੍ਹ ਸਾਹਿਬ ਦੇ ਪਿੰਡ ਖੇੜੀ ਬੀਰ ਸਿੰਘ ਵਿਖੇ ਸਵ.ਪਿਤਾ ਲਛਮਣ ਸਿੰਘ ਅਤੇ ਮਾਤਾ ਸਵ.ਗੁਰਦਿਆਲ ਕੌਰ ਦੀ ਕੁੱਖੋ ਹੋਇਆ। ਜਸਵੰਤ ਸਿੰਘ ਤਾਨ ਦੇ ਨਾਂਅ ਪਿੱਛੇ 'ਤਾਨ' ਸ਼ਬਦ ਕਿਵੇਂ ਪਿਆ ਇਹ ਵੀ ਸੋਚਕ ਕਹਾਣੀ ਹੈ। ਇੱਕ ਦਿਨ ਜਦੋਂ ਬਾਲ ਸਭਾ 'ਚ ਗਾਅ ਰਹੇ ਸੀ ਤਾਂ ਸਕੂਲ ਅਧਿਆਪਕਾ ਨੇ ਖੁਸ਼ ਹੋ ਕੇ ਆਖਿਆ,'ਤੂੰ ਤਾਂ ਤਾਨਸੇਨ ਵਾਂਗੂ ਗਾ ਲੈਂਦਾ',ਬਸ ਉਸ ਦਿਨ ਤੋਂ ਹੀ ਆਪ ਜੀ ਆਪਣੇ ਨਾਂਅ ਪਿੱਛੇ 'ਤਾਨ' ਸ਼ਬਦ ਲਿਖਣ ਲੱਗ ਪਏ। ਸੰਗੀਤ ਦੀ ਸਿੱਖਿਆ ਉਨ੍ਹਾਂ ਨੂੰ ਵਿਰਾਸਤ 'ਚ ਸਵ.ਦਾਦਾ ਲਛਮਣ ਸਿੰਘ ਤੇ ਸਵ. ਚਾਚਾ ਜੋਗਿੰਦਰ ਸਿੰਘ ਕੋਲੋ ਮਿਲੀ। ਕੀਰਤਨ ਕਰਦਿਆਂ ਢਾਡੀ ਬਣਨ ਦਾ ਨਿਰਣਾ ਲਿਆ। ਸੰਨ 1965 ਵਿੱਚ ਗਿਆਨੀ ਢਾਡੀ ਜਸਵੰਤ ਸਿੰਘ ਤਾਨ ਨੇ ਪਹਿਲਾ ਢਾਡੀ ਜਥਾ ਬਣਾਇਆ। ਇਸ ਜਥੇ ਵਿੱਚ ਸਾਥੀ ਢਾਡੀ ਨਸੀਬ ਸਿੰਘ ਸੈਫਲਪੁਰ (ਰੋਪੜ),ਢਾਡੀ ਸਰਵਣ ਸਿੰਘ ਮਸਕੀਨ (ਬਡਹੇੜੀ), ਤੇ ਸਾਰੰਗੀਵਾਦਕ ਮਾਸਟਰ ਗੁਲਜਾਰ ਸਿੰਘ ਬੁੱਢਣਪੁਰੀ (ਮਨੀ ਮਾਜਰਾ ) ਨਾਲ ਪਹਿਲਾ ਸਟੇਜ਼ ਇਤਿਹਾਸਕ ਗੁਰਦੁਆਰਾ ਸ੍ਰੀ ਭੱਠਾ ਸਾਹਿਬ ਪਾਤਸ਼ਾਹੀ ਦਸਮੀ ਰੋਪੜ ਵਿਖੇ ਹਾਜ਼ਰੀ ਲਗਾਈ। ਉਨ੍ਹਾਂ ਨਾਲ ਸਮੇਂ-ਸਮੇਂ ਸਿਰ ਨਾਮਵਰ ਢਾਡੀਆਂ ਨੇ ਸੰਗਤ ਕੀਤੀ ਪਰ ਸਾਰੰਗੀਵਾਦਕ ਮਾਸਟਰ ਗੁਲਜਾਰ ਸਿੰਘ ਬੁੱਢਣਪੁਰੀ (ਮਨੀ ਮਾਜਰਾ) ਵਾਲਿਆਂ ਵਲੋਂ 28 ਸਾਲ ਜਸਵੰਤ ਸਿੰਘ ਤਾਨ ਦੇ ਢਾਡੀ ਜਥੇ ਨਾਲ ਸੇਵਾ ਨਿਭਾਉਣ ਦਾ ਸੁਭਾਗਾਂ ਮੌਕਾ ਮਿਲਿਆ। ਢਾਡੀ ਕਲਾ ਨੂੰ ਹਮੇਸ਼ਾਂ ਚੜ੍ਹਦੀਕਲਾ ਵਿੱਚ ਦੇਖਣ ਲਈ ਉਨ੍ਹਾਂ ਵਲੋਂ ਕੀਤੀ ਮਿਹਨਤ ਦੇ ਕਦਮ ਗਵਾਹ ਹਨ ਕਿ ਸ਼੍ਰੋਮਣੀ ਢਾਡੀ ਗਿਆਨੀ ਜਸਵੰਤ ਸਿੰਘ ਤਾਨ ਦੇ ਢਾਡੀ ਜਥੇ ਦੀ ਕੋਈ ਰਿਕਾਰਡਿੰਗ ਮਾਰਕਿਟ ਵਿੱਚ ਨਹੀ ਮਿਲਦੀ। ਜਸਵੰਤ ਸਿੰਘ ਤਾਨ ਦੇ ਸਿਆਸੀ ਖੇਤਰ ਦੀ ਗੱਲ ਕਰੀਏ ਤਾਂ ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਦੀ ਮੁੱਢਲੀ ਮੈਂਬਰਸ਼ਿਪ ਪ੍ਰਾਪਤ ਕੀਤੀ, ਸ਼੍ਰੋਮਣੀ ਅਕਾਲੀ ਦਲ ਦੇ ਅਣਥੱਕ ਵਰਕਰ ਬਣਕੇ ਨਿਸ਼ਕਾਮ ਵਰਕਰ ਵਜੋਂ ਮੋਹਰੀ ਸਫਾਂ ਵਿੱਚ ਰਹਿ ਕੇ ਪੰਥ ਦੀ ਸੇਵਾ ਕਰਦਿਆਂ ਜੇਲ ਯਾਤਰਾ ਵੀ ਕੀਤੀ,ਆਪ ਜੀ ਨੂੰ ਪਿੰਡ ਦੇ ਸਰਪੰਚ ਵਜੋਂ ਵੀ ਸੇਵਾ ਨਿਭਾਈ,ਸੰਨ 1973 ਵਿੱਚ ਕੋਆਪਰੇਟਿਵ ਪ੍ਰੋਸੈਸਿੰਗ ਸੁਸਾਇਟੀ ਦੇ ਡਾਇਰੈਕਟਰ ਵੀ ਰਹੇ, ਸੰਨ 1994 ਵਿੱਚ ਜ਼ਿਲ੍ਹਾ ਪ੍ਰੀਸਦ ਦਾ ਮੈਂਬਰ ਬਣਨ ਦਾ ਮਾਣ ਪ੍ਰਾਪਤ ਹੋਇਆ,1996 ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਮੈਂਬਰ ਚੁਣੇ ਗਏ, ਖਾਲਸਾ ਪੰਥ ਦੇ 300 ਸਾਲਾ ਸਾਜਨਾ ਸਮਾਗਮਾਂ ਸਬੰਧੀ ਜ਼ਿਲ੍ਹਾ ਸ੍ਰੀ ਫਤਹਿਗੜ੍ਹ ਸਾਹਿਬ ਦੀ ਕਮੇਟੀ ਦੇ ਚੈਅਰਮੇਨ ਨਿਯੁਕਤ ਕੀਤਾ ਗਿਆ,ਤੋਂ ਇਲਾਵਾ ਬਾਬਾ ਸੰਗਤ ਸਿੰਘ ਖਾਲਸਾ ਦਲ ਦੇ ਪ੍ਰਧਾਨ ਰਹੇ,ਗਿਆਨੀ ਦਿੱਤ ਸਿੰਘ ਯਾਦਗਾਰ ਕਮੇਟੀ (ਰਜਿ.)ਨੰਦਪੁਰ ਕਲੌੜ ਦੇ ਲੰਮਾਂ ਸਮਾਂ ਜਰਨਲ ਸਕੱਤਰ,ਵਿਸ਼ਵ ਪ੍ਰਚਾਰ ਸੰਸਥਾ ਸ੍ਰੀ ਅਕਾਲ ਤਖਤ ਸਾਹਿਬ ਦੀ ਇੱਕੀ ਮੈਂਬਰੀ ਦੇ ਮੈਂਬਰ,ਸਿੱਖ ਐਜੁਕੇਸ਼ਨ ਸੁਸਾਇਟੀ ਚੰਡੀਗੜ੍ਹ ਦੇ ਮੈਂਬਰ ਰਹੇ, ਵਿਸ਼ਵ ਕੇਂਦਰੀ ਸਿੰਘ ਸਭਾ ਦੇ ਸਕੱਤਰ,ਸ੍ਰੀ ਗੁਰੂ ਢਾਡੀ ਸਭਾ ਰਜਿ ਦੇ 1975 ਤੋਂ 1992 ਤੱਕ ਜਰਨਲ ਸਕੱਤਰ ਤੇ 1996 ਵਿੱਚ ਸਰਬਸੰਮਤੀ ਨਾਲ ਢਾਡੀ ਸਭਾ ਦੇ ਪ੍ਰਧਾਨ ਵਜੋਂ ਸੇਵਾਵਾਂ ਨਿਭਾਉਦੇ ਰਹੇ। ਢਾਡੀ ਗਿਆਨੀ ਜਸਵੰਤ ਸਿੰਘ ਤਾਨ ਨੂੰ ਸੰਨ 1995 ਵਿੱਚ ਪੰਜਾਬ ਸਰਕਾਰ ਵਲੋਂ ਸ਼੍ਰੋਮਣੀ ਢਾਡੀ ਪੁਰਸਕਾਰ ਨਾਲ ਨਿਵਾਜਿਆ ਗਿਆ। ਇਸ ਤੋ ਇਲਾਵਾ ਸੰਨ 2002 ਵਿੱਚ ਭਾਰਤੀ ਦਲਿਤ ਸਾਹਿਤ ਅਕੈਡਮੀ ਵਲੋਂ ਨਵੀ ਦਿੱਲੀ ਤਾਲ ਕਟੋਰਾ ਸਟੇਡੀਅਮ ਵਿਖੇ ਐਵਾਰਡ,ਸੰਨ 1996 ਵਿੱਚ ਮਹਿਲਪੁਰ ਵਿਖੇ ਅਮਰ ਸਿੰਘ ਸ਼ੌਕੀ ਅਵਾਰਡ ਆਦਿ ਨਾਲ ਉਨ੍ਹਾਂ ਨੂੰ ਸਨਮਾਨਿਤ ਕੀਤਾ। 2 ਸਤੰਬਰ 2016 ਨੂੰ ਸ਼ਬਦਾਂ ਦਾ ਭੰਡਾਰ ਸ਼੍ਰੋਮਣੀ ਢਾਡੀ ਜਸਵੰਤ ਸਿੰਘ ਤਾਨ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਆਖ ਗਏ। ਉਨ੍ਹਾਂ ਦੇ ਤੁਰ ਜਾਣ ਤੋ ਬਾਅਦ ਵਿਰਾਸਤ ਨੂੰ ਸੰਭਾਲਦੇ ਹੋਏ ਸ਼੍ਰੋਮਣੀ ਢਾਡੀ ਜਸਵੰਤ ਸਿੰਘ ਤਾਨ ਦੇ ਬੇਟੇ ਢਾਡੀ ਗਿਆਨੀ ਜਸਪਾਲ ਸਿੰਘ ਤਾਨ ਦਾ ਨਾਮ ਪੰਥ ਦੇ ਪ੍ਰਸਿੱਧ ਢਾਡੀ ਜਥਿਆਂ 'ਚ ਆਉਦਾ ਹੈ। ਉਨ੍ਹਾਂ ਦੀਆਂ ਕਈ ਕੈਸੇਟਾਂ ਮਾਰਕਿਟ ਵਿੱਚ ਆ ਚੁੱਕਿਆ ਹਨ। ਜਸਵੰਤ ਸਿੰਘ ਤਾਨ ਦੇ ਪੋਤਰਾ ਗਿਆਨੀ ਸ਼ਮਨਦੀਪ ਸਿੰਘ ਤਾਨ ਅੱਜ ਕੱਲ ਸ਼੍ਰੋਮਣੀ ਕਮੇਟੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਹਜ਼ੂਰੀ ਰਾਗੀ ਵਜੋਂ ਸੇਵਾ ਨਿਭਾ ਰਹੇ ਹਨ।

14 ਸਤੰਬਰ ਨੂੰ ਉਨ੍ਹਾਂ ਦੀ ਨੌਵੀ ਬਰਸੀ ਉਨ੍ਹਾਂ ਦੇ ਜੱਦੀ ਪਿੰਡ ਖੇੜੀ ਬੀਰ ਸਿੰਘ ਵਿਖੇ ਮਨਾਈ ਗਈ। ਜਿੱਥੇ ਪੰਥ ਦੇ ਪ੍ਰਸਿੱਧ ਕਥਾਵਾਚਕ, ਕੀਰਤਨੀ, ਤੇ ਪ੍ਰਚਾਰਕਾਂ ਨੇ ਹਾਜ਼ਰੀ ਪਾਈ।

### ਵਿਸ਼ੇਸ਼

"ਆਮ ਤੌਰ ਤੇ ਦੇਖਿਆ ਜਾਂਦਾ ਹੈ ਕਿ ਕਿਸੇ ਖੇਤਰ 'ਚ ਵੱਡਮੁੱਲਾ ਯੋਗਦਾਨ ਪਾਉਣ ਵਾਲਿਆਂ ਸ਼ਖ਼ਸੀਅਤਾਂ ਦੀ ਜੀਵਨੀ ਉਸ ਦੇ ਸਵਰਗਵਾਸ ਹੋਣ ਤੋਂ ਬਾਅਦ ਰਿਲੀਜ਼ ਕੀਤੀ ਜਾਂਦੀ ਹੈ। ਪਰ ਸ਼੍ਰੋਮਣੀ ਢਾਡੀ ਗਿਆਨੀ ਜਸਵੰਤ ਸਿੰਘ ਤਾਨ ਦੇ ਇਹ ਸਨਮਾਨ ਜਿਉਦੇ ਜੀਅ ਹਿੱਸੇ ਆਇਆ ਹੈ। ਭਾਸ਼ਾ ਵਿਭਾਗ ਪੰਜਾਬ ਵਲੋਂ ਜਸਵੰਤ ਸਿੰਘ ਤਾਨ ਦੀ ਜੀਵਨੀ ਜਿਸ ਨੂੰ ਲੇਖਕ ਗੁਰਦਿਆਲ ਸਿੰਘ ਬੁਹੀ ਵਲੋ ਲਿਖਿਆ ਗਿਆ ਨੂੰ ਛਾਪ ਕੇ ਗੁਰੂ ਗ੍ਰੰਥ ਸਾਹਿਬ ਯੂਨੀਵਰਸਿਟੀ ਸ੍ਰੀ ਫਤਿਹਗੜ੍ਹ ਸਾਹਿਬ ਵਿਖੇਂ 2013 ਵਿੱਚ ਰਿਲੀਜ਼ ਕੀਤਾ। ਇਹ ਉਨ੍ਹਾਂ ਦੇ ਜੀਵਨ ਸਫ਼ਰ ਦੀ ਸਭ ਤੋਂ ਵੱਡੀ ਪ੍ਰਾਪਤੀ ਰਹੀ ਹੈ "

## ਭਲੇ ਅਮਰਦਾਸ ਗੁਣ ਤੇਰੇ, ਤੇਰੀ ਉਪਮਾ ਤੋਹਿ ਬਨਿ ਆਵੈ।।



ਧਰਮਿੰਦਰ ਸਿੰਘ (ਚੱਬਾ)

**ਧੰਨ** ਗੁਰੂ ਅਮਰਦਾਸ ਜੀ ਗੁਣਾਂ ਦੇ ਖਜ਼ਾਨੇ ਹਨ। ਪੂਰਨ ਗੁਰੂ ਜਾਂ ਸਤਿਗੁਰੂ ਦਾ ਦੂਜਾ ਵੱਡਾ ਗੁਣ ਅਥਵਾ ਲੱਛਣ ਇਹ ਹੁੰਦਾ ਹੈ ਕਿ ਉਹ ਆਪ ਅੰਦਰੋਂ ਬਾਹਰੋਂ ਸੱਚਾ ਤੇ ਸੁੱਚੇ ਆਚਰਨ ਵਾਲਾ ਹੋਵੇ ਅਤੇ ਇਹ ਸੱਚ ਉਹ ਆਪਣੇ ਸਿੱਖ ਭਗਤਾਂ ਨੂੰ ਦ੍ਰਿੜ ਕਰਾਵੇ, ਤਾਂ ਜੋ ਉਸ ਗੁਰੂ ਦੇ ਦਰਸ਼ਨਾਂ ਨਾਲ ਤਨ ਤੇ ਮਨ ਸੀਤਲ ਹੋ ਜਾਵੇ।ਗੁਰੂ ਅਮਰਦਾਸ ਜੀ ਦੀ ਵਡਿਆਈ ਵਿੱਚ ਭਾਈ ਗੁਰਦਾਸ ਜੀ ਲਿੱਖਦੇ ਹਨ ਕਿ:

**ਦੇਵੀ ਦੇਵ ਦੁੜਾਇਅਨੁ ਜਿਉ**
**ਮਿਰਗਾਵਲਿ ਦੇਖਿ ਬਘੇਲਾ।**
**ਹੁਕਮਿ ਰਜਾਈ ਚਲਣਾ ਪਿਛੇ ਲਗੇ ਨਕਿ ਨਕੇਲਾ।**
**ਗੁਰਮੁਖਿ ਸਚਾ ਅਮਰ ਸੁਹੇਲਾ।**

ਭਾਵ ਕਿ ਗੁਰੂ ਅਮਰਦਾਸ ਜੀ ਸੱਚੇ ਗੁਰੂ ਸਦਾ ਅਨੰਦ ਗੁਰਮੁਖ ਰੂਪ ਵਿੱਚ ਪ੍ਰਕਾਸ਼ ਰਹੇ ਹਨ।ਧੰਨ ਗੁਰੂ ਅਮਰਦਾਸ ਜੀ ਦੀ ਵਡਿਆਈ ਵਿੱਚ ਇੱਕ ਸ਼ਬਦ ਵਿੱਚ 'ਭੱਟ ਭਲ' ਜੀ ਵੀ ਇਹ ਕਹਿ ਕੇ ਸਤਿਕਾਰ ਦੇਂਦੇ ਹਨ ਕਿ:

**'ਭਲੇ ਅਮਰਦਾਸ ਗੁਣ ਤੇਰੇ, ਤੇਰੀ ਉਪਮਾ ਤੋਹਿ ਬਨਿ ਆਵੈ' ਅੰਗ- 1396**

ਇਸ ਸ਼ਬਦ ਦਾ ਭਾਵ ਹੈ ਕਿ ਗੁਰੂ ਅਮਰਦਾਸ ਜੀ ਦੇ ਗੁਣ ਕੋਈ ਗਿਣ ਨਹੀਂ ਸਕਦਾ, ਕਿਉਕਿ ਉਹ ਆਪਣੇ ਵਰਗੇ ਆਪ ਹੀ ਹਨ।ਸ੍ਰੀ ਗੁਰੂ ਅਮਰਦਾਸ ਜੀ ਬੜੇ ਹੀ ਸਾਦੇ ਸੁਭਾਅ, ਸਾਦੇ ਪਹਿਰਾਵੇ, ਸੁਹਿੱਰਦ ਅਤੇ ਭਗਤੀ ਭਾਵਨਾ ਵਾਲੇ ਸਨ। ਆਪ ਦਾ ਜਨਮ (ਮ.ਕੋ) 5 ਮਈ 1479 ਈ: ਨੂੰ ਪਿਤਾ ਭਾਈ ਤੇਜ ਭਾਨ ਜੀ ਭੱਲੇ ਖੱਤਰੀ ਤੇ ਮਾਤਾ ਸੁਲੱਖਣੀ ਜੀ ਦੇ ਉੱਦਰ ਤੋ ਪਿੰਡ ਬਾਸਰਕੇ ਗਿੱਲਾਂ ਛੇਹਰਟਾ ਜਿਲ੍ਹਾ ਅੰਮ੍ਰਿਤਸਰ ਵਿੱਚ ਹੋਇਆ। ਗੁਰੂ ਅਮਰਦਾਸ ਜੀ ਗੁਰੂ ਨਾਨਕ ਦੇਵ ਜੀ ਤੋ ਉਮਰ ਵਿੱਚ ਦਸ ਸਾਲ ਛੋਟੇ ਸਨ ਤੇ ਗੁਰੂ ਅੰਗਦ ਦੇਵ ਜੀ ਤੋ 25 ਸਾਲ ਵੱਡੇ ਸਨ।ਆਪ ਭਾਈ ਅਮਰਦਾਸ ਜੀ, ਭਾਈ ਈਸ਼ਰਦਾਸ ਜੀ, ਭਾਈ ਬਾਬਾ ਖੇਮ ਰਾਇ ਜੀ ਤੇ ਭਾਈ ਮਾਣਕ ਚੰਦ ਜੀ ਚਾਰ ਭਾਈ ਸਨ। ਆਪ ਸਭ ਤੋਂ ਵੱਡੇ ਸਨ। ਆਪ ਦੇ ਸਭ ਤੋਂ ਛੋਟੇ ਭਾਈ ਮਾਣਕ ਚੰਦ ਦੇ ਸਪੁੱਤਰ ਜਸੂ ਜੀ ਨਾਲ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਬੀਬੀ ਅਮਰੋ ਜੀ ਵਿਆਹੇ ਹੋਏ ਸਨ।23 ਸਾਲ ਦੀ ਉਮਰ ਵਿੱਚ 1502 ਈ: ਵਿੱਚ ਆਪ ਦਾ ਵਿਆਹ ਸਿਆਲਕੋਟ ਦੇ ਪਿੰਡ ਸਨਖਤ੍ਰਾ ਦੇ ਦੇਵੀ ਚੰਦ ਜੀ ਦੀ ਸਪੁੱਤਰੀ ਬੀਬੀ ਮਨਸਾ ਦੇਵੀ ਜੀ ਨਾਲ ਹੋਇਆ। ਮਾਤਾ ਮਨਸਾ ਦੇਵੀ ਜੀ ਬੜੀ ਹੀ ਨੇਕ ਤੇ ਧਾਰਮਿਕ ਵਿਚਾਰਾਂ ਵਾਲੇ ਸਨ। ਆਪ ਜੀ ਦੇ ਗ੍ਰਿਹ ਦੋ ਪੁੱਤਰੀਆਂ ਬੀਬੀ ਦਾਨੀ ਜੀ, ਬੀਬੀ ਭਾਨੀ ਜੀ ਅਤੇ ਦੋ ਸਪੁੱਤਰ ਬਾਬਾ ਮੋਹਨ ਜੀ ਅਤੇ ਬਾਬਾ ਮੋਹਰੀ ਜੀ ਨੇ ਜਨਮ ਲਿਆ। ਬੀਬੀ ਭਾਨੀ ਜੀ ਦਾ ਵਿਆਹ ਚੌਥੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਨਾਲ ਹੋਇਆ ਸੀ।ਗੁਰੂ ਅਮਰਦਾਸ ਨੂੰ ਧਰਮ ਦੀ ਕਿਰਤ ਕਰਦਿਆਂ 1521 ਨੂੰ 42 ਵਰਿਆਂ ਦੇ ਹੋ ਗਏ ਸਨ, ਜਦ ਪਹਿਲੀ ਵਾਰ ਦੇਵੀ ਦਰਸ਼ਨਾਂ ਲਈ ਗਏ। ਲਗਾਤਾਰ ਵੀਹ ਸਾਲ 1541 ਤੱਕ ਹਰ ਛੇ ਮਹੀਨੇ ਬਾਅਦ ਤੀਰਥ ਅਸਥਾਨਾਂ ਤੇ ਦੇਵੀ ਦੇ ਦਰਸ਼ਨਾਂ ਨੂੰ ਜਾਇਆ ਕਰਦੇ ਸਨ।ਇੱਕ ਦਿਨ ਦੇਵੀ ਦਰਸ਼ਨਾਂ ਤੋ ਵਾਪਸ ਆਉਦਿਆਂ ਇੱਕ ਬ੍ਰਹਮਚਾਰੀ ਦੇ ਮੇਲ ਨੇ ਸਾਰੀ ਜ਼ਿੰਦਗੀ ਬਦਲ ਕੇ ਰੱਖ ਦਿੱਤੀ।ਇਸ ਘਟਨਾ ਦਾ ਆਪ ਜੀ ਦੇ ਜੀਵਨ ਤੇ ਬੜਾ ਗਹਿਰਾ ਪ੍ਰਭਾਵ ਪਿਆ, ਜਿਸ ਨਾਲ ਗੁਰੂ ਧਾਰਨ ਦੀ ਚਾਹ ਪ੍ਰਬਲ ਹੋਈ। ਉਹ ਰਾਤ ਬੜੀ ਬੇਚੈਨੀ ਵਿੱਚ ਲੰਘੀ। ਅੰਮ੍ਰਿਤ ਵੇਲੇ ਆਪ ਜੀ ਦੀ ਨੂੰਹ ਬੀਬੀ ਅਮਰੋ ਜੀ ਦੇ ਕੋਲੋਂ ਇਹ ਸ਼ਬਦ

**ਮਾਰੂ ਮਹਲਾ 1 ਘਰੁ1।।**
**ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ।।**
**ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ ਤਉ ਗੁਣ ਨਾਹੀ ਅੰਤੁ ਹਰੇ।।1।।**
**ਚਿਤ ਚੇਤਸਿ ਕੀ ਨਹੀ ਬਾਵਰਿਆ।।**
**ਹਰਿ ਬਿਸਰਤ ਤੇਰੇ ਗੁਣ ਗਲਿਆ।।1।। ਰਹਾਉ।। ਅੰਗ- 990**

ਸੁਣ ਕੇ ਤਪਦੇ ਹਿਰਦੇ ਨੂੰ ਸ਼ਾਂਤੀ ਮਿਲੀ ਤੇ ਗੁਰੂ ਦਰਸ਼ਨਾਂ ਦੀ ਤਾਂਘ ਪੈਦਾ ਹੋਈ। ਜਦ ਆਪ ਨੇ ਬੀਬੀ ਅਮਰੋ ਜੀ ਦੇ ਨਾਲ ਆ ਕੇ ਖਡੂਰ ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਕੀਤੇ ਤਾਂ ਸਦਾ ਲਈ ਗੁਰੂ ਘਰ ਦੇ ਹੋ ਕੇ ਰਹਿ ਗਏ। ਗੁਰੂ ਅੰਗਦ ਦੇਵ ਜੀ ਲਈ ਅੰਮ੍ਰਿਤ ਵੇਲੇ ਜਲ ਦੀ ਗਾਗਰ ਲਿਆ ਕੇ ਇਸ਼ਨਾਨ ਕਰਾਉਣਾ ਤੇ ਲੰਗਰ ਦੀ ਸੇਵਾ ਕਰਨੀ ਆਪ ਜੀ ਦਾ ਨਿਤਨੇਮ ਬਣ ਚੁੱਕਾ ਸੀ। ਜਦ ਆਪ ਜੀ ਦਾ ਮਿਲਾਪ ਗੁਰੂ ਜੀ ਨਾਲ ਹੋਇਆ ਤਾਂ ਆਪ ਜੀ ਦੀ ਉਮਰ 61 ਸਾਲਾਂ ਦੀ ਸੀ। ਆਪ ਨੇ ਲਗਾਤਾਰ 11 ਸਾਲ ਗੁਰੂ ਘਰ ਦੀ ਸੇਵਾ ਪੂਰਨ ਨਿਸ਼ਠਾ ਨਾਲ ਨਿਭਾਈ। ਜੁਲਾਹੀ ਦੇ ਅਮਰੂ ਨਿਥਾਵਾ ਕਹਿਣ ਤੇ ਆਪ ਨੂੰ ਗੁਰ ਅੰਗਦ ਦੇਵ ਜੀ ਨੇ ਬਾਰਾਂ ਵਰ ਦਿੱਤੇ ਕਿਹਾ ਨਿਥਾਵਿਆਂ ਦਾ ਥਾਂਵ, ਨਿਮਾਣਿਆਂ ਦਾ ਮਾਣ, ਨਿਤਾਣਿਆ ਦਾ ਤਾਣ, ਨਿਓਟਿਆਂ ਦੀ ਉਟ, ਨਿਆਸਰਿਆਂ ਦਾ ਆਸਰਾ, ਨਿਪੱਤਿਆਂ ਦੀ ਪੱਤ, ਨਿਗੱਤਿਆਂ ਦੀ ਗੱਤ, ਨਿਧਿਰਿਆਂ ਦੀ ਧਿਰ, ਨਿਲੱਜਿਆਂ ਦੀ ਲੱਜ, ਗਈ ਬਹੋੜ ਬੰਦੀ ਛੋੜ, ਭੰਨਣ ਘੜਣ ਸਮਰੱਥ, ਜਗ ਜੀਵਕਾ ਸਭ ਹੱਥ ਕਹਿ ਆਪ ਦੀ ਵਡਿਆਈ ਕੀਤੀ ਤੇ 1552 ਨੂੰ ਆਪ ਨੂੰ ਗੁਰਗੱਦੀ ਦੀ ਬਖਸ਼ਿਸ਼ ਕੀਤੀ। ਉਸ ਸਮੇਂ ਆਪ ਜੀ ਦੀ ਉਮਰ 73 ਵਰ੍ਹੇ ਦੀ ਹੋ ਚੁੱਕੀ ਸੀ। ਭਾਈ ਗੁਰਦਾਸ ਜੀ ਦੂਜੇ ਲਿੱਖਦੇ ਹਨ ਕਿ:

**ਤੀਸਰ ਮਹਲ ਅਮਰ ਪਰਧਾਨਾ।**
**ਜਿਨ ਘਟ ਮਹਿ ਨਿਰਖੇ ਹਰਿ ਭਗਵਾਨਾ।**
**ਜਲ ਭਰਿਉ ਸਤਿਗੁਰੂ ਕੇ ਦੁਆਰੇ।**
**ਤਬ ਇਹ ਪਾਇਉ ਮਹਲ ਅਪਾਰੇ।**

ਆਪ ਜੀ ਨੇ ਗੋਇੰਦਵਾਲ ਨਗਰ ਵਸਾ ਕੇ ਇਸ ਨੂੰ ਸਿੱਖੀ ਦਾ ਧੁਰਾ ਆਖਿਆ ਤੇ ਗੋਇੰਦਵਾਲ ਸਿੱਖੀ ਪ੍ਰਚਾਰ ਦਾ ਮੁੱਖ ਕੇਂਦਰ ਬਣਿਆ। ਆਪ ਨੇ ਸਿੱਖੀ ਦੇ ਪ੍ਰਚਾਰ ਲਈ 22 ਕੇਂਦਰ ਨਿਯੁਕਤ ਕੀਤੇ, ਜਿੰਨ੍ਹਾਂ ਨੂੰ ਮੰਜੀਆਂ ਆਖਿਆ ਜਾਂਦਾ ਹੈ। ਅੱਗੇ ਸਬ ਕੇਂਦਰ ਬਣਾਏ ਜਿੰਨ੍ਹਾਂ ਨੂੰ ਪੀੜ੍ਹੀਆਂ ਦਾ ਨਾਂ ਦਿੱਤਾ ਗਿਆ। ਉੱਚੇ ਸੁੱਚੇ ਤੇ ਸੱਚੇ ਕਿਰਦਾਰ ਵਾਲੇ ਸਿੱਖਾਂ ਨੂੰ ਸੇਵਾਦਾਰ ਥਾਪਿਆ ਗਿਆ। ਆਪ ਨੇ ਗਰੀਬ, ਮਜ਼ਲੂਮ ਤੇ ਦੱਬੇ ਕੁਚਲੇ ਲੋਕਾਂ ਨੂੰ ਮਾਨ-ਸਨਮਾਨ ਬਖਸ਼ਿਆ ਤੇ ਸੀਨੇ ਨਾਲ ਲਾਇਆ। ਲੰਗਰ ਦੀ ਮਰਿਆਦਾ ਵੱਲ ਆਪ ਨੇ ਵਿਸ਼ੇਸ਼ ਧਿਆਨ ਦਿੱਤਾ। ਗੁਰੂ ਦਰਸ਼ਨਾਂ ਲਈ ਆਈਆਂ ਸੰਗਤਾਂ ਲਈ ਪਹਿਲਾਂ ਲੰਗਰ ਛੱਕਣਾ ਆਪ ਨੇ ਜ਼ਰੂਰੀ ਬਣਾ ਦਿੱਤਾ।'ਪਹਿਲੇ ਪੰਗਤ ਪਾਛੈ ਸੰਗਤ' ਅਕਬਰ ਬਾਦਸ਼ਾਹ ਨੇ ਵੀ ਪੰਗਤ ਵਿੱਚ ਬੈਠ ਕੇ ਲੰਗਰ ਛੱਕਿਆ ਸੀ। ਗੁਰੂ ਸਾਹਬ ਨੇ ਉਚ-ਨੀਚ ਜਾਤ-ਪਾਤ ਨੂੰ ਖਤਮ ਕੀਤਾ।ਉਸ ਸਮੇਂ ਦੌਰਾਨ ਔਰਤ ਦੀ ਬਹੁਤ ਦੁਰਦਸ਼ਾ ਹੋ ਰਹੀ ਸੀ। ਔਰਤ ਨੂੰ ਮਰਦ ਪ੍ਰਧਾਨ ਸਮਾਜ ਆਪਣੇ ਬਰਾਬਰ ਦਾ ਹੱਕ ਦੇਣ ਲਈ ਤਿਆਰ ਨਹੀ ਸੀ। ਗੁਰੂ ਸਾਹਬ ਨੇ ਸਦੀਆਂ ਤੋਂ ਚਲੀ ਆ ਰਹੀ ਸਤੀ ਪ੍ਰਥਾ ਦਾ ਅੰਤ ਕੀਤਾ। ਜਿਸ ਵਿੱਚ ਹਰ ਪਤਨੀ ਨੂੰ ਆਪਣੇ ਪਤੀ ਦੀ ਮੌਤ ਤੇ ਚਿਤਾ ਵਿੱਚ ਜ਼ਿੰਦਾ ਸਾੜ ਦਿੱਤਾ ਜਾਂਦਾ ਸੀ। ਜਿਹੜੀਆਂ ਇਸਤਰੀਆਂ ਨਾਂਹ ਕਰਦੀਆਂ ਸਨ। ਉਹਨਾਂ ਨੂੰ ਜ਼ਬਰਦਸਤੀ ਚਿਤਾ ਵਿੱਚ ਸੜਨ ਲਈ ਮਜਬੂਰ ਕੀਤਾ ਜਾਂਦਾ ਸੀ। ਆਪ ਨੇ ਸਦੀਆਂ ਤੋਂ ਲਿਤਾੜੇ ਹੋਏ ਮਜ਼ਲੂਮ, ਅਨਪੜ੍ਹ ਤੇ ਗਰੀਬ ਲੋਕਾਂ ਨੂੰ ਭਰਮ-ਭੁਲੇਖੇ ਤੇ ਵਹਿਮਾਂ ਭਰਮਾਂ ਵਿੱਚੋਂ ਬਾਹਰ ਕੱਢਿਆ ਤੇ ਉਸ ਮਾਲਕ, ਉਸ ਅਕਾਲ ਪੁਰਖ ਦੇ ਚਰਨਾਂ ਨਾਲ ਜੁੜਨ ਦਾ ਰਾਹ ਦੱਸਿਆ। ਆਪ ਨੇ ਸਮਾਜ ਵਿੱਚੋਂ ਮਨੁੱਖੀ ਸਮਾਨਤਾ ਨੂੰ ਪਹਿਲ ਦਿੱਤੀ, ਇਸਤਰੀ ਨੂੰ ਮਰਦ ਦੇ ਬਰਾਬਰ ਸਮਾਨਤਾ ਦਿੱਤੀ, ਪਰਦੇ ਦਾ ਰਿਵਾਜ਼ ਹਟਾਇਆ (ਘੁੰਡ ਕੱਢਣਾ), ਸਤੀ ਦੀ ਰਸਮ ਨੂੰ ਰੋਕਿਆ, ਕੁੜੀ ਮਾਰਾਂ ਦਾ ਵਿਰੋਧ ਕੀਤਾ, ਵਿਧਵਾ ਵਿਆਹ ਤੇ ਅੰਤਰ ਸ਼ਰੇਣੀ ਵਿਆਹ ਨੂੰ ਇਜਾਜ਼ਤ ਦਿੱਤੀ, ਵਿਆਹ ਤੇ ਦਾਨ ਦਾ ਵਿਰੋਧ ਕੀਤਾ, ਨਸ਼ਿਆਂ ਦਾ ਵਿਰੋਧ ਕੀਤਾ, ਭਰਮ ਨਵਿਰਤੀ ਲੋਕਾਈ ਨੂੰ ਭਰਮ-ਭੁਲੇਖਿਆ 'ਚੋ ਕੱਢਿਆ, ਮਿਰਤਕ ਕੁਰੀਤੀਆਂ ਰੋਣ ਪਿੱਟਣ ਤੋਂ ਵਰਜਿਆ, ਮਰਨ ਸਮੇਂ ਦੀਵਾ ਜਗਾਣਾ, ਪਿੰਡ ਪੱਤਲ, ਬਬਾਣ ਕੱਢਣਾ (ਮਰੇ ਨੂੰ ਸਜਾਉਣਾ ਤੇ ਮਖਾਣੇ ਛੁਆਰੇ ਵੰਡਣੇ), ਘੜਾ ਭੰਨਣਾ, ਅਸਥੀਆਂ ਪ੍ਰਵਾਹ ਕਰਨੀਆਂ, ਭੂਤਾਂ ਪ੍ਰੇਤਾਂ ਤੇ ਕਿਰਿਆਂ ਕਰਨ ਵਰਗੇ ਹੋਰ ਵੀ ਅਨੇਕਾਂ ਵਹਿਮਾਂ ਭਰਮਾਂ ਤੋਂ ਵਰਜਿਆ। ਗੁਰੂ ਜੀ ਨੇ ਇਨ੍ਹਾਂ ਸਾਰੀਆਂ ਕੁਰੀਤੀਆਂ ਦਾ ਅੰਤ ਕੀਤਾ ਤੇ ਮਨੁੱਖ ਦੇ ਅੰਤ ਵੇਲੇ ਸਿਰਫ ਕੀਰਤਨ ਕਰਨ ਨੂੰ ਪਹਿਲ ਦਿੱਤੀ। ਉਸ ਪ੍ਰਭੂ ਪ੍ਰਮਾਤਮਾ ਨਾਲ ਮੇਲ ਮਿਲਾਪ ਦਾ ਰਾਹ ਸੱਚੀ ਬਾਣੀ ਪੜ੍ਹਨੀ ਦੱਸਿਆ। ਨਾਮ ਜੱਪਣਾ ਦੱਸਿਆ। ਦਸਾਂ ਨਹੁੰਆਂ ਦੀ ਹੱਥੀ ਕਿਰਤ ਕਰਨਾ ਦੱਸਿਆ। ਲੋੜਵੰਦਾਂ ਦੀ ਮਦਦ ਕਰਨਾ ਦੱਸਿਆ ਜੋ ਸਾਰੀ ਸੰਗਤ ਨੇ ਪ੍ਰਵਾਨ ਕੀਤਾ।ਭਾਈ ਗੁਰਦਾਸ ਜੀ ਆਪ ਦੇ ਭਤੀਜੇ ਸਨ ਜੋ ਭਾਈ ਈਸ਼ਰਦਾਸ ਜੀ ਦੇ ਬੇਟੇ ਸਨ।ਭਾਈ ਗੁਰਦਾਸ ਜੀ ਵਾਰ ਪਹਿਲੀ ਦੀ 46ਵੀ ਪਉੜੀ ਵਿੱਚ ਲਿੱਖਦੇ ਹਨ ਕਿ:

**ਲਹਣੇ ਪਾਈ ਨਾਨਕੋ ਦੇਣੀ ਅਮਰਦਾਸਿ ਘਰਿ ਆਈ।**
**ਗੁਰੁ ਬੈਠਾ ਅਮਰ ਸਰੂਪ ਹੋਇ ਗੁਰਮੁਖਿ ਪਾਈ ਦਾਤ ਇਲਾਹੀ।**
**ਫੇਰਿ ਵਸਾਇਆ ਗੋਇੰਦਵਾਲ, ਅਚਰਜੁ ਖੇਲੁ ਨ ਲਖਿਆ ਜਾਇ।**
**ਦਾਤਿ ਜੋਤਿ ਖਸਮੈ ਵਡਿਆਈ।**

ਭਾਈ ਗੁਰਦਾਸ ਜੀ ਇਸ ਸ਼ਬਦ ਵਿੱਚ ਦੱਸਦੇ ਹਨ ਕਿ: ਗੋਇੰਦਵਾਲ ਵਿਖੇ ਅਚਰਜ ਖੇਲ ਹੋ ਰਹਿਆ ਹੈ, ਜੋ ਬਿਆਨ ਨਹੀ ਕੀਤਾ ਜਾ ਸਕਦਾ। ਸ੍ਰੀ ਗੁਰੂ ਅਮਰਦਾਸ ਜੀ ਦੀ ਸਾਹਿਤ ਨੂੰ ਵੀ ਵਡਮੁੱਲੀ ਦੇਣ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਆਪ ਜੀ ਦੀ ਬਾਣੀ ਸਿਰੀ, ਮਾਝ, ਗਉੜੀ, ਆਸਾ, ਗੁਜਰੀ, ਵਡਹੰਸ, ਸੋਰਿਠ, ਧਨਾਸਰੀ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਭੇਰਉ, ਬਸੰਤ, ਸਾਰੰਗ, ਮਲਾਰ ਤੇ ਪ੍ਰਭਾਤੀ 17 ਰਾਗਾਂ ਵਿੱਚ 907 ਸ਼ਬਦ ਹਨ। (ਮਹਾਨ ਕੋਸ਼ ਅਨੁਸਾਰ ਸ਼ਬਦਾਂ ਦੀ ਗਿਣਤੀ 869 ਹੈ) 'ਅਨੰਦ ਸਾਹਿਬ' ਆਪ ਜੀ ਦੀ ਮਹਾਨ ਰਚਨਾ ਹੈ। ਇਸ ਬਾਣੀ ਦਾ ਹਰ ਅਵਸਰ ਜਾਂ ਸਮਾਗਮ ਤੇ ਪਾਠ ਹੁੰਦਾ ਹੈ। 40 ਪਉੜੀਆਂ ਦੀ ਇਹ ਬਾਣੀ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੇ ਪੋਤਰੇ ਅਨੰਦ ਦੇ ਜਨਮ ਸਮੇਂ 1554 ਵਿੱਚ ਉਚਾਰਣ ਕੀਤੀ ਸੀ। ਆਪ ਨੇ 'ਸਤਿਗੁਰੂ ਬਿਨ੍ਹਾਂ ਹੋਰ ਕੱਚੀ ਹੈ ਬਾਣੀ' ਦੀ ਚੇਤਾਵਨੀ ਦੇ ਕੇ ਸੰਗਤਾਂ ਨੂੰ ਸੱਚੀ ਬਾਣੀ ਨਾਲ ਜੋੜਿਆ। ਗੋਇੰਦਵਾਲ ਸਾਹਬ ਵਿੱਚ 84 ਪਉੜੀਆਂ ਵਾਲੀ ਬਾਉਲੀ ਆਪ ਦੀ ਉੱਤਮ ਦੇਣ ਹੈ। ਜ਼ਿਆਦਾ ਸਮਾਂ ਆਪ ਮਾਝੇ ਵਿੱਚ ਹੀ ਰਹੇ। ਆਪ ਨੇ ਗੁਮਟਾਲਾ, ਤੁੰਗ, ਸੁਲਤਾਨਵਿੰਡ ਅਤੇ ਗਿਲਵਾਲੀ ਆਦਿ ਪਿੰਡਾਂ ਲਾਗੇ 1570 ਨੂੰ ਅੰਮ੍ਰਿਤਸਰ ਵਸਾਉਣ ਲਈ ਮੋਹੜੇ ਗਡਵਾਏ ਤੇ ਉਸ ਅਸਥਾਨ ਦਾ ਨਾਂ ਚੱਕ-ਗੁਰੂ ਰੱਖਿਆ । ਜਿਸਦਾ ਕੰਮ ਗੁਰੂ ਰਾਮਦਾਸ ਜੀ ਨੇ ਆਪਣੀ ਨਿਗਰਾਨੀ ਹੇਠ ਆਪ ਕਰਵਾਇਆ। ਆਪ (ਮ.ਕੋ) 95 ਵਰੇ 3 ਮਹੀਨੇ ਤੇ 27 ਦਿਨ ਦੀ ਆਯੂ ਵਿੱਚੋਂ 22 ਸਾਲ 5 ਮਹੀਨੇ ਗੁਰਗੱਦੀ ਤੇ ਬਿਰਾਜਮਾਨ ਰਹੇ। ਆਪ 1 ਸਤੰਬਰ 1574 ਨੂੰ ਗੁਰਗੱਦੀ ਸ੍ਰੀ ਗੁਰੂ ਰਾਮਦਾਸ ਜੀ ਨੂੰ ਸੌਂਪ ਕੇ ਗੋਇੰਦਵਾਲ ਸਾਹਿਬ ਵਿਖੇ ਜੋਤੀ ਜੋਤ ਸਮਾ ਗਏ।



## ਬਾਬਣੈ ਘਰਿ ਚਾਨਣ ਲਹਿਣਾ

ਰਮੇਸ਼ ਬੱਗਾ ਚੋਹਲਾ
9463132719



**ਪਾਰਸ ਹੋਆ ਸਤਿਗੁਰ ਪਰਚੇ ਸਤਿਗੁਰ ਕਹਣਾ।।**
**ਚੰਦਨ ਹੋਆ ਚੰਦਨਹੁ, ਗੁਰਉਪਦੇਸ਼ ਰਹਿਤ ਵਿੱਚ ਰਹਿਣਾ**
**ਸੱਚ ਸਮਾਣਾ ਸਚੁ ਵਿਚਿ, ਗਾਡੀ ਰਾਹ ਸੰਗਿ ਵਹਿਣਾ**
**ਬਾਬਣੈ ਘਰਿ ਚਾਨਣ ਲਹਿਣਾ।।**

ਗੁਰਮਤਿ ਦੇ ਅਜ਼ੀਮ ਵਿਆਖਿਆਕਾਰ, ਉੱਚ-ਕੋਟੀ ਦੇ ਕਵੀ ਅਤੇ ਗੁਰੂ ਕਾਲ ਦੇ ਪ੍ਰਬੁੱਧ ਦਾਰਸ਼ਨਿਕ ਭਾਈ ਗੁਰਦਾਸ ਜੀ ਦੀਆਂ ਕਲਮਬੱਧ ਕੀਤੀਆਂ ਉਪਰੋਕਤ ਪੰਕਤੀਆਂ ਇਸ ਗੱਲ ਦੀਆਂ ਹਾਮੀ ਹਨ ਕਿ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਕਰਕੇ ਭਾਈ ਲਹਿਣਾ ਜੀ ਵਰਗੇ ਸੇਵਾ ਦੇ ਪੁੰਜ ਨਾ ਸਿਰਫ ਪਾਰਸ ਹੀ ਸਾਬਤ ਹੋਏ ਹਨ, ਸਗੋਂ ਆਪਣੇ ਆਗਿਆਕਾਰੀ ਸੁਭਾਅ ਸਦਕਾ ਉਹ ਮਹਾਨ ਰੁਤਬਾ ਵੀ ਹਾਸਲ ਕਰ ਗਏ, ਜਿਸ ਦੀ ਬਦੌਲਤ ਉਨ੍ਹਾਂ ਨੂੰ ਗੁਰੂ ਨਾਨਕ ਪਾਤਸ਼ਾਹ ਦਾ ਅੰਗ ਸਮਝ ਕੇ ਵਡਿਆਇਆ ਅਤੇ ਸਰਾਹਿਆ ਜਾਂਦਾ ਹੈ। ਭਾਈ ਲਹਿਣਾ ਜੀ ਦਾ ਪਿਛੋਕੜ ਭਾਵੇਂ ਇੱਕ ਦੇਵੀ ਪੂਜਕ ਵੱਜੋਂ ਹੀ ਜਾਣਿਆਂ ਜਾਂਦਾ ਹੈ, ਪਰ ਉਨ੍ਹਾਂ ਵੱਲੋਂ ਕੀਤੀ ਗਈ ਸ਼ਬਦ ਦੀ ਕਮਾਈ ਅਤੇ ਗੁਰੂ ਬਾਬੇ ਦੀ ਬੇਲਾਗ ਸੇਵਾ ਨੇ ਉਨ੍ਹਾਂ ਦੇ ਵਿਅਕਤੀਤਵ ਵਿੱਚ ਚੰਦਨ ਜਿਹੀ ਮਹਿਕ ਪੈਦਾ ਕਰ ਦਿੱਤੀ, ਕਿਉਂਕਿ ਭਾਈ ਸਾਹਿਬ ਨੂੰ ਚੰਦਨ ਦੇ ਬ੍ਰਿਛ ਰੂਪੀ ਧੰਨ ਗੁਰੂ ਨਾਨਕ ਪਾਤਸ਼ਾਹ ਦੀ ਛਾਵੇਂ ਬਹਿਣ ਦਾ ਸੁਭਾਗ ਪ੍ਰਾਪਤ ਹੋ ਗਿਆ ਸੀ। ਇਸ ਸੁਭਾਗ ਸਦਕਾ ਹੀ ਭਾਈ ਲਹਿਣਾ ਜੀ ਨੇ ਗੁਰੂ ਉਪਦੇਸ਼ ਦੀ ਰਹਿਤ-ਬਹਿਤ ਨੂੰ ਆਪਣੀ ਤਰਜ਼-ਏ-ਜ਼ਿੰਦਗੀ ਦਾ ਅਹਿਮ ਹਿੱਸਾ ਬਣਾ ਲਿਆ ਸੀ। ਭਾਈ ਲਹਿਣਾ ਉਰਫ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਅਵਤਾਰ ਮਾਰਚ ਮਹੀਨੇ ਦੇ ਛੇਕੜਲੇ ਦਿਨ ਸੰਨ 154 (ਮੁਤਾਬਕ 5 ਵਿਸਾਖ 1561 ਬਿੱਕਰਮੀ) ਨੂੰ ਮੱਤੇ ਦੀ ਸਰਾਂ ਜ਼ਿਲ੍ਹਾ ਮੁਕਤਸਰ ਵਿਖੇ ਮਾਤਾ ਦਇਆ ਕੌਰ ਅਤੇ ਪਿਤਾ ਫੇਰੂ ਮੱਲ ਜੀ ਦੇ ਗ੍ਰਹਿ ਵਿਖੇ ਹੋਇਆ। ਇਸ ਪਿੰਡ ਵਿੱਚ ਗੁਰੂ ਅੰਗਦ ਦੇਵ ਜੀ ਠਹਿਰ ਥੋੜ੍ਹਚਿਰੀ ਹੀ ਹੈ ਕਿਉਂਕਿ ਭਾਈ ਫੇਰੂ ਮੱਲ ਨੂੰ ਕਿਸੇ ਕਾਰਨ ਇਸ ਪਿੰਡ ਨੂੰ ਅਲਵਿਦਾ ਕਹਿਣੀ ਪੈ ਗਈ। ਇਸ ਅਲਵਿਦਾ ਤੋਂ ਬਾਅਦ ਭਾਈ ਲਹਿਣਾ ਜੀ ਦੇ ਪਰਿਵਾਰ ਸਮੇਤ ਖਡੂਰ ਸਾਹਿਬ (ਅੰਮ੍ਰਿਤਸਰ) ਆ ਗਏ। ਗੁਰੂ ਪਰਿਵਾਰ ਦੀ ਆਮਦ ਅਤੇ ਵਿਸ਼ੇਸ਼ ਦੇਣ ਸਦਕਾ ਖਡੂਰ ਸਾਹਿਬ ਇੱਕ ਪੂਜਨੀਕ ਸਥਾਨ ਬਣ ਗਿਆ। ਗੁਰੂ ਅੰਗਦ ਦੇਵ ਜੀ ਦਾ ਵਿਆਹ ਖਡੂਰ ਸਾਹਿਬ ਨੇੜਲੇ ਪਿੰਡ ਸੰਘਰ ਦੇ ਵਸਨੀਕ ਭਾਈ ਦੇਵੀ ਚੰਦ ਦੀ ਪੁੱਤਰੀ ਬੀਬੀ ਖੀਵੀ ਨਾਲ ਹੋਇਆ। ਉਨ੍ਹਾਂ ਦੇ ਘਰ ਦੋ ਪੁੱਤਰ ਭਾਈ ਦਾਤੂ ਤੇ ਦਾਸੂ ਜੀ ਅਤੇ ਦੋ ਪੁੱਤਰੀਆਂ ਬੀਬੀ ਅਮਰੋ ਤੇ ਬੀਬੀ ਅਨੋਖੀ ਨੇ ਜਨਮ ਲਿਆ। ਗੁਰੂ ਨਾਨਕ ਪਾਤਸ਼ਾਹ ਦੇ ਅੰਗ ਲੱਗਣ ਤੋਂ ਪਹਿਲਾਂ ਭਾਈ ਲਹਿਣਾ ਜੀ ਵੈਸ਼ਨੋ ਦੇਵੀ ਦੇ ਭਗਤ ਸਨ ਅਤੇ ਇਸ ਭਗਤੀ ਭਾਵ ਦਾ ਪ੍ਰਗਟਾਵਾ ਉਹ ਹਰ ਸਾਲ ਮਾਤਾ ਦੇ ਦਰਸ਼ਨ ਦੀਦਾਰੇ ਲਈਇ ਇੱਕ ਸੰਗ ਲੈ ਕੇ ਜਾਇਆ ਕਰਦੇ ਸਨ। ਇਹ ਸਿਲਸਿਲਾ ਲਗਾਤਾਰ ਕਈ ਸਾਲ ਚੱਲਦਾ ਰਿਹਾ। ਇਸ ਸਿਲਸਿਲੇ ਵਿੱਚ ਖੜ੍ਹੋਤ ਉਦੋਂ ਆਈ ਜਦੋਂ ਭਾਈ ਲਹਿਣਾ ਜੀ ਦਾ ਮਿਲਾਪ ਖਡੂਰ ਸਾਹਿਬ ਦੇ ਰਹਿਣ ਵਾਲੇ ਭਾਈ ਜੋਧ ਸਿੰਘ ਨਾਲ ਹੋ ਗਿਆ। ਭਾਈ ਜੋਧ ਜਿੱਥੇ ਇੱਕ ਨੇਕ ਦਿਲ ਇਨਸਾਨ ਸਨ, ਉੱਥੇ ਨਾਲ ਹੀ ਉਹ ਗੁਰੂ ਨਾਨਕ ਦੇਵ ਜੀ ਦੇ ਘਰ ਦੇ ਪ੍ਰੀਤਵਾਨ ਵੀ ਸਨ। ਆਪਣੀ ਪ੍ਰੀਤ ਦਾ ਸਬੂਤ ਉਹ ਅੰਮ੍ਰਿਤ ਵੇਲੇ ਇਸ਼ਨਾਨ ਪਾਣੀ ਕਰਕੇ ਗੁਰੂ ਨਾਨਕ ਦੇਵ ਜੀ ਦੀ ਰਸਭਿੰਨੀ ਬਾਣੀ ਪੜ੍ਹ ਕੇ ਦਿਆ ਕਰਦੇ ਸਨ। ਇੱਕ ਦਿਨ ਭਾਈ ਲਹਿਣਾ ਜੀ ਦੇ ਕੰਨੀ ਇਸ ਇਲਾਹੀ ਬਾਣੀ ਦੀ ਆਵਾਜ਼ ਪੈ ਗਈ। ਇਸ ਬਾਣੀ ਦੀ ਖਿੱਚ ਸਦਕਾ ਉਨ੍ਹਾਂ ਦੇ ਕਦਮ ਭਾਈ ਜੋਧ ਸਿੰਘ ਜੀ ਦੇ ਘਰ ਵੱਲ ਮੁੜ ਗਏ। ਭਾਈ ਜੋਧ ਨੇ ਖਿੜੇ ਮੱਥੇ ਸਵਾਗਤ ਕਰਦਿਆਂ ਉਨ੍ਹਾਂ ਨੂੰ ਜਲ ਪਾਨ ਵੀ ਕਰਵਾਇਆ। ਜਦੋਂ ਭਾਈ ਲਹਿਣਾ ਜੀ ਨੇ ਭਾਈ ਜੋਧ ਕੋਲੋ ਉਸ ਰਸੀਲੀ ਬਾਣੀ ਬਾਬਤ ਜਾਣਕਾਰੀ ਲੈਣੀ ਚਾਹੀ ਤਾਂ ਉਨ੍ਹਾਂ ਨੇ ਦੱਸਿਆ ਕਿ ਇਹ ਬਾਣੀ ਨਿਰੰਕਾਰੀ ਜੋਤ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮੁਖਾਰਬਿੰਦ ਵਿੱਚੋ ਉਚਾਰਣ ਕੀਤੀ ਹੋਈ ਹੈ, ਜਿਹੜੀ ਮਨੁੱਖਤਾ ਨੂੰ ਇੱਕ ਸੁਚੱਜੀ ਜੀਵਨ ਜਾਂਚ ਬਾਰੇ ਗਿਆਤ ਕਰਵਾਉਦੀ ਹੈ। ਭਾਈ ਜੋਧ ਨੇ ਇਹ ਵੀ ਦੱਸਿਆ ਕਿ ਨਾਨਕ ਨਾਮ ਲੇਵਾ ਸੰਗਤ ਇਸ ਬਾਣੀ ਨੂੰ ਜੀਵਨ ਆਧਾਰ ਸਮਝ ਕੇ ਪੜ੍ਹਦੀ ਹੈ। ਹੁਣ ਭਾਈ ਜੋਧ ਦੇ ਘਰ ਜਾ ਕੇ ਬਾਣੀ ਸੁਣਨਾ ਉਨ੍ਹਾਂ ਦਾ ਨਿਤਨੇਮ ਬਣ ਗਿਆ। ਬਾਣੀ ਪੜ੍ਹਦਿਆਂ ਸੁਣਦਿਆਂ ਅਜਿਹਾ ਅਸਰ ਹੋਇਆ ਕਿ ਬਾਣੀਕਾਰ ਦੇ ਦਰਸ਼ਨਾਂ ਦੀ ਤਾਂਘ ਵੀ ਜਾਗ ਪਈ। ਇਸ ਤਾਂਘ ਦੀ ਤੀਬਰਤਾ ਸਦਕਾ ਭਾਈ ਲਹਿਣਾ ਜੀ ਨੇ ਕਰਤਾਰਪੁਰ ਸਾਹਿਬ ਜਾਣ ਦਾ ਮਨ ਬਣਾ ਲਿਆ। ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ :-

**ਚਰਨ ਸਰਨ ਗੁਰ ਏਕ ਪੈਡਾ ਜਾਇ ਚੱਲ, ਸਤਿਗੁਰ ਕੋਟਿ ਪੈਡਾ ਆਗੈ ਹੋਇ ਲੇਤ ਹੈ।।**

ਕਰਤਾਰਪੁਰ ਸਾਹਿਬ ਜਾਂਦਿਆਂ ਭਾਈ ਲਹਿਣਾ ਜੀ ਘੋੜੀ ਤੇ ਸਵਾਰ ਸਨ ਪਰ ਗੁਰੂ ਸਾਹਿਬ ਪੈਦਲ ਤੁਰੇ ਆ ਰਹੇ ਸਨ। ਭਾਈ ਸਾਹਿਬ ਦੇ ਮਨ ਮੰਦਰ ਵਿੱਚ ਤਰੰਗਾਂ ਛਿੜ ਪਈਆਂ ਸਨ:-

**ਪ੍ਰਭ ਤੁਮ ਤੇ ਲਹਿਣਾ ਤੂੰ ਮੇਰਾ ਗਹਿਣਾ।।**
**ਜੋ ਤੂੰ ਦੇਹਿ ਸੋਇ ਸੁਖੁ ਸਹਿਣਾ।।**

ਇੱਧਰ ਅੰਤਰਜਾਮੀ ਬਾਬੇ ਨੂੰ ਚਾਅ ਸੀ ਕਿ ਉਸ ਦਾ ਲਹਿਣੇਦਾਰ ਆ ਰਿਹਾ ਹੈ। ਬਾਬੇ ਪੁੱਛਣਾ ਕੀਤਾ ਪੁਰਸ਼ਾ ਕੌਣ ਹੈ ਤੂੰ? ਜਵਾਬ ਸੀ ਜੀ ਮੈਂ ਲਹਿਣਾ। ਗੁੱਝੀ ਰਮਜ਼ ਦਿੰਦਿਆਂ ਗੁਰੂ ਨੇ ਕਿਹਾ ਕਿ ਠੀਕ ਹੈ ਭਾਈ ਲੈਣੇਦਾਰ ਘੋੜੀਆਂ 'ਤੇ ਸਵਾਰ ਹੋ ਕੇ ਹੀ ਆਇਆ ਕਰਦੇ ਸਨ ਅਤੇ ਦੇਣਦਾਰ ਪੈਦਲ ਹੀ। ਭਾਈ ਲਹਿਣਾ ਜੀ ਨੂੰ ਆਪਣੇ ਬੀਤੇ 'ਤੇ ਬੜਾ ਅਫਸੋਸ ਹੋਇਆ, ਪਰ ਡੁੱਲੇ ਬੇਰਾਂ ਦਾ ਅਜੇ ਵੀ ਕੁੱਝ ਨਹੀ ਸੀ ਵਿਗੜਿਆ। ਬਾਬੇ ਦੇ ਦਰਸ਼ਨ ਨਾਲ ਤਨ ਮਨ ਨਿਹਾਲ ਹੋ ਗਿਆ। ਮੰਝਦਾਰ ਵਿੱਚ ਫਸੀ ਕਿਸ਼ਤੀ ਨੂੰ ਜਿਵੇਂ ਕਿਨਾਰਾ ਮਿਲ ਗਿਆ ਹੋਵੇ। ਇਹ ਮੁਲਾਕਾਤ ਜੀਵਨ ਲਈ ਇੱਕ ਨਵੀ ਸਵੇਰ ਬਣ ਗਈ। ਇਸ ਦਿਨ ਤੋਂ ਹੀ ਭਾਈ ਲਹਿਣੇ ਤੋਂ ਅੰਗਦ (ਗੁਰੂ) ਬਣਨ ਦਾ ਸਫਰ ਆਰੰਭ ਹੋ ਗਿਆ। ਸੇਵਾ ਤੇ ਸਿਮਰਨ ਇਸ ਸਫਰ ਦੀ ਰਾਹਦਾਰੀ ਬਣ ਗਏ ਕਿਉਕਿ:-

**ਸਤਿਗੁਰੁ ਸੇਵੇ ਤਾਂ ਸਭ ਕੁਛਿ ਪਾਏ।।**
**ਜੇਹੀ ਮਨਸਾ ਕਰਿ ਲਾਗੇ ਤੇਹਾ ਫਲ ਪਾਏ।।**

ਭਾਈ ਲਹਿਣਾ ਜੀ ਦੇ ਪੂਰਬਲੇ ਭਾਗ ਜਾਗੇ। ਦੇਰੀ ਦਰੁਸਤੀ ਵਿੱਚ ਬ ਦ ਲ ਗਈ। ਗੁਰੂ ਬਾਬੇ ਨੇ ਗਲ ਨਾਲ ਲਗਾ ਲਿਆ। ਰਾਤ ਦਿਨ ਹਜ਼ੂਰ ਦੀ ਸੇਵਾ ਵਿੱਚ ਬਤੀਤ ਹੋਣ ਲੱਗਾ। ਜ਼ਿੰਦਗੀ ਦੇ ਸਵਾਲ ਲੇਖੇ ਵਿੱਚ ਹੋਣ ਲੱਗੇ। ਗੁਰੂ ਨਾਨਕ ਦਰਬਾਰ ਵਿੱਚ ਉਸ ਸਮੇਂ ਬਾਬਾ ਬੁੱਢਾ ਜੀ, ਭਾਈ ਭਗੀਰਥ, ਭਾਈ ਮਨਮੁੱਖ ਅਤੇ ਭਾਈ ਗਲ ਨਾਲ ਲਾ ਲਿਆ। ਰਾਤ ਦਿਨ ਹਜ਼ੂਰ ਦੀ ਸੇਵਾ ਵਿੱਚ ਬਤੀਤ ਹੋਣ ਲੱਗਾ।ਜ਼ਿੰਦਗੀ ਦੇ ਸਵਾਸ ਲੇਖੇ ਵਿੱਚ ਹੋਣ ਲੱਗ ਗਏ। ਗੁਰੂ ਨਾਨਕ ਦਰਬਾਰ ਵਿੱਚ ਉਸ ਸਮੇਂ ਬਾਬਾ ਬੁੱਢਾ ਜੀ, ਭਾਈ ਭਗੀਰਥ, ਭਾਈ ਮਨਮੁੱਖ ਅਤੇ ਭਾਈ ਸਧਾਰਨ ਵਰਗੇ ਕਈ ਪ੍ਰਮੁੱਖ ਸੇਵਕ ਸਨ, ਪਰ ਭਾਈ ਲਹਿਣਾ ਜੀ ਦੀ ਸੇਵਾ ਬਾਬੇ ਦੇ ਮਨ ਭਾ ਗਈ। ਕਿਉਕਿ :-

**ਆਠ ਪਹਿਰ ਪ੍ਰਭੁ ਆਪਣਾ ਧਿਆਈਏ**
**ਗੁਰ ਪ੍ਰਸਾਦਿ ਭਉ ਤਰੀਐ।।**
**ਆਪ ਤਿਆਗਿ ਹੋਈਐ ਸਭ ਰੇਣਾ**
**ਜੀਵਤਿਆ ਇਉ ਮਰੀਐ।।**

ਜਿਸ ਤਰ੍ਹਾਂ ਨਦੀ ਸਮੁੰਦਰ ਵਿੱਚ ਡਿੱਗ ਕੇ ਸਮੁੰਦਰ ਦਾ ਰੂਪ ਹੀ ਹੋ ਜਾਂਦੀ ਹੈ। ਉਸੇ ਤਰ੍ਹਾਂ ਭਾਈ ਲਹਿਣਾ ਜੀ ਦਾ ਨਿੱਜੀਤਵ ਵੀ ਆਪਣੇ ਗੁਰੂ ਵਿੱਚ ਸਮਾ ਗਿਆ। ਅੱਠ ਸਾਲ ਦੀ ਸਖਤ ਘਾਲਣਾ ਤੋਂ ਬਾਅਦ ਅਤੇ ਪਰਖ ਦੀ ਕਸਵੱਟੀ 'ਤੇ ਖਰਾ ਉਤਰਨ ਤੋਂ ਬਾਅਦ ਭਾਈ ਲਹਿਣਾ ਜੀ ਗੁਰੂ ਨਾਨਕ ਦੇਵ ਜੀ ਦਾ ਅਨਿੱਖੜਵਾਂ ਅੰਗ ਭਾਵ ਗੁਰੂ ਅੰਗਦ ਦੇਵ ਜੀ ਬਣਨ ਵਿੱਚ ਸਫਲ ਹੋ ਗਏ। ਇਸ ਸਫਲਤਾ ਦਾ ਆਧਾਰ ਉਨ੍ਹਾਂ ਦੀ ਯੋਗਤਾ ਤੋਂ ਇਲਾਵਾ ਗੁਰੂ ਘਰ ਪ੍ਰਤੀ ਸਹਿਯੋਗਤਾ ਵੀ ਸੀ।

**ਗੁਰੁ ਅੰਗਦੁ ਗੁਰੂ ਅੰਗ ਤੇ ਅੰਮ੍ਰਿਤ ਬਿਰਖ ਅੰਮ੍ਰਿਤ ਫਲ ਫਲਿਆ।।**
**ਜੋਤੀ ਜੋਤਿ ਜਗਈਅਨ ਦੀਵੇ ਤੇ ਜਿਉ ਦੀਵਾ ਬਲਿਆ।।**

ਜੋ ਅੰਗਿਆ ਗਿਆ, ਉਹ ਪਿੱਛੇ ਨਹੀ ਪਰਤਦਾ। ਉਹ ਜੂਝਣ ਲਈ ਸਦਾ ਤਤਪਰ ਵਿਖਾਈ ਦਿੰਦਾ ਹੈ। ਭਗਤ ਕਬੀਰ ਜੀ ਦੇ ਬਚਨ ਨੇ-

**ਦਾਗੇ ਹੋਹਿ ਸੁ ਰਨ ਮਹਿ ਜੂਝਹਿ,**
**ਬਿਨ ਦਾਗੇ ਭਗਿ ਜਾਈ।।**

ਗੁਰੂ ਨਾਨਕ ਦੇਵ ਜੀ ਦੇ ਗੁਰਪੁਰੀ ਪਿਆਨਾ ਕਰ ਜਾਣ ਤੋ ਬਾਅਦ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਬਾਬੇ ਨਾਨਕ ਦੀ ਸੋਚ 'ਤੇ ਪਹਿਰਾ ਦਿੰਦਿਆਂ ਸਰਬਤ ਦੇ ਭਲੇ ਲਈ ਕਈ ਅਜਿਹੇ ਕਾਰਜ ਵਿੱਢੇ ਜਿਨ੍ਹਾਂ ਨਾਲ ਗੁਰੂ ਨਾਨਕ ਦੇਵ ਜੀ ਦੀ ਫਿਲਾਸਫੀ ਦਾ ਘੇਰਾ ਹੋਰ ਵੀ ਵਿਸ਼ਾਲ ਹੋ ਗਿਆ। ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਜੀ ਦੇ ਜਵੀਨ ਸਮਾਚਾਰਾਂ ਨੂੰ ਸਦੀਵਤਾ ਬਖਸ਼ਣ ਦੇ ਮਨੋਰਥ ਨਾਲ ਉਨ੍ਹਾਂ ਬਾਬਤ ਪਹਿਲੀ ਜਨਮ ਸਾਖੀ ਲਿਖਵਾਈ। ਪੰਜਾਬੀ ਬੋਲੀ ਦੇ ਵਿਕਾਸ ਲਈ ਗੁਰਮੁੱਖੀ ਲਿਪੀ ਨੂੰ ਨਾ ਸਿਰਫ ਮਾਂਜਿਆਂ-ਸੰਵਾਰਿਆ, ਸਗੋਂ ਵੱਖ-ਵੱਖ ਆਵਾਜ਼ਾਂ ਲਈ ਵੱਖਰੇ-ਵੱਖਰੇ ਅੱਖਰਾਂ ਨੂੰ ਪ੍ਰਮਾਣਿਕ ਤੌਰ 'ਤੇ ਪੱਕਿਆਂ ਵੀ ਕੀਤਾ।ਸੰਗਤ ਲਈ ਗੁਰਬਾਣੀ ਦੇ ਗੁਟਕੇ ਤਿਆਰ ਕਰਵਾਏ। ਤੀਸਰੀ ਅੱਖ ਦੀ ਰੌਸ਼ਨੀ ਲਈ ਵਿੱਦਿਅਕ ਅਦਾਰੇ ਖੋਲ੍ਹੇ।ਸਿਹਤ ਸੰਭਾਲ ਹਿੱਤ ਕਸਰਤੀ ਅਖਾੜਿਆਂ ਦਾ ਪ੍ਰਬੰਧ ਕੀਤਾ। ਗ੍ਰਹਿਸਤ ਪ੍ਰਧਾਨ ਸਮਾਜ ਦੀ ਹਾਮੀ ਭਰੀ। ਮਨੁੱਖੀ ਏਕਤਾ ਅਤੇ ਭਾਈਚਾਰਕ ਸਾਂਝ ਲਈ ਵਡੇਰੇ ਉਪਰਾਲੇ ਕਰਨ ਦੇ ਨਾਲ-ਨਾਲ ਲੋਕਾਂ ਨੂੰ ਵਿਰਾਗਮਈ ਰੁਚੀਆਂ ਤੋਂ ਵਰਜਿਆ। ਗੁਰੂ ਨਾਨਕ ਦੇਵ ਦੇ ਵਿਅਕਤੀਤਵ ਦੀ ਗੁਰੂ ਅੰਗਦ ਦੇਵ ਜੀ ਤੇ ਇੰਨੀ ਡੂੰਘੀ ਛਾਪ ਸੀ ਕਿ ਆਪ ਜੀ ਦੁਆਰਾ ਰਚਿਤ 62 ਸ਼ਲੋਕਾਂ ਦੇ ਉਦੇਸ਼ ਦੀ ਬਾਬੇ ਨਾਨਕ ਦੇ ਸਲੋਕਾਂ ਦੇ ਉਦੇਸ਼ ਨਾਲ ਕਾਫੀ ਨੇੜਤਾ ਹੈ। ਕਈ ਥਾਵਾਂ 'ਤੇ ਸ਼ਾਬਦਿਕ ਸਾਂਝ ਵੀ ਸਪੱਸ਼ਟ ਵਿਖਾਈ ਦਿੰਦੀ ਹੈ ਜਿਵੇਂ-

**ਦਿਵਸ ਰਾਤ ਦੁਇ ਦਾਈ ਦਾਇਆ।।**
**(ਗੁਰੂ ਨਾਨਕ ਦੇਵ) ਪੰਨਾ-1**
**ਦਿਨਸੁ ਰਾਤਿ ਦੁਇ ਦਾਈ ਦਾਇਆ**
**(ਗੁਰੂ ਅੰਗਦ ਦੇਵ) ਪੰਨਾ 146**

ਗੁਰੂ ਨਾਨਕ ਦੇਵ ਜੀ ਦੀ ਤਰਜ 'ਤੇ ਗੁਰੂ ਅੰਗਦ ਦੇਵ ਜੀ ਦੀ ਬਾਣੀ ਵੀ ਮਨੁੱਖੀ ਸਮਾਜ ਨੂੰ ਸਾਰਥਿਕ ਸੇਧ ਪ੍ਰਦਾਨ ਕਰਨ ਦੇ ਨਾਲ-ਨਾਲ ਜੀਵਨ ਦੇ ਅਨੁਭਵ ਨੂੰ ਵੀ ਬਿਆਨ ਕਰਦੀ ਹੈ।



## ਖੂੰਡੇ ਤੇ ਖੂੰਡੀਆ ਦਾ ਪਿਛੋਕੜ

ਜਥੇਦਾਰ ਜਗਤਾਰ ਸਿੰਘ
ਮੰਗੀ ਭੂਟਾਲ
94170 34015

**ਖੂੰਡੇ** ਤੇ ਖੂੰਡੀਆ ਦਾ ਪਿਛੋਕੜ ਸਦੀਆਂ ਪੁਰਾਣਾ ਹੈ। ਖੂੰਡਾ ਤੇ ਖੂੰਡੀਆ ਦੋਵੇਂ ਸਕੇ ਭੈਣ ਭਰਾਵਾਂ ਵਾਂਗ ਜਾਪਦੇ ਹਨ।ਖੂੰਡਾ ਤੇ ਖੂੰਡੀਆ ਮਨੁੱਖਤਾ ਦੇ ਸੱਚੇ ਦੋਸਤ ਵੀ ਹਨ।ਖੂੰਡੀ ਮਨੁੱਖ ਲਈ ਬੁਢਾਪੇ ਵਿੱਚ ਉੱਠਣ,ਬੈਠਣ ਤੁਰਨ -ਫਿਰਨ ਲਈ ਜਿਆਦਾਤਰ ਕੰਮ ਆਉਦੀ ਹੈ। ਇਸ ਲਈ ਖੂੰਡੀ ਬੁਢਾਪੇ ਦੀ ਡਗੋਰੀ ਵਜੋ ਵੀ ਜਾਣੀ ਜਾਂਦੀ ਹੈ ।ਖੂੰਡਾ ਮਨੁੱਖ ਦੇ ਲਈ ਜਵਾਨੀ ਤੋ ਬੁਢਾਪੇ ਤੱਕ ਸੋਹਣੇਪਣ ਵਿੱਚ ਵਾਧਾ ਕਰਨ ਵਾਲਾ ਹੈ ਅਤੇ ਇਸਨੂੰ ਸਾਦੇ ਹਥਿਆਰ ਵਜੋ ਵੀ ਵਰਤਿਆ ਜਾ ਸਕਦਾ ਹੈ। ਸਮਾਜ ਵਿੱਚ ਬਹੁਤ ਸਾਰੀਆਂ ਅਜਿਹੀਆਂ ਵਸਤੂਆਂ ਹਨ,ਜਿਨ੍ਹਾਂ ਨੇ ਸੈਂਕੜੇ ਸਾਲਾਂ ਤੋ ਲੈ ਕੇ ਅਜੋਕੇ ਸਮੇਂ ਤੱਕ ਆਪਣੀ ਵੱਖਰੀ ਪਛਾਣ ਬਰਕਰਾਰ ਰੱਖੀ ਹੋਈ ਹੈ, ਜਿਨਾਂ ਵਿੱਚ ਖੂੰਡੇ ਤੇ ਖੂੰਡੀ ਦਾ ਨਾਮ ਵੀ ਸ਼ਾਮਲ ਹੈ। ਲੋਕ ਗੀਤਾਂ ਵਿੱਚ ਵੀ ਖੂੰਡਾ ਸਦਾ ਚਰਚਾ ਵਿੱਚ ਰਿਹਾ ਹੈ ਜਿਵੇਂ ਕਿ"ਮੇਰੇ ਬਾਪੂ ਨੇ ਖੂੰਡੇ ਨੂੰ ਤੇਲ ਲਾ ਕੇ ਰੱਖਿਆ" "ਕੱਢ ਦੂ ਤੇਰੀਆਂ ਰੜਕਾਂ ਬਾਪੂ ਦਾ ਖੂੰਡਾ" "ਚੋਰ ਤੇ ਖੂੰਡਾ ਦੋ ਜਾਣੇ" "ਬਾਪੂ ਖੂੰਡੇ ਨੂੰ ਖੜਕਣ ਦੇ" " ਪਾਉਦੇ ਨੇ ਸ਼ੌਕੀਨ ਮੁੰਡੇ ਭੰਗੜੇ ਹੱਥਾਂ ਵਿੱਚ ਖੂੰਡੇ ਫੜ ਕੇ" "ਆਦਿ।ਪੁਰਾਤਨ ਸਮੇਂ ਵਿੱਚ ਖੂੰਡੇ ਤੇ ਖੂੰਡੀਆਂ ਹਿੰਦੂ ਧਰਮ ਦੇ ਧਾਮਾ ਸ੍ਰੀ ਹਰਿਦੁਆਰ, ਰਿਸ਼ੀਕੇਸ਼ ਤੇ ਸ੍ਰੀ ਕੁਰਕਸ਼ੇਤਰ ਤੋਂ ਵਧੀਆ ਕਿਸਮ ਦੇ ਮਿਲਦੇ ਸਨ। ਅਜੋਕੇ ਜਮਾਨੇ ਵਿੱਚ ਬਹੁਤ ਸਾਰੇ ਲੋਕਾਂ ਨੇ ਖੂੰਡੇ -ਖੂੰਡੀਆ ਦੀ ਖਰੀਦ ਵੇਚ ਨੂੰ ਕਿਤੇ ਵਜੋਂ ਵੀ ਅਪਣਾਇਆ ਹੋਇਆ ਹੈ। ਇਹਨਾਂ ਕੋਲੋ ਸਸਤੇ ਅਤੇ ਮਹਿੰਗੇ ਹਰ ਤਰ੍ਹਾਂ ਦੇ ਖੂੰਡੇ ਖੂੰਡੀਆਂ ਮਿਲ ਜਾਂਦੀਆਂ ਹਨ, ਜਿਸ ਕਰਕੇ ਹਰੇਕ ਵਿਅਕਤੀ ਇਹਨਾਂ ਦੀ ਖਰੀਦੋ ਫਰੋਖਤ ਕਰ ਸਕਦਾ ਹੈ।ਪੁਰਾਤਨ ਸਮੇਂ ਤੋਂ ਅਜੋਕੇ ਜਮਾਨੇ ਵਿੱਚ ਵੀ ਖੂੰਡਾ ਤੇ ਖੂੰਡੀ ਹਰ ਤਰ੍ਹਾਂ ਦੇ ਫੰਕਸ਼ਨਾਂ,ਖੁਸ਼ੀਆਂ ਗਮੀਆਂ ਵਿੱਚ ਦੇਖੇ ਜਾਂਦੇ ਹਨ।ਪੰਜਾਬੀ ਪੇਂਡੂ ਸੱਭਿਆਚਾਰਕ ਵਿਰਸੇ ਨੂੰ ਉਜਾਗਰ ਕਰਨ ਵਾਲੇ ਸਾਰੇ ਨਾਟਕਾਂ,ਡਰਾਮਿਆਂ,ਕਾਲਜਾਂ ਦੇ ਫੰਕਸ਼ਨ ਅਤੇ ਹਰ ਤਰ੍ਹਾਂ ਦੇ ਪੇਂਡੂ ਤੇ ਸ਼ਹਿਰੀ ਮੇਲਿਆਂ ਵਿੱਚ ਵਰਤੇ ਜਾਂਦੇ ਹਨ। ਖੂੰਡੇ ਤੇ ਖੂੰਡੀ ਦੀ ਆਪਣੀ ਵੱਖਰੀ ਹੀ ਪਹਿਚਾਣ ਹੁੰਦੀ ਹੈ। ਸਿੱਖ ਧਰਮ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੀਆਂ 12 ਮਿਸਲਾਂ ਵਿੱਚੋ ਇੱਕ, ਘਨਈਆ ਮਿਸਲ ਦੇ ਬਾਨੀ ਸਰਦਾਰ ਜੈ ਸਿੰਘ (ਸੰਧੂ ਜੱਟ) ਦੇ ਵਾਰਿਸ ਅੱਜ ਵੀ ਖੂੰਡੇ ਵਾਲੇ ਸਰਦਾਰਾਂ ਦੇ ਨਾਮ ਨਾਲ ਜਾਣੇ ਜਾਂਦੇ ਹਨ ਤੇ ਮਹੱਤਵਪੂਰਨ ਪਰਿਵਾਰਾਂ ਵਿੱਚ ਸ਼ਾਮਿਲ ਹਨ। ਗੁਰਦਾਸਪੁਰ ਜ਼ਿਲ੍ਹੇ ਦੇ ਕਸਬਾ ਧਾਰੀਵਾਲ ਕੋਲ ਇੱਕ ਪਿੰਡ ਖੂੰਡਾ ਜੋ ਅੱਜ ਵੀ ਚਰਚਾ ਵਿੱਚ ਹੈ। ਇਸ ਪਿੰਡ ਵਿੱਚ ਘਨਈਆ ਮਿਸਲ ਦੇ ਸਮੇਂ ਦਾ ਇਕ ਕਿਲਾ ਪੂਰੀ ਸਾਫ ਸੁਥਰੀ ਦਿਖ ਤੇ ਪੂਰੀ ਚੜ੍ਹਦੀ ਕਲ੍ਹਾ ਵਿੱਚ ਅੱਜ ਵੀ ਮੌਜੂਦ ਹੈ। ਖੂੰਡੇ ਖੂੰਡੀਆਂ ਆਮ ਤੌਰ ਤੇ ਬਾਂਸ ਜਾਂ ਬੈਤ ਦੇ ਹੀ ਹੁੰਦੇ ਸਨ,ਪਰੰਤੂ ਪੰਜਾਬ ਦੇ ਪੇਂਡੂ ਖੇਤਰਾਂ ਵਿੱਚ "ਲੋਕ ਖੇਡਾਂ"ਵਿੱਚ ਸ਼ਾਮਿਲ ਖਿਦੋ-ਖੂੰਡੀ ਖੇਡਣ ਲਈ ਪੇਂਡੂ ਨੌਜਵਾਨ ਪੁਰਾਤਨ ਦਰਖਤ ਟਾਹਲੀ,ਨਿੰਮ,ਕਿੱਕਰ,ਬੇਰੀ ਜਾਂ ਤੂਤ ਆਦਿ ਦੇ ਦਰਖਤਾਂ ਦੇ ਟਾਹਣੇ ਵਢ ਕੱਟ ਕੇ ਵੀ ਖੂੰਡੇ -ਖੂੰਡੀਆਂ ਬਣਾ ਲੈਂਦੇ ਸਨ। ਖਿਦੋ-ਖੂੰਡੀ ਖੇਡਣ ਲਈ ਖੂੰਡੇ ਖੂੰਡੀਆ ਨੂੰ ਬਿਲਕੁਲ ਉਲਟ (ਉੱਪਰਲਾ ਪਾਸਾ ਥੱਲੇ ਅਤੇ ਥੱਲੇ ਵਾਲਾ ਪਾਸਾ ਉੱਪਰ) ਕਰਕੇ ਵਰਤਿਆ ਜਾਂਦਾ ਹੈ।ਹਾਕੀ ਦੀ ਖੇਡ ਵੀ ਖਿਦੋ-ਖੂੰਡੀ ਖੇਡ ਵਿੱਚੋ ਹੀ ਉਨਤ ਹੋਈ ਹੈ। ਖਿਦੋ-ਖੂਡੀ ਖੇਡ ਵਿੱਚ ਗੇਂਦ ਦੀ ਥਾਵੇ ਹੱਥਾਂ ਨਾਲ ਲੀਰਾਂ ਅਤੇ ਰੱਸੀਆਂ ਦੀ ਮੜ੍ਹੀ ਹੋਈ ਖਿਦੋ ਹੁੰਦੀ ਸੀ। ਇਸ ਖੇਡ ਨੂੰ ਖੇਡਣ ਲਈ ਅੱਠ ਦੇ ਕਰੀਬ ਨੌਜਵਾਨ ਦੋ ਟੋਲੀਆਂ ਵਿੱਚ ਵੰਡੇ ਜਾਂਦੇ ਸਨ, ਇਹਨਾਂ ਦੀ ਗਿਣਤੀ ਵੱਧ ਘੱਟ ਵੀ ਹੋ ਜਾਂਦੀ ਸੀ। ਇਹ ਠੀਕ ਹਾਕੀ ਦੀ ਤਰ੍ਹਾਂ ਹੀ ਗੋਲ ਕਰਦੇ ਸਨ। ਪੁਰਾਤਨ ਸਮੇਂ ਵਿੱਚ ਇਸ ਖੇਡ ਵਿੱਚ ਜਿਆਦਾਤਰ ਪਸ਼ੂ ਚਾਰਕ (ਪਾਲੀ) ਹੀ ਭਾਗ ਲੈਂਦੇ ਸਨ। ਇਹ ਖੇਡ ਹੁਣ ਹੌਲੀ ਹੌਲੀ ਅਲੋਪ ਹੁੰਦੀ ਜਾ ਰਹੀ ਹੈ। ਪੁਰਾਤਨ ਸਮਿਆਂ ਵਿੱਚ ਮੇਲਿਆਂ ਦੀ ਬਹੁਤ ਜਿਆਦਾ ਭਰਮਾਰ ਹੁੰਦੀ ਸੀ। ਇਹਨਾਂ ਵਿੱਚ ਪਸ਼ੂ ਮੇਲੇ ਵੀ ਸ਼ਾਮਿਲ ਹੁੰਦੇ ਸਨ,ਕਿਉਕਿ ਇਹਨਾਂ ਸਮਿਆਂ ਵਿੱਚ ਜਿਆਦਾਤਰ ਪਸ਼ੂਆਂ ਤੋਂ ਹੀ ਕੰਮ ਲਿਆ ਜਾਂਦਾ ਸੀ ਜਿਵੇਂ ਕਿ ਆਵਾਜਾਈ ਲਈ ਉਠ,ਘੋੜੇ,ਦੁਧਾਰੂ ਪਸ਼ੂਆਂ ਮੱਝਾਂ ਤੇ ਗਾਵਾਂ ਅਤੇ ਬਲਦਾਂ ਤੋਂ ਖੇਤੀਬਾੜੀ ਦਾ ਕੰਮ ਲਿਆ ਜਾਂਦਾ ਸੀ। ਇਸ ਲਈ ਪਸ਼ੂਆਂ ਦੀ ਖਰੀਦ-ਵੇਚ ਬਹੁਤ ਵੱਡੇ ਪੱਧਰ ਤੇ ਹੁੰਦੀ ਸੀ। ਇਨਾ ਮੇਲਿਆਂ ਵਿੱਚੋ ਨੌਜਵਾਨ ਆਪਣੀ ਸੁੰਦਰਤਾ ਤੇ ਸੁਹੱਪਣ ਵਿੱਚ ਵਾਧਾ ਕਰਨ ਲਈ ਆਪਣੇ ਸਰੀਰਕ ਅੰਗਾਂ ਜਿਵੇਂ ਕਿ ਡੌਲਿਆਂ ,ਪੱਟਾਂ ਤੇ ਖੂੰਡਿਆਂ ਉੱਪਰ ਵੱਖ ਵੱਖ ਤਰ੍ਹਾਂ ਦੇ ਜਿਵੇਂ ਕਿ ਮੋਰ ਮੋਰਨੀ, ਚੰਦ ਜਾਂ ਸ਼ੇਰਾਂ ਦੇ ਛਾਪੇ ਛਪਵਾ ਲੈਂਦੇ ਸਨ। ਪੁਰਾਤਨ ਸਮਿਆਂ ਵਿੱਚ ਵਿਆਹਾਂ ਅਤੇ ਹੋਰ ਖੁਸ਼ੀਆਂ ਵਿੱਚ ਵਿਅਕਤੀਆਂ ਵੱਲੋ ਪੰਜਾਬੀਆਂ ਦਾ ਮਸ਼ਹੂਰ ਪਹਿਰਾਵਾ ਕੁੜਤਾ, ਚਾਦਰਾ, ਨੋਕਾਂ ਵਾਲੀ ਜੁੱਤੀ ਅਤੇ ਤੁਰਲੇ ਵਾਲੀ ਪੱਗ ਜਿਆਦਾ ਬੰਨੀ ਜਾਂਦੀ ਸੀ। ਇਹਨਾਂ ਮੌਕਿਆਂ ਤੇ ਵਿਅਕਤੀਆਂ ਵੱਲੋ ਆਪਣੀ ਸੁੰਦਰ ਸੁਹੱਪਣ ਦਿੱਖ ਵਿਚ ਵਾਧਾ ਕਰਨ ਲਈ ਸੋਨੇ ਦੇ ਕੈਂਠੇ ਗਲਾਂ ਵਿੱਚ ਪਾ ਕੇ ਅਤੇ ਹੱਥ ਵਿੱਚ ਪਿੱਤਲ ਦੀਆਂ ਪੱਤੀਆਂ ਅਤੇ ਪਿੱਤਲ ਦੇ ਕੋਕਿਆਂ ਨਾਲ ਜੜਿਆ ਖੂੰਡਾ ਸੁੰਦਰਤਾ ਨੂੰ ਹੋਰ ਵੀ ਚਾਰ ਚੰਨ ਲਾ ਦਿੰਦਾ ਸੀ। ਇਸ ਤਰ੍ਹਾਂ ਅਜਿਹੇ ਵਿਅਕਤੀਆਂ ਦੀ ਵੱਖਰੀ ਹੀ ਦਿੱਖ ਹੁੰਦੀ ਸੀ ਅਤੇ ਅਜਿਹੇ ਵਿਅਕਤੀ ਪੂਰੀ ਖੁਸ਼ੀ ਵਿੱਚ ਚਹਿਕਦੇ ਹੋਏ ਹਰ ਇੱਕ ਵਿਅਕਤੀ ਲਈ ਖਿੱਚ ਦਾ ਕੇਂਦਰ ਬਣਦੇ ਸਨ, ਕਈ ਵਾਰ ਤਾਂ ਇੰਝ ਲੱਗਦਾ ਸੀ ਕਿ ਇਹਨਾਂ ਵਿਅਕਤੀਆਂ ਨੇ ਪੂਰੇ ਮੇਲੇ ਨੂੰ ਆਪਣੇ ਵਸ ਵਿਚ ਕਰ ਲਿਆ ਹੋਵੇ। ਅਜੋਕੇ ਜਮਾਨੇ ਵਿੱਚ ਵੀ ਖੂੰਡੇ ਨੇ ਆਪਣੀ ਵੱਖਰੀ ਪਹਿਚਾਣ ਬਰਕਰਾਰ ਰੱਖੀ ਹੋਈ ਹੈ। ਖੁਸ਼ੀਆਂ ਭਰੇ ਮਾਹੌਲ ਵਿਆਹ ਸਮਾਗਮਾਂ ਆਦਿ ਵਿੱਚ ਵੀ ਇੱਕ ਅੱਧ ਬਜ਼ੁਰਗ ਹੱਥ ਵਿੱਚ ਪਿੱਤਲ ਦੇ ਕੋਕੇ ਜੜਿਆ ਖੂੰਡੇ ਵਾਲਾ ਮਿਲ ਜਾਂਦਾ ਹੈ। ਇਸ ਤੋ ਇਲਾਵਾ ਖੁਸ਼ੀਆਂ ਦੇ ਸਮਾਗਮਾਂ,ਸਕੂਲ,ਕਾਲਜਾਂ ਦੇ ਫੰਕਸ਼ਨਾਂ ਤੇ ਵਿਆਹਾਂ ਸਮਾਗਮਾਂ ਵਿਚ ਖੁਸ਼ੀਆਂ ਵਿੱਚ ਵਾਧਾ ਕਰਨ ਲਈ ਬੁਲਾਏ ਜਾਂਦੇ ਬੈਂਡ ਵਾਜੇ ਵਾਲਿਆ, ਪੰਜਾਬੀ ਪਹਿਰਾਵਾ ਆਰਕੈਸਟਰਾ ਅਤੇ ਹੋਰ ਕਲਾਕਾਰਾਂ ਦੇ ਸਮਾਗਮਾਂ ਵਿੱਚ ਵੀ ਪੁਰਾਤਨ ਸਮੇਂ ਅਨੁਸਾਰ ਪੰਜਾਬੀ ਪਹਿਰਾਵਾ, ਕੁੜਤਾ, ਚਾਦਰਾ, ਬਜਾਰੂ ਕੈਂਠੇ,ਨੋਕਾਂ ਵਾਲੀ ਜੁੱਤੀ ਅਤੇ ਤੁਰਲੇ ਵਾਲੀ ਪੱਗ ਬੰਨ੍ਹ ਕੇ ਤੇ ਹੱਥਾਂ ਵਿੱਚ ਪਿੱਤਲ ਦੀਆਂ ਪੱਤੀਆਂ ਅਤੇ ਪਿੱਤਲ ਦੇ ਕੋਕੇ ਜੜਿਆ ਖੂੰਡਾ ਫੜ ਕੇ ਆਪਣੇ ਸਮਾਗਮ ਨੂੰ ਸਫਲਤਾ ਵੱਲ ਲੈ ਕੇ ਜਾਂਦੇ ਹਨ। ਇਸ ਤਰ੍ਹਾਂ ਮਹਿਸੂਸ ਹੋ ਰਿਹਾ ਹੈ ਕਿ ਜਿਵੇਂ ਪੁਰਾਤਨ ਪਹਿਰਾਵੇ ਅਤੇ ਖੂੰਡੇ ਤੇ ਖੂੰਡੀਆਂ ਤੋ ਬਿਨਾਂ ਅੱਜ ਦੇ ਖੁਸ਼ੀਆਂ ਭਰੇ ਸਮਾਗਮ ਅਧੂਰੇ ਰਹਿ ਜਾਂਦੇ ਹੋਣ ? ਇਹਨਾਂ ਸਮਾਗਮਾਂ ਵਿੱਚ ਬਹੁਤ ਸਾਰੇ ਨੌਜਵਾਨ ਇਹਨਾਂ ਪੰਜਾਬੀ ਪਹਿਰਾਵੇ ਵਾਲੇ ਗਾਇਕਾਂ ਨਾਲ ਤਸਵੀਰਾਂ ਬਣਾਉਦੇ ਵੀ ਨਜ਼ਰ ਆਉਦੇ ਹਨ। ਮੇਰੇ ਵੱਲੋਂ ਬਹੁਤ ਹੀ ਸੋਚ ਸਮਝ ਕੇ ਲਿਖਿਆ ਗਿਆ ਹੈ। ਫਿਰ ਵੀ ਜੇਕਰ ਕੋਈ ਗਲਤੀ ਰਹਿ ਗਈ ਹੋਵੇ ਤਾਂ ਮੁਆਫੀ ਚਾਹੁੰਦੇ ਆ ਜੀ। ਫਤਿਹ ਪ੍ਰਵਾਨ ਕਰੋ ਜੀ। ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤਿਹ।

**ਸਿੱਖ ਧਰਮ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੀਆਂ 12 ਮਿਸਲਾਂ ਵਿੱਚੋਂ ਇੱਕ, ਘਨਈਆ ਮਿਸਲ ਦੇ ਬਾਨੀ ਸਰਦਾਰ ਜੈ ਸਿੰਘ (ਸੰਧੂ ਜੱਟ) ਦੇ ਵਾਰਿਸ ਅੱਜ ਵੀ ਖੂੰਡੇ ਵਾਲੇ ਸਰਦਾਰਾਂ ਦੇ ਨਾਮ ਨਾਲ ਜਾਣੇ ਜਾਂਦੇ ਹਨ ਤੇ ਮਹੱਤਵਪੂਰਨ ਪਰਿਵਾਰਾਂ ਵਿੱਚ ਸ਼ਾਮਿਲ ਹਨ। ਗੁਰਦਾਸਪੁਰ ਜ਼ਿਲ੍ਹੇ ਦੇ ਕਸਬਾ ਧਾਰੀਵਾਲ ਕੋਲ ਇੱਕ ਪਿੰਡ ਖੂੰਡਾ ਜੋ ਅੱਜ ਵੀ ਚਰਚਾ ਵਿੱਚ ਹੈ। ਇਸ ਪਿੰਡ ਵਿੱਚ ਘਨਈਆ ਮਿਸਲ ਦੇ ਸਮੇਂ ਦਾ ਇਕ ਕਿਲਾ ਪੂਰੀ ਸਾਫ ਸੁਥਰੀ ਦਿਖ ਤੇ ਪੂਰੀ ਚੜ੍ਹਦੀ ਕਲ੍ਹਾ ਵਿੱਚ ਅੱਜ ਵੀ ਮੌਜੂਦ ਹੈ।**

# ਬਰਨਾਲਾ ਵਿਖੇ ਕੌਮੀ ਲੋਕ ਅਦਾਲਤ ਲਗਾਈ

ਬਰਨਾਲਾ, 14 ਸਤੰਬਰ, (ਬਘੇਲ ਸਿੰਘ ਧਾਲੀਵਾਲ) : ਕੌਮੀ ਕਾਨੂੰਨੀ ਸੇਵਾਵਾਂ ਅਥਾਰਟੀ, ਨਵੀਂ ਦਿੱਲੀ ਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ.ਨਗਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਕਚਹਿਰੀ ਕੰਪਲੈਕਸ,




ਬਰਨਾਲਾ ਵਿਖੇ ਕੌਮੀ ਲੋਕ ਅਦਾਲਤ ਦਾ ਆਯੋਜਨ ਕੀਤਾ ਗਿਆ। ਬੀ.ਬੀ.ਐਸ. ਤੇਜ਼ੀ, ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ—ਸਹਿਤ—ਚੇਅਰਮੈਨ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਬਰਨਾਲਾ ੀ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਹਰ ਤਰ੍ਹਾਂ ਦੇ ਪ੍ਰੀ—ਲਿਟੀਗੇਟਿਵ ਅਤੇ ਪੈਂਡਿੰਗ ਕੇਸਾਂ ਦਾ ਸਮਝੌਤਾ ਕਰਕੇ ਨਿਪਟਾਰਾ ਕਰਨ ਲਈ ਬਕਰਮਜੀਤ ਸਿੰਘ , ਵਧੀਕ ਜ਼ਿਲ੍ਹਾ ਅਤੇ ਸੈਸ਼ਨਜ ਜੱਜ, ਦੀਪਕ ਕੁਮਾਰ ਚੌਧਰੀ ਪ੍ਰਿੰਸੀਪਲ ਜੱਜ ਫੈਮਿਲੀ ਕੋਰਟ, ਮੁਨੀਸ਼ ਗਰਗ, ਸਿਵਲ ਜੱਜ (ਸ.ਡ.), ਸੁਧੀਰ ਕੁਮਾਰ, ਵਧੀਕ ਸਿਵਲ ਜੱਜ (ਸ.ਡ.) ਅਨੁਪਮ ਗੁਪਤਾ, ਸਿਵਲ ਜੱਜ (ਜ.ਡ), ਮਿਸ ਨੀਹਾਰਿਕਾ ਸਿੰਗਲਾ ਸਿਵਲ ਜੱਜ (ਜ.ਡ.) ਅਤੇ ਰਜਿੰਦਰਪਾਲ ਗੋਇਲ, ਚੇਅਰਮੈਨ, ਸਥਾਈ ਲੋਕ ਅਦਾਲਤ ਦੇ ਕੁੱਲ 07 ਬੈਂਚਾਂ ਦਾ ਗਠਨ ਕੀਤਾ ਗਿਆ। ਮਦਨ ਲਾਲ, ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਬਰਨਾਲਾ ਨੇ ਦੱਸਿਆ ਕਿ ਇਸ ਨੈਸ਼ਨਲ ਲੋਕ ਅਦਾਲਤ ਵਿੱਚ ਕੁੱਲ 14565 ਕੇਸਾਂ ਦੀ ਸੁਣਵਾਈ ਕੀਤੀ ਗਈ ਅਤੇ ਜਿਨ੍ਹਾਂ ਵਿੱਚੋਂ 10525 ਕੇਸਾਂ ਦਾ ਨਿਪਟਾਰਾ ਕੀਤਾ ਗਿਆ ਅਤੇ 5,96,33,727/- ਰੁਪਏ ਦੇ ਐਵਾਰਡ ਪਾਸ ਕੀਤੇ ਗਏ ਅੰਤ ਵਿੱਚ ਮਾਨਯੋਗ ਜਿਲ੍ਹਾ ਅਤੇ ਸੈਸ਼ਨਜ਼ ਜੱਜ—ਸਹਿਤ—ਚੇਅਰਮੈਨ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਬਰਨਾਲਾ ਜੀ ਨੇ ਦੱਸਿਆ ਕਿ ਇਹਨਾਂ ਲੋਕ ਅਦਾਲਤਾਂ ਦੇ ਬਹੁਤ ਸਾਰੇ ਲਾਭ ਹਨ ਜਿਵੇਂ ਕਿ ਕੇਸਾਂ ਦਾ ਜਲਦੀ ਨਿਪਟਾਰਾ, ਲੋਕ ਅਦਾਲਤ ਦੇ ਫੈਸਲੇ ਨੂੰ ਦੀਵਾਨੀ ਕੋਰਟ ਦੀ ਡਿਕਰੀ ਦੀ ਮਾਨਤਾ ਪ੍ਰਾਪਤ ਹੈ, ਲੋਕ ਅਦਾਲਤ ਦੇ ਫੈਸਲੇ ਖਿਲਾਫ ਕੋਈ ਅਪੀਲ ਨਹੀਂ ਹੁੰਦੀ ਅਤੇ ਫੈਸਲੇ ਅੰਤਿਮ ਹੁੰਦੇ ਹਨ, ਲੋਕ ਅਦਾਲਤ ਦੇ ਫੈਸਲੇ ਆਪਸੀ ਸਮਝੌਤੇ ਨਾਲ ਕਰਵਾਏ ਜਾਂਦੇ ਹਨ, ਜਿਸ ਨਾਲ ਧਿਰਾਂ ਅਤੇ ਸਮਾਜ਼ ਵਿੱਚ ਵੱਡੇ ਪੱਧਰ ਦੇ ਸ਼ਾਂਤੀ ਬਹਾਲ ਹੁੰਦੀ ਹੈ, ਲੋਕ ਅਦਾਲਤ ਵਿੱਚ ਫੈਸਲਾ ਹੋਣ ਉਪਰੰਤ ਕੇਸ ਵਿੱਚ ਲੱਗੀ ਸਾਰੀ ਕੋਰਟ ਫੀਸ ਵਾਪਿਸ ਮਿਲ ਜਾਂਦੀ ਹੈ।

# ਐਨ.ਐਸ.ਐਸ. ਦੇ ਛੇਵੇਂ ਦਿਨ ਵਾਈ.ਐਸ. ਕਾਲਜ ਗੂੰਜਿਆ ਰਾਗ ਤੇ ਰੰਗਾਂ ਨਾਲ



ਬਰਨਾਲਾ, 14 ਸਤੰਬਰ (ਬਘੇਲ ਸਿੰਘ ਧਾਲੀਵਾਲ) : ਵਾਈ ਐਸ ਕਾਲਜ ਜਿਸਨੂੰ ਸਾਲ 2022 ਦੀ ਸਭ ਤੋਂ ਉੱਭਰਦੀ ਉੱਚ ਸਿੱਖਿਆ ਸੰਸਥਾ ਵਜੋਂ ਸਨਮਾਨਿਤ ਕੀਤਾ ਗਿਆ, ਨੇ 6ਵੇਂ ਦਿਨ, 13 ਸਤੰਬਰ ਨੂੰ ਆਪਣੇ ਐਨ ਐਸ ਐਸ ਰਿਹਾਇਸ਼ੀ ਪ੍ਰੋਗਰਾਮ ਨੂੰ ਬਹੁਤ ਹੀ ਜੋਸ਼ ਨਾਲ ਅੱਗੇ ਵਧਾਇਆ। ਦਿਨ ਦਾ ਥੀਮ ਕਲਪਨਾ ਗਾਉਣ ਵਿੱਚ ਕਿਵੇਂ ਮਦਦ ਕਰਦੀ ਹੈ, ਇਹ ਸੈਸ਼ਨ ਪੂਰੀ ਤਰ੍ਹਾਂ ਸੰਗੀਤ ਨੂੰ ਸਮਰਪਿਤ ਕੀਤਾ। ਇਸ ਸੈਸ਼ਨ ਵਿੱਚ ਲਗਭਗ 120 ਤੋਂ ਵੱਧ ਵਿਦਿਆਰਥੀ ਮੌਜੂਦ ਸਨ। ਇਸ ਸੈਸ਼ਨ ਦਾ ਮਾਰਗਦਰਸ਼ਨ ਰਵਿੰਦਰਜੀਤ ਕੌਰ ਦੁਆਰਾ ਕੀਤਾ ਗਿਆ, ਜੋ ਸੰਗੀਤ ਸਿੱਖਿਆ ਵਿੱਚ ਇੱਕ ਬਹੁਤ ਹੀ ਮਾਨਤਾ ਪ੍ਰਾਪਤ ਨਾਮ ਹੈ, ਜਿਨ੍ਹਾਂ ਕੋਲ ਸੰਗੀਤ ਵਿੱਚ 15 ਸਾਲਾਂ ਤੋਂ ਵੱਧ ਦਾ ਤਜਰਬਾ ਹੈ ਅਤੇ ਤਕਨੀਕੀ ਹੁਨਰ ਨੂੰ ਸਿਰਜਣਾਤਮਕਤਾ ਨਾਲ ਮਿਲਾਉਣ ਦੀ ਆਪਣੀ ਯੋਗਤਾ ਲਈ ਵੀ ਜਾਣੀ ਜਾਂਦੀ ਹੈ। ਉਹਨਾ ਨਾ ਸਿਰਫ਼ ਗਾਇਕੀ ਨੂੰ ਵਧਾਉਣ ਵਿੱਚ ਕਲਪਨਾ ਦੀ ਭੂਮਿਕਾ ਬਾਰੇ ਗੱਲ ਕੀਤੀ, ਸਗੋਂ ਇਹ ਵੀ ਦਿਖਾਇਆ ਕਿ ਜੇਕਰ ਹਰ ਕੋਈ ਸਿੱਖਣ ਲਈ ਖੁੱਲ੍ਹਾ ਹੈ, ਤਾਂ ਉਸ ਵਿੱਚ ਗਾਉਣ ਦੀ ਸਮਰੱਥਾ ਕਿਵੇਂ ਹੈ। ਰਵਿੰਦਰਜੀਤ ਕੌਰ ਮੈਡਮ ਨੇ ਕਿਹਾ ਕਿ ਗਾਇਨ ਇੱਕ ਸੰਪੂਰਨ ਆਵਾਜ਼ ਹੋਣ ਬਾਰੇ ਨਹੀਂ ਹੈ, ਸਗੋਂ ਇਸ ਬਾਰੇ ਹੈ ਕਿ ਅਸੀਂ ਸੰਗੀਤ ਨੂੰ ਪ੍ਰਗਟ ਕਰਨ ਲਈ ਕਲਪਨਾ ਅਤੇ ਅਭਿਆਸ ਦੀ ਵਰਤੋਂ ਕਿਵੇਂ ਕਰਦੇ ਹਾਂ। ਉਸਨੇ ਇਸ ਮਿੱਥ ਨੂੰ ਤੋੜਿਆ ਕਿ ਸਿਰਫ ਪ੍ਰਤਿਭਾ ਨਾਲ ਪੈਦਾ ਹੋਏ ਲੋਕ ਹੀ ਗਾ ਸਕਦੇ ਹਨ, ਇਸ ਦੀ ਬਜਾਏ ਇਹ ਦਿਖਾਇਆ ਕਿ ਸਹੀ ਮਾਰਗਦਰਸ਼ਨ ਨਾਲ, ਕੋਈ ਵੀ ਆਪਣੇ ਗਾਉਣ ਦੇ ਤਰੀਕੇ ਨੂੰ ਬਦਲ ਸਕਦਾ ਹੈ। ਸੈਸ਼ਨ ਨੂੰ ਇੰਟਰਐਕਟਿਵ ਬਣਾਉਣ ਲਈ, ਉਸਨੇ ਸਾਰੇ ਦਰਸ਼ਕਾਂ ਨੂੰ ਸਧਾਰਨ ਆਰਾਮ ਅਤੇ ਵੋਕਲ ਅਭਿਆਸਾਂ ਵਿੱਚ ਸ਼ਾਮਲ ਕੀਤਾ, ਉਹਨਾਂ ਨੂੰ ਅੰਦਰ ਸੰਗੀਤ ਨੂੰ ਮਹਿਸੂਸ ਕਰਨ ਅਤੇ ਬਿਨਾਂ ਕਿਸੇ ਡਰ ਦੇ ਇਸਦਾ ਆਨੰਦ ਲੈਣ ਵਿੱਚ ਮਦਦ ਕੀਤੀ। ਮਾਹੌਲ ਜੀਵੰਤ ਹੋ ਗਿਆ ਕਿਉਂਕਿ ਵਿਦਿਆਰਥੀਆਂ ਅਤੇ ਫੈਕਲਟੀ ਮੈਂਬਰਾਂ ਦੋਵਾਂ ਨੇ ਉਤਸ਼ਾਹ ਨਾਲ ਹਿੱਸਾ ਲਿਆ। ਉਨ੍ਹਾਂ ਦੇ ਦ੍ਰਿਸ਼ਟੀਕੋਣ ਨੇ ਬਹੁਤ ਸਾਰੇ ਲੋਕਾਂ ਲਈ ਸੰਗੀਤ ਦੀ ਧਾਰਨਾ ਨੂੰ ਬਦਲ ਦਿੱਤਾ। ਵਿਦਿਆਰਥੀ, ਜੋ ਪਹਿਲਾਂ ਸੋਚਦੇ ਸਨ ਕਿ ਗਾਇਕੀ ਉਨ੍ਹਾਂ ਦੀ ਪਹੁੰਚ ਤੋਂ ਬਾਹਰ ਹੈ, ਨੇ ਖੋਜ ਕੀਤੀ ਕਿ ਕਲਪਨਾ, ਅਨੁਸ਼ਾਸਨ ਅਤੇ ਖੁੱਲ੍ਹੇਪਨ ਗਾਇਕੀ ਨੂੰ ਕਿਵੇਂ ਮਜ਼ੇਦਾਰ ਅਤੇ ਪਹੁੰਚਯੋਗ ਬਣਾ ਸਕਦੇ ਹਨ। ਇਸ ਤੋਂ ਬਾਅਦ ਹੋਏ ਪ੍ਰਦਰਸ਼ਨਾਂ ਨੇ ਇਸ ਨਵੇਂ ਆਤਮਵਿਸ਼ਵਾਸ ਨੂੰ ਦਰਸਾਇਆ, ਜਿਸ ਨਾਲ ਦਰਸ਼ਕਾਂ ਨੂੰ ਹੈਰਾਨ ਅਤੇ ਪ੍ਰੇਰਿਤ ਦੋਵੇਂ ਕੀਤਾ ਗਿਆ। ਕਾਲਜ ਡਾਇਰੈਕਟਰ, ਵਰੁਣ ਭਾਰਤੀ ਨੇ ਸੈਸ਼ਨ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਸੰਗੀਤ ਇੱਕ ਵਿਸ਼ਵਵਿਆਪੀ ਭਾਸ਼ਾ ਹੈ ਜੋ ਦਿਲਾਂ ਅਤੇ ਦਿਮਾਗਾਂ ਨੂੰ ਜੋੜਦੀ ਹੈ। ਉਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਅਜਿਹੇ ਪ੍ਰੋਗਰਾਮ ਰਚਨਾਤਮਕਤਾ ਅਤੇ ਸਵੈ-ਪ੍ਰਗਟਾਵੇ ਨੂੰ ਬਾਹਰ ਲਿਆਉਂਦੇ ਹਨ, ਜੋ ਕਿ ਚੰਗੀ ਤਰ੍ਹਾਂ ਗੋਲ ਸ਼ਖਸੀਅਤਾਂ ਲਈ ਜ਼ਰੂਰੀ ਗੁਣ ਹਨ। ਪ੍ਰਿੰਸੀਪਲ ਗੁਰਪਾਲ ਸਿੰਘ ਰਾਣੇ ਨੇ ਵੀ ਇਸ ਪਹਿਲਕਦਮੀ ਦੀ ਸ਼ਲਾਘਾ ਕੀਤੀ, ਇਹ ਨੋਟ ਕਰਦੇ ਹੋਏ ਕਿ ਵਿਦਿਆਰਥੀਆਂ ਨੂੰ ਸੰਗੀਤ ਨਾਲ ਨਾ ਸਿਰਫ਼ ਮਨੋਰੰਜਨ ਵਜੋਂ, ਸਗੋਂ ਆਰਾਮ, ਵਿਸ਼ਵਾਸ ਅਤੇ ਭਾਵਨਾਤਮਕ ਤੰਦਰੁਸਤੀ ਲਈ ਇੱਕ ਸ਼ਕਤੀਸ਼ਾਲੀ ਸਾਧਨ ਵਜੋਂ ਜੁੜਦੇ ਦੇਖਣਾ ਤਾਜ਼ਗੀ ਭਰਪੂਰ ਸੀ। ਐਨਐਸਐਸ ਹਫ਼ਤੇ ਦਾ 6ਵਾਂ ਦਿਨ ਇੱਕ ਸੁਰੀਲੇ, ਉਤਸ਼ਾਹਜਨਕ ਨੋਟ 'ਤੇ ਸਮਾਪਤ ਹੋਇਆ, ਇਹ ਸਾਬਤ ਕਰਦਾ ਹੈ ਕਿ ਜਦੋਂ ਸੰਗੀਤ, ਕਲਪਨਾ ਨਾਲ ਜੋੜਿਆ ਜਾਂਦਾ ਹੈ, ਤਾਂ ਉਹ ਸੱਚਮੁੱਚ ਸਾਡੇ ਆਪਣੇ ਆਪ ਨੂੰ ਅਤੇ ਦੁਨੀਆ ਨੂੰ ਦੇਖਣ ਦੇ ਤਰੀਕੇ ਨੂੰ ਬਦਲ ਸਕਦਾ ਹੈ।

# ਪ੍ਰਾਚੀਨ ਗਊਸ਼ਾਲਾ ਬਰਨਾਲਾ ਦੇ ਮੁੱਖ ਸੇਵਾਦਾਰ ਅਤੇ ਵਪਾਰੀ ਆਗੂ ਅਮਰਜੀਤ ਕਾਲੇਕੇ 'ਤੇ ਹੋਇਆ ਜਾਨਲੇਵਾ ਹਮਲਾ



ਬਰਨਾਲਾ, 14 ਸਤੰਬਰ (ਸੁਖਵਿੰਦਰ ਸਿੰਘ ਭੰਡਾਰੀ) : ਬੀਤੀ ਰਾਤ ਕਰੀਬ 8 ਵਜੇ ਗੋਬਿੰਦ ਕਲੋਨੀ ਬਰਨਾਲਾ ਦੀ ਦੋ ਨੰਬਰ ਗਲੀ ਦੇ ਕੋਨੇ ਤੇ ਮੋਟਰਸਾਈਕਲ ਸਵਾਰ ਦੋ ਨਕਾਬਪੋਸ਼ ਨੌਜਵਾਨਾਂ ਨੇ ਪ੍ਰਾਚੀਨ ਗਊਸ਼ਾਲਾ ਦੇ ਮੁੱਖ ਸੇਵਾਦਾਰ ਅਤੇ ਵਪਾਰੀ ਆਗੂ ਅਮਰਜੀਤ ਕਾਲੇਕੇ ਤੇ ਰਾਡਾਂ ਨਾਲ ਜਾਨ ਲੇਵਾ ਹਮਲਾ ਕਰ ਦਿੱਤਾ।ਅਮਰਜੀਤ ਕਾਲੇਕੇ ਵੱਲੋਂ ਰੌਲਾ ਪਾਉਣ ਤੇ ਹਮਲਾਵਰ ਫ਼ਰਾਰ ਹੋ ਗਏ। ਹਮਲੇ ਚ ਗੰਭੀਰ ਜ਼ਖਮੀ ਹੋਏ ਅਮਰਜੀਤ ਕਾਲੇਕੇ ਨੂੰ ਹਸਪਤਾਲ ਪਹੁੰਚਾਇਆ ਗਿਆ, ਜਿੱਥੇ ਡਾਕਟਰਾਂ ਨੇ ਉਹਨਾਂ ਦੇ ਸਿਰ ਤੇ ਟਾਂਕੇ ਲਗਾ ਕੇ ਇਲਾਜ ਸ਼ੁਰੂ ਕਰ ਦਿੱਤਾ। ਅਮਰਜੀਤ ਕਾਲੇਕੇ ਸਿਵਲ ਹਸਪਤਾਲ ਬਰਨਾਲਾ ਵਿਖੇ ਜੇਰੇ ਇਲਾਜ ਹਨ। ਅਮਰਜੀਤ ਕਾਲੇਕੇ ਨੇ ਗੱਲਬਾਤ ਕਰਨ ਤੇ ਦੱਸਿਆ ਕਿ ਮੇਰੇ ਸਿਰ ਤੇ ਰਾਡ ਨਾਲ ਦੋ ਵਾਰ ਕੀਤੇ ਗਏ, ਜਿਸ ਨਾਲ ਮੈਂ ਲਹੂ ਲੁਹਾਨ ਹੋ ਗਿਆ ਤੇ ਇੱਕ ਵਾਰ ਮੇਰੀ ਬਾਂਹ 'ਤੇ ਕੀਤਾ ਗਿਆ, ਜਿਸ ਨਾਲ ਮੇਰੀ ਬਾਂਹ ਵੀ ਕਾਫ਼ੀ ਤਕਲੀਫ਼ ਕਰ ਰਹੀ ਹੈ। ਇਸ ਕਾਤਲਾਨਾ ਹਮਲੇ ਸਬੰਧੀ ਪੁਲਿਸ ਨੇ ਅਮਰਜੀਤ ਕਾਲੇਕੇ ਦੇ ਬਿਆਨ ਦਰਜ ਕੀਤੇ ਹਨ। ਪੁਲਿਸ ਪਾਰਟੀ ਨੇ ਵਾਰਦਾਤ ਵਾਲੀ ਥਾਂ 'ਤੇ ਪਹੁੰਚ ਕੇ ਛਾਣਬੀਣ ਕੀਤੀ। ਹਮਲਾਵਰਾਂ ਦੀ ਅਜੇ ਤੱਕ ਪਹਿਚਾਣ ਨਹੀਂ ਹੋ ਸਕੀ। ਅਮਰਜੀਤ ਕਾਲੇਕੇ ਤੇ ਹੋਏ ਹਮਲੇ ਸਬੰਧੀ ਖ਼ਬਰ ਸ਼ਹਿਰ ਚ ਜੰਗਲ ਦੀ ਅੱਗ ਵਾਂਗ ਫੈਲ ਗਈ। ਇਸ ਮੌਕੇ ਖ਼ਬਰ ਸੁਣ ਕੇ ਹਸਪਤਾਲ ਪਹੁੰਚੇ ਵਪਾਰ ਮੰਡਲ ਬਰਨਾਲਾ ਦੇ ਪ੍ਰਧਾਨ ਨਾਇਬ ਸਿੰਘ ਕਾਲਾ, ਗਊਸ਼ਾਲਾ ਦੇ ਪ੍ਰਧਾਨ ਉਪਿੰਦਰ ਸਰਪੰਚ, ਮਾਰਕਿਟ ਕਮੇਟੀ ਬਰਨਾਲਾ ਦੇ ਸਾਬਕਾ ਵਾਈਸ ਚੇਅਰਮੈਨ ਪ੍ਰਵੀਨ ਬਾਂਸਲ, ਗਿਆਨ ਚੰਦ ਉੱਪਲੀ ਵਾਲੇ, ਰਾਜਿੰਦਰ ਕੁਮਾਰ, ਡਾਕਟਰ ਸਤੀਸ਼ ਕੁਮਾਰ ਆਦਿ ਨੇ ਅਮਰਜੀਤ ਕਾਲੇਕੇ ਤੇ ਹੋਏ ਕਾਤਲਾਨਾ ਹਮਲੇ ਦੀ ਸਖ਼ਤ ਨਿਖੇਧੀ ਕਰਦਿਆਂ ਪੁਲਿਸ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਹਮਲਾਵਰਾਂ ਨੂੰ ਗ੍ਰਿਫ਼ਤਾਰ ਕੇ ਸਖ਼ਤ ਤੋਂ ਸਖ਼ਤ ਬਣਦੀ ਕਾਰਵਾਈ ਕੀਤੀ ਜਾਵੇ।

# ਸ੍ਰੀ ਸਨਾਤਮ ਧਰਮ ਮਹਾਂਵੀਰ ਦਲ ਵੱਲੋਂ 39ਵਾਂ ਵਿਸ਼ਾਲ ਭੰਡਾਰਾ ਸ੍ਰੀ ਜਵਾਲਾ ਜੀ ਵਿਖੇ 22 ਤੋਂ



ਤਪਾ ਮੰਡੀ 14 ਸਤੰਬਰ(ਭੂਸ਼ਣ ਘੜੈਲਾ) ਸ੍ਰੀ ਸਨਾਤਮ ਧਰਮ ਮਹਾਂਵੀਰ ਦਲ ਤਪਾ ਵੱਲੋਂ ਨਵਰਾਤਿਆਂ ਨੂੰ ਮੁੱਖ ਰੱਖਦਿਆਂ ਹੋਇਆਂ 39ਵਾਂ ਨਵਰਾਤਰ ਸੰਮੇਲਨ ਅਤੇ ਵਿਸ਼ਾਲ ਭੰਡਾਰਾ 22 ਸਤੰਬਰ ਤੋਂ 30 ਸਤੰਬਰ ਤੱਕ ਸ੍ਰੀ ਜਵਾਲਾ ਜੀ ਹਿਮਾਚਲ ਪ੍ਰਦੇਸ਼ ਵਿਖੇ ਲਗਾਇਆ ਜਾ ਰਿਹਾ ਹੈ। ਇਸ ਸਬੰਧੀ ਗੱਲਬਾਤ ਕਰਦਿਆਂ ਹੋਇਆਂ ਦਲ ਦੇ ਪਵਨ ਕੁਮਾਰ ਬਤਰਾ, ਸੁਭਾਸ਼ ਕੁਮਾਰ ਤਪਸ ਅਤੇ ਤਰਲੋਕ ਚੰਦ ਤੋਤੀ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ੍ਰੀ ਸਨਾਤਨ ਧਰਮ ਮਹਾਵੀਰ ਦਲ ਵੱਲੋਂ 39ਵਾਂ ਵਿਸ਼ਾਲ ਭੰਡਾਰਾ ਤੇ ਧਵਜਾ ਸੰਮੇਲਨ ਸ਼ਹਿਰ ਵਾਸੀਆਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ ਜਿਸ ਦੇ ਸਬੰਧ ਵਿੱਚ 19 ਅਗਸਤ ਨੂੰ ਸ਼ਹਿਰ ਅੰਦਰ ਮਾਤਾ ਦੇ ਅਸ਼ੀਰਵਾਦ ਨਾਲ ਇੱਕ ਵਿਸ਼ਾਲ ਸ਼ੋਭਾ ਯਾਤਰਾ ਕੱਢੀ ਜਾਵੇਗੀ , 21 ਸਤੰਬਰ ਨੂੰ ਰਾਸ਼ਨ ਸਮੱਗਰੀ ਦੇ ਟਰੱਕ ਰਵਾਨਾ ਕੀਤੇ ਜਾਣਗੇ ਅਤੇ 22 ਸਤੰਬਰ ਤੋਂ ਸ੍ਰੀ ਜਵਾਲਾ ਜੀ ਹਿਮਾਚਲ ਪ੍ਰਦੇਸ਼ ਵਿਖੇ ਵਿਸ਼ਾਲ ਭੰਡਾਰਾ ਨਵਰਾਤਿਆਂ ਨੂੰ ਮੁੱਖ ਰੱਖਦਿਆਂ ਹੋਇਆਂ ਲਗਾਇਆ ਜਾਵੇਗਾ। ਜਿਸ ਵਿੱਚ ਸੰਗਤਾਂ ਲਈ ਮੁਫ਼ਤ ਮੈਡੀਕਲ ਕੈਂਪ ਦਾ ਵੀ ਪ੍ਰਬੰਧ ਕੀਤਾ ਜਾਵੇਗਾ ਅਤੇ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ ਜਾਣਗੀਆਂ, ਇਸ ਮੌਕੇ ਸੋਹਣ ਲਾਲ ਵਧਵਾ, ਮੱਖਣ ਲਾਲ ਰੁੜਕੇ, ਰਮੇਸ਼ ਕੁਮਾਰ ਧੌਲਾ ਆਦਿ ਹਾਜ਼ਰ ਸਨ।

# ਹੜ੍ਹ ਪੀੜਤਾਂ ਲਈ ਵਿਧਵਾ ਔਰਤ ਨੇ ਦਾਨ ਕੀਤੀਆਂ ਕੰਨਾਂ ਦੀਆਂ ਵਾਲੀਆਂ



ਦਿੜ੍ਹਬਾ ਮੰਡੀ, 14 ਸਤੰਬਰ (ਸੁਖਵਿੰਦਰ ਸਿੰਘ ਵਿਰਕ): ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਇਕਾਈ ਮਹਿਲਾਂ ਚੌਕ ਵੱਲੋਂ ਹੜ ਪੀੜਤਾਂ ਲਈ ਨਵੇਂ ਬਿਸਤਰੇ, ਸੂਟ, ਕਣਕ ਅਤੇ ਤੂੜੀ ਇਕੱਠੀ ਕਰਨ ਦੀ ਪਿੰਡ ਮਹਿਲਾਂ ਚੌਂਕ ਵਿਖੇ ਮੁਹਿੰਮ ਚੱਲ ਰਹੀ ਸੀ, ਤਾਂ ਸਮੁੱਚੇ ਨਗਰ ਵੱਲੋਂ ਬਹੁਤ ਵੱਡਾ ਸਹਿਯੋਗ ਮਿਲ ਰਿਹਾ ਸੀ , ਕਿਸਾਨ ਯੂਨੀਅਨ ਬਲਾਕ ਦਿੜ੍ਹਬਾ ਦੇ ਪ੍ਰਧਾਨ ਹਰਜੀਤ ਸਿੰਘ ਮਹਿਲਾ ਨੇ ਦੱਸਿਆ ਕਿ ਇਸੇ ਦੌਰਾਨ ਮੁਹਿੰਮ ਨੂੰ ਉਸ ਸਮੇਂ ਬਹੁਤ ਵੱਡਾ ਹੁੰਗਾਰਾ ਮਿਲਿਆ ਜਦੋਂ ਇੱਕ ਕਿਸਾਨ ਪਰਿਵਾਰ ਦੀ ਵਿਧਵਾ ਔਰਤ ਅੰਗਰੇਜ਼ ਕੌਰ ਪਤਨੀ ਸਵਰਗੀ ਤੀਰਥ ਸਿੰਘ ਮਹਿਲਾ ਨੇ ਆਪਣੇ ਕੰਨਾਂ ਦੀਆਂ ਬਾਲੀਆਂ ( ਟੌਪਸ) ਮੌਕੇ 'ਤੇ ਹੀ ਉਤਾਰ ਕੇ ਬਲਾਕ ਦਿੜ੍ਹਬਾ ਦੇ ਪ੍ਰਧਾਨ ਹਰਜੀਤ ਸਿੰਘ ਮਹਿਲਾਂ ਦੇ ਹੱਥ ਉੱਤੇ ਰੱਖ ਦਿੱਤੀਆਂ, ਉਸ ਬੀਬੀ ਨੇ ਕਿਹਾ ਕਿ ਉਸ ਨੂੰ ਹੜ੍ਹਾਂ ਕਾਰਨ ਹੋਏ ਨੁਕਸਾਨ ਦਾ ਬਹੁਤ ਦੁੱਖ ਹੈ, ਉਸਨੇ ਕਿਹਾ, ਕਿ ਮੇਰੇ ਵੱਲੋਂ ਕੀਤੀ ਗਈ ਇਹ ਮਦਦ ਕਿਸਾਨ ਜਥੇਬੰਦੀ ਰਾਹੀਂ ਹੀ ਸਹੀ ਲੋੜਵੰਦਾਂ ਨੂੰ ਪਹੁੰਚਾਉਣ ਲਈ ਭਰੋਸਾ ਪ੍ਰਗਟ ਕਰਦੀ ਹੈ। ਬਲਾਕ ਆਗੂ ਅਮਨਦੀਪ ਸਿੰਘ ਸੋਹੀ, ਇਕਾਈ ਪ੍ਰਧਾਨ ਜਗਜੀਤ ਸਿੰਘ ਸੇਖੋਂ, ਗੁਰਜੰਟ ਸਿੰਘ ਖਰਾ, ਜਗਦੀਪ ਸਿੰਘ ਘੁਮਾਣ, ਚਮਕੌਰ ਸਿੰਘ ਘੁਮਾਣ, ਜੱਗਾ ਸਿੰਘ ਮਾਨ, ਦਰਸ਼ਨ ਸਿੰਘ ਮਾਨ ਆਦਿ ਦੇ ਆਧਾਰ ਤੇ ਟੀਮ ਨੇ ਉਕਤ ਬੀਬੀ ਦਾ ਜਥੇਬੰਦੀ ਵੱਲੋਂ ਧੰਨਵਾਦ ਕੀਤਾ, ਅਤੇ ਲੋਕਾਂ ਨੂੰ ਅਪੀਲ ਕੀਤੀ ਕਿ ਸੰਕਟ ਦੀ ਇਸ ਘੜੀ ਹੜ੍ਹ ਪੀੜਤਾਂ ਲਈ ਵੱਧ ਤੋਂ ਵੱਧ ਸਹਿਯੋਗ ਕਰਨ।

# ਮੰਡੇਰ ਵੱਲੋਂ ਰੋਇਲ ਬੂਟੀਕ ਦਾ ਉਦਘਾਟਨ



ਬਰਨਾਲਾ, 14 ਸਤੰਬਰ (ਬਘੇਲ ਸਿੰਘ ਧਾਲੀਵਾਲ) : ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਇਸਤਰੀ ਵਿੰਗ ਦੀ ਜ਼ਿਲ੍ਹਾ ਪ੍ਰਧਾਨ ਸੁਰਿੰਦਰ ਕੌਰ ਅਤੇ ਜ਼ਿਲ੍ਹਾ ਜਥੇਬੰਦਕ ਸਕੱਤਰ ਬੀਬੀ ਭੁਪਿੰਦਰਜੀਤ ਕੌਰ ਬਿਰਦੀ ਦੇ ਯਤਨਾਂ ਸਦਕਾ 22 ਏਕੜ ਅਨੰਦਪੁਰੀ ਭਵਨ ਪੱਤੀ ਰੋਡ ਬਰਨਾਲਾ ਵਿਖੇ ਰੋਇਲ ਬੁਟੀਕ ਦਾ ਉਦਘਾਟਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਜ਼ਿਲ੍ਹਾ ਪ੍ਰਧਾਨ ਜਥੇਦਾਰ ਦਰਸ਼ਨ ਸਿੰਘ ਮੰਡੇਰ ਨੇ ਆਪਣੇ ਕਰ ਕਮਲਾਂ ਨਾਲ ਕੀਤਾ। ਇਸ ਦੀ ਜਾਣਕਾਰੀ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਮੁਲਾਜ਼ਮ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਅਵਤਾਰ ਸਿੰਘ ਲੀਲਾ ਨੇ ਦਿੱਤੀ। ਇਸ ਮੌਕੇ ਜਥੇਬੰਦਕ ਸਕੱਤਰ ਬੀਬੀ ਭੁਪਿੰਦਰਜੀਤ ਕੌਰ ਬਿਰਦੀ ਨੇ ਸੰਬੋਧਨ ਕਰਦਿਆਂ ਕਿਹਾ ਰੋਇਲ ਬੁਟੀਕ ਦੀ ਸੇਵਾ ਮੈਡਮ ਬੀਬੀ ਰਵੀਜੋਤ ਕੌਰ ਅਤੇ ਮੈਡਮ ਬੀਬੀ ਲਵਪ੍ਰੀਤ ਕੌਰ ਨਿਭਾਅ ਰਹੀਆਂ ਹਨ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਦਰਸ਼ਨ ਸਿੰਘ ਮੰਡੇਰ ਨੇ ਬੋਲਦਿਆਂ ਕਿਹਾ ਜਿਹੜੇ ਬੱਚੇ ਸਿਲਾਈ ਅਤੇ ਕਢਾਈ ਦੇ ਕੰਮ ਦੀ ਸਿਖਲਾਈ ਤਿੰਨ ਮਹੀਨੇ ਲਾਕੇ ਸਿਖਦੀ ਹੈ, ਉਸ ਨੂੰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਸਰਟੀਫ਼ਕੇਟ ਦੇ ਕੇ ਸਨਮਾਨਿਤ ਕੀਤਾ ਜਾਵੇਗਾ ਇਸ ਉਦਘਾਟਨ ਸਮਾਰੋਹ ਵਿੱਚ ਬਿੰਦਰ ਕੌਰ, ਹਰਪ੍ਰੀਤ ਕੌਰ, ਜਸਪ੍ਰੀਤ ਕੌਰ, ਜਸਜੋਤ ਕੌਰ, ਨੀਤੂ, ਸਵਾਨੀ, ਡਾਕਟਰ ਜਗਰੂਪ ਸਿੰਘ, ਦੀਪਕ ਸਿੰਗਲਾ ਆਦਿ ਹਾਜ਼ਰ ਸਨ। ਇਸ ਦੌਰਾਨ ਪਹੁੰਚੇ ਮੈਂਬਰ ਦਾ ਧੰਨਵਾਦ ਜਨਰਲ ਸਕੱਤਰ ਬੀਬੀ ਰਸਪਿੰਦਰ ਕੌਰ ਨੇ ਕੀਤਾ ਅਤੇ ਰੋਇਲ ਬੁਟੀਕ ਦੇ ਟਰੇਨਰਾਂ ਨੂੰ ਵਧਾਈਆਂ ਦਿੱਤੀਆਂ।

# ਬਜ਼ੁਰਗਾਂ ਅਤੇ ਦਿਵਿਆਂਗ ਵਿਅਕਤੀਆਂ ਲਈ ਲਗਾਇਆ ਕੈਂਪ

## 260 ਅੰਗਹੀਣਾਂ ਨੇ ਲਾਹਾ ਲਿਆ



ਤਪਾ ਮੰਡੀ, 14 ਸਤੰਬਰ (ਭੂਸ਼ਨ ਘੜੈਲਾ):ਬਾਬਾ ਮੱਠ ਤਪਾ ਵਿਖੇ ਨਿੱਕਾ ਮੱਲ ਚੈਰੀਟੇਬਲ ਟਰੱਸਟ (ਰਜਿ.) ਵੱਲੋਂ ਨੇਕੀ ਫਾਉਂਡੇਸ਼ਨ ਬੁੱਢਲਾਡਾ ਦੇ ਸਹਿਯੋਗ ਨਾਲ ਬਜ਼ੁਰਗਾਂ ਅਤੇ ਦਿਵਿਆਂਗ ਵਿਅਕਤੀਆਂ ਲਈ ਵਿਸ਼ਾਲ ਅਸੈਸਮੈਂਟ ਕੈਂਪ ਲਗਾਇਆ ਗਿਆ।,ਜਿਸ ਵਿੱਚ 260 ਦੇ ਕਰੀਬ ਬਜ਼ੁਰਗਾਂ ਅਤੇ ਦਿਵਿਆਂਗ ਵਿਅਕਤੀਆਂ ਨੇ ਪਹੁੰਚਕੇ ਅਪਣੇ ਨਾਮ ਦਰਜ ਕਰਵਾਏ। ਇਸ ਕੈਂਪ 'ਚ ਅੰਗਹੀਣਾਂ ਦੇ ਮਾਹਰ ਡਾਕਟਰ ਗੌਤਮ ਪਾਂਡੇ ਬਠਿੰਡਾ ਵਿਸ਼ੇਸ਼ ਤੌਰ 'ਤੇ ਪਹੁੰਚੇ ਹੋਏ ਸਨ ਜੋ ਬਜ਼ੁਰਗਾਂ ਅਤੇ ਦਿਵਿਆਂਗ ਵਿਅਕਤੀਆਂ ਦੇ ਬਣੇ ਸਰਟੀਫਿਕੇਟ ਚੈਕ,ਅਧਾਰ ਕਾਰਡ ਜਾਂ ਸਰਪੰਚ ਜਾਂ ਕੌਂਸਲਰ ਦੀ ਤਸਦੀਕ ਸੁਦਾ ਦਸਤਾਵੇਜ ਚੈਕ ਕਰਦੇ ਸਨ। ਇਸ ਮੌਕੇ ਨਿੱਕਾ ਮੱਲ ਚੈਰੀਟੇਬਲ ਟਰੱਸਟ ਦੇ ਮੈਬਰ ਸਾਹਿਲ ਗਰਗ ਨੇ ਦੱਸਿਆ ਕਿ ਬਜ਼ੁਰਗਾਂ ਅਤੇ ਦਿਵਿਆਂਗ ਵਿਅਕਤੀਆਂ ਜਿਨ੍ਹਾਂ ਦੀ ਅਸੈਸਮੈਂਟ ਕੀਤੀ ਗਈ ਹੈ ਨੂੰ 2-3 ਮਹੀਨਿਆਂ ਦੇ ਅੰਦਰ-ਅੰਦਰ ਮੋਟਰ ਟਰਾਈ ਸਾਈਕਲ ,ਵਹੀਲਚੇਅਰ, ਟਰਾਈਸਾਈਕਲ, ਸਮਾਰਟ ਫੋਨ,ਕਿੱਟਾਂ, ਕਮੋਡ ਵਾਲੀ ਕੁਰਸੀ, ਕੰਨਾਂ ਵਾਲੀ ਮਸ਼ੀਨ, ਫਹੁੜੀਆਂ, ਛੜੀਆਂ, ਸਰਵਾਈਕਲ ਕਾਲਰ, ਬੈਕ ਬੈਲਟ, ਸੁਪੋਰਟ ਬੈਲਟ ਆਦਿ ਦੇ ਦਿੱਤੀਆਂ ਜਾਣਗੀਆਂ। ਇਸ ਕੈਂਪ 'ਚ ਡਾ.ਵਿਨੈ ਕੁਮਾਰ,ਡਾ.ਰੇਖਾ, ਫਾਰਮਾਸਿਸਟ ਤਰੁਨਪ੍ਰੀਤ ਕੌਰ,ਅਨੂੰ ਕੌਰ,ਪਰੀ ਸਿੰਗਲਾ,ਖੁਸਬੂ ਤੋਂ ਇਲਾਵਾ ਸਪੈਸ਼ਲ ਐਜੂਕੇਟਰ ਦਵਿੰਦਰ ਕੌਰ ਸ਼ਹਿਣਾ, ਪ੍ਰਾਚਲ, ਸੰਚਿਤ ਸਿੰਗਲਾ, ਸੱਤ ਪਾਲ ਪੱਖੋਂ ,ਖੁਸ਼ਦੀਪ ਗਰਗ ਪੱਖੋ,ਰਾਜ ਕੁਮਾਰ ਪੱਖੋ, ਰਮੇਸ਼ ਕੁਮਾਰ ਪੱਖੋ, ਅਸ਼ੋਕ ਕੁਮਾਰ ਪੱਖੋ, ਸਾਹਿਲ ਕੁਮਾਰ ਪੱਖੋ, ਕੌਂਸਲਰ ਧਰਮਪਾਲ ਸ਼ਰਮਾ, ਵੁਨੀਤ ਗਰਗ, ਨਾਮਧਾਰੀ ਰਾਮ ਸਿੰਘ ਆਦਿ ਦਾ ਵੀ ਵਿਸ਼ੇਸ਼ ਸਹਿਯੋਗ ਰਿਹਾ।ਇਸ ਮੌਕੇ ਵੱਡੀ ਗਿਣਤੀ ਵਿਚ ਬਜ਼ੁਰਗ ਅਤੇ ਦਿਵਿਆਂਗ ਵਿਅਕਤੀਆਂ ਦੇ ਪਰਿਵਾਰਕ ਮੈਂਬਰ ਹਾਜ਼ਰ ਸਨ ।

# ਵਿਸ਼ਵ ਹਿੰਦੀ ਦਿਵਸ ਮੌਕੇ ਆਨਲਾਈਨ ਗੋਸ਼ਟੀ ਕਰਵਾਈ

## ਵਿਸ਼ਵ 'ਚ 70 ਕਰੋੜ ਤੋਂ ਵੱਧ ਲੋਕ ਹਿੰਦੀ ਬੋਲਦੇ ਹਨ : ਰਜਨੀਸ਼ ਮਹੰਤ



ਬਰਨਾਲਾ, 14 ਸਤੰਬਰ (ਸੁਖਵਿੰਦਰ ਸਿੰਘ ਭੰਡਾਰੀ) : ਭਾਰਤੀ ਸੰਸਕ੍ਰਿਤੀ ਦੇ ਪ੍ਰੇਮੀ ਅਤੇ ਪਹਿਰੇਦਾਰ ਰਜਨੀਸ਼ ਮਹੰਤ, ਸਮਾਜ ਸੇਵੀ ਬਸੰਤ ਕੁਮਾਰ ਗੀਤਾ ਭਵਨ ਵਾਲੇ ਅਤੇ ਸੁਰੇਸ਼ ਕੁਮਾਰ ਤਪੇ ਵਾਲੇ ਪ੍ਰਧਾਨ ਪ੍ਰਾਚੀਨ ਸ਼ਿਵ ਮੰਦਰ 22 ਏਕੜ ਬਰਨਾਲਾ ਨੇ ਹਿੰਦੀ ਦਿਵਸ ਮੌਕੇ ਕਰਵਾਈ ਗੋਸ਼ਟੀ ਚ ਭਾਗ ਲੈਂਦਿਆਂ ਕਿਹਾ ਕਿ ਹਿੰਦੀ ਭਾਸ਼ਾ ਸੱਭਿਆਚਾਰਕ ਅਤੇ ਪਰੰਪਰਾਗਤ ਮਹੱਤਵ ਦੇ ਨਾਲ ਦੁਨੀਆ ਵਿੱਚ ਲਗਾਤਾਰ ਫੈਲ ਰਹੀ ਹੈ। 14 ਸਤੰਬਰ 1949 ਨੂੰ ਹਿੰਦੀ ਨੂੰ ਸੰਵਿਧਾਨਕ ਤੌਰ 'ਤੇ ਸਰਕਾਰੀ ਭਾਸ਼ਾ ਦਾ ਦਰਜਾ ਦਿੱਤਾ ਗਿਆ ਸੀ। ਸੰਵਿਧਾਨ ਦੇ ਅਨੁਛੇਦ 343 ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਦੇਵਨਾਗਰੀ ਲਿਪੀ ਵਾਲੀ ਹਿੰਦੀ ਭਾਰਤ ਦੀ ਸਰਕਾਰੀ ਭਾਸ਼ਾ ਹੋਵੇਗੀ। ਦੁਨੀਆ ਵਿੱਚ 70 ਕਰੋੜ ਤੋਂ ਵੱਧ ਹਿੰਦੀ ਬੋਲਣ ਵਾਲੇ ਹਨ, ਇਹ ਵਿਸ਼ਵ ਦੀ ਤੀਜੀ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ਹੈ। ਹਿੰਦੀ ਨੂੰ ਜਾਣਨ, ਸਮਝਣ ਅਤੇ ਬੋਲਣ ਵਾਲੇ ਲੋਕਾਂ ਦੀ ਵੱਧ ਰਹੀ ਗਿਣਤੀ ਦੇ ਕਾਰਨ, ਦੁਨੀਆ ਭਰ ਦੀਆਂ ਵੈੱਬਸਾਈਟਾਂ ਵੀ ਹਿੰਦੀ ਨੂੰ ਮਹੱਤਵ ਦੇ ਰਹੀਆਂ ਹਨ। ਇੱਕ ਅਧਿਐਨ ਦੇ ਅਨੁਸਾਰ, ਹਿੰਦੀ ਸਮੱਗਰੀ ਦੀ ਖਪਤ ਵਿੱਚ ਲਗਭਗ 94 ਪ੍ਰਤੀਸ਼ਤ ਵਾਧਾ ਹੋਇਆ ਹੈ। ਇਸ ਮੌਕੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਨੀਰਜ ਬਾਲਾ ਦਾਨੀਆ ਸਰਪ੍ਰਸਤ ਪ੍ਰੋਗਰੈਸਿਵ ਸੀਨੀਅਰ ਸਿਟੀਜ਼ਨ ਸੋਸਾਇਟੀ ਬਰਨਾਲਾ, ਕੋਪਲ ਕੰਪਨੀ ਦੇ ਐੱਮ ਡੀ ਰੀਤੂ ਬਾਂਸਲ ਸੂਲਰ ਘਰਾਟ ਵਾਲੇ ਅਤੇ ਮੋਨਿਕਾ ਘਈ ਨੇ ਕਿਹਾ ਕਿ ਹਰ ਪੰਜ ਵਿੱਚੋਂ ਇੱਕ ਵਿਅਕਤੀ ਹਿੰਦੀ ਵਿੱਚ ਇੰਟਰਨੈੱਟ ਦੀ ਵਰਤੋਂ ਕਰਦਾ ਹੈ। ਅਮਰੀਕਾ ਵਿੱਚ 32 ਯੂਨੀਵਰਸਿਟੀਆਂ ਅਤੇ ਵਿਦਿਅਕ ਸੰਸਥਾਵਾਂ ਵਿੱਚ ਹਿੰਦੀ ਸਿਖਾਈ ਜਾਂਦੀ ਹੈ। ਇਸੇ ਤਰ੍ਹਾਂ, ਫਿਜੀ, ਗੁਆਨਾ, ਸੰਯੁਕਤ ਅਰਬ ਅਮੀਰਾਤ, ਸੂਰੀਨਾਮ, ਜਰਮਨੀ, ਬ੍ਰਿਟੇਨ ਆਦਿ ਵਿੱਚ ਵੀ ਹਿੰਦੀ ਸਿਖਾਈ ਜਾਂਦੀ ਹੈ। ਲੋਕਮਾਨਯ ਬਾਲ ਗੰਗਾਧਰ ਤਿਲਕ ਜੀ ਨੇ ਕਿਹਾ ਸੀ ਹਾਲਾਂਕਿ ਮੈਂ ਉਨ੍ਹਾਂ ਲੋਕਾਂ ਵਿੱਚੋਂ ਹਾਂ ਜੋ ਚਾਹੁੰਦੇ ਹਨ ਅਤੇ ਵਿਸ਼ਵਾਸ ਕਰਦੇ ਹਨ ਕਿ ਹਿੰਦੀ ਭਾਰਤ ਦੀ ਰਾਸ਼ਟਰੀ ਭਾਸ਼ਾ ਹੋ ਸਕਦੀ ਹੈ ਆਓ ਹਿੰਦੀ ਪੜ੍ਹੀਏ, ਹਿੰਦੀ ਸਿਖਾਈਏ, ਹਿੰਦੀ ਸਿੱਖੀਏ, ਹਿੰਦੀ ਸਿਖਾਈਏ ਅਤੇ ਹਿੰਦੀ ਫੈਲਾਈਏ। ਉਨ੍ਹਾਂ ਕਿਹਾ ਕਿ ਹਿੰਦੀ ਭਾਰਤ ਦੇ ਮੱਥੇ ਤੇ ਗੌਰਵ ਦੀ ਬਿੰਦੀ ਹੈ। ਹਿੰਦੀ ਭਾਸ਼ਾ ਨੇ ਆਜ਼ਾਦੀ ਦੇ ਸੰਘਰਸ਼ ਦੌਰਾਨ ਭਾਰਤੀ ਲੋਕਾਂ ਨੂੰ ਏਕਤਾ ਦੀ ਲੜੀ 'ਚ ਪਰੋ ਕੇ ਦੇਸ਼ ਦੀ ਆਜ਼ਾਦੀ 'ਚ ਵਡਮੁੱਲਾ ਯੋਗਦਾਨ ਪਾਇਆ। ਸਾਨੂੰ ਰਾਸ਼ਟਰੀ ਭਾਸ਼ਾ ਹਿੰਦੀ ਨੂੰ ਬਣਦਾ ਸਤਿਕਾਰ ਦੇਣਾ ਚਾਹੀਦਾ ਹੈ।

# ਸਿਹਤ ਵਿਭਾਗ ਵੱਲੋਂ ਹੜ੍ਹਾਂ ਦੌਰਾਨ ਫੈਲਣ ਵਾਲੇ ਰੋਗਾਂ ਤੋਂ ਬਚਾਅ ਲਈ ਸਰਵੇ



ਭਗਤਾ ਭਾਈ ਕਾ, 14 ਸਤੰਬਰ (ਸਵਰਨ ਸਿੰਘ ਭਗਤਾ): ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸਿਵਲ ਸਰਜਨ ਬਠਿੰਡਾ ਡਾਕਟਰ ਤਪਿੰਦਰਜੋਤ, ਜ਼ਿਲ੍ਹਾ ਸਿਹਤ ਅਫ਼ਸਰ ਡਾਕਟਰ ਊਸ਼ਾ ਗੋਇਲ ਅਤੇ ਸੀਨੀਅਰ ਮੈਡੀਕਲ ਅਫ਼ਸਰ ਭਗਤਾ ਭਾਈ ਕਾ ਡਾਕਟਰ ਸੀਮਾ ਗੁਪਤਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਿਹਤ ਵਿਭਾਗ ਵੱਲੋਂ ਪਿੰਡ ਢਪਾਲੀ ਵਿਖੇ ਹੜ੍ਹਾਂ ਦੌਰਾਨ ਫੈਲਣ ਵਾਲ਼ੇ ਰੋਗਾਂ ਤੋਂ ਸਮਾਜ ਨੂੰ ਬਚਾਉਣ ਲਈ ਘਰ ਘਰ ਜਾ, ਲੋਕਾਂ ਨਾਲ ਗਰੁੱਪ ਮੀਟਿੰਗਾਂ ਕਰਕੇ ਤੰਦਰੁਸਤ ਸਿਹਤ ਸਬੰਧੀ ਜਾਣਕਾਰੀ ਦਿੱਤੀ ਜਾ ਰਹੀ ਹੈ।ਇਸ ਸਬੰਧੀ ਮਲਟੀਪਰਪਜ ਹੈਲਥ ਸੁਪਰਵਾਈਜਰ ਬਲਵੀਰ ਸਿੰਘ ਸੰਧੂ ਕਲਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਹੜ੍ਹਾਂ ਦੌਰਾਨ ਮੱਛਰਾਂ ਦੀ ਪੈਦਾਵਾਰ ਵਿੱਚ ਵਾਧਾ ਹੋ ਜਾਂਦਾ ਹੈ, ਜਿਸ ਨਾਲ ਮਲੇਰੀਆ,ਡੇਂਗੂ ,ਚਿਕਨਗੁਨੀਆ ਆਦਿ ਬੁਖਾਰਾ ਦੇ ਵਧਣ ਦਾ ਖ਼ਤਰਾ ਹੁੰਦਾ ਹੈ,ਇਸੇ ਤਰ੍ਹਾਂ ਹੀ ਪਾਣੀ ਦੂਸ਼ਿਤ ਹੋ ਜਾਂਦਾ ਅਤੇ ਮੱਖੀਆਂ ਦੀ ਗਿਣਤੀ ਵਿੱਚ ਵਾਧਾ ਵੀ ਹੋ ਜਾਂਦਾ ਹੈ, ਦੂਸ਼ਿਤ ਖਾਣਾ ਖਾਣ ਕਰਕੇ ਜ਼ਹਿਰੀਲਾ ਮਾਦਾ(ਫੂਡ ਪੁਆਜ਼ਨਿੰਗ) ਹੋਣ ਕਰਕੇ ਪੀਲੀਆ, ਟਾਈਫਾਇਡ,ਪੇਟ ਦੀਆਂ ਬਿਮਾਰੀਆਂ ਦੇ ਵਧਣ ਦਾ ਖਦਸ਼ਾ ਹੁੰਦਾ ਹੈ, ਇਸ ਲਈ ਮੱਛਰਾਂ ਦੇ ਕੱਟਣ ਤੋਂ ਬਚਾਅ ਲਈ ਮੱਛਰਦਾਨੀ ਲਗਾਓ, ਪੀਣ ਵਾਲੇ ਪਾਣੀ ਨੂੰ ਉਬਾਲ ਕੇ ਪੀਓ,ਖਾਣ ਪੀਣ ਵਾਲੀਆਂ ਵਸਤੂਆਂ ਨੂੰ ਢੱਕ ਕੇ ਰੱਖੋ, ਸਫ਼ਾਈ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਇਸ ਮੌਕੇ ਜਗਸੀਰ ਸਿੰਘ ਸਰਪੰਚ, ਬਲਵਿੰਦਰ ਸਿੰਘ ਸਰਪੰਚ, ਬੂਟਾ ਸਿੰਘ ਸਾਬਕਾ ਸਰਪੰਚ, ਅਮਨਦੀਪ ਸਿੰਘ ਪੰਚਾਇਤ ਸੈਕਟਰੀ,ਮਲਟੀਪਰਪਜ ਹੈਲਥ ਵਰਕਰਜ ਬਲਦੇਵ ਸਿੰਘ, ਵਿਨੋਦ ਕੁਮਾਰ, ਆਸ਼ਾ ਵੀਰਪਾਲ, ਬਲਜੀਤ ਕੌਰ,ਬਰੀਡਿੰਗ ਵਰਕਰ ਜਸਬੀਰ ਸਿੰਘ ਮੌਜੂਦ ਸਨ।

# ਆਂਗਨਵਾੜੀ ਸੈਂਟਰ ਰਾਜਗੜ੍ਹ ਵਿਖੇ ਮੁੱਢਲੀ ਸਿੱਖਿਆ ਪ੍ਰਣਾਲੀ ਤਹਿਤ ਪ੍ਰੋਗਰਾਮ ਕਰਵਾਇਆ



ਭਗਤਾ ਭਾਈ ਕਾ, 14 ਸਤੰਬਰ (ਸਵਰਨ ਸਿੰਘ ਭਗਤਾ): ਨੇੜਲੇ ਪਿੰਡ ਰਾਜਗੜ੍ਹ ਵਿਖੇ ਮੁੱਢਲੀ ਸਿੱਖਿਆ ਪ੍ਰਣਾਲੀ ਤਹਿਤ ਈ.ਸੀ.ਸੀ. ਡੇਅ ਸਬੰਧੀ ਆਂਗਣਵਾੜੀ ਸੈਂਟਰ ਨੰਬਰ 301- ਪਿੰਡ ਰਾਜਗੜ੍ਹ ਵਿਖੇ ਪ੍ਰੋਗਰਾਮ ਕਰਵਾਇਆ ਗਿਆ, ਜਿਸ ਵਿੱਚਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਬਠਿੰਡਾ ਦੇ ਹੁਕਮਾਂ ਤੇ ਸੀਡੀਪੀਓ ਭਗਤਾ ਦੇ ਦਿਸ਼ਾ ਨਿਰਦੇਸ਼ਾਂ 'ਤੇ ਪਹੁੰਚੇ ਆਂਗਨਵਾੜੀ ਸੁਪਰਵਾਈਜਰ ਬਿੰਦਰ ਕੌਰ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ ।ਇਸ ਮੌਕੇ ਵੱਡੀ ਗਿਣਤੀ ਵਿੱਚ ਬੱਚਿਆਂ ਅਤੇ ਔਰਤਾਂ ਨੇ ਭਾਗ ਲਿਆ। ਲਾਭਪਾਤਰੀਆਂ ਨਾਲ ਵਿਚਾਰ ਸਾਂਝੇ ਕੀਤੇ।

ਪਿਛਲੇ ਦਿਨੀਂ ਹੜ੍ਹਾਂ ਅਤੇ ਜ਼ਿਆਦਾ ਬਰਸਾਤ ਦੇ ਮੌਸਮ ਵਿੱਚ ਗੰਦੇ ਪਾਣੀ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਅਤੇ ਉਨ੍ਹਾਂ ਦੇ ਘਰੇਲੂ ਉਪਚਾਰ ਤੇ ਚਾਨਣਾ ਪਾਇਆ ਗਿਆ।

ਸੁਪਰਵਾਈਜ਼ਰ ਤੋਂ ਆਂਗਨਵਾੜੀ ਵਰਕਰ ਸ਼ਿੰਦਰ ਕੌਰ ਅਤੇ ਆਸ਼ਾ ਚਰਨਜੀਤ ਕੌਰ ਵੱਲੋਂ ਵੱਧ ਤੋਂ ਵੱਧ ਸਫ਼ਾਈ ਵੱਲ ਧਿਆਨ ਦੇਣ ਅਤੇ ਸਾਫ਼ ਸੁਥਰੇ ਖਾਣ ਪੀਣ ਸਬੰਧੀ ਸੁਝਾਅ ਪੇਸ਼ ਕੀਤੇ।

ਅੰਤ ਵਿੱਚ ਮੈਡਮ ਬਿੰਦਰ ਕੌਰ ਸੂਪਰਵਾਈਜ਼ਰ ਵੱਲੋਂ ਆਂਗਨਵਾੜੀ ਸੈਂਟਰ ਵੱਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਦਾ ਵੱਧ ਤੋਂ ਵੱਧ ਲਾਹਾ ਲੈਣ ਦੀ ਅਪੀਲ ਕੀਤੀ ਅਤੇ ਉਪਰੋਕਤ ਸੁਝਾਵਾਂ ਵੱਲ ਧਿਆਨ ਦੇਣ ਲਈ ਵੀ ਕਿਹਾ ਅਤੇ ਸਭਨਾਂ ਦਾ ਧੰਨਵਾਦ ਕੀਤਾ।

ਇਸ ਮੌਕੇ ਹਰਜੀਤ ਸਿੰਘ, ਸਵਰਨ ਸਿੰਘ, ਚਰਨਜੀਤ ਕੌਰ, ਜਸਪ੍ਰੀਤ ਕੌਰ, ਮਨਪ੍ਰੀਤ ਕੌਰ, ਰਚਨਾ, ਜਸਵਿੰਦਰ ਕੌਰ, ਵੀਰਪਾਲ ਕੌਰ, ਹਰਬੰਸ ਕੌਰ, ਚਰਨੋ ਹੈਲਪਰ, ਮੀਨਾ ਖਾਤੂਨ, ਮਨਰੀਤ ਕੌਰ, ਮਨਕੀਰਤ ਸਿੰਘ,ਹਮਜ਼ਾ ਅਤੇ ਨਾਇਲਾ ਆਦਿ ਹਾਜ਼ਰ ਸਨ।

# ਸਾਡਾ ਅਧਿਆਪਕ ਸਾਡਾ ਮਾਣ : ਹਰਪ੍ਰੀਤ ਕੌਰ



ਬਰਨਾਲਾ, 14 ਸਤੰਬਰ (ਸੁਖਵਿੰਦਰ ਸਿੰਘ ਭੰਡਾਰੀ) : ਖਿੜੇ ਮੱਥੇ 'ਤੇ ਚਿਹਰੇ 'ਤੇ ਹਲਕੀ ਮੁਸਕਾਨ ਨਾਲ ਸਕੂਲ ਸਬੰਧੀ ਤੇ ਵਿੱਦਿਅਕ ਕਾਰਜ ਕਰਨ ਵਾਲੀ ਸ਼ਖਸੀਅਤ ਹਰਪ੍ਰੀਤ ਕੌਰ, ਜੋ ਕਿ ਸ਼ਹੀਦ ਸਿਪਾਹੀ ਅਮਰਦੀਪ ਸਿੰਘ ਸ. ਸ. ਸ. ਸ. ਕਰਮਗੜ੍ਹ ਬਰਨਾਲਾ ਵਿਖੇ 2014 ਤੋਂ ਬਤੌਰ ਅੰਗਰੇਜ਼ੀ ਮਿਸਟਰੈੱਸ ਸੇਵਾ ਨਿਭਾਅ ਰਹੇ ਹਨ, ਕਿਸੇ ਵੀ ਜਾਣ ਪਛਾਣ ਦੇ ਮੁਥਾਜ਼ ਨਹੀਂ। ਸਿੱਖਿਆ ਜਗਤ ਵਿੱਚ ਨਾ ਸਿਰਫ ਬਰਨਾਲਾ ਜ਼ਿਲਾ ਵਿੱਚ ਉਹ ਆਪਣੀਆਂ ਸੇਵਾਵਾਂ ਲਈ ਜਾਣੇ ਜਾਂਦੇ ਹਨ, ਬਲਕਿ ਸਟੇਟ ਪੱਧਰ ਤੇ ਵੀ ਉਹਨਾਂ ਦੀਆਂ ਪ੍ਰਾਪਤੀਆਂ ਸ਼ਲਾਘਾਯੋਗ ਹਨ। ਅੰਗਰੇਜ਼ੀ ਭਾਸ਼ਾ ਵਿੱਚ ਮੁਹਾਰਤ ਰੱਖਦਿਆਂ, ਉਹ ਵਿਦਿਆਰਥੀਆਂ ਦਾ ਮਾਰਗ ਦਰਸ਼ਨ ਬਹੁਤ ਸੁਚਾਰੂ ਅਤੇ ਯੋਗ ਢੰਗ ਨਾਲ ਕਰਦੇ ਹਨ। ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ 2007 ਵਿੱਚ ਆਪਣੀ ਅਕਾਦਮਿਕ ਪੜ੍ਹਾਈ ਐਮ. ਏ. ਐਮ. ਫ਼ਿਲ. (ਅੰਗਰੇਜ਼ੀ ), ਬੀ. ਐੱਡ. ਕਰਨ ਤੋਂ ਬਾਅਦ ਫਰਵਰੀ 2011 ਵਿੱਚ ਸਰਕਾਰੀ ਨੌਕਰੀ ਵਿੱਚ ਆ ਕੇ ਆਪਣੇ ਕਿੱਤੇ ਵਿੱਚ ਪੂਰੀ ਲਗਨ ਅਤੇ ਮਿਹਨਤ ਨਾਲ ਸੇਵਾਵਾਂ ਨਿਭਾਅ ਰਹੇ ਹਨ। ਅੰਗਰੇਜ਼ੀ ਭਾਸ਼ਾ ਨੂੰ ਕਿਵੇਂ ਵਿਦਿਆਰਥੀਆਂ ਚ ਪ੍ਰਫੁੱਲਿਤ ਕਰਨਾ ਹੈ ਤੇ ਕਿਵੇਂ ਅੰਗਰੇਜ਼ੀ ਵਿਸ਼ੇ ਨੂੰ ਵਿਦਿਆਰਥੀਆਂ ਦਾ ਹਰਮਨ ਪਿਆਰਾ ਵਿਸ਼ਾ ਬਣਾਉਣਾ ਹੈ - ਇਹ ਸਭ ਗੱਲਾਂ ਮੈਡਮ ਹਰਪ੍ਰੀਤ ਕੌਰ ਬਾਖ਼ੂਬੀ ਜਾਣਦੇ ਹਨ। ਸਰਕਾਰੀ ਸਕੂਲਾਂ ਵਿੱਚ ਅੰਗਰੇਜ਼ੀ ਭਾਸ਼ਾ ਸਾਡੇ ਵਿਦਿਆਰਥੀਆਂ ਲਈ ਬਹੁਤ ਵੱਡੀ ਚੁਣੌਤੀ ਹੈ, ਪਰ ਮੈਡਮ ਦੇ ਦਰਸਾਏ ਮਾਰਗਦਰਸ਼ਨ ਅਤੇ ਦਿਲਚਸਪ ਨੁਕਤਿਆਂ ਨੂੰ ਜਿਹੜੇ ਵਿਦਿਆਰਥੀ ਨੇ ਅਪਣਾ ਲਿਆ,ਉਸ ਵਿਦਿਆਰਥੀ ਦੀ ਅੰਗਰੇਜ਼ੀ ਵਿਸ਼ੇ ਪ੍ਰਤੀ ਰੁਚੀ ਵਧ ਜਾਂਦੀ ਹੈ। ਇਹ ਅਧਿਆਪਕ ਨਾ ਸਿਰਫ਼ ਵਿਦਿਅਕ ਕਿਰਿਆਵਾਂ ਚ ਬਲਕਿ ਸਹਿ-ਵਿੱਦਿਅਕ ਕਿਰਿਆਵਾਂ ਵਿੱਚ ਵੀ ਵਿਦਿਆਰਥੀਆਂ ਨੂੰ ਸਟੇਟ ਪੱਧਰ ਤੇ ਪਹਿਚਾਣ ਹਾਸਿਲ ਕਰਵਾਉਣ ਵਿੱਚ ਯਤਨਸ਼ੀਲ ਹਨ। ਅੰਗਰੇਜ਼ੀ ਭਾਸ਼ਾ ਨਾਲ ਸੰਬੰਧਿਤ ਵੱਖ-ਵੱਖ ਤਰ੍ਹਾਂ ਦੇ ਸਟੇਟ ਤੇ ਜ਼ਿਲ੍ਹਾ- ਪੱਧਰੀ ਮੁਕਾਬਲਿਆਂ ਵਿੱਚ ਬਹੁਤ ਸਾਰੇ ਵਿਦਿਆਰਥੀਆਂ ਨੂੰ ਜੇਤੂ ਪੁਜੀਸ਼ਨਾਂ ਹਾਸਿਲ ਕਰਾ ਕੇ ਆਪਣੀਆਂ 'ਸਪੀਕਿੰਗ ਸਕਿਲਸ' ਨੂੰ ਪ੍ਰਫੁੱਲਿਤ ਕਰਨ ਵਿੱਚ ਮੁਹਾਰਤ ਹਾਸਲ ਕਰਵਾ ਚੁੱਕੇ ਹਨ। ਮੈਡਮ ਵੱਲੋਂ ਦਿੱਤੇ ਜਾਂਦੇ ਅੰਗਰੇਜ਼ੀ ਅਤੇ ਪੰਜਾਬੀ ਭਾਸ਼ਾਵਾਂ ਦੀਆਂ ਅਖਬਾਰਾਂ ਦੇ ਵਿੱਚ ਕਵਿਤਾਵਾਂ ਅਤੇ ਆਰਟੀਕਲ ਸੋਨੇ ਤੇ ਸੁਹਾਗੇ ਦਾ ਕੰਮ ਕਰਦੇ ਹਨ ਅਤੇ ਉਹ ਵਿਦਿਆਰਥੀਆਂ ਵਿੱਚ ਵੀ ਅੰਗਰੇਜ਼ੀ ਭਾਸ਼ਾ ਵਿੱਚ ਲਿਖਣ ਦੀ ਰੁਚੀ ਨੂੰ ਵਿਕਸਿਤ ਕਰਨ ਵਿੱਚ ਹਮੇਸ਼ਾ ਕਿਰਿਆਸ਼ੀਲ ਰਹਿੰਦੇ ਹਨ। ਸਿੱਖਿਆ ਜਗਤ ਨੂੰ ਅਜਿਹੇ ਅਧਿਆਪਕਾਂ ਤੇ ਮਾਣ ਹੈ ਜੋ ਕਿ ਪੂਰੀ ਲਗਨ ਅਤੇ ਇਮਾਨਦਾਰੀ ਨਾਲ ਅਧਿਆਪਕ ਦੇ ਪਵਿੱਤਰ ਫਰਜ਼ ਅਤੇ ਜ਼ਿੰਮੇਵਾਰੀ ਨੂੰ ਨਿਭਾ ਰਹੇ ਹਨ।

# ਆਪਣੇ ਪਵਿੱਤਰ ਰੁਤਬੇ ਨੂੰ ਇਮਾਨਦਾਰੀ ਅਤੇ ਮਿਹਨਤ ਨਾਲ ਅਦਾ ਕਰਨ 'ਤੇ ਅਧਿਆਪਕ ਪੂਜਣਯੋਗ ਬਣ ਜਾਂਦੈ



ਬਰਨਾਲਾ, 14 ਸਤੰਬਰ (ਸੁਖਵਿੰਦਰ ਸਿੰਘ ਭੰਡਾਰੀ): ਪ੍ਰੋਗਰੈਸਿਵ ਸੀਨੀਅਰ ਸਿਟੀਜ਼ਨ ਸੋਸਾਇਟੀ ਰਜਿ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਅਤੇ ਸੂਰਿਆਵੰਸ਼ੀ ਖੱਤਰੀ ਸਭਾ ਬਰਨਾਲਾ ਵੱਲੋਂ ਹਰ ਸਾਲ ਦੀ ਤਰ੍ਹਾਂ ਅਧਿਆਪਕ ਦਿਵਸ ਨੂੰ ਸਮਰਪਿਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੁੰਡੇ ਬਰਨਾਲਾ ਵਿਖੇ ਨੀਰਜ ਬਾਲਾ ਦਾਨੀਆ ਅਤੇ ਪਿਆਰਾ ਲਾਲ ਰਾਏਸਰ ਵਾਲੇ ਦੀ ਸਰਪ੍ਰਸਤੀ ਹੇਠ ਸਨਮਾਨ ਸਮਾਰੋਹ ਕਰਵਾਇਆ ਗਿਆ। ਇਸ ਮੌਕੇ ਬਤੌਰ ਮੁੱਖ ਮਹਿਮਾਨ ਪਹੁੰਚੇ ਸਟੇਟ ਐਵਾਰਡੀ ਅਤੇ ਸਿੱਖਿਆ ਸ਼ਾਸਤਰੀ ਭੋਲਾ ਸਿੰਘ ਵਿਰਕ ਨੇ ਸ਼ਾਨਦਾਰ ਕਾਰਗੁਜ਼ਾਰੀ ਕਰਨ ਵਾਲੇ ਅਧਿਆਪਕਾਂ ਨੂੰ ਸਨਮਾਨਿਤ ਕਰਨ ਦੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਜਦੋਂ ਅਧਿਆਪਕ ਆਪਣੇ ਪਵਿੱਤਰ ਕਾਰਜ ਨੂੰ ਮਿਹਨਤ ਅਤੇ ਇਮਾਨਦਾਰੀ ਨਾਲ ਨਿਭਾਉਂਦਾ ਹੈ ਤਾਂ ਉਹ ਪੂਜਣ ਯੋਗ ਬਣ ਜਾਂਦਾ ਹੈ। ਉਨਾਂ ਇਸ ਪ੍ਰੋਗਰਾਮ ਤੋਂ ਖੁਸ਼ ਹੋ ਕੇ ਪ੍ਰਬੰਧਕਾਂ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਉਨ੍ਹਾਂ ਨੂੰ 11 ਹਜ਼ਾਰ ਰੁਪਏ ਦੀ ਮਾਲੀ ਸਹਾਇਤਾ ਵੀ ਦਿੱਤੀ। ਇਸ ਮੌਕੇ ਬੋਲਦਿਆਂ ਪੰਜ ਆਬ ਜ਼ਿਲ੍ਹਾ ਪ੍ਰੈੱਸ ਕਲੱਬ ਰਜਿ ਬਰਨਾਲਾ ਦੇ ਪ੍ਰਧਾਨ ਬਘੇਲ ਸਿੰਘ ਧਾਲੀਵਾਲ ਨੇ ਕਿਹਾ ਕਿ ਸਾਡੇ ਰਾਸ਼ਟਰ ਨੇ ਜੋ ਤਰੱਕੀ ਕੀਤੀ ਹੈ ਉਸ ਵਿੱਚ ਅਧਿਆਪਕ ਵਰਗ ਦਾ ਵਿਸ਼ੇਸ਼ ਯੋਗਦਾਨ ਹੈ। ਉਨ੍ਹਾਂ ਸਰਕਾਰ ਨੂੰ ਜ਼ੋਰ ਦੇ ਕੇ ਕਿਹਾ ਕਿ ਅਧਿਆਪਕਾਂ ਦੇ ਮਸਲੇ ਤੁਰੰਤ ਹੱਲ ਕੀਤੇ ਜਾਣ, ਇਹੀ ਅਧਿਆਪਕਾਂ ਦਾ ਸਭ ਤੋਂ ਵੱਡਾ ਸਨਮਾਨ ਹੈ। ਇਸ ਮੌਕੇ ਪ੍ਰਿੰਸੀਪਲ ਸਰਬਜੀਤ ਸਿੰਘ ਠੀਕਰੀਵਾਲ, ਸ਼੍ਰੇਸ਼ਟਾ ਸ਼ਰਮਾ ਹੈੱਡ ਮਿਸਟਰੈੱਸ ਨਾਈਵਾਲਾ, ਪਰਮਿੰਦਰ ਸਿੰਘ ਢਿੱਲੋਂ ਲੈਕਚਰਰ ਸ਼ਹਿਣਾ, ਲਖਵੀਰ ਸਿੰਘ ਲੈਕਚਰਰ ਕੱਟੂ, ਮਨਜੀਤ ਸਿੰਘ ਡੀ ਪੀ ਈ ਸਰਵ ਹਿੱਤਕਾਰੀ ਸਕੂਲ ਬਰਨਾਲਾ, ਹਰਪ੍ਰੀਤ ਕੌਰ ਇੰਗਲਿਸ਼ ਮਿਸਟਰੈਸ ਕਰਮਗੜ੍ਹ, ਰੁਪਿੰਦਰ ਸਿੰਘ ਸਾਇੰਸ ਮਾਸਟਰ ਕਾਹਨੇਕੇ, ਹਰਪ੍ਰੀਤ ਸਿੰਘ ਕੰਪਿਊਟਰ ਫੈਕਲਟੀ ਕੰਨਿਆ ਸਕੂਲ ਬਰਨਾਲਾ, ਦਿਲਪ੍ਰੀਤ ਸਿੰਘ ਆਰਟ/ਕਰਾਫ਼ਟ ਟੀਚਰ ਮਾਂਗੇਵਾਲ, ਤਰਵਿੰਦਰ ਸਿੰਘ ਸੀ ਐਚ ਟੀ ਹੰਡਿਆਇਆ, ਮਨੀਸ਼ ਕੁਮਾਰ ਐਸੋਸੀਏਟ ਟੀਚਰ ਕੈਰੇ ਨੂੰ ਸਨਮਾਨਿਤ ਕੀਤਾ ਗਿਆ। ਇਸ ਦੌਰਾਨ ਆਏ ਮਹਿਮਾਨਾਂ ਨੂੰ ਵੀ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੁਖਵਿੰਦਰ ਭੰਡਾਰੀ, ਰਜੇਸ਼ ਭੂਟਾਨੀ, ਪ੍ਰਿੰਸੀਪਲ ਰਾਕੇਸ਼ ਗਰਗ, ਰਾਜਿਦਰ ਕੁਮਾਰ ਆਦਿ ਨੇ ਵੀ ਵਿਚਾਰ ਪੇਸ਼ ਕੀਤੇ। ਇਸ ਦੌਰਾਨ ਵਿਸ਼ੇਸ਼ ਮਹਿਮਾਨ ਮਨੀਸ਼ ਗੋਇਲ ਭਾਰਤੀ ਫੈਸ਼ਨਜ ਵਾਲੇ, ਰੇਸ਼ਮ ਸਿੰਘ ਸੇਵਾ ਮੁਕਤ ਪੁਲਿਸ ਇੰਸਪੈਕਟਰ , ਰਾਕੇਸ਼ ਜਿੰਦਲ, ਪੱਤਰਕਾਰ ਕਪਿਲ ਗਰਗ, ਹਰਮਨਜੀਤ ਸਿੰਘ ਰੁਪਾਲ, ਜੋਰਾ ਸਿੰਘ ਕਾਨੂੰਗੋ, ਨਿਰਮਲ ਸਿੰਘ ਕਾਨੂੰਗੋ, ਅਸ਼ੋਕ ਭਾਰਦਵਾਜ, ਸੋਮਾ ਭੰਡਾਰੀ, ਕੇਵਲ ਕ੍ਰਿਸ਼ਨ, ਤੇਜ ਕੁਮਾਰ ਤੇਜੀ ਪਟਵਾਰੀ, ਹੈਡਮਾਸਟਰ ਚਰਨਜੀਤ ਸਿੰਘ, ਸੁਰਿੰਦਰ ਨੰਦਰਾ, ਅਵਤਾਰ ਸਿੰਘ ਖਾਲਸਾ, ਸਰੂਪ ਚੰਦ ਵਰਮਾ, ਰਮੇਸ਼ ਚੰਦ ਕੌਸ਼ਲ, ਦੀਪ ਚੰਦ ਬਾਂਸਲ ਆਦਿ ਹਾਜ਼ਰ ਸਨ।

ਰੋਜ਼ਾਨਾ ਚੜ੍ਹਦੀਕਲਾ

## ਸਿਹਤ ਖ਼ਬਰਨਾਮਾ

# ਪੱਥਰੀ ਨੂੰ ਸਰੀਰ ਤੋਂ ਬਾਹਰ ਕਰਨਗੇ ਪਪੀਤੇ ਦੇ ਬੀਜ

ਪਪੀਤਾ ਇਕ ਅਜਿਹਾ ਫਲ ਹੈ ਜਿਸ ਨੂੰ ਅਸੀਂ ਜ਼ਿਆਦਾਤਰ ਖਾਂਦੇ ਹਾਂ, ਪਰ ਇਸ ਦੇ ਬੀਜ ਅਕਸਰ ਸੁੱਟ ਦਿੱਤੇ ਜਾਂਦੇ ਹਨ। ਪਰ ਇਹ ਬੀਜ ਬਹੁਤ ਕੀਮਤੀ ਅਤੇ ਸਿਹਤਮੰਦ ਹੁੰਦੇ ਹਨ। ਪਪੀਤੇ ਦੇ ਬੀਜ



'ਚ ਆਇਰਨ, ਕੈਲਸ਼ੀਅਮ ਅਤੇ ਮੈਗਨੀਸ਼ੀਅਮ ਜਿਹੇ ਖਣਿਜ ਪਾਏ ਜਾਂਦੇ ਹਨ ਅਤੇ ਇਹ ਐਂਟੀ-ਬੈਕਟੀਰੀਅਲ ਗੁਣਾਂ ਨਾਲ ਭਰਪੂਰ ਹੁੰਦੇ ਹਨ। ਇਹ ਕਿਡਨੀ ਸਟੋਨ ਨੂੰ ਸਰੀਰ ਤੋਂ ਬਾਹਰ ਕੱਢਣ 'ਚ ਮਦਦ ਕਰਦੇ ਹਨ।

**ਪਪੀਤੇ ਦੇ ਬੀਜ ਖਾਣ ਦੇ ਫਾਇਦੇ:**

**ਕਿਡਨੀ ਸਟੋਨ ਨੂੰ ਕੱਢਣਾ:** ਪਪੀਤੇ ਦੇ ਬੀਜ ਕਿਡਨੀ ਸਟੋਨ ਨੂੰ ਤੋੜ ਕੇ ਛੋਟੇ-ਛੋਟੇ ਹਿੱਸਿਆਂ 'ਚ ਬਦਲਣ 'ਚ ਮਦਦ ਕਰਦੇ ਹਨ, ਜਿਸ ਨਾਲ ਇਹ ਸਟੋਨ ਅਸਾਨੀ ਨਾਲ ਪਿਸ਼ਾਬ ਦੇ ਰਾਹੀਂ ਸਰੀਰ ਤੋਂ ਨਿਕਲ ਜਾਂਦੇ ਹਨ।

**ਪਾਚਨ ਵਿਚ ਸੁਧਾਰ:** ਪਪੀਤੇ ਦੇ ਬੀਜ ਪਾਚਨ ਤੰਤਰ ਨੂੰ ਮਜ਼ਬੂਤ ਬਣਾਉਂਦੇ ਹਨ। ਇਹ ਕਬਜ਼ ਅਤੇ ਅਪਚ ਦੀ ਸਮੱਸਿਆ ਨੂੰ ਘਟਾਉਂਦੇ ਹਨ ਅਤੇ ਸਰੀਰ ਦਾ ਮੈਟਾਬੋਲਿਜ਼ਮ ਸਹੀ ਰੱਖਦੇ ਹਨ।


**ਮੋਟਾਪਾ ਘਟਾਉਣਾ:** ਇਹ ਬੀਜ ਮੈਟਾਬੋਲਿਜ਼ਮ ਨੂੰ ਸਹੀ ਰੱਖਦੇ ਹਨ ਅਤੇ ਭਾਰ ਨੂੰ ਕੰਟਰੋਲ ਕਰਨ 'ਚ ਮਦਦ ਕਰਦੇ ਹਨ, ਜਿਸ ਨਾਲ ਵਧੀ ਹੋਈ ਚਰਬੀ ਨੂੰ ਘਟਾਇਆ ਜਾ ਸਕਦਾ ਹੈ।

ਇਨਫੈਕਸ਼ਨ ਤੋਂ ਬਚਾਅ:ਪਪੀਤੇ ਦੇ ਬੀਜ ਦੇ ਐਂਟੀ-ਬੈਕਟੀਰੀਅਲ ਗੁਣ ਸਰੀਰ ਨੂੰ ਇਨਫੈਕਸ਼ਨ ਤੋਂ ਬਚਾਉਂਦੇ ਹਨ ਅਤੇ ਇਮਿਊਨ ਸਿਸਟਮ ਨੂੰ ਮਜ਼ਬੂਤ ਕਰਦੇ ਹਨ।

**ਕਿਵੇਂ ਖਾਈਏ ਪਪੀਤੇ ਦੇ ਬੀਜ:** ਪਪੀਤੇ ਦੇ ਬੀਜ ਨੂੰ ਖਾਣ ਦੇ ਕਈ ਅਸਾਨ ਤਰੀਕੇ ਹਨ। ਤੁਸੀਂ ਸਿੱਧਾ ਇਸ ਨੂੰ ਚਬਾ ਕੇ ਖਾ ਸਕਦੇ ਹੋ, ਜਾਂ ਇਸ ਨੂੰ ਸੁਕਾ ਕੇ ਪਾਊਡਰ ਬਣਾ ਕੇ ਸਮੂਥੀ ਜਾਂ ਜੂਸ 'ਚ ਮਿਲਾ ਸਕਦੇ ਹੋ। ਇਸ ਨੂੰ ਸਲਾਦ ਜਾਂ ਦਹੀਂ 'ਚ ਵੀ ਪਾ ਸਕਦੇ ਹੋ, ਜਿਸ ਨਾਲ ਤੁਹਾਡੇ ਖਾਣੇ 'ਚ ਖ਼ਾਸ ਸੁਆਦ ਅਤੇ ਪੋਸ਼ਣ ਦੋਵੇਂ ਵਧ ਜਾਂਦੇ ਹਨ।

# ਓਲੰਪਿਕ ਤਮਗ਼ਾ ਜੇਤੂ ਪਹਿਲਵਾਨ ਅਮਨ ਸਹਿਰਾਵਤ ਵਿਸ਼ਵ ਚੈਂਪੀਅਨਸ਼ਿਪ 'ਚੋਂ ਅਯੋਗ ਕਰਾਰ

ਨਵੀਂ ਦਿੱਲੀ, 14 ਸਤੰਬਰ (ਚ.ਨ.ਸ.) : ਓਲੰਪਿਕ ਤਗਮਾ ਜੇਤੂ ਅਮਨ ਸਹਿਰਾਵਤ ਨੂੰ ਭਾਰ ਜ਼ਿਆਦਾ ਹੋਣ ਕਰਕੇ ਐਤਵਾਰ ਨੂੰ ਜ਼ਾਗਰੇਬ ਵਿੱਚ ਵਿਸ਼ਵ ਚੈਂਪੀਅਨਸ਼ਿਪ ਤੋਂ ਅਯੋਗ ਕਰਾਰ ਦੇ ਦਿੱਤਾ ਗਿਆ ਹੈ। ਭਾਰਤੀ ਕੁਸ਼ਤੀ ਦਲ ਲਈ ਇਹ ਵੱਡਾ ਝਟਕਾ ਹੈ।ਪਿਛਲੇ ਸਾਲ ਪੈਰਿਸ ਖੇਡਾਂ ਵਿੱਚ ਕਾਂਸੀ ਦਾ ਤਗਮਾ ਜਿੱਤਣ ਵਾਲੇ ਅਮਨ ਦਾ ਪੁਰਸ਼ਾਂ ਦੇ ਫ੍ਰੀਸਟਾਈਲ 57 ਕਿਲੋਗ੍ਰਾਮ ਵਿੱਚ ਮੁਕਾਬਲੇ ਤੋਂ ਪਹਿਲਾਂ ਭਾਰ ਕੀਤਾ ਗਿਆ, ਜੋ ਲੋੜੀਂਦੇ ਭਾਰ ਨਾਲੋਂ 1.7 ਕਿਲੋਗ੍ਰਾਮ ਵੱਧ ਨਿਕਲਿਆ।ਭਾਰਤੀ ਕੁਸ਼ਤੀ ਦਲ ਦੇ ਇੱਕ ਸੂਤਰ ਨੇ ਜ਼ਾਗਰੇਬ ਤੋਂ ਪੀਟੀਆਈ ਨੂੰ ਦੱਸਿਆ, "ਇਹ ਮੰਦਭਾਗਾ ਅਤੇ ਹੈਰਾਨੀਜਨਕ ਹੈ ਕਿ ਅਮਨ ਆਪਣਾ ਭਾਰ ਬਰਕਰਾਰ ਨਹੀਂ ਰੱਖ ਸਕਿਆ। ਜਦੋਂ ਉਹ ਭਰਤ ਤੋਲਣ ਵਾਲੀ ਮਸ਼ੀਨ 'ਤੇ ਖੜ੍ਹਾ ਸੀ ਤਾਂ ਉਸ ਦਾ ਭਾਰ 1700 ਗ੍ਰਾਮ ਵੱਧ ਸੀ। ਅਸਲ ਵਿੱਚ ਇਹ ਸਵੀਕਾਰਯੋਗ ਨਹੀਂ ਹੈ। ਉਸ ਨੂੰ ਇੰਨਾ ਵਾਧੂ ਭਾਰ ਕਿਵੇਂ ਮਿਲਿਆ, ਇਹ ਸਾਡੀ ਸਮਝ ਤੋਂ ਪਰੇ ਹੈ।"ਅਮਨ 25 ਅਗਸਤ ਨੂੰ ਹੋਰ ਭਾਰਤੀ ਪਹਿਲਵਾਨਾਂ ਨਾਲ ਇਕ ਕੈਂਪ ਲਈ ਕ੍ਰੋਏਸ਼ੀਆ ਦੇ ਜ਼ਾਗਰੇਬ ਪਹੁੰਚਿਆ ਸੀ ਅਤੇ ਉਸ ਕੋਲ ਭਾਰ ਬਣਾਉਣ ਲਈ ਕਾਫ਼ੀ ਸਮਾਂ ਸੀ। ਅਮਨ (22), ਜੋ ਮਸ਼ਹੂਰ ਛੱਤਰਸਾਲ ਸਟੇਡੀਅਮ ਵਿੱਚ ਸਿਖਲਾਈ ਲੈਂਦਾ ਹੈ, ਭਾਰਤੀ ਕੁਸ਼ਤੀ ਦਲ ਵਿਚ ਤਗਮੇ ਦੇ ਮਜ਼ਬੂਤ ਦਾਅਵੇਦਾਰਾਂ ਵਿੱਚੋਂ ਇੱਕ ਸੀ।



# ਦੂਜੇ ਵਿਸ਼ਵ ਯੁੱਧ 'ਚ ਸ਼ਹੀਦ ਹੋਏ ਸਿੱਖ ਫ਼ੌਜੀਆਂ ਦੀ ਇਟਲੀ 'ਚ 10ਵੀਂ ਯਾਦਗਾਰ ਸਥਾਪਤ

ਮਿਲਾਨ, 14 ਸਤੰਬਰ (ਚ.ਨ.ਸ.) : ਦੂਜੇ ਵਿਸ਼ਵ ਯੁੱਧ ਵਿੱਚ ਸ਼ਹੀਦ ਹੋਏ ਸਿੱਖ ਫੌਜੀਆਂ ਦੀ ਯਾਦ ਵਿੱਚ ਵਰਲਡ ਸਿੱਖ ਸ਼ਹੀਦ ਮਿਲਟਰੀ ਯਾਦਗਾਰੀ ਕਮੇਟੀ (ਰਜਿ) ਪਿਛਲੇ 15 ਸਾਲਾਂ ਤੋਂ ਇਟਾਲੀਅਨ ਪ੍ਰਸ਼ਾਸ਼ਨ ਨਾਲ ਮਿਲ ਕੇ ਵੱਖ-ਵੱਖ ਸ਼ਹਿਰਾਂ ਵਿੱਚ ਯਾਦਗਾਰਾਂ ਸਥਾਪਤ ਕਰ ਚੁੱਕੀ ਹੈ। ਇਸੇ ਦੌਰਾਨ ਸ਼ਨੀਵਾਰ ਨੂੰ ਕਾਜੋਲਾ ਵਲਸੇਨੀਓ (ਜਾਤਾਲੀਆ) ਵਿੱਚ ਸਿੱਖ ਫੌਜੀਆਂ ਦੀ 10ਵੀਂ ਸਮਾਰਕ (ਯਾਦਗਾਰ) ਸਥਾਪਤ ਕੀਤੀ ਗਈ, ਜਿੱਥੇ ਸਿੱਖੀ ਦਾ ਚਿੰਨ ਖੰਡਾ ਸਾਹਿਬ ਸੁਸ਼ੋਬਿਤ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਰਲਡ ਸਿੱਖ ਸ਼ਹੀਦ ਮਿਲਟਰੀ ਯਾਦਗਾਰੀ ਕਮੇਟੀ (ਰਜਿ) ਦੇ ਪ੍ਰਧਾਨ ਪ੍ਰਿਥੀਪਾਲ ਸਿੰਘ ਨੇ ਦੱਸਿਆ ਕਿ ਇਟਲੀ ਵਿੱਚ ਦੂਸਰੇ ਵਿਸ਼ਵ ਯੁੱਧ ਵਿੱਚ ਸ਼ਹੀਦ ਹੋਏ ਸਿੱਖ ਫੌਜੀਆਂ ਦੀ ਯਾਦ ਵਿੱਚ 10ਵੀਂ ਸਮਾਰਕ (ਯਾਦਗਾਰ) ਸਥਾਪਤ ਕੀਤੀ ਗਈ ਹੈ। ਇਟਾਲੀਆਨ ਪ੍ਰਸ਼ਾਸਨ ਅਤੇ ਕਮੂਨੇ ਦੀ ਕਾਜੋਲਾ ਵਲਸੇਨੀਓ (ਜਾਤਾਲੀਆ) ਦੇ ਸਹਿਯੋਗ ਨਾਲ ਕਰਵਾਏ ਸਮਾਰਕ ਦੇ ਉਦਘਾਟਨ ਮੌਕੇ ਵਰਲਡ ਸਿੱਖ ਸ਼ਹੀਦ ਸੰਸਥਾ ਦੇ ਆਗੂਆਂ ਅਤੇ ਸੰਗਤਾਂ ਨੇ ਮੂਲਮੰਤਰ ਸਾਹਿਬ ਦਾ ਜਾਪ ਕੀਤਾ ਅਤੇ ਅਰਦਾਸ ਕੀਤੀ। ਇਸ ਮੌਕੇ ਵੱਖ-ਵੱਖ ਸ਼ਹਿਰਾਂ-ਕਸਬਿਆਂ ਦੇ ਮੇਅਰ, ਮਿਲਟਰੀ ਅਤੇ ਕਮੂਨੇ ਦੀ ਕਾਜੋਲਾ ਵਲਸੇਨੀਓ ਦੇ ਪ੍ਰਸ਼ਾਸ਼ਨਿਕ ਅਧਿਕਾਰੀ ਮੌਜੂਦ ਹੋਏ। ਇਸ ਮੌਕੇ ਮੇਅਰ ਮਾਓਰੀਜੀਓ ਨਾਤੀ ਨੇ ਸਿੱਖ ਫੌਜੀਆਂ ਦੀ 10ਵੀਂ ਸਮਾਰਕ ਬਣਨ ਤੇ ਵਧਾਈ ਦਿੰਦਿਆ ਸਿੱਖ ਕੌਮ ਦੀ ਸਰਾਹਨਾ ਕੀਤੀ ਤੇ ਹੋਰਨਾਂ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਵੀ ਆਪਣੇ ਭਾਸ਼ਣ ਰਾਹੀ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮਗਰੋਂ ਵਰਲਡ ਸਿੱਖ ਸ਼ਹੀਦ ਮਿਲਟਰੀ (ਰਜਿ) ਇਟਲੀ ਦੇ ਪ੍ਰਬੰਧਕਾਂ ਨੇ ਆਏ ਪ੍ਰਸ਼ਾਸ਼ਨਿਕ ਅਧਿਕਾਰੀਆਂ ਅਤੇ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਲੰਗਰ ਦੀ ਸੇਵਾ ਗੁਰਦੁਆਰਾ ਸਿੰਘ ਸਭਾ ਨੋਵੇਲਾਰਾ ਵਲੋਂ ਕੀਤੀ ਗਈ। ਵਰਲਡ ਸਿੱਖ ਸ਼ਹੀਦ ਮਿਲਟਰੀ ਯਾਦਗਾਰੀ ਕਮੇਟੀ (ਰਜਿ) ਇਟਲੀ ਦੇ ਪ੍ਰਿਥੀਪਾਲ ਸਿੰਘ, ਸੇਵਾ ਸਿੰਘ ਫੌਜੀ, ਸਤਨਾਮ ਸਿੰਘ, ਇਕਬਾਲ ਸਿੰਘ ਸੋਢੀ, ਬਖਤੌਰ ਸਿੰਘ, ਮਨਜਿੰਦਰ ਸਿੰਘ ਖਾਲਸਾ, ਰਾਜ ਕੁਮਾਰ, ਜਸਪ੍ਰੀਤ ਸੰਧੂ, ਭਾਈ ਦਵਿੰਦਰ ਸਿੰਘ ਕਥਾਵਾਚਕ, ਜਸਵੀਰ ਸਿੰਘ ਆਦਿ ਸ਼ਾਮਲ ਹੋਏ।ਇੱਥੇ ਇਹ ਵੀ ਦੱਸਣਯੋਗ ਹੈ ਕਿ ਵਰਲਡ ਸਿੱਖ ਸ਼ਹੀਦ ਮਿਲਟਰੀ ਯਾਦਗਾਰੀ ਕਮੇਟੀ (ਰਜਿ.) ਦੁਆਰਾ ਹਰ ਸਾਲ ਸ਼ਹੀਦ ਸਿੱਖ ਫੌਜੀਆਂ ਦੀ ਯਾਦ ਵਿੱਚ ਸਮਾਗਮ ਕਰਵਾਉਂਦੀ ਹੈ। ਇਨ੍ਹਾਂ ਯਾਦਗਾਰਾਂ 'ਤੇ ਕਰਵਾਏ ਸਮਾਗਮ ਵਿੱਚ ਇਟਲੀ ਪ੍ਰਸ਼ਾਸ਼ਨ ਵੱਡੀ ਗਿਣਤੀ ਵਿੱਚ ਪਹੁੰਚ ਕੇ ਸਿੱਖ ਫੌਜੀਆ ਨੂੰ ਸ਼ਰਧਾਜਲੀ ਭੇਟ ਕਰਦਾ ਹੈ।



# 11 ਅਕਤੂਬਰ ਤੋਂ ਭੁਵਨੇਸ਼ਵਰ ਵਿੱਚ ਹੋਣ ਵਾਲੀ ਏਸ਼ੀਅਨ ਟੇਬਲ ਟੈਨਿਸ ਚੈਂਪੀਅਨਸ਼ਿਪ ਵਿੱਚ ਹਿੱਸਾ ਲੈਣਗੇ 22 ਦੇਸ਼

ਨਵੀਂ ਦਿੱਲੀ, 14 ਸਤੰਬਰ (ਚ.ਨ.ਸ.) : ਯੂਏਈ ਦੇ ਹਟਣ ਤੋਂ ਬਾਅਦ, 22 ਦੇਸ਼ਾਂ ਨੇ ਭੁਵਨੇਸ਼ਵਰ ਵਿੱਚ ਹੋਣ ਵਾਲੀ 28ਵੀਂ ਆਈਟੀਟੀਐਫ-ਏਟੀਟੀਯੂ ਏਸ਼ੀਅਨ ਟੇਬਲ ਟੈਨਿਸ ਟੀਮ ਚੈਂਪੀਅਨਸ਼ਿਪ ਵਿੱਚ ਆਪਣੀ ਭਾਗੀਦਾਰੀ ਦੀ ਪੁਸ਼ਟੀ ਕਰ ਦਿੱਤੀ ਹੈ। ਇਹ ਜਾਣਕਾਰੀ ਸਾਂਝੀ ਕਰਦੇ ਹੋਏ, ਪ੍ਰਬੰਧਕਾਂ ਨੇ ਇਸ ਵਿੱਚ 500 ਤੋਂ ਵੱਧ ਭਾਗੀਦਾਰਾਂ ਦੇ ਹਿੱਸਾ ਲੈਣ ਦੀ ਉਮੀਦ ਕੀਤੀ। ਓਡੀਸ਼ਾ ਪਹਿਲੀ ਵਾਰ ਏਸ਼ੀਅਨ ਪੱਧਰ ਦੀ ਟੇਬਲ ਟੈਨਿਸ ਚੈਂਪੀਅਨਸ਼ਿਪ ਦੀ ਮੇਜ਼ਬਾਨੀ ਕਰੇਗਾ। ਇਹ ਮੁਕਾਬਲਾ 11 ਤੋਂ 15 ਅਕਤੂਬਰ ਤੱਕ ਕਲਿੰਗਾ ਸਟੇਡੀਅਮ ਵਿੱਚ ਆਯੋਜਿਤ ਕੀਤਾ ਜਾਵੇਗਾ। ਓਡੀਸ਼ਾ ਸਟੇਟ ਟੇਬਲ ਟੈਨਿਸ ਐਸੋਸੀਏਸ਼ਨ 500 ਤੋਂ ਵੱਧ ਭਾਗੀਦਾਰਾਂ ਦਾ ਸਵਾਗਤ ਕਰੇਗੀ, ਜਿਸ ਵਿੱਚ 450 ਖਿਡਾਰੀ ਅਤੇ ਸਹਾਇਕ ਸਟਾਫ ਦੇ ਨਾਲ-ਨਾਲ 70 ਤੋਂ 80 ਏਸ਼ੀਅਨ ਟੇਬਲ ਟੈਨਿਸ ਐਸੋਸੀਏਸ਼ਨ ਦੇ ਅਧਿਕਾਰੀ ਸ਼ਾਮਲ ਹੋਣਗੇ। ਇਹ ਚੈਂਪੀਅਨਸ਼ਿਪ 16 ਸਾਲਾਂ ਬਾਅਦ ਭਾਰਤ ਵਿੱਚ ਹੋ ਰਹੀ ਹੈ, ਜਿਸ ਵਿੱਚ ਏਸ਼ੀਆ ਦੇ ਚੋਟੀ ਦੇ ਖਿਡਾਰੀ ਹਾਵੀ ਹੋਣ ਦੀ ਕੋਸ਼ਿਸ਼ ਕਰਨਗੇ। ਚੀਨ, ਜਾਪਾਨ ਅਤੇ ਕੋਰੀਆ ਦੀਆਂ ਮਜ਼ਬੂਤ ਟੀਮਾਂ ਵੱਡੀ ਗਿਣਤੀ ਵਿੱਚ ਐਸੋਸੀਏਟ ਟੀਮਾਂ ਦੇ ਨਾਲ-ਨਾਲ ਪੁਰਸ਼ ਅਤੇ ਮਹਿਲਾ ਦੋਵਾਂ ਸ਼੍ਰੇਣੀਆਂ ਵਿੱਚ 10-ਮੈਂਬਰੀ ਟੀਮਾਂ ਨੂੰ ਮੈਦਾਨ ਵਿੱਚ ਉਤਾਰਨਗੀਆਂ। ਇਸ ਸਮਾਗਮ ਨੂੰ ਲੰਡਨ ਵਿੱਚ 2026 ਦੀ ਵਿਸ਼ਵ ਟੀਮ ਚੈਂਪੀਅਨਸ਼ਿਪ ਲਈ ਇੱਕ ਮਹੱਤਵਪੂਰਨ ਤਿਆਰੀ ਵਜੋਂ ਦੇਖਿਆ ਜਾ ਰਿਹਾ ਹੈ।



# ਲੰਡਨ ਮਗਰੋਂ ਕੈਨੇਡਾ ਵਿੱਚ ਵੀ ਇਮੀਗ੍ਰੇਸ਼ਨ ਵਿਰੁੱਧ ਰੋਸ ਵਿਖਾਵੇ ਸ਼ੁਰੂ

ਟੋਰਾਂਟੋ, 14 ਸਤੰਬਰ (ਚ.ਨ.ਸ.) : ਸ਼ਨੀਵਾਰ ਨੂੰ ਟੋਰਾਂਟੋ ਦੇ ਕ੍ਰਿਸਟੀ ਪਿਟਸ ਪਾਰਕ ਵਿੱਚ ਇੱਕ ਇਮੀਗ੍ਰੇਸ਼ਨ ਵਿਰੋਧੀ ਰੈਲੀ ਅਤੇ ਜਵਾਬੀ ਪ੍ਰਦਰਸ਼ਨ ਦੌਰਾਨ ਟੋਰਾਂਟੋ ਪੁਲਿਸ ਨੇ 10 ਲੋਕਾਂ ਨੂੰ ਗ੍ਰਿਫਤਾਰ ਕੀਤਾ। ਪੁਲਿਸ ਨੇ ਦੱਸਿਆ ਕਿ ਇੱਕ ਵਿਅਕਤੀ ਨੂੰ ਹਮਲੇ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ, ਅਤੇ ਕੁੱਲ ਗ੍ਰਿਫਤਾਰੀਆਂ ਦੀ ਗਿਣਤੀ 10 ਸੀ।ਇਹ ਪ੍ਰਦਰਸ਼ਨ 'ਕੈਨੇਡਾ ਫਸਟ ਪੈਟ੍ਰਿਅਟ ਰੈਲੀ' ਨਾਮ ਹੇਠ ਆਯੋਜਿਤ ਕੀਤਾ ਗਿਆ ਸੀ, ਜਿਸ ਦੇ ਪ੍ਰਬੰਧਕਾਂ ਨੇ ਵੱਡੇ ਪੱਧਰ 'ਤੇ ਇਮੀਗ੍ਰੇਸ਼ਨ÷ ਨੂੰ ਰੋਕਣ ਦੀ ਮੰਗ ਕੀਤੀ। ਉਨ੍ਹਾਂ ਦਾ ਕਹਿਣਾ ਸੀ ਕਿ ਵੱਡੇ ਪੱਧਰ 'ਤੇ ਪ੍ਰਵਾਸ ਕਾਰਨ ਕੈਨੇਡਾ ਦੇ ਸਰੋਤਾਂ 'ਤੇ ਦਬਾਅ ਪੈ ਰਿਹਾ ਹੈ।ਇਸ ਦੇ ਜਵਾਬ ਵਿੱਚ, ਸੈਂਕੜੇ ਲੋਕਾਂ ਨੇ ਇੱਕ ਜਵਾਬੀ ਰੈਲੀ ਵਿੱਚ ਹਿੱਸਾ ਲਿਆ, ਜਿਸਦਾ ਉਦੇਸ਼ ਪ੍ਰਵਾਸੀ ਭਾਈਚਾਰਿਆਂ ਲਈ ਸਮਰਥਨ ਦਿਖਾਉਣਾ ਸੀ। ਵਰਕਰਜ਼ ਐਕਸ਼ਨ ਸੈਂਟਰ ਦੀ ਕਾਰਜਕਾਰੀ ਨਿਰਦੇਸ਼ਕ ਡੀਨਾ ਲੈਡ ਨੇ ਕਿਹਾ ਕਿ ਸਮਾਜਿਕ ਸਮੱਸਿਆਵਾਂ ਲਈ ਨਵੇਂ ਆਉਣ ਵਾਲਿਆਂ ਨੂੰ ਦੋਸ਼ੀ ਠਹਿਰਾਉਣਾ ਗਲਤ ਹੈ। ਉਨ੍ਹਾਂ ਕਿਹਾ ਕਿ ਰਿਹਾਇਸ਼ੀ ਸਮੱਸਿਆਵਾਂ ਅਤੇ ਸਿਹਤ ਸੇਵਾਵਾਂ ਦੀ ਕਮੀ ਪ੍ਰਵਾਸੀਆਂ ਦੀ ਗਲਤੀ ਨਹੀਂ ਹੈ।ਟੋਰਾਂਟੋ ਦੇ ਕਾਉਂਸਲਰ ਡਾਇਨ ਸੈਕਸੇ ਨੇ ਕਿਹਾ ਕਿ ਪ੍ਰਵਾਸੀ ਵਿਰੋਧੀ ਰੈਲੀ ਸ਼ਹਿਰ ਜਾਂ ਕੈਨੇਡੀਅਨਾਂ ਦੇ ਵਿਚਾਰਾਂ ਨੂੰ ਦਰਸਾਉਂਦੀ ਨਹੀਂ ਹੈ, ਸਗੋਂ ਇਹ ਵੰਡ ਪੈਦਾ ਕਰਨ ਦੀ ਕੋਸ਼ਿਸ਼ ਹੈ। ਇਸ ਦੌਰਾਨ, ਪੁਲਿਸ ਨੇ ਸੜਕਾਂ ਨੂੰ ਬੰਦ ਕਰ ਦਿੱਤਾ ਸੀ ਤਾਂ ਜੋ ਦੋਹਾਂ ਧਿਰਾਂ ਵਿਚਕਾਰ ਟਕਰਾਅ ਨਾ ਹੋਵੇ। ਪੁਲਿਸ ਨੇ ਗ੍ਰਿਫਤਾਰੀਆਂ ਬਾਰੇ ਹੋਰ ਜਾਣਕਾਰੀ ਬਾਅਦ ਵਿੱਚ ਜਾਰੀ ਕਰਨ ਦਾ ਵਾਅਦਾ ਕੀਤਾ ਹੈ।




# ਸੁਨਹਿਰੀ ਪੰਚ: ਜੈਸਮੀਨ ਲੈਂਬੋਰੀਆ ਬਣੀ ਵਿਸ਼ਵ ਚੈਂਪੀਅਨ

## ਫੈਦਰਵੇਟ ਵਰਗ ਵਿਚ ਪੋਲੈਂਡ ਦੀ ਜੂਲੀਆ ਸੇਰੇਮੇਟਾ ਨੂੰ ਹਰਾਇਆ, ਨੂਪੁਰ ਨੇ ਚਾਂਦੀ ਤੇ ਪੂਜਾ ਕਾਂਸੀ ਜਿੱਤੀ

ਲਿਵਰਪੂਲ, 14 ਸਤੰਬਰ (ਚ.ਨ.ਸ.) : ਭਾਰਤੀ ਮੁੱਕੇਬਾਜ਼ ਜੈਸਮੀਨ ਲੈਂਬੋਰੀਆ ਨੇ ਪੈਰਿਸ ਓਲੰਪਿਕ ਵਿਚ ਚਾਂਦੀ ਦਾ ਤਗ਼ਮਾ ਜੇਤੂ ਪੋਲੈਂਡ ਦੀ ਜੂਲੀਆ ਸੇਰੇਮੇਟਾ ਨੂੰ ਹਰਾ ਕੇ ਵਿਸ਼ਵ ਚੈਂਪੀਅਨਸ਼ਿਪ ਵਿਚ ਫੈਦਰਵੇਟ ਖਿਤਾਬ ਜਿੱਤ ਕੇ ਇਤਿਹਾਸ ਸਿਰਜ ਦਿੱਤਾ ਹੈ।ਜੈਸਮੀਨ ਨੇ ਸ਼ਨਿੱਚਰਵਾਰ ਦੇਰ ਰਾਤ 57 ਕਿਲੋ ਭਾਰ ਵਰਗ ਦੇ ਫਾਈਨਲ ਵਿਚ ਸੇਰੇਮੇਟਾ ਨੂੰ 4-1 ਨਾਲ ਹਰਾਇਆ। ਜੱਜਾਂ ਦੇ ਸਕੋਰਬੋਰਡ (30-27, 29-28, 30-27, 28-29, 29-28) ਦੇ ਅਧਾਰ 'ਤੇ ਜੈਸਮੀਨ ਨੇ ਇਹ ਜਿੱਤ ਦਰਜ ਕੀਤੀ। ਹਾਲਾਂਕਿ ਨੂਪੁਰ ਸ਼ਿਓਰਾਨ (80+ ਕਿਲੋ) ਤੇ ਤਜਰਬੇਕਾਰ ਪੂਜਾ ਰਾਣੀ (80 ਕਿਲੋ) ਨੇ ਗੈਰ ਓਲੰਪਿਕ ਭਾਰ ਵਰਗ ਵਿਚ ਕ੍ਰਮਵਾਰ ਚਾਂਦੀ ਤੇ ਕਾਂਸੀ ਦੇ ਤਗ਼ਮੇ ਜਿੱਤੇ।ਜੈਸਮੀਨ ਇਸ ਜਿੱਤ ਨਾਲ ਨੌਵੀਂ ਭਾਰਤੀ ਮੁੱਕੇਬਾਜ਼ ਬਣ ਗਈ ਹੈ ਜਿਸ ਦੇ ਸਿਰ ਵਿਸ਼ਵ ਚੈਂਪੀਅਨਸ਼ਿਪ ਦਾ ਤਾਜ ਸਜਿਆ ਹੈ। ਉਹ ਛੇ ਵਾਰ ਦੀ ਜੇਤੂ ਮੈਰੀ ਕਾਮ (2002, 2005, 2006, 2008, 2010 ਅਤੇ 2018), ਦੋ ਵਾਰ ਦੀ ਜੇਤੂ ਨਿਖਤ ਜ਼ਰੀਨ (2022 ਅਤੇ 2023), ਸਰਿਤਾ ਦੇਵੀ (2006), ਜੈਨੀ ਆਰਐਲ (2006), ਲੇਖਾ ਕੇਸੀ(2006), ਨੀਤੂ ਘਣਘਸ (2023), ਲਵਲੀਨਾ ਬੋਰਗੋਹੇਨ (2023) ਅਤੇ ਸਵੀਟੀ ਬੋਰਾ (2023) ਦੀ ਸ਼ਾਨਦਰ ਸੂਚੀ ਵਿਚ ਸ਼ਾਮਲ ਹੋ ਗਈ।



# ਦੁਬਈ ਤੋਂ ਡਿਪੋਰਟ ਕੀਤੇ 8 ਨੌਜਵਾਨਾਂ ਨੂੰ ਡਾ.ਉਬਰਾਏ ਨੇ ਘਰੀਂ ਪਹੁੰਚਾਇਆ

ਅੰਮ੍ਰਿਤਸਰ,14 ਸਤੰਬਰ (ਗੁਰਦਿਆਲ ਸਿੰਘ) : ਅਰਬ ਦੇਸ਼ਾਂ 'ਚੋਂ ਸੈਂਕੜੇ ਮਾਵਾਂ ਦੇ ਪੁੱਤਾਂ ਨੂੰ ਮੌਤ ਦੇ ਮੂੰਹ ਵਿਚੋਂ ਬਚਾ ਕੇ ਹਜ਼ਾਰਾਂ ਘਰ ਉਜੜਨ ਤੋਂ ਬਚਾਉਣ ਵਾਲੇ ਦੁਬਈ ਦੇ ਵੱਡੇ ਦਿਲ ਵਾਲੇ ਕਾਰੋਬਾਰੀ ਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਬਾਨੀ ਡਾ.ਐੱਸ.ਪੀ.ਸਿੰਘ ਓਬਰਾਏ ਨੇ ਦੁਬਈ ਤੋਂ ਡੀਪੋਰਟ ਕੀਤੇ ਗਏ 8 ਬੇਵੱਸ ਨੌਜਵਾਨਾਂ ਨੂੰ ਆਪਣੇ ਖਰਚੇ ਤੇ ਘਰ ਪੁੱਜਦਾ ਕੀਤਾ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਡਾ.ਐਸ.ਪੀ. ਸਿੰਘ ਉਬਰਾਏ ਨੇ ਦੱਸਿਆ ਕਿ ਕਪੂਰਥਲਾ ਜ਼ਿਲ੍ਹੇ ਦੇ ਆਤਮਾ ਸਿੰਘ ਜਦ ਕਿ ਜਲੰਧਰ ਜ਼ਿਲ੍ਹੇ ਨਾਲ ਸਬੰਧਿਤ ਵਿਜੇ ਕੁਮਾਰ,ਹਰਬੰਸ ਲਾਲ, ਗਗਨ ਕੁਮਾਰ ਪੁੱਤਰ ਪਰਮਜੀਤ,ਵਿਜੇ ਕੁਮਾਰ ਪੁੱਤਰ ਬਿੰਦਰ, ਗਗਨ ਕੁਮਾਰ ਪੁੱਤਰ ਬਿੰਦਰ,ਬੱਗਾ ਪ੍ਰਕਾਸ਼ ਤੇ ਅਜੇ ਕੁਮਾਰ ਪੁੱਤਰ ਬਲਵਿੰਦਰ ਕੁਮਾਰ ਨੇ ਉਨ੍ਹਾਂ ਨਾਲ ਟੈਲੀਫੋਨ ਤੇ ਸੰਪਰਕ ਕਰਕੇ ਦੱਸਿਆ ਕਿ ਉਨ੍ਹਾਂ ਦੀ ਕੰਮ ਵਾਲੀ ਕੰਪਨੀ ਵੱਲੋਂ ਉਨ੍ਹਾਂ ਨਾਲ ਧੋਖਾਧੜੀ ਕਰ ਕੇ ਆਰਥਿਕ ਤੇ ਮਾਨਸਿਕ ਸ਼ੋਸ਼ਣ ਕੀਤਾ ਜਾ ਰਿਹਾ ਹੈ। ਜਿਸ ਤੇ ਫੌਰੀ ਕਾਰਵਾਈ ਕਰਦਿਆਂ ਜਿੱਥੇ ਉਨ੍ਹਾਂ ਨੂੰ ਇਸ ਸਬੰਧੀ ਬਣਦੀ ਸਲਾਹ ਦਿੱਤੀ ਉੱਥੇ ਹੀ ਡੀਪੋਰਟ ਹੋਣ ਉਪਰੰਤ ਉਕਤ ਸਾਰਿਆਂ ਦੀਆਂ ਚੇਨਈ ਤੋਂ ਅੰਮ੍ਰਿਤਸਰ ਤੱਕ ਹਵਾਈ ਟਿਕਟਾਂ ਲੈ ਕੇ ਦੇਣ ਤੋਂ ਇਲਾਵਾ ਅੱਜ ਅੰਮ੍ਰਿਤਸਰ ਹਵਾਈ ਤੇ ਟਰੱਸਟ ਦੇ ਪੰਜਾਬ ਪ੍ਰਧਾਨ ਸੁਖਜਿੰਦਰ ਸਿੰਘ ਹੇਰ ਤੇ ਜਨਰਲ ਸਕੱਤਰ ਮਨਪ੍ਰੀਤ ਸਿੰਘ ਸੰਧੂ ਦੀ ਮੌਜੂਦਗੀ 'ਚ ਹਵਾਈ ਅੱਡੇ ਤੋਂ ਗੱਡੀ ਰਾਹੀਂ ਉਨ੍ਹਾਂ ਦੇ ਘਰਾਂ ਤੱਕ ਪੁੱਜਦਾ ਕੀਤਾ ਗਿਆ ਹੈ। ਡਾ.ਉਬਰਾਏ ਨੇ ਇੱਕ ਵਾਰ ਮੁੜ ਨੌਜਵਾਨਾਂ ਨੂੰ ਸੁਚੇਤ ਕੀਤਾ ਕਿ ਜੇਕਰ ਉਹ ਵਿਦੇਸ਼ ਜਾਣਾ ਚਾਹੁੰਦੇ ਹਨ ਤਾਂ ਉਹ ਏਜੰਟਾਂ ਵੱਲੋਂ ਦੱਸੀ ਜਾਣ ਵਾਲੀ ਕੰਮ ਵਾਲੀ ਕੰਪਨੀ ਤੇ ਵੀਜੇ ? ਸਬੰਧੀ ਪੂਰੀ ਜਾਣਕਾਰੀ ਲੈ ਕੇ ਹੀ ਜਾਣ ਤਾਂ ਜੋ ਵਿਦੇਸ਼ ਅੰਦਰ ਬੇਲੋੜੀ ਖੱਜਲ ਖੁਰਾਬੀ ਤੋਂ ਬਚਿਆ ਜਾ ਸਕੇ। ਹਵਾਈ ਅੱਡੇ ਤੇ ਪਹੁੰਚਣ ਤੇ ਉਕਤ ਪੀੜ੍ਹਤ ਨੌਜਵਾਨਾਂ ਨੇ ਆਪਣੇ ਨਾਲ ਹੋਏ ਵੱਡੇ ਧੋਖੇ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਨ੍ਹਾਂ ਦੀ ਕੰਮ ਵਾਲੀ ਕੰਪਨੀ ਦੇ ਮਾਲਕ ਨੇ ਉਨ੍ਹਾਂ ਕੋਲੋਂ ਸਖ਼ਤ ਮਿਹਨਤ ਕਰਵਾਉਣ ਦੇ ਬਾਵਜੂਦ ਵੀ ਤਿੰਨ ਮਹੀਨਿਆਂ ਦੀ ਤਨਖ਼ਾਹ ਨਹੀਂ ਦਿੱਤੀ ਸਗੋਂ ਵੱਖਰੇ ਤੌਰ ਸਾਨੂੰ ਡੀਪੋਰਟ ਕਰਨ ਦੀਆਂ ਧਮਕੀਆਂ ਦੇਣ ਤੋਂ ਇਲਾਵਾ ਸਾਡੇ ਕਮਰੇ ਦੀ ਲਾਈਟ ਤੱਕ ਬੰਦ ਕਰਵਾ ਕੇ ਸਾਨੂੰ ਮਾਨਸਿਕ ਤੌਰ ਤੇ ਬਹੁਤ ਪ੍ਰੇਸ਼ਾਨ ਕੀਤਾ। ਉਨ੍ਹਾਂ ਦੱਸਿਆ ਕਿ ਇਸ ਬਾਰੇ ਜਦ ਅਸੀਂ ਮੁੜ ਡਾ.ਉਬਰਾਏ ਨਾਲ ਫੋਨ ਤੇ ਗੱਲ ਕੀਤੀ ਤਾਂ ਉਨ੍ਹਾਂ ਤੁਰੰਤ ਸਾਨੂੰ ਅੰਮ੍ਰਿਤਸਰ ਤੱਕ ਹਵਾਈ ਟਿਕਟਾਂ ਲੈ ਕੇ ਦੇਣ ਤੋਂ ਇਲਾਵਾ ਹਵਾਈ ਅੱਡੇ ਤੋਂ ਘਰਾਂ ਤੱਕ ਪਹੁੰਚਣ ਲਈ ਗੱਡੀ ਦਾ ਵੀ ਪ੍ਰਬੰਧ ਕਰ ਕੇ ਦਿੱਤਾ।ਜਿਸ ਲਈ ਅਸੀਂ ਡਾ.ਉਬਰਾਏ ਦਾ ਇਸ ਔਖੀ ਘੜੀ 'ਚ ਵੱਡੀ ਮਦਦ ਕਰਨ ਦਿਲੋਂ ਧੰਨਵਾਦ ਕਰਦੇ ਹਾਂ।



# ਭਾਰਤੀ ਮਹਿਲਾ ਨਾਲ ਜਬਰ ਜਨਾਹ ਦੀ ਬਰਤਾਨਵੀ ਸਾਂਸਦ ਪ੍ਰੀਤ ਕੌਰ ਵੱਲੋਂ ਨਿਖੇਧੀ

ਲੰਡਨ, 14 ਸਤੰਬਰ (ਚ.ਨ.ਸ.) : ਬਰਤਾਨੀਆ ਦੀ ਸਿੱਖ ਸੰਸਦ ਮੈਂਬਰੀ ਪ੍ਰੀਤ ਕੌਰ ਨੇ ਇਕ ਸਿੱਖ ਮਹਿਲਾ ਨਾਲ ਜਬਰ ਜਨਾਹ ਕੀਤੇ ਜਾਣ ਦੀ ਘਟਨਾ ਦੀ ਨਿਖੇਧੀ ਕੀਤੀ ਹੈ। ਵੈਸਟ ਮਿਡਲੈਂਡਜ਼ ਪੁਲੀਸ ਨੇ ਕਿਹਾ ਕਿ ਉਹ ਇਸ ਹਮਲੇ ਨੂੰ ਨਸਲੀ ਅਪਰਾਧ ਮੰਨ ਕੇ ਜਾਂਚ ਕਰ ਰਹੀ ਹੈ।ਪ੍ਰੀਤ ਕੌਰ ਗਿੱਲ ਨੇ ਮੰਗਲਵਾਰ ਨੂੰ ਇੰਗਲੈਂਡ ਦੇ ਵੈਸਟ ਮਿਡਲੈਂਡਜ਼ ਖੇਤਰ ਦੇ ਓਲਡਬਰੀ ਵਿਚ ਇਸ ਡਰਾਉਣੇ ਹਮਲੇ ਬਾਰੇ ਸੋਸ਼ਲ ਮੀਡੀਆ ਪੋਸਟ ਵਿਚ ਕਿਹਾ, "ਓਲਡਬਰੀ ਵਿਚ ਇਕ ਸਿੱਖ ਮਹਿਲਾ ਉੱਤੇ ਹੋਏ ਡਰਾਉਣੇ ਹਮਲੇ ਤੋਂ ਮੈਨੂੰ ਬੇਹੱਦ ਦੁੱਖ ਹੋਇਆ ਹੈ। ਇਹ ਬਹੁਤ ਹਿੰਸਕ ਕਾਰਵਾਈ ਹੈ, ਪਰ ਇਸ ਨੂੰ ਨਸਲੀ ਵਿਤਕਰੇ ਵਜੋਂ ਵੀ ਦੇਖਿਆ ਜਾ ਰਿਹਾ ਹੈ ਕਿਉਂਕਿ ਅਪਰਾਧੀਆਂ ਨੇ ਕਥਿਤ ਤੌਰ 'ਤੇ ਉਸ ਨੂੰ ਕਿਹਾ ਸੀ ਕਿ 'ਉਹ ਇਥੋਂ ਦੀ ਨਹੀਂ ਹੈ।"ਗਿੱਲ ਨੇ ਕਿਹਾ, "ਉਹ ਇੱਥੋਂ ਦੀ ਹੈ। ਸਾਡੇ ਸਿੱਖ ਭਾਈਚਾਰੇ ਤੇ ਹਰੇਕ ਭਾਈਚਾਰੇ ਨੂੰ ਸੁਰੱਖਿਅਤ ਤੇ ਸਨਮਾਨਿਤ ਮਹਿਸੂਸ ਕੀਤੇ ਜਾਣ ਦਾ ਅਧਿਕਾਰ ਹੈ। ਓਲਡਬਰੀ ਜਾਂ ਬਰਤਾਨੀਆ ਵਿਚ ਕਿਤੇ ਵੀ ਨਸਲਵਾਦ ਤੇ ਔਰਤਾਂ ਖਿਲਾਫ਼ ਨਫ਼ਰਤ ਲਈ ਕੋਈ ਥਾਂ ਨਹੀਂ ਹੈ। ਮੇਰੀਆਂ ਸੰਵੇਦਨਾਵਾਂ ਪੀੜਤਾ, ਉਸ ਦੇ ਪਰਿਵਾਰ ਤੇ ਸਿੱਖ ਭਾਈਚਾਰੇ ਨਾਲ ਹਨ।"ਬਰਮਿੰਘਮ ਐਜਬੈਸਟਨ ਤੋਂ ਲੇਬਰ ਪਾਰਟੀ ਦੇ ਸੰਸਦ ਮੈਂਬਰ ਨੇ ਕਿਹਾ ਕਿ ਉਨ੍ਹਾਂ ਦੇ ਹਲਕੇ ਦੇ ਬਹੁਤ ਸਾਰੇ ਲੋਕ ਉਨ੍ਹਾਂ ਨਾਲ ਸੰਪਰਕ ਕਰ ਰਹੇ ਹਨ ਅਤੇ ਦੱਸ ਰਹੇ ਹਨ ਕਿ ਉਹ ਡਰੇ ਹੋਏ ਹਨ।



# ਚੀਨੀ ਵਿਦੇਸ਼ ਮੰਤਰੀ ਵਾਂਗ, ਯੀ ਨੇ ਟਰੰਪ ਦੀਆਂ ਟੈਰਿਫ ਪਾਬੰਦੀਆਂ ਦਾ ਜਵਾਬ ਦਿੱਤਾ

ਬੀਜਿੰਗ , 14 ਸਤੰਬਰ (ਚ.ਨ.ਸ.) :ਚੀਨੀ ਵਿਦੇਸ਼ ਮੰਤਰੀ ਨੇ ਕਿਹਾ ਕਿ ਜੰਗ ਕਿਸੇ ਵੀ ਸਮੱਸਿਆਵਾਂ ਦਾ ਹੱਲ ਨਹੀਂ ਕਰ ਸਕਦੀ, ਪਾਬੰਦੀਆਂ ਸਿਰਫ਼ ਉਨ੍ਹਾਂ ਨੂੰ ਗੁੰਝਲਦਾਰ ਬਣਾਉਣਗੀਆਂ ਤੇ ਟੈਰਿਫ਼ ਜੰਗ ਵਧਾਉਂਦੇ ਹਨ, ਉਨ੍ਹਾਂ ਨੂੰ ਹੱਲ ਨਹੀਂ ਕਰਦੇ। ਇਹ ਬਿਆਨ ਉਨ੍ਹਾਂ ਟਰੰਪ ਦੇ ਬਿਆਨ ਦਾ ਜਵਾਬ ਦਿੰਦੇ ਹੋਏ ਦਿਤਾ ਹੈ। ਦੱਸ ਦਈਏ ਕਿ ਟਰੰਪ ਨੇ ਕਿਹਾ ਸੀ ਕਿ ਨਾਟੋ ਦੇਸ਼ਾਂ ਨੂੰ ਚੀਨ 'ਤੇ 100 ਫ਼ੀ ਸਦੀ ਟੈਰਿਫ਼ ਲਗਾਉਣਾ ਚਾਹੀਦਾ ਹੈ।ਚੀਨ ਦੇ ਵਿਦੇਸ਼ ਮੰਤਰੀ ਵਾਂਗ ਯੀ, ਜੋ ਸਲੋਵੇਨੀਆ ਗਏ ਸਨ, ਨੇ ਕਿਹਾ ਕਿ ਯੁੱਧ ਸਮੱਸਿਆਵਾਂ ਦਾ ਹੱਲ ਨਹੀਂ ਕਰਦਾ ਅਤੇ ਟੈਰਿਫ਼ ਉਨ੍ਹਾਂ ਨੂੰ ਹੋਰ ਵਧਾਉਂਦੇ ਹਨ। ਉਨ੍ਹਾਂ ਕਿਹਾ @ਨਾ ਤਾਂ ਅਸੀਂ ਯੁੱਧ ਦੀ ਸਾਜ਼ਿਸ਼ ਰਚਦੇ ਹਾਂ, ਨਾ ਹੀ ਅਸੀਂ ਇਸ ਵਿਚ ਸ਼ਾਮਲ ਹੁੰਦੇ ਹਾਂ।ਇਹ ਬਿਆਨ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਉਸ ਬਿਆਨ ਤੋਂ ਬਾਅਦ ਆਇਆ ਹੈ, ਜਿਸ ਵਿਚ ਉਨ੍ਹਾਂ ਨੇ ਨਾਟੋ ਦੇਸ਼ਾਂ ਨੂੰ ਰੂਸ ਤੋਂ ਤੇਲ ਖ਼ਰੀਦਣਾ ਬੰਦ ਕਰਨ ਅਤੇ ਚੀਨ 'ਤੇ 100 ਫ਼ੀ ਸਦੀ ਟੈਰਿਫ਼ ਲਗਾਉਣ ਲਈ ਕਿਹਾ ਸੀ। ਦਰਅਸਲ, ਟਰੰਪ ਨੇ ਨਾਟੋ ਦੇਸ਼ਾਂ ਨੂੰ ਇਕ ਪੱਤਰ ਲਿਖ ਕੇ ਕਿਹਾ ਸੀ ਕਿ ਰੂਸ ਤੋਂ ਤੇਲ ਖ਼ਰੀਦਣ ਨਾਲ ਨਾਟੋ ਦੀ ਤਾਕਤ ਘੱਟ ਜਾਂਦੀ ਹੈ।ਅਮਰੀਕਾ ਨੇ ਰੂਸੀ ਤੇਲ ਖ਼ਰੀਦਣ ਲਈ ਭਾਰਤ 'ਤੇ ਪਾਬੰਦੀਆਂ ਲਗਾਈਆਂ ਹਨ ਪਰ ਚੀਨ ਵਿਰੁਧ ਅਜੇ ਤਕ ਕੋਈ ਕਾਰਵਾਈ ਨਹੀਂ ਕੀਤੀ ਗਈ ਹੈ। ਚੀਨ ਰੂਸ ਨੂੰ ਅਪਣਾ ਕਰੀਬੀ ਦੋਸਤ ਮੰਨਦਾ ਹੈ। ਅਮਰੀਕਾ ਨੇ 7-7 ਦੇਸ਼ਾਂ (ਕੈਨੇਡਾ, ਫ਼ਰਾਂਸ, ਜਰਮਨੀ, ਇਟਲੀ, ਜਾਪਾਨ, ਬ੍ਰਿਟੇਨ) ਨੂੰ ਵੀ ਭਾਰਤ ਅਤੇ ਚੀਨ 'ਤੇ ਰੂਸੀ ਤੇਲ ਖ਼ਰੀਦਣ ਲਈ ਪਾਬੰਦੀਆਂ ਲਾਉਣ ਲਈ ਕਿਹਾ ਹੈ।ਅਮਰੀਕੀ ਖਜ਼ਾਨਾ ਸਕੱਤਰ ਸਕਾਟ ਬੇਸੈਂਟ ਨੇ ਕਿਹਾ ਸੀ ਪੁਤਿਨ ਦੀ ਜੰਗ ਨੂੰ ਰੋਕਣ ਲਈ ਰੂਸ ਦੀ ਕਮਾਈ ਨੂੰ ਰੋਕਣਾ ਪਵੇਗਾ। ਇਸ ਤੋਂ ਪਹਿਲਾਂ, ਵਾਂਗ ਯੀ ਨੇ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨਾਲ ਗੱਲ ਕੀਤੀ ਅਤੇ ਕਿਹਾ ਕਿ ਦੋਵਾਂ ਦੇਸ਼ਾਂ ਨੂੰ ਬਿਨਾਂ ਕਿਸੇ ਰੁਕਾਵਟ ਦੇ ਇਕੱਠੇ ਅੱਗੇ ਵਧਣਾ ਚਾਹੀਦਾ ਹੈ।



# ਜਾਸੂਸੀ ਦੇ ਡਰੋਂ ਅਮਰੀਕੀ ਪੁਲਾੜ ਏਜੰਸੀ ਨਾਸਾ ਚਿੰਤਤ, ਚੀਨੀ ਨਾਗਰਿਕਾਂ 'ਤੇ ਲਗਾਈ ਪਾਬੰਦੀ

ਵਾਸ਼ਿੰਗਟਨ , 14 ਸਤੰਬਰ (ਚ.ਨ.ਸ.) : ਨਾਸਾ ਨੇ ਜਾਸੂਸੀ ਦੇ ਖ਼ਦਸ਼ੇ ਦੇ ਚੱਲਦਿਆਂ ਚੀਨੀ ਨਾਗਰਿਕਾਂ ਨੂੰ ਸੰਸਥਾ ਤੋਂ ਮੁਅੱਤਲ ਕਰ ਦਿੱਤਾ ਹੈ। ਨਾਸਾ ਨੇ ਐਲਾਨ ਕੀਤਾ ਹੈ ਕਿ ਹੁਣ ਅਮਰੀਕੀ ਵੀਜ਼ਾ ਧਾਰਕ ਚੀਨੀ ਨਾਗਰਿਕਾਂ ਨੂੰ ਉਸ ਦੀਆਂ ਸਹੂਲਤਾਂ, ਖੋਜ ਪ੍ਰੋਗਰਾਮਾਂ ਤੇ ਅੰਦਰੂਨੀ ਨੈੱਟਵਰਕ ਤੱਕ ਪਹੁੰਚ ਤੋਂ ਵਾਂਝਾ ਕਰ ਦਿੱਤਾ ਜਾਵੇਗਾ। ਇਹ ਕਦਮ ਪੁਲਾੜ ਖੇਤਰ 'ਚ ਚੀਨ ਨਾਲ ਮੁਕਾਬਲੇਬਾਜ਼ੀ ਵਿਚਾਲੇ ਅਮਰੀਕਾ ਦੀ ਅਗਵਾਈ ਦੀਆਂ ਵਧਦੀਆਂ ਚਿੰਤਾਵਾਂ ਨੂੰ ਦਰਸਾਉਂਦਾ ਹੈ।ਦਿ ਐਪੋਕ ਟਾਈਮਜ਼ ਦੀ ਰਿਪੋਰਟ ਅਨੁਸਾਰ, ਜੋ ਚੀਨੀ ਨਾਗਰਿਕ ਕਿਸੇ ਵੀ ਰੂਪ 'ਚ ਨਾਸਾ ਦੇ ਪ੍ਰੋਜੈਕਟਾਂ ਨਾਲ ਜੁੜੇ ਹੋਏ ਸਨ, ਉਨ੍ਹਾਂ ਨੂੰ ਪੰਜ ਸਤੰਬਰ ਨੂੰ ਸੂਚਨਾ ਦਿੱਤੀ ਗਈ ਕਿ ਉਹ ਹੁਣ ਇਨ੍ਹਾਂ ਪ੍ਰੋਜੈਕਟਾਂ ਦਾ ਹਿੱਸਾ ਨਹੀਂ ਰਹਿਣਗੇ। ਉਨ੍ਹਾਂ ਨੂੰ ਡਿਜੀਟਲ ਪ੍ਰਣਾਲੀ ਤੋਂ ਅਚਾਨਕ ਬਾਹਰ ਕਰ ਦਿੱਤਾ ਗਿਆ।ਨਾਸਾ ਦੀ ਸਪੋਕਸਪਰਸਨ ਬੇਥਾਨੀ ਸਟੀਵੇਂਸ ਨੇ ਇਸ ਨੀਤੀ 'ਚ ਬਦਲਾਅ ਦੀ ਪੁਸ਼ਟੀ ਕੀਤੀ ਤੇ ਕਿਹਾ ਕਿ ਏਜੰਸੀ ਨੇ ਸਾਈਬਰ ਸੁਰੱਖਿਆ ਖ਼ਤਰਿਆਂ ਨੂੰ ਸੀਮਤ ਕਰਨ ਲਈ ਇਹ ਕਦਮ ਚੁੱਕਿਆ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਹ ਪਾਬੰਦੀ ਸੰਵੇਦਨਸ਼ੀਲ ਕੰਮਾਂ ਦੀ ਸੁਰੱਖਿਆ ਲਈ ਜ਼ਰੂਰੀ ਹੈ। ਇਹ ਫ਼ੈਸਲਾ ਅਮਰੀਕੀ ਤਨਨੀਕੀ ਖੇਤਰ 'ਚ ਚੀਨੀ ਨਾਗਰਿਕਾਂ ਦੀ ਡੂੰਘੀ ਜਾਂਚ ਵਿਚਾਲੇ ਆਇਆ ਹੈ। ਪਿਛਲੇ ਕੁਝ ਸਾਲਾਂ 'ਚ ਚੀਨ ਨਾਲ ਜੁੜੇ ਕਈ ਜਾਸੂਸੀ ਦੇ ਮਾਮਲੇ ਸਾਹਮਣੇ ਆਏ ਹਨ।




# ਮਾਂ ਦੇ ਕਤਲ ਦੇ ਦੋਸ਼ 'ਚ ਪੰਜਾਬੀ ਸੁਰਜੀਤ ਸਿੰਘ ਨੂੰ ਹੋਈ ਉਮਰ ਕੈਦ

ਲੰਡਨ, 14 ਸਤੰਬਰ (ਚ.ਨ.ਸ.) : ਇੰਗਲੈਂਡ ਦੇ ਸ਼ਹਿਰ ਬ੍ਰਮਿੰਘਮ ਵਿਚ ਆਪਣੀ ਮਾਂ ਦਾ ਕਤਲ ਕਰਨ ਵਾਲੇ 39 ਸਾਲਾ ਭਾਰਤੀ ਮੂਲ ਦੇ ਵਿਅਕਤੀ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ। ਅਦਾਲਤ ਨੇ ਪੈਰੋਲ ਉਤੇ ਵਿਚਾਰ ਕਰਨ ਤੋਂ ਪਹਿਲਾਂ ਘੱਟੋ-ਘੱਟ 15 ਸਾਲ ਕੈਦ 'ਚ ਰੱਖਣ ਦੇ ਹੁਕਮ ਦਿੱਤੇ ਗਏ ਹਨ। ਸੁਰਜੀਤ ਸਿੰਘ ਨੂੰ 76 ਸਾਲਾ ਮਹਿੰਦਰ ਕੌਰ ਦੀ ਹੱਤਿਆ ਦਾ ਦੋਸ਼ੀ ਮੰਨਿਆ ਗਿਆ ਸੀ, ਜਿਸ ਦੀ ਮੌਤ ਪਿਛਲੇ ਸਾਲ ਸਤੰਬਰ 'ਚ ਕਈ ਵਾਰ ਸੱਟਾਂ ਲੱਗਣ ਕਾਰਨ ਹੋਈ ਸੀ। ਬ੍ਰਮਿੰਘਮ ਕਰਾਊਨ ਕੋਰਟ 'ਚ ਸ਼ੁੱਕਰਵਾਰ ਨੂੰ ਸੁਰਜੀਤ ਸਿੰਘ ਨੂੰ ਇਹ ਸਜ਼ਾ ਸੁਣਾਈ ਗਈ। ਸੁਣਵਾਈ ਦੌਰਾਨ ਅਦਾਲਤ 'ਚ ਦੱਸਿਆ ਗਿਆ ਕਿ ਟੈਲੀਵੀਜ਼ਨ ਦੇ ਰਿਮੋਟ ਕੰਟਰੋਲ ਨੂੰ ਲੈ ਕੇ ਹੋਏ ਵਿਵਾਦ ਕਾਰਨ ਨਸ਼ੇੜੀ ਸੁਰਜੀਤ ਸਿੰਘ ਨੇ ਆਪਣੀ ਮਾਂ 'ਤੇ ਜਾਨਲੇਵਾ ਹਮਲਾ ਕਰ ਦਿੱਤਾ।ਵੈਸਟ ਮਿਡਲੈਂਡਜ਼ ਪੁਲਿਸ ਜਾਂਚ ਅਧਿਕਾਰੀ ਨਿੱਕ ਬਾਰਨਸ ਨੇ ਕਿਹਾ ਕਿ ਇਸ ਹੱਤਿਆ ਨੇ ਇਕ ਪਰਿਵਾਰ ਨੂੰ ਤੋੜ ਦਿੱਤਾ ਹੈ ਅਤੇ ਅਸੀਂ ਪੀੜਤ ਪਰਿਵਾਰ ਨਾਲ ਸੰਵੇਦਨਾ ਪ੍ਰਗਟ ਕਰਦੇ ਹਾਂ। ਬ੍ਰਮਿੰਘਮ ਦੇ ਸੋਹੋ ਖੇਤਰ ਦੇ ਵਸਨੀਕ ਸੁਰਜੀਤ ਸਿੰਘ ਦੇ ਖ਼ੂਨ ਜਾਂਚ 'ਚ ਕੋਕੀਨ ਤੇ ਸ਼ਰਾਬ ਪਾਈ ਗਈ। ਹਮਲੇ ਦੀ ਜਾਣਕਾਰੀ ਮਿਲਣ ਮਗਰੋਂ ਪੁਲਿਸ ਅਧਿਕਾਰੀ ਜਬਰਦਸਤੀ ਘਰ 'ਚ ਦਾਖ਼ਲ ਹੋਏ, ਜਿੱਥੇ ਮਹਿੰਦਰ ਕੌਰ ਨੂੰ ਲਿਵਿੰਗ ਰੂਮ ਦੇ ਫਰਸ 'ਤੇ ਪਈ ਹੋਈ ਵੇਖਿਆ ਗਿਆ ਸੀ। ਸੁਰਜੀਤ ਨੂੰ ਅਧਿਕਾਰੀਆਂ ਨੇ ਗ੍ਰਿਫ਼ਤਾਰ ਕਰਨ ਮਗਰੋਂ ਅਦਾਲਤ 'ਚ ਪੇਸ਼ ਕੀਤਾ ਜਿਥੇ ਸਜ਼ਾ ਸੁਣਾਉਂਦਿਆਂ ਜੱਜ ਨੇ ਰਿਹਾ ਕਿ ਸੁਰਜੀਤ ਸਿੰਘ ਨੇ ਇਕ ਬਜ਼ੁਰਗ ਅਤੇ ਕਮਜ਼ੋਰ ਔਰਤ 'ਤੇ ਕਾਫੀ ਸਮੇਂ ਤੱਕ ਲਗਾਤਾਰ ਹਮਲਾ ਕੀਤਾ ਜੋ ਆਪਣੀ ਰੱਖਿਆ ਕਰਨ 'ਚ ਅਸਮਰੱਥ ਸੀ।






**ਕ੍ਰਿਕਟ ਕਲੱਬ ਵੱਲੋਂ ਚੈਂਪੀਅਨ ਟੂਰਨਾਮੈਂਟ ਕਰਵਾਇਆ ਗਿਆ, ਜਿਸ ਵਿੱਚ ਇਟਲੀ ਦੀਆਂ ਚੋਟੀ ਦੀਆਂ 8 ਕਲੱਬਾਂ ਨੇ ਭਾਗ ਲਿਆ। ਜਿਸ ਵਿੱਚ ਸਿਕਸਰ ਬਾਲ ਦੇ ਟੌਪ ਕਲਾਸ ਪਲੇਅਰਾਂ ਨੇ ਸ਼ਿਰਕਤ ਕੀਤੀ। ਇਸ ਟੂਰਨਾਮੈਂਟ ਦਾ ਸਾਰਾ ਪ੍ਰਬੰਧ ਸਾਗਰ ਚੱਠਾ ਵੱਲੋਂ ਕੀਤਾ ਗਿਆ। ਜਿਸ ਵਿੱਚ 2100 ਯੂਰੋ ਅਤੇ ਕੱਪ ਜਿੱਤਕੇ Palazzolo cricket club ਨੇ ਪਹਿਲਾ ਸਥਾਨ ਹਾਸਲ ਕੀਤਾ, ਦੂਜੇ ਸਥਾਨ 'ਤੇ 1100 ਯੂਰੋ ਤੇ ਕੱਪ ਜਿੱਤ ਕੇ ਬਰਦਰਹੂਡ cricket club ਦੀ ਟੀਮ ਰਹੀ।**

# ਹੁਣ ਟਰੰਪ ਨੇ ਚੀਨ 'ਤੇ 100 ਫ਼ੀਸਦੀ ਟੈਰਿਫ਼ ਲਾਉਣ ਦੀ ਦਿੱਤੀ ਧਮਕੀ

ਵਾਸ਼ਿੰਗਟਨ, 14 ਸਤੰਬਰ (ਚ.ਨ.ਸ.) : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਕ ਵਾਰ ਫਿਰ ਰੂਸ ਤੋਂ ਤੇਲ ਖਰੀਦਣ ਤੇ ਟੈਰਿਫ ਬਾਰੇ ਗੱਲ ਕੀਤੀ ਹੈ। ਉਨ੍ਹਾਂ ਚੀਨ ਨੂੰ ਵੀ ਧਮਕੀ ਦਿੱਤੀ ਹੈ ਕਿ ਜੇ ਉਸ ਨੇ ਰੂਸ ਤੋਂ ਤੇਲ ਖਰੀਦਣਾ ਬੰਦ ਨਾ ਕੀਤਾ ਤਾਂ 50 ਤੋਂ 100 ਫੀਸਦੀ ਟੈਰਿਫ ਲਾਇਆਆ ਜਾਏਗਾ। ਜੇ ਅਜਿਹਾ ਹੁੰਦਾ ਹੈ, ਤਾਂ ਰੂਸ-ਯੂਕ੍ਰੇਨ ਜੰਗ ਨੂੰ ਖਤਮ ਕਰਨ ਦਾ ਰਾਹ ਪੱਧਰਾ ਹੋ ਸਕਦਾ ਹੈ।ਟਰੰਪ ਨੇ ਆਪਣੀ ਸੋਸ਼ਲ ਮੀਡੀਆ ਪੋਸਟ 'ਚ ਨਾਟੋ ਦੇਸ਼ਾਂ ਤੇ ਚੀਨ ਬਾਰੇ ਗੱਲ ਕੀਤੀ ਪਰ ਭਾਰਤ ਦਾ ਨਾਂ ਨਹੀਂ ਲਿਆ। ਟਰੰਪ ਰੂਸੀ ਤੇਲ ਖਰੀਦਣ ਲਈ ਭਾਰਤ 'ਤੇ ਕਈ ਮਹੀਨਿਆਂ ਤੋਂ ਹਮਲਾਵਰ ਹਨ। ਸ਼ਨੀਵਾਰ ਉਨ੍ਹਾਂ ਭਾਰਤ ਪ੍ਰਤੀ ਆਪਣੇ ਰੁਖ 'ਚ ਤਬਦੀਲੀ ਦਾ ਸੰਕੇਤ ਦਿੱਤਾ ਹੈ।ਟਰੰਪ ਰੂਸ-ਯੂਕ੍ਰੇਨ ਜੰਗ ਨੂੰ ਖਤਮ ਨਾ ਕਰ ਸਕਣ ਕਾਰਨ ਬਹੁਤ ਪਰੇਸ਼ਾਨ ਹਨ। ਰਾਸ਼ਟਰਪਤੀ ਬਣਨ ਤੋਂ ਪਹਿਲਾਂ ਉਹ ਆਪਣੀ ਚੋਣ ਮੁਹਿੰਮ 'ਚ ਦਾਅਵਾ ਕਰਦੇ ਸਨ ਕਿ ਉਹ ਚੋਣ ਜਿੱਤਦਿਆਂ ਹੀ ਇਸ ਜੰਗ ਨੂੰ ਰੋਕ ਦੇਣਗੇ। ਪਿਛਲੇ ਮਹੀਨੇ ਅਮਰੀਕੀ ਰਾਸ਼ਟਰਪਤੀ ਨੇ ਰੂਸੀ ਤੇਲ ਦੀ ਦਰਾਮਦ ਦਾ ਹਵਾਲਾ ਦਿੰਦੇ ਹੋਏ ਭਾਰਤੀ ਸਾਮਾਨਾਂ 'ਤੇ 25 ਫੀਸਦੀ ਵਾਧੂ ਡਿਊਟੀ ਲਾਈ ਸੀ, ਪਰ ਚੀਨ ਵਿਰੁੱਧ ਅਜਿਹੀ ਕੋਈ ਕਾਰਵਾਈ ਨਹੀਂ ਕੀਤੀ ਹੈ। ਜੀ -7 ਅਮੀਰ, ਉਦਯੋਗਿਕ ਦੇਸ਼ਾਂ ਦਾ ਇੱਕ ਅੰਤਰ-ਸਰਕਾਰੀ ਗਰੁੱਪ ਹੈ ਜਿਸ ਵਿੱਚ ਅਮਰੀਕਾ, ਕੈਨੇਡਾ, ਫਰਾਂਸ, ਜਰਮਨੀ, ਇਟਲੀ, ਜਾਪਾਨ ਅਤੇ ਬ੍ਰਿਟੇਨ ਸ਼ਾਮਲ ਹਨ।



## ਜਨਮ ਦਿਨ ਮੁਬਾਰਕ



ਗੁਰਲੀਨ ਕੌਰ

# 15 ਸਾਲ ਦਾ ਇੰਤਜ਼ਾਰ ਖਤਮ : ਧੋਬੀਆਣਾ ਬਸਤੀ 'ਚ ਬਣੇਗਾ ਪਹਿਲਾ ਸਟਰੀਟ ਵੈਂਡਰਜ਼ ਜ਼ੋਨ, ਸੈਂਕੜੇ ਰੇਹੜੀ ਫੜੀ ਵਾਲਿਆਂ ਨੂੰ ਮਿਲੇਗਾ ਪੱਕਾ ਟਿਕਾਣਾ



ਬਠਿੰਡਾ, 14 ਸਤੰਬਰ (ਦੀਪਕ ਸ਼ਰਮਾ): ਸ਼ਹਿਰ ਦੀਆਂ ਗਲੀਆਂ ਵਿੱਚ ਰੋਜ਼ਾਨਾ ਲੱਗਦੇ ਟ੍ਰੈਫਿਕ ਜਾਮ ਅਤੇ ਸੜਕਾਂ ਤੇ ਖੜੀਆਂ ਰੇਹੜੀਆਂ ਕਾਰਨ ਲੋਕਾਂ ਨੂੰ ਦਰਪੇਸ਼ ਆ ਰਹੀਆਂ ਮੁਸ਼ਕਲਾਂ ਦਾ ਹੱਲ ਹੁਣ ਜਲਦ ਹੀ ਹੋਣ ਵਾਲਾ ਹੈ। ਪਿਛਲੇ 15 ਸਾਲਾਂ ਤੋਂ ਫਾਈਲਾਂ ਵਿੱਚ ਦੱਬੀ ਪਈ ਸਟਰੀਟ ਵੈਂਡਰਜ਼ ਯੋਜਨਾ ਨੂੰ ਆਖ਼ਰਕਾਰ ਹੁਣ ਨਵੀਂ ਜ਼ਿੰਦਗੀ ਮਿਲ ਗਈ ਹੈ। ਨਗਰ ਨਿਗਮ ਨੇ ਬਠਿੰਡਾ ਡਿਵੈਲਪਮੈਂਟ ਅਥਾਰਟੀ (ਬੀ.ਡੀ.ਏ.) ਦੇ ਸਹਿਯੋਗ ਨਾਲ ਇੱਕ ਅਹਿਮ ਫੈਸਲਾ ਲੈਂਦਿਆਂ ਸ਼ਹਿਰ ਦਾ ਪਹਿਲਾ ਸਟਰੀਟ ਵੈਂਡਰਜ਼ ਜ਼ੋਨ ਸਥਾਪਤ ਕਰਨ ਦੀ ਯੋਜਨਾ ਤਿਆਰ ਕੀਤੀ ਹੈ। ਇਸ ਨਾਲ ਸ਼ਹਿਰ ਦੇ ਪੰਜ ਹਜ਼ਾਰ ਤੋਂ ਵੱਧ ਰੇਹੜੀ-ਫੜ੍ਹੀ ਵਾਲਿਆਂ ਨੂੰ ਇੱਕ ਨਿਰਧਾਰਿਤ ਥਾਂ ਮਿਲੇਗੀ, ਜਿਸ ਨਾਲ ਟ੍ਰੈਫਿਕ ਸਮੱਸਿਆ ਅਤੇ ਗੰਦਗੀ ਤੋਂ ਰਾਹਤ ਮਿਲੇਗੀ।ਨਗਰ ਨਿਗਮ ਨੇ ਇਸ ਯੋਜਨਾ ਲਈ ਮਾਡਲ ਟਾਊਨ ਫੇਸ-3 ਅਤੇ ਧੋਬੀਆਣਾ ਬਸਤੀ ਦੇ ਨੇੜੇ ਪੈਂਦੀ ਬੀ.ਡੀ.ਏ. ਦੀ 1.25 ਏਕੜ ਜ਼ਮੀਨ ਦੀ ਪਛਾਣ ਕੀਤੀ ਹੈ। ਇਸ ਜ਼ਮੀਨ ਤੇ 467 ਵੈਂਡਿੰਗ ਸਟਾਲਾਂ ਬਣਾਉਣ ਦਾ ਪ੍ਰਸਤਾਵ ਹੈ। ਇਹ ਸਟਾਲਾਂ F'xF' ਦੇ ਆਕਾਰ ਦੀਆਂ ਹੋਣਗੀਆਂ। ਇਸ ਯੋਜਨਾ ਨਾਲ ਸੜਕਾਂ ਤੇ ਰੇਹੜੀਆਂ ਲਗਾਉਣ ਵਾਲੇ ਲੋਕਾਂ ਨੂੰ ਇੱਕ ਸਥਾਈ ਅਤੇ ਸੁਰੱਖਿਅਤ ਥਾਂ ਮਿਲੇਗੀ। ਇਸ ਖੇਤਰ ਵਿੱਚ ਲੋਕਾਂ ਦੀ ਸਹੂਲਤ ਲਈ ਪਾਰਕਿੰਗ, ਪੀਣ ਵਾਲੇ ਪਾਣੀ ਅਤੇ ਪਖਾਨਿਆਂ ਵਰਗੀਆਂ ਬੁਨਿਆਦੀ ਸਹੂਲਤਾਂ ਵੀ ਮੁਹੱਈਆ ਕਰਵਾਈਆਂ ਜਾਣਗੀਆਂ। ਨਗਰ ਨਿਗਮ ਦੇ ਅੰਦਾਜ਼ੇ ਅਨੁਸਾਰ ਇਸ ਪ੍ਰੋਜੈਕਟ ਤੇ 72.40 ਲੱਖ ਰੁਪਏ ਦਾ ਖਰਚਾ ਆਵੇਗਾ, ਜੋ ਕਿ ਨਗਰ ਨਿਗਮ ਵੱਲੋਂ ਆਪਣੇ ਫੰਡਾਂ ਵਿੱਚੋਂ ਕੀਤਾ ਜਾਵੇਗਾ।ਇਸ ਯੋਜਨਾ ਤਹਿਤ ਵੈਂਡਰਜ਼ ਨੂੰ ਦੋ ਤਰੀਕਿਆਂ ਨਾਲ ਥਾਂ ਅਲਾਟ ਕੀਤੀ ਜਾਵੇਗੀ। ਕੁੱਲ 467 ਸਟਾਲਾਂ ਵਿੱਚੋਂ 133 ਸਟਾਲਾਂ, ਜੋ ਕਿ ਸੜਕ ਅਤੇ ਪਾਰਕਿੰਗ ਦੇ ਨਜ਼ਦੀਕ ਹਨ, ਉਨ੍ਹਾਂ ਨੂੰ ਖੁੱਲ੍ਹੀ ਨੀਲਾਮੀ ਰਾਹੀਂ ਅਲਾਟ ਕੀਤਾ ਜਾਵੇਗਾ, ਜਦੋਂ ਕਿ ਬਾਕੀ 334 ਸਟਾਲਾਂ ਲਈ 1500 ਰੁਪਏ ਪ੍ਰਤੀ ਮਹੀਨਾ ਦਾ ਨਿਰਧਾਰਿਤ ਕਿਰਾਇਆ ਰੱਖਿਆ ਗਿਆ ਹੈ। ਇਹ ਸਟਾਲ ਪਹਿਲਾਂ ਆਓ, ਪਹਿਲਾਂ ਪਾਓ ਦੇ ਆਧਾਰ 'ਤੇ ਵੰਡੇ ਜਾਣਗੇ।ਯੋਜਨਾ ਮੁਤਾਬਕ, ਸਿਰਫ ਉਹ ਵੈਂਡਰ ਹੀ ਅਪਲਾਈ ਕਰ ਸਕਦੇ ਹਨ, ਜਿਨ੍ਹਾਂ ਦਾ ਨਾਂ 2015 ਵਿੱਚ ਨਗਰ ਨਿਗਮ ਵੱਲੋਂ ਕਰਵਾਏ ਗਏ ਸਰਵੇਖਣ ਵਿੱਚ ਦਰਜ ਹੈ। ਉਸ ਸਮੇਂ 3600 ਤੋਂ ਵੱਧ ਰੇਹੜੀ-ਫੜ੍ਹੀ ਵਾਲੇ ਰਜਿਸਟਰਡ ਹੋਏ ਸਨ। ਅਲਾਟਮੈਂਟ ਸ਼ੁਰੂ ਵਿੱਚ ਤਿੰਨ ਮਹੀਨਿਆਂ ਲਈ ਹੋਵੇਗੀ ਅਤੇ ਇਸ ਸਮੇਂ ਦਾ ਕਿਰਾਇਆ ਪਹਿਲਾਂ ਹੀ ਜਮ੍ਹਾਂ ਕਰਵਾਉਣਾ ਪਵੇਗਾ। ਜੇਕਰ ਕੋਈ ਵੈਂਡਰ ਨਿਰਧਾਰਿਤ ਸਮੇਂ 'ਤੇ ਕਿਰਾਇਆ ਨਹੀਂ ਦਿੰਦਾ, ਤਾਂ ਉਸਦੀ ਅਲਾਟਮੈਂਟ ਬਿਨਾਂ ਕਿਸੇ ਨੋਟਿਸ ਦੇ ਰੱਦ ਕਰ ਦਿੱਤੀ ਜਾਵੇਗੀ।

# ਧੂਰੀ ਦੇ ਪੁਲ ਦਾ ਮਸਲਾ ਭਾਜਪਾ ਜਾਂ 'ਆਪ' ਦਾ ਨਹੀਂ, ਸਗੋਂ ਧੂਰੀ ਦੇ ਲੋਕਾਂ ਦਾ : ਦੌਲਤਪੁਰ


ਧੂਰੀ, 14 ਸਤੰਬਰ (ਰਾਜੇਸ਼ਵਰ ਪਿੰਟੂ, ਅਮਨ ਗਰਗ):ਪੰਜਾਬ ਕਾਂਗਰਸ ਕਿਸਾਨ ਵਿੰਗ ਦੇ ਜਨਰਲ ਸਕੱਤਰ ਹਰਦੀਪ ਸਿੰਘ ਦੌਲਤਪੁਰ ਨੇ ਧੂਰੀ ਰੇਲਵੇ ਓਵਰ ਬਰਿੱਜ ਦੀ ਲਟਕੀ ਮੰਨਜ਼ੂਰੀ 'ਤੇ ਗੰਭੀਰ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਧੂਰੀ ਦੇ ਲੋਕ ਕਈ ਸਾਲਾਂ ਤੋਂ ਇਸ ਪੁਲ ਦੀ ਉਡੀਕ ਕਰ ਰਹੇ ਹਨ। ਇਹ ਪੁਲ ਧੂਰੀ ਸ਼ਹਿਰ ਦੀ ਜ਼ਿੰਦਗੀ ਰਗ਼ਾਂ ਨਾਲ ਜੁੜਿਆ ਹੋਇਆ ਹੈ। ਰੋਜ਼ਾਨਾ ਲੱਖਾਂ ਲੋਕਾਂ ਨੂੰ ਰੇਲਵੇ ਫਾਟਕ 'ਤੇ ਲੰਬੀਆਂ ਕਤਾਰਾਂ ਵਿੱਚ ਖੜ੍ਹਾ ਰਹਿਣਾ ਪੈਂਦਾ ਹੈ, ਐਮਰਜੈਂਸੀ ਮਾਮਲਿਆਂ ਵਿੱਚ ਮਰੀਜ਼ਾਂ ਦੀ ਜਾਨ ਖਤਰੇ ਵਿੱਚ ਪੈਂਦੀ ਹੈ, ਅਤੇ ਵਪਾਰਕ ਗਤੀਵਿਧੀਆਂ ਨੂੰ ਭਾਰੀ ਨੁਕਸਾਨ ਝੱਲਣਾ ਪੈਂਦਾ ਹੈ।ਉਨ੍ਹਾਂ ਕਿਹਾ ਕਿ ਇਹ ਪੁਲ ਕਿਸੇ ਰਾਜਨੀਤਿਕ ਪਾਰਟੀ ਦਾ ਨਹੀਂ, ਸਗੋਂ ਧੂਰੀ ਦੇ ਹਰ ਨਾਗਰਿਕ ਦਾ ਹੈ। ਇਸ ਲਈ ਭਾਜਪਾ ਹੋਵੇ ਜਾਂ ਆਮ ਆਦਮੀ ਪਾਰਟੀ, ਕਿਸੇ ਨੂੰ ਵੀ ਲੋਕਾਂ ਦੀ ਮੁੱਲੀ ਜ਼ਰੂਰਤਾਂ 'ਤੇ ਰਾਜਨੀਤਿਕ ਰੋੜੇ ਨਹੀਂ ਅਟਕਾਉਣੇ ਚਾਹੀਦੇ। ਦੌਲਤਪੁਰ ਨੇ ਕੇਂਦਰੀ ਰੇਲਵੇ ਮੰਤਰੀ ਰਵਨੀਤ ਸਿੰਘ ਬਿੱਟੂ ਦੇ ਉਸ ਬਿਆਨ ਦੀ ਨਿੰਦਾ ਕੀਤੀ, ਜਿਸ ਵਿੱਚ ਬਿੱਟੂ ਨੇ ਕਿਹਾ ਸੀ ਕਿ ਧੂਰੀ ਪੁਲ ਦੀ ਮਨਜ਼ੂਰੀ ਉਸੇ ਵੇਲੇ ਮਿਲੇਗੀ, ਜਦੋਂ ਪੰਜਾਬ ਸਰਕਾਰ ਦੋਰਾਹਾ ਪੁਲ ਵਾਲੀ ਫਾਈਲ 'ਤੇ ਦਸਤਖ਼ਤ ਕਰੇਗੀ। ਦੌਲਤਪੁਰ ਮੁਤਾਬਕ ਇਹ ਸ਼ਰਤ ਰੱਖਣਾ ਸਿੱਧੇ ਤੌਰ 'ਤੇ ਧੂਰੀ ਦੇ ਲੋਕਾਂ ਨਾਲ ਧੋਖੇ ਦੇ ਬਰਾਬਰ ਹੈ।ਉਨ੍ਹਾਂ ਦੋਸ਼ ਲਾਇਆ ਕਿ ਭਾਜਪਾ ਕੇਂਦਰ 'ਤੇ ਬੈਠ ਕੇ ਐਨ.ਓ.ਸੀ. ਵਿੱਚ ਅੜਿੱਕਾ ਪਾ ਰਹੀ ਹੈ, ਜਿਸ ਨਾਲ ਧੂਰੀ ਵਾਸੀਆਂ ਦੇ ਹੱਕਾਂ ਨਾਲ ਖਿਲਵਾਰ ਹੋ



ਰਿਹਾ ਹੈ। ਉਨ੍ਹਾਂ ਕਿਹਾ ਕਿ ਧੂਰੀ ਸ਼ਹਿਰ ਕਿਸੇ ਵੀ ਪਾਰਟੀ ਦੀ ਜਾਇਦਾਦ ਨਹੀਂ ਹੈ, ਸਗੋਂ ਇੱਥੇ ਦੇ ਲੋਕਾਂ ਦਾ ਹੈ। ਇਸ ਲਈ ਸਰਕਾਰਾਂ ਨੂੰ ਰਾਜਨੀਤਿਕ ਲਾਭ-ਹਾਨੀ ਤੋਂ ਉੱਪਰ ਉਠ ਕੇ ਲੋਕਾਂ ਦੇ ਹਿਤ ਵਿੱਚ ਫੈਸਲਾ ਲੈਣਾ ਚਾਹੀਦਾ ਹੈ।ਦੌਲਤਪੁਰ ਨੇ ਸਪੱਸ਼ਟ ਕੀਤਾ ਕਿ ਕਾਂਗਰਸ ਧੂਰੀ ਪੁਲ ਦੇ ਮੁੱਦੇ 'ਤੇ ਧੂਰੀ ਵਾਸੀਆਂ ਦੇ ਨਾਲ ਚੱਟਾਨ ਵਾਂਗ ਖੜ੍ਹੀ ਹੈ ਅਤੇ ਜੇਕਰ ਜਲਦ ਹੀ ਮੰਨਜ਼ੂਰੀ ਨਹੀਂ ਮਿਲੀ ਤਾਂ ਵੱਡਾ ਸੰਘਰਸ਼ ਸ਼ੁਰੂ ਕੀਤਾ ਜਾਵੇਗਾ।

# ਸਪਾ ਸੈਂਟਰ 'ਤੇ ਛਾਪਾ: ਬਠਿੰਡਾ ਪੁਲਿਸ ਨੇ ਮਸਾਜ ਦੇ ਨਾਂ 'ਤੇ ਚੱਲ ਰਹੇ ਦੇਹ ਵਪਾਰ ਦਾ ਕੀਤਾ ਪਰਦਾਫਾਸ਼

ਬਠਿੰਡਾ, 14 ਸਤੰਬਰ (ਦੀਪਕ ਸ਼ਰਮਾ):ਥਾਣਾ ਸਿਵਲ ਲਾਈਨ ਦੀ ਪੁਲਿਸ ਵੱਲੋਂ ਸਪਾ ਸੈਂਟਰ ਦੀ ਆੜ ਵਿੱਚ ਚੱਲ ਰਹੇ ਦੇਹ ਵਪਾਰ ਦੇ ਅੱਡੇ ਦਾ ਪਰਦਾਫਾਸ਼ ਕੀਤਾ ਗਿਆ ਹੈ। ਇਸ ਦੌਰਾਨ ਉਕਤ ਸੈਂਟਰ ਵਿੱਚੋਂ ਦੋ ਲੜਕੀਆਂ ਨੂੰ ਬਰਾਮਦ ਕੀਤਾ ਗਿਆ ਹੈ ਅਤੇ ਮੈਨੇਜਰ ਨੂੰ ਗ੍ਰਿਫਤਾਰ ਕਰਕੇ ਉਸ ਦੇ ਖਿਲਾਫ ਕੇਸ ਦਰਜ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਇਸ ਵਕਤ ਸ਼ਹਿਰ ਵਿੱਚ ਜਿਸਮਫਰੋਸ਼ੀ ਦਾ ਧੰਦਾ ਪੂਰੇ ਜੋਰਾ ਸ਼ੋਰਾਂ ਨਾਲ ਚੱਲ ਰਿਹਾ ਹੈ। ਥਾਣਾ ਸਿਵਿਲ ਲਾਈਨ ਅਤੇ ਥਾਣਾ ਕੈਂਟ ਅਤੇ ਕੋਤਵਾਲੀ ਦੇ ਇਲਾਕੇ ਵਿੱਚ ਸਪਾ ਸੈਂਟਰਾਂ ਅਤੇ ਹੋਟਲਾਂ ਦੀ ਆੜ ਵਿੱਚ ਦੇਹ ਵਪਾਰ ਦੇ ਕਈ ਅੱਡੇ ਖੁੱਲ ਚੁੱਕੇ ਹਨ। ਜ਼ਿਆਦਾਤਰ ਸੈਂਟਰ ਇਸ ਤਰ੍ਹਾਂ ਦੇ ਹਨ ਜਿਹੜੇ ਬਿਨਾ ਲਾਈਸੈਂਸ ਅਤੇ ਬਿਨਾਂ ਇਜਾਜ਼ਤ ਤੋਂ ਚਲਾਏ ਜਾ ਰਹੇ ਹਨ। ਬਿਨਾਂ ਕਿਸੇ ਡਰ ਭੈਅ ਤੋਂ ਚੱਲ ਰਹੇ ਇਹ ਗੈਰ ਕਾਨੂੰਨੀ ਅੱਡੇ ਰਾਜਨੀਤਿਕ ਛਤਰ ਛਾਇਆ ਤੋਂ ਬਗੈਰ ਨਹੀਂ ਚੱਲ ਸਕਦੇ । ਪਰ ਦੂਜੇ ਪਾਸੇ ਬਠਿੰਡਾ ਪੁਲਿਸ ਵੱਲੋਂ ਵੀ ਇਸ ਤਰ੍ਹਾਂ ਦੇ ਅੱਡਿਆਂ ਤੇ ਲਗਾਤਾਰ ਸ਼ਿਕੰਜਾ ਕੱਸਿਆ ਜਾ ਰਿਹਾ, ਪੁਲਿਸ ਵੱਲੋਂ ਹੁਣ ਤੱਕ ਅੱਧੀ ਦਰਜ਼ਨ ਤੋਂ ਵੱਧ ਜਿਸਮ ਫਰੋਸ਼ੀ ਦੇ ਅੱਡੇ ਬੇਨਕਾਬ ਕੀਤੇ ਜਾ ਚੁੱਕੇ ਹਨ। ਕਈ ਵਿਅਕਤੀਆਂ ਖਿਲਾਫ ਪਰਚੇ ਵੀ ਦਰਜ ਕੀਤੇ ਗਏ ਹਨ। ਇੱਥੇ ਬੇਹਦ ਚਿੰਤਾਜਨਕ ਗੱਲ ਇਹ ਹੈ ਕਿ ਇਹਨਾਂ ਸਾਰਿਆਂ ਅੱਡਿਆਂ ਤੋਂ ਫੜੀਆਂ ਗਈਆਂ ਕੁੜੀਆਂ ਅਤੇ ਔਰਤਾਂ ਵੱਲੋਂ ਪੁਲਿਸ ਕੋਲ ਇਹੀ ਬਿਆਨ ਦਰਜ ਕਰਵਾਇਆ ਗਿਆ ਹੈ ਕਿ ਉਹਨਾਂ ਦੀ



ਮਜਬੂਰੀ ਦਾ ਫਾਇਦਾ ਉਠਾ ਕੇ ਇਸ ਧੰਦੇ ਵਿੱਚ ਧੱਕਿਆ ਜਾ ਰਿਹਾ ਹੈ।ਤਾਜ਼ਾ ਮਾਮਲੇ ਸਬੰਧੀ ਥਾਣਾ ਸਿਵਲ ਲਾਈਨ ਦੇ ਐਸਐਚਓ ਇੰਸਪੈਕਟਰ ਹਰਜੋਤ ਸਿੰਘ ਮਾਨ ਨੇ ਦੱਸਿਆ ਹੈ ਕਿ ਗੁਪਤ ਸੂਚਨਾ ਮਿਲੀ ਸੀ ਕਿ ਪੁੱਡਾ ਮਾਰਕੀਟ ਸਥਿਤ ਗ੍ਰੇਸ ਸਪਾ ਸੈਂਟਰ ਵਿੱਚ ਮਸਾਜ ਦੇ ਨਾਂ ਤੇ ਗਲਤ ਕੰਮ ਚੱਲ ਰਿਹਾ ਹੈ। ਜਿਸ ਦੇ ਆਧਾਰ 'ਤੇ, ਪੁਲਿਸ ਦੀ ਇੱਕ ਟੀਮ ਨੇ ਯੋਜਨਾਬੱਧ ਤਰੀਕੇ ਨਾਲ ਛਾਪਾ ਮਾਰਿਆ। ਜਿਵੇਂ ਹੀ ਪੁਲਿਸ ਸੈਂਟਰ ਦੇ ਅੰਦਰ ਦਾਖਲ ਹੋਈ, ਉਥੋਂ ਦਾ ਮਾਹੌਲ ਦੇਖ ਕੇ ਪੂਰੀ ਤਰ੍ਹਾਂ ਸਾਫ ਹੋ ਗਿਆ ਕਿ ਸਪਾ ਸੈਂਟਰ ਦਾ ਸਿਰਫ ਨਾਮ ਹੀ ਵਰਤਿਆ ਜਾ ਰਿਹਾ ਹੈ।ਲਿਸ ਨੇ ਤੁਰੰਤ ਕਾਰਵਾਈ ਕਰਦੇ ਹੋਏ ਮੌਕੇ ਤੋਂ ਦੋ ਔਰਤਾਂ ਉਕਤ ਸੈਂਟਰ ਦੇ ਸੰਚਾਲਕਾਂ ਦੇ ਚੁੰਗਲ ਚੋਂ ਛੁੜਾ ਕੇ ਇਸ ਦਲਦਲ ਵਿੱਚੋਂ ਬਾਹਰ ਕੱਢਿਆ। ਇਸ ਤੋਂ ਇਲਾਵਾ ਸੈਂਟਰ ਦੇ ਮੈਨੇਜਰ ਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ। ਪੁਲਿਸ ਵੱਲੋਂ ਮੈਨੇਜਰ ਦੇ ਖਿਲਾਫ ਕੇਸ ਦਰਜ ਕਰ ਲਿਆ ਗਿਆ ਹੈ ਅਤੇ ਮਾਮਲੇ ਦੀ ਅਗਲੀ ਜਾਂਚ ਕੀਤੀ ਜਾ ਰਹੀ ਹੈ। ਪੁਲਿਸ ਦਾ ਕਹਿਣਾ ਹੈ ਕਿ ਸ਼ੁਰੂਆਤੀ ਪੁੱਛਗਿੱਛ ਵਿੱਚ ਕਈ ਅਹਿਮ ਖੁਲਾਸੇ ਹੋਏ ਹਨ ਅਤੇ ਹੋਰ ਲੋਕਾਂ ਦੇ ਵੀ ਇਸ ਵਿੱਚ ਸ਼ਾਮਲ ਹੋਣ ਦੀ ਸੰਭਾਵਨਾ ਹੈ।ਜ਼ਿਕਰ ਯੋਗ ਹੈ ਕਿ ਇਹ ਕੋਈ ਪਹਿਲੀ ਘਟਨਾ ਨਹੀਂ ਹੈ ਜਿੱਥੇ ਬਠਿੰਡਾ ਵਿੱਚ ਸਪਾ ਸੈਂਟਰਾਂ ਤੇ ਅਜਿਹੀ ਕਾਰਵਾਈ ਹੋਈ ਹੋਵੇ। ਸਥਾਨਕ ਲੋਕਾਂ ਦਾ ਦੋਸ਼ ਹੈ ਕਿ ਇਹ ਗੋਰਖਧੰਦਾ ਕਈ ਵਾਰ ਪੁਲਿਸ ਅਤੇ ਸਿਆਸੀ ਲੋਕਾਂ ਦੀ ਮਿਲੀਭੁਗਤ ਨਾਲ ਚੱਲਦਾ ਹੈ, ਜਿਸ ਕਾਰਨ ਇਨ੍ਹਾਂ ਤੇ ਕਾਰਵਾਈ ਕਰਨੀ ਔਖੀ ਹੋ ਜਾਂਦੀ ਹੈ। ਇਹ ਵੀ ਦੱਸਿਆ ਜਾਂਦਾ ਹੈ ਕਿ ਕੁਝ ਸੈਂਟਰਾਂ ਵਿੱਚ ਤਾਂ ਵਿਦੇਸ਼ੀ ਲੜਕੀਆਂ ਵੀ ਕੰਮ ਕਰਦੀਆਂ ਹਨ। ਇਸ ਛਾਪੇਮਾਰੀ ਨੇ ਇੱਕ ਵਾਰ ਫਿਰ ਤੋਂ ਇਹ ਸਾਬਤ ਕਰ ਦਿੱਤਾ ਹੈ ਕਿ ਅਜਿਹੇ ਗੈਰ-ਕਾਨੂੰਨੀ ਧੰਦੇ ਪੂਰੇ ਸ਼ਹਿਰ ਵਿੱਚ ਜੜ੍ਹ ਫੈਲਾ ਚੁੱਕੇ ਹਨ।ਹੁਣ ਦੇਖਣਾ ਇਹ ਹੈ ਕਿ ਇਸ ਇੱਕ ਕਾਰਵਾਈ ਤੋਂ ਬਾਅਦ ਕੀ ਪੁਲਿਸ ਬਾਕੀ ਅਜਿਹੇ ਸੈਂਟਰਾਂ ਤੇ ਵੀ ਸਖ਼ਤ ਕਾਰਵਾਈ ਕਰੇਗੀ ਜਾਂ ਇਹ ਸਿਲਸਿਲਾ ਸਿਰਫ ਇਸੇ ਇੱਕ ਸੈਂਟਰ ਤੱਕ ਸੀਮਤ ਰਹੇਗਾ।

# ਸ਼੍ਰੋਮਣੀ ਅਕਾਲੀ ਦਲ ਸ਼ਹਿਰੀ ਜ਼ਿਲ੍ਹਾ ਮਾਨਸਾ ਦੇ ਅਹੁਦੇਦਾਰਾਂ ਦੀ ਸੂਚੀ ਜਾਰੀ

ਸਰਦੂਲਗੜ 14 ਸਤੰਬਰ ( ਲਛਮਣ ਸਿੱਧੂ ):ਜਤਿੰਦਰ ਸਿੰਘ ਸੋਢੀ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਸ਼ਹਿਰੀ ਨੇ ਜ਼ਿਲ੍ਹਾ ਪੱਧਰੀ ਅਹੁਦੇਦਾਰਾਂ ਦੀ ਸੂਚੀ ਜਾਰੀ ਕਰਦਿਆਂ ਕਿਹਾ ਕਿ ਅੱਜ ਭਾਗਾਂ ਵਾਲਾ ਦਿਨ ਹੈ , ਕਿਉਂਕਿ ਸੁਨਹਿਰੇ ਗੌਰਵਮਈ ਕੁਰਬਾਨੀਆਂ ਤੇ ਸੰਘਰਸ਼ਾਂ ਵਿੱਚੋਂ ਪੈਦਾ ਹੋਈ ਪੰਜਾਬੀਆਂ ਦੀ ਆਪਣੀ ਖੇਤਰੀ ਪਾਰਟੀ ਦੇ ਇਹਨਾਂ ਨਵਨਿਯੁਕਤ ਅਹੁਦੇਦਾਰਾਂ ਦੀ ਸੂਚੀ ਦਿਲਰਾਜ ਸਿੰਘ ਭੂੰਦੜ ਸਾਬਕਾ ਵਿਧਾਇਕ, ਪ੍ਰੇਮ ਕੁਮਾਰ ਅਰੋੜਾ ਹਲਕਾ ਇੰਚਾਰਜ ਮਾਨਸਾ , ਡਾਕਟਰ ਨਿਸ਼ਾਨ ਸਿੰਘ ਹਲਕਾ ਇੰਚਾਰਜ ਬੁਢਲਾਡਾ ਤੇ ਜ਼ਿਲ੍ਹੇ ਦੇ ਸੀਨੀਅਰ ਆਗੂਆਂ ਨਾਲ ਵਿਚਾਰ ਕਰਨ ਉਪਰੰਤ 4 ਸਰਪ੍ਰਸਤ , 4 ਸੀਨੀਅਰ ਮੀਤ ਪ੍ਰਧਾਨ, 32 ਮੀਤ ਪ੍ਰਧਾਨ , 21 ਜਨਰਲ ਸਕੱਤਰ, 36 ਜਥੇਬੰਦਕ ਸਕੱਤਰ , 27 ਮੈਂਬਰ ਵਰਕਿੰਗ ਕਮੇਟੀ, 1 ਪ੍ਰੈਸ ਸਕੱਤਰ ਤੇ 1 ਬੁਲਾਰੇ ਸਮੇਤ 126 ਮੈਂਬਰੀ ਜਥੇਬੰਦਕ ਢਾਂਚੇ ਦੀ ਪ੍ਰਵਾਨਗੀ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ, ਬੀਬਾ ਹਰਸਿਮਰਤ ਕੌਰ ਬਾਦਲ ਮੈਂਬਰ ਪਾਰਲੀਮੈਂਟ ਤੇ ਬਲਵਿੰਦਰ ਸਿੰਘ ਭੂੰਦੜ ਸਕੱਤਰ ਜਨਰਲ ਸ਼੍ਰੋਮਣੀ ਅਕਾਲੀ ਦਲ ਤੋ ਲਈ ਗਈ ਹੈ , ਜਿਸ ਵਿੱਚ ਜਥੇਦਾਰ ਚਮਕੌਰ ਸਿੰਘ, ਤਰਸੇਮ ਚੰਦ ਮਿੱਢਾ,ਕਾਲਾ ਸਿੰਘ ਆਰੇਵਾਲੇ , ਤੇ ਬਲਜੀਤ ਸਿੰਘ ਸੇਠੀ ਸਰਪ੍ਰਸਤ , ਹਰਿੰਦਰ ਸਿੰਘ ਸਾਹਨੀ , ਜਗਜੀਤ ਸਿੰਘ ਸੰਧੂ , ਮਲਕੀਤ ਸਿੰਘ ਬਾਬੇ ਕਾ ਤੇ ਬਲਵੀਰ ਸਿੰਘ ਬੋਹਾ ਸੀਨੀਅਰ ਮੀਤ ਪ੍ਰਧਾਨ , ਹੰਸ ਰਾਜ ਅਹੂਜਾ , ਸੁਖਦੇਵ ਸਿੰਘ ਜੋਗਾ , ਅੰਮ੍ਰਿਤ ਪਾਲ ਤਿਵਾੜੀ , ਸੁਖਦੇਵ ਸਿੰਘ ਸਾਬਕਾ ਸਰਪੰਚ ਜੋਗਾ, ਹਰਮੀਤ ਸਿੰਘ , ਬਲਵਿੰਦਰ ਸਿੰਘ, ਦਿਲਰਾਜ ਸਿੰਘ, ਈਸ਼ਵਰ ਮਿੱਤਲ , ਕੁਲਜੀਤ ਸਿੰਘ, ਸਤਵੰਤ ਸਿੰਘ ਸੱਤਾ , ਗੁਰਜੰਟ ਸਿੰਘ ਐਮ.ਸੀ ,ਦਿਆ ਸਿੰਘ, ਹਰਜੀਤ ਸਿੰਘ ਧਾਲੀਵਾਲ, ਕਰਮਪ੍ਰੀਤ ਸਿੰਘ ਜੋਗਾ, ਵਿਜੈ ਕੁਮਾਰ ਸਾਬਕਾ ਐਮ. ਸੀ , ਮਜੀਠਾ ਸਿੰਘ ਠੇਕੇਦਾਰ, ਗੋਪਾਲ ਦਾਸ ਪਾਲੀ , ਸੁਖਰਾਜ ਸਿੰਘ ਠੇਕੇਦਾਰ,



ਪਵਿੱਤਰ ਸਿੰਘ ਨੋਨੀ , ਰਾਜਿੰਦਰ ਸਿੰਘ ਠੇਕੇਦਾਰ, ਗੁਰਦੇਵ ਸਿੰਘ ਜੱਗਾ, ਅਜੀਤ ਸਿੰਘ ਬੱਬੂ ,ਮੇਜਰ ਸਿੰਘ ਗਿੱਲ , ਜੀਤ ਸਿੰਘ ਚਹਿਲ, ਹਰਿਦਰ ਸਿੰਘ ਚਿੱਲੀ, ਪੰਕਜ ਭੀਖੀ, ਨਾਇਬ ਸਿੰਘ , ਅਜਾਇਬ ਸਿੰਘ ਜੱਗਾ, ਜਸਵੀਰ ਸਿੰਘ ਜੱਸੀ , ਗੋਲੂ ਮਾਨਸਾ, ਗੁਰਮੇਲ ਸਿੰਘ ਮੋਰ ,ਅਜੀਤ ਸਿੰਘ ਧਾਲੀਵਾਲ ਮੀਤ ਪ੍ਰਧਾਨ ਜਗਮੇਲ ਸਿੰਘ , ਗੁਰਵਿੰਦਰ ਸਿੰਘ , ਭੁਪਿੰਦਰ ਸਿੰਘ ਨੰਬਰਦਾਰ, ਗੁਰਮੀਤ ਬੱਤਰਾ , ਸ਼ੀਸਪਾਲ ਗੋਇਲ , ਕੇਸਰ ਸਿੰਘ, ਹਰਪਾਲ ਸਿੰਘ, ਗਿਤੇਸ਼ ਬਾਲੀ , ਬਲਦੇਵ ਸਿੰਘ ਮੰਗਾ , ਭੂਸ਼ਣ ਗਰਗ , ਗੁਰਦੀਪ ਸਿੰਘ ਸੇਖੋਂ, ਪ੍ਰਿਤਪਾਲ ਸ਼ਰਮਾ, ਸਤਪਾਲ ਬਾਂਸਲ , ਗੁਰਲਾਲ ਸਿੰਘ , ਰਾਮਪਾਲ ਭੀਖੀ, ਬਲਜੀਤ ਸਿੰਘ ਠੇਕੇਦਾਰ, ਜਗਰਾਜ ਸਿੰਘ ਪੇਂਟਰ, ਜਸਵੰਤ ਸਿੰਘ ਤੇ ਜਗਤਾਰ ਸਿੰਘ ਦਿਉਲ, ਰਾਧੇ ਸਿਆਮ ਗਰਗ, ਕੇਵਲ ਕੁਮਾਰ ਜੈਨ ਜਨਰਲ ਸਕੱਤਰ ਬੰਤਾ ਸਿੰਘ ਸਾਬਕਾ ਸਰਪੰਚ, ਨਰਿੰਦਰ ਮਿੱਤਲ , ਧਰਮਿੰਦਰ ਮਿੱਤਲ, ਰੁਤਾਸ਼ ਭੀਖੀ, ਗੁਰਮੀਤ ਸਿੰਘ ਬਿੰਦੀ , ਸਰਦੂਲ ਸਿੰਘ ਲਹੋਰੀਆ, ਵਿਜੈ ਕੁਮਾਰ ਅਰੋੜਾ, ਗੁਰਮੇਲ ਸਿੰਘ ਬਿੱਲੂ , ਬਲਵਿੰਦਰ ਨਾਗਪਾਲ , ਗੁਰਜੰਟ ਸਿੰਘ, ਅਮਰੀਕ ਸਿੰਘ ਭੋਲਾ, ਸੁਖਦੇਵ ਸਿੰਘ ਸਿੱਧੂ, ਅਵਤਾਰ ਸਿੰਘ ਤਾਰੀ, ਗੁਰਪਿਆਰ ਸਿੰਘ ਪਿਆਰੀ , ਰਾਜ ਕੁਮਾਰ ਗੁਪਤਾ,ਜਸਵੰਤ ਸਿੰਘ ਵਾਲੀਆ, ਸਤਪਾਲ ਸਿੰਘ, ਮਨੀਸ਼ ਹੈਪੀ , ਨਛੱਤਰ ਸਿੰਘ ਮਾਸਟਰ, ਸੁਖਪਾਲ ਸਿੰਘ, ਪ੍ਰਿੰਸ ਬਾਂਸਲ , ਇੰਦਰਜੀਤ ਸਿੰਘ ਜੀਤੀ , ਮੱਗਰ ਸਿੰਘ ਮਾਨਸਾ , ਰਵੀ ਅਰੋੜਾ, ਗੁਰਮੀਤ ਸਿੰਘ ਲਾਲੀ , ਬਲਵੀਰ ਸਿੰਘ ਸੋਢੀ , ਦੀਪੂ ਅਰੋੜਾ, ਰਿੰਪੀ ਐਮ . ਸੀ , ਡਾਕਟਰ ਤਿਰਲੋਕ ਸਿੰਘ, ਹੈਪੀ ਅਰੋੜਾ , ਚਰਨਜੀਤ ਸਿੰਘ, ਗੁਰਚਰਨ ਸਿੰਘ ਐਡਵੋਕੇਟ, ਪ੍ਰੇਮ ਜਿੰਦਲ, ਵਿਨੋਦ ਸਿੰਗਲਾ , ਗੁਰਮੇਲ ਸਿੰਘ , ਨਾਜਰ ਸਿੰਘ ਤੇ ਹਰਦੀਪ ਸਿੰਘ ਜਥੇਬੰਦਕ ਸਕੱਤਰ , ਨਿਰੰਜਣ ਬੋਹਾ ਪ੍ਰੈਸ ਸਕੱਤਰ, ਰਘੁਬੀਰ ਸਿੰਘ ਮਾਨਸਾ ਬੁਲਾਰਾ , ਕੁਲਦੀਪ ਸਿੰਘ ਸੁਖਮਿੰਦਰ ਸਿੰਘ, ਗੁਰਮੀਤ ਸਿੰਘ, ਮਨੋਜ ਕੁਮਾਰ, ਰਾਜੇਸ਼ ਕੁਮਾਰ, ਜਤਿੰਦਰ ਗੋਇਲ, ਇੰਦਰ ਸਿੰਘ ਵਿਰਕ , ਰਣਜੀਤ ਸਿੰਘ ਅਨੇਜਾ , ਜਸਵਿੰਦਰ ਸਿੰਘ, ਗੁਰਦਿਆਲ ਸਿੰਘ, ਕੰਵਲ ਨੈਨ ਪਾਲ ਸਿੰਘ, ਗੁਰਪ੍ਰਕਾਸ਼ ਸਿੰਘ, ਹਰਵਿੰਦਰ ਸਿੰਘ, ਜਰਨੈਲ ਸਿੰਘ, ਕੁਲਦੀਪ ਸਿੰਘ, ਕਰਤਾਰ ਸਿੰਘ, ਅਮਰੀਕ ਸਿੰਘ, ਰੂਪ ਸਿੰਘ, ਜਸਵੀਰ ਸਿੰਘ , ਗੁਰਲਾਲ ਸਿੰਘ, ਸੁਰਿੰਦਰ ਸਿੰਘ ਸੇਖੋਂ, ਸ਼ਿਦਰਪਾਲ ਸਿੰਘ ਐਮ. ਸੀ , ਹਰਿੰਦਰ ਸਿੰਘ, ਰਵਿੰਦਰ ਗਰਗ , ਜਿੰਦਰਪਾਲ ਪਾਲੀ , ਬਿੱਟੂ ਅਰੋੜਾ ਤੇ ਮੁਖਵਿੰਦਰ ਸਿੰਘ ਮੈਂਬਰ ਵਰਕਿੰਗ ਕਮੇਟੀ ਨਿਯੁਕਤ ਕੀਤਾ ਗਿਆ ਹੈ ।

ਇਸ ਮੌਕੇ ਨਵ ਨਿਯੁਕਤ ਅਹੁਦੇਦਾਰਾਂ ਨੂੰ ਮੁਬਾਰਕਬਾਦ ਦਿੰਦਿਆਂ ਸ਼੍ਰੀ ਸੋਢੀ ਨੇ ਕਿਹਾ ਕਿ ਜਥੇਬੰਦੀ ਦੀ ਮਜ਼ਬੂਤੀ ਲਈ ਅਸੀਂ ਸਾਰੇ ਰਲ ਕੇ ਪਾਰਟੀ ਦੀਆਂ ਨੀਤੀਆਂ ਘਰ-ਘਰ ਪਹੁੰਚਾਉਣ ਦਾ ਯਤਨ ਕਰਾਂਗੇ ਤੇ ਇਸਦੇ ਨਾਲ ਨਾਲ ਹੋਰ ਯੋਗ ਤੇ ਮੇਹਨਤੀ ਵਰਕਰਾਂ ਨੂੰ ਜਲਦ ਜਿਲ੍ਹਾ ਜਥੇਬੰਦੀ ਵਿੱਚ ਸ਼ਾਮਲ ਕਰਕੇ ਸਨਮਾਨ ਦਿੱਤਾ ਜਾਵੇਗਾ ।

# ਧੂਰੀ ਰੇਲਵੇ ਬਰਿੱਜ ਦੀ ਉਸਾਰੀ ਵਿੱਚ ਰਵਨੀਤ ਬਿੱਟੂ ਵੱਡੀ ਰੁਕਾਵਟ : ਘੁੱਲੀ

ਧੂਰੀ, 14 ਸਤੰਬਰ (ਰਾਜੇਸ਼ਵਰ ਪਿੰਟੂ, ਅਮਨ ਗਰਗ) : ਮੁੱਖ ਮੰਤਰੀ ਕੈਂਪਸ ਦਫ਼ਤਰ ਧੂਰੀ ਦੇ ਇੰਚਾਰਜ ਅਤੇ ਮਾਰਕਿਟ ਕਮੇਟੀ ਧੂਰੀ ਦੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ ਨੇ ਧੂਰੀ ਰੇਲਵੇ ਓਵਰ ਬਰਿੱਜ ਦੀ ਮੰਨਜੂਰੀ ਵਿੱਚ ਕੇਂਦਰੀ ਰੇਲ ਮੰਤਰੀ ਰਵਨੀਤ ਸਿੰਘ ਬਿੱਟੂ ਨੂੰ ਸਭ ਤੋਂ ਵੱਡੀ ਰੁਕਾਵਟ ਕਰਾਰ ਦਿੱਤਾ ਹੈ। ਘੁੱਲੀ ਨੇ ਦੋ ਟੂਕ ਸ਼ਬਦਾਂ ਵਿੱਚ ਕਿਹਾ ਕਿ ਧੂਰੀ ਰੇਲਵੇ ਓਵਰ ਬਰਿੱਜ ਬਾਰੇ ਬਿੱਟੂ ਦੇ ਅੱਜ ਦੇ ਬਿਆਨ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਕੇਂਦਰ ਸਰਕਾਰ ਇਰਾਦਤਨ ਧੂਰੀ ਦੇ ਲੋਕਾਂ ਨਾਲ ਧੋਖਾ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਬਿੱਟੂ ਦਾ ਇਹ ਕਹਿਣਾ ਕਿ 'ਧੂਰੀ ਵਾਲੇ ਪੁਲ ਦੀ ਮਨਜ਼ੂਰੀ ਉਸੇ ਦਿਨ ਦੇਵਾਂਗੇ, ਜਿਸ ਦਿਨ ਦੋਰਾਹਾ ਰੇਲਵੇ ਪੁਲ ਦੀ ਮਨਜ਼ੂਰੀ ਮਿਲੇਗੀ' ਪੂਰੀ ਤਰ੍ਹਾਂ ਨਿੰਦਣਯੋਗ ਤੇ ਲੋਕਾਂ ਦੀ ਭਾਵਨਾਵਾਂ ਨਾਲ ਖਿਲਵਾੜ ਹੈ। ਘੁੱਲੀ ਨੇ ਦਲੀਲ ਦਿੱਤੀ ਕਿ ਧੂਰੀ ਰੇਲਵੇ ਪੁਲ ਸੈਂਕੜਿਆਂ ਪਿੰਡਾਂ ਦੇ ਵਸਨੀਕਾਂ ਲਈ ਜ਼ਿੰਦਗੀ ਤੇ ਮੌਤ ਦਾ ਸਵਾਲ ਬਣਿਆ ਹੋਇਆ ਹੈ। ਰੋਜ਼ਾਨਾ ਲੱਖਾਂ ਲੋਕ ਇਸ ਪਟੜੀ ਨੂੰ ਪਾਰ ਕਰਦੇ ਹਨ ਅਤੇ ਇਸ ਪੁਲ ਨੇ ਧੂਰੀ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਹੋਇਆ ਹੈ ਅਤੇ ਇਸ ਲਈ ਇਸ ਪੁਲ ਦੀ ਉਸਾਰੀ ਵਿੱਚ ਦੇਰੀ ਕਰਨਾ ਲੋਕਾਂ ਨਾਲ ਜਾਨ-ਬੁੱਝ ਕੇ ਵੈਰ ਰੱਖਣ ਦੇ ਬਰਾਬਰ ਹੈ।ਘੁੱਲੀ ਨੇ ਬਿੱਟੂ ਉੱਤੇ ਪੰਜਾਬ ਵਿਰੋਧੀ ਹੋਣ ਦਾ ਦੋਸ਼ ਲਾਉਂਦਿਆਂ ਕਿਹਾ ਕਿ ਪੰਜਾਬ ਦਾ ਜਿਹਾ ਪੁੱਤਰ ਹੋ ਕੇ ਜਦੋਂ ਕੇਂਦਰ ਵਿੱਚ ਜਾ ਕੇ ਪੰਜਾਬੀਆਂ ਦੀ ਹੱਕੀ ਮੰਗਾਂ ਨੂੰ ਰੋਕਣ ਦੀ ਸਾਜ਼ਿਸ਼ ਕਰਦਾ ਹੈ ਤਾਂ ਇਹ ਧਰੋਹ ਤੋਂ ਘੱਟ ਨਹੀਂ। ਉਨ੍ਹਾਂ ਕਿਹਾ ਕਿ ਬਿੱਟੂ ਦੇ ਇਸ ਰਵੱਈਏ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਕੇਂਦਰ ਸਰਕਾਰ ਅਤੇ ਉਸ ਦੇ ਨੁਮਾਇੰਦਿਆਂ ਨੂੰ ਪੰਜਾਬ ਦੇ ਹੱਕਾਂ ਨਾਲ ਕੋਈ ਲੈਣਾ-ਦੇਣਾ ਨਹੀਂ।ਉਨ੍ਹਾਂ ਐਲਾਨ ਕੀਤਾ ਕਿ ਆਮ ਆਦਮੀ ਪਾਰਟੀ ਦੇ ਸਾਰੇ ਵਰਕਰ ਤੇ ਧੂਰੀ ਵਾਸੀ ਅੱਜ ਕੱਕੜਵਾਲ ਚੌਂਕ ਧੂਰੀ ਵਿੱਚ ਇਕੱਠੇ ਹੋ ਕੇ ਰਵਨੀਤ ਸਿੰਘ ਬਿੱਟੂ ਦਾ ਪੁਤਲਾ ਫੂਕਣਗੇ। ਇਹ ਪ੍ਰਦਰਸ਼ਨ ਇਸ ਗੱਲ ਦੀ ਨਿਸ਼ਾਨੀ ਹੋਵੇਗਾ ਕਿ ਧੂਰੀ ਦੇ ਲੋਕ ਆਪਣੇ ਹੱਕ ਲਈ ਚੁੱਪ ਨਹੀਂ ਬੈਠਣਗੇ ਅਤੇ ਕਿਸੇ ਵੀ ਰਾਜਨੀਤਿਕ ਦਬਾਅ ਅੱਗੇ ਝੁਕਣ ਵਾਲੇ ਨਹੀਂ।ਘੁੱਲੀ ਨੇ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਕੇਂਦਰ ਸਰਕਾਰ ਨੇ ਤੁਰੰਤ ਧੂਰੀ ਰੇਲਵੇ ਬਰਿੱਜ ਦੀ ਮੰਨਜੂਰੀ ਨਹੀਂ ਦਿੱਤੀ ਤਾਂ ਵੱਡੇ ਪੱਧਰ 'ਤੇ ਅੰਦੋਲਨ ਕੀਤਾ ਜਾਵੇਗਾ।

# ਰਵਨੀਤ ਬਿੱਟੂ ਦੇ ਬਿਆਨ ਤੋਂ ਬਾਅਦ ਧੂਰੀ ਰੇਲਵੇ ਓਵਰ ਬਰਿੱਜ ਦੀ ਸਥਿਤੀ ਹੋਈ ਸਪੱਸ਼ਟ

ਧੂਰੀ, 14 ਸਤੰਬਰ (ਰਾਜੇਸ਼ਵਰ ਪਿੰਟੂ, ਅਮਨ ਗਰਗ) : ਧੂਰੀ ਦੇ ਲੋਕਾਂ ਲਈ ਲੰਮੇ ਸਮੇਂ ਤੋਂ ਲਟਕਦਾ ਰੇਲਵੇ ਓਵਰ ਬਰਿੱਜ ਦਾ ਮਸਲਾ ਅੱਜ ਕੁਝ ਹੱਦ ਤੱਕ ਸਪੱਸ਼ਟ ਹੋ ਗਿਆ ਹੈ। ਰੇਲਵੇ ਮੰਤਰੀ ਰਵਨੀਤ ਸਿੰਘ ਬਿੱਟੂ ਵੱਲੋਂ ਆਪਣੇ ਸ਼ੋਸ਼ਲ ਮੀਡੀਆ ਅਕਾਊਂਟ ਰਾਹੀਂ ਜਾਰੀ ਕੀਤੇ ਵੀਡੀਓ ਬਿਆਨ ਨੇ ਨਵੇਂ ਸਵਾਲ ਵੀ ਖੜ੍ਹੇ ਕੀਤੇ ਹਨ ਅਤੇ ਲੋਕਾਂ ਵਿੱਚ ਗੁੱਸਾ ਵੀ ਵਧਾਇਆ ਹੈ।ਰੇਲਵੇ ਮੰਤਰੀ ਰਵਨੀਤ ਬਿੱਟੂ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਧੂਰੀ ਦਾ ਪੁਲ ਵੀ ਉਸੇ ਦਿਨ ਹੀ ਪਾਸ ਹੋ ਜਾਵੇਗਾ, ਜਿਸ ਦਿਨ ਦੋਰਾਹੇ ਸਮੇਤ ਹੋਰ ਪੁਲਾਂ ਦੀ ਫਾਈਲ 'ਤੇ ਪੰਜਾਬ ਸਰਕਾਰ ਦਸਤਖਤ ਕਰੇਗੀ, ਜਿਸਤੋਂ ਸਾਫ਼ ਹੈ ਕਿ ਕੇਂਦਰ ਦੀ ਭਾਜਪਾ ਸਰਕਾਰ ਨੇ ਇਸ ਪੁਲ ਦੀ ਮਨਜ਼ੂਰੀ ਦਾ ਕੰਮ ਜਾਣ ਬੁੱਝ ਕੇ ਰੋਕਿਆ ਹੋਇਆ ਹੈ। ਬਿੱਟੂ ਦੇ ਇਸ ਬਿਆਨ ਤੋਂ ਬਾਅਦ ਧੂਰੀ ਦੇ ਵਸਨੀਕਾਂ ਵਿੱਚ ਇਹ ਗੱਲ ਸਾਫ ਹੋ ਗਈ ਕਿ ਧੂਰੀ ਦੇ ਮਸਲੇ 'ਤੇ ਭਾਜਪਾ ਵੱਲੋਂ 'ਰੰਜਸ਼' ਦੀ ਸਿਆਸਤ ਕੀਤੀ ਜਾ ਰਹੀ ਹੈ।ਧੂਰੀ ਵਿਕਾਸ ਮੰਚ ਨੇ ਇਸ ਬਿਆਨ 'ਤੇ ਤਿੱਖਾ ਪ੍ਰਤੀਕਰਮ ਦਿੱਤਾ ਹੈ। ਮੰਚ ਦੇ ਪ੍ਰਧਾਨ ਅਮਨ ਗਰਗ, ਜਨਰਲ ਸਕੱਤਰ ਹੰਸ ਰਾਜ ਬਜਾਜ ਨੇ ਕਿਹਾ ਕਿ ਜੇਕਰ ਰੇਲਵੇ ਮੰਤਰੀ ਖੁਦ ਕਹਿ ਰਹੇ ਹਨ ਕਿ ਧੂਰੀ ਰੇਲਵੇ ਓਵਰ ਬਰਿੱਜ ਨੂੰ ਮੰਨਜ਼ੂਰੀ ਉਸੇ ਦਿਨ ਦੇ ਦੇਵਾਂਗੇ, ਜਿਸ ਦਿਨ ਦੋਰਾਹੇ ਸਮੇਤ ਹੋਰ ਪੁਲਾਂ ਦੀ ਫਾਈਲ ਤੇ ਦਸਤਖਤ ਹੋਣਗੇ, ਜਿਸਤੋਂ ਸਪੱਸ਼ਟ ਹੈ ਕਿ ਕੇਂਦਰ ਸਰਕਾਰ ਇਸ ਪੁਲ 'ਤੇ ਧੂਰੀ ਦੇ ਲੋਕਾਂ ਨਾਲ ਬੇਇਨਸਾਫ਼ੀ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਧੂਰੀ ਵਿਕਾਸ ਮੰਚ ਨੇ ਇਸ ਪੁਲ ਦੀ ਉਸਾਰੀ ਕਰਵਾਉਣ ਲਈ ਪ੍ਰਧਾਨ ਮੰਤਰੀ ਨੂੰ ਚਿੱਠੀ ਲਿਖਕੇ ਤੁਰੰਤ



ਦਖਲ ਅੰਦਾਜੀ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕ ਧੂਰੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਹਲਕਾ ਹੈ। ਲੋਕਾਂ ਨੇ ਉਮੀਦ ਬੰਨ੍ਹੀ ਸੀ ਕਿ ਇੱਥੇ ਵਿਕਾਸ ਦੇ ਕੰਮ ਤੇਜ਼ੀ ਨਾਲ ਹੋਣਗੇ, ਪਰ ਕੇਂਦਰ ਦੀ ਭਾਜਪਾ ਸਰਕਾਰ ਰਾਜਨੀਤਕ ਕਾਰਨਾਂ ਕਰਕੇ ਲੋਕਾਂ ਨੂੰ ਅਧੂਰੇ ਵਾਅਦਿਆਂ ਨਾਲ ਟਾਲ ਰਹੀ ਹੈ।ਦੱਸਣਯੋਗ ਹੈ ਕਿ ਧੂਰੀ ਰੇਲਵੇ ਓਵਰ ਬਰਿੱਜ ਦਾ ਮਸਲਾ ਪਿਛਲੇ ਕਈ ਸਾਲਾਂ ਤੋਂ ਲੋਕਾਂ ਦੀਆਂ ਮੁੱਖ ਮੰਗਾਂ ਵਿੱਚ ਰਿਹਾ ਹੈ। ਰੋਜ਼ਾਨਾ ਹਜ਼ਾਰਾਂ ਵਾਹਨ ਅਤੇ ਪੈਦਲ ਯਾਤਰੀ ਰੇਲਵੇ ਫਾਟਕ 'ਤੇ ਰੁਕਦੇ ਹਨ, ਜਿਸ ਨਾਲ ਸਮਾਂ ਵੀ ਬਰਬਾਦ ਹੁੰਦਾ ਹੈ ਅਤੇ ਹਾਦਸਿਆਂ ਦਾ ਖ਼ਤਰਾ ਵੀ ਬਣਿਆ ਰਹਿੰਦਾ ਹੈ। ਲੋਕਾਂ ਨੇ ਕਈ ਵਾਰੀ ਧਰਨਾ-ਪ੍ਰਦਰਸ਼ਨ ਕਰਕੇ ਵੀ ਸਰਕਾਰਾਂ ਦਾ ਧਿਆਨ ਇਸ ਵੱਲ ਖਿੱਚਿਆ ਸੀ ਪਰ ਮਾਮਲਾ ਹਮੇਸ਼ਾਂ ਕਾਗਜ਼ੀ ਕਾਰਵਾਈਆਂ ਜਾਂ ਕੇਂਦਰ-ਰਾਜ ਸਰਕਾਰਾਂ ਦੇ ਇਕ-ਦੂਜੇ 'ਤੇ ਦੋਸ਼ ਧਰਨ ਕਰਕੇ ਲਟਕਦਾ ਰਿਹਾ।ਬਿੱਟੂ ਦੇ ਵੀਡੀਓ ਬਿਆਨ ਤੋਂ ਬਾਅਦ ਧੂਰੀ ਦੇ ਲੋਕਾਂ ਨੇ ਸੋਸ਼ਲ ਮੀਡੀਆ 'ਤੇ ਭਾਜਪਾ ਦੇ ਵਿਰੋਧ ਵਿੱਚ ਮੁਹਿੰਮ ਚਲਾਈ ਹੈ। ਟਵਿੱਟਰ, ਫੇਸਬੁੱਕ ਅਤੇ ਇੰਸਟਾਗ੍ਰਾਮ 'ਤੇ ਲੋਕਾਂ ਨੇ ਭਾਜਪਾ ਨੂੰ ਕਟਹਿਰੇ ਵਿੱਚ ਖੜ੍ਹਾ ਕਰਦਿਆਂ ਕਿਹਾ ਹੈ ਕਿ ਧੂਰੀ ਦੇ ਲੋਕਾਂ ਦੀ ਜ਼ਿੰਦਗੀ ਨਾਲ ਖੇਡਣਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਬਿੱਟੂ ਦੇ ਇਸ ਬਿਆਨ ਨੇ ਧੂਰੀ ਦੇ ਰੇਲਵੇ ਓਵਰ ਬਰਿੱਜ ਦੀ ਮੰਨਜ਼ੂਰੀ ਨੂੰ ਤਾਂ ਸਪੱਸ਼ਟ ਕੀਤਾ ਹੈ, ਕਿ ਫਾਈਲ ਰੇਲਵੇ ਪਾਸ ਪੈਡਿੰਗ ਪਈ ਹੈ, ਜਿਸ'ਤੇ ਭਾਜਪਾ ਸਿਆਸਤ ਦੀ ਰਾਜਨੀਤੀ ਕਰਦਿਆਂ ਫਾਈਲ ਨੂੰ ਜਾਣ ਬੁੱਝ ਕੇ ਰੋਕਿਆ ਹੈ।

# ਮੁਫਤ ਡਾਕਟਰੀ ਕੈਂਪ ਵਿੱਚ 65 ਮਰੀਜ਼ਾਂ ਦਾ ਹੋਇਆ ਚੈਕਅੱਪ ਤੇ ਦਿੱਤੀ ਦਵਾਈ



ਲਹਿਰਾਗਾਗਾ, 14 ਸਤੰਬਰ (ਰਾਮੇਸ਼ਵਰ ਸ਼ਰਮਾ/ ਖੁਸ਼ਵਿੰਦਰ ਸ਼ਰਮਾ):ਬੇਸਹਾਰਾ ਜੀਵ ਜੰਤੂ ਵੈਲਫੇਅਰ ਸੁਸਾਇਟੀ ਅਤੇ ਜੈ ਸ਼੍ਰੀ ਮਹਾਂਕਾਲੀ ਮੰਦਿਰ ਕਮੇਟੀ ਵਲੋਂ ਸ਼੍ਰੀ ਰਾਕੇਸ਼ ਕੁਮਾਰ ਬਾਂਸਲ ਅਤੇ ਸ੍ਰੀ ਰਾਜ ਸ਼ਰਮਾ ਦੀ ਪ੍ਰਧਾਨਗੀ ਵਿਚ ਸਵ: ਡਾ. ਧਰਮਪਾਲ ਗਰਗ ਜੀ (ਗਰਗ ਆਈ ਕੇਅਰ ਸੈਂਟਰ) ਦੀ ਯਾਦ ਨੂੰ ਸਮਰਪਿਤ ਹਫਤਾਵਾਰ ਚੈਰੀਟੇਬਲ ਮੈਡੀਕਲ ਕੈਂਪ ਅਤੇ ਦਵਾਈਆਂ ਦਾ ਲੰਗਰ ਲਗਾਇਆ ਗਿਆ। ਜਿਸ ਵਿਚ ਉਹਨਾਂ ਦੇ ਸਪੁੱਤਰ ਡਾ.ਪ੍ਰਤੀਕ ਗਰਗ ਜੀ (ਐੱਮ.ਡੀ. ਮੈਡੀਸਨ) ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਲਗਵਾਈ ਜੋ ਕਿ ਹਰ ਪੰਦਰਾਂ ਦਿਨ ਬਾਅਦ ਇਸ ਕੈਂਪ ਵਿੱਚ ਆਪਣੀ ਨਿਸਕਾਮ ਸੇਵਾ ਵੀ ਨਿਭਾ ਰਹੇ ਹਨ। ਅੱਜ ਦੇ ਇਸ ਕੈਂਪ ਵਿਚ ਡਾਕਟਰ ਸ਼੍ਰੀ ਪ੍ਰਤੀਕ ਗਰਗ ( ਐਮ. ਡੀ. ਮੈਡੀਸਨ) ਅਤੇ ਡਾਕਟਰ ਆਸਥਾ ਸਿੰਗਲਾ (ਜਾਨਣਾ ਰੋਗਾਂ ਦੇ ਮਾਹਿਰ) ਦੁਆਰਾ 65 ਲੋੜਵੰਦ ਮਰੀਜਾਂ ਦਾ ਚੈੱਕਅਪ ਕੀਤਾ ਗਿਆ ਅਤੇ ਮੁਫ਼ਤ ਦਵਾਈ ਵੀ ਦਿੱਤੀ ਗਈ। ਇਸ ਮੌਕੇ ਕੁਲਭੂਸ਼ਣ (ਕੈਸ਼ੀਅਰ) ,ਸੁਨੀਲ ਕੁਮਾਰ (ਰਿੰਕੂ ਡਰੈੱਸ),ਕਪਿਲ ਸਿੰਗਲਾ(ਐਮ.ਫਾਰਮਾ), ਡਾ. ਸੌਰਵ ਗਰਗ (ਵੈਟਨਰੀ ਇਸਪੈਕਟਰ),ਦੀਪਕ ਸਿੰਗਲਾ, ਜਤਿੰਦਰ ਗਰਗ, ਅਮਨ ਗਰਗ ਜੈਕੀ,ਅਰਸ਼ ਲੈਬ ਟੈਕਨੀਸ਼ੀਅਨ, ਆਸ਼ੂ ਗੋਇਲ,ਮਹੇਸ਼ ਮੇਸ਼ੀ,ਹਰਦਮ ਬਾਬਾ, ਦਰਸ਼ੀ ਸ਼ਰਮਾ,ਅਤੇ ਹੋਰ ਮੈਂਬਰ ਵੀ ਹਾਜਰ ਰਹੇ।

# ਸਟੇਟ ਬੈਕ ਆਫ ਇੰਡੀਆਂ ਨੇ ਗ੍ਰਾਮ ਪੰਚਾਇਤ ਬੱਲ੍ਹੋ ਦੇ ਸਹਿਯੋਗ ਨਾਲ ਲਾਇਆ ਜਾਗਰੂਕ ਕੈਂਪ



ਬਠਿੰਡਾ 12 ਸਤੰਬਰ : ਜਗਸੀਰ ਭੁੱਲਰ ਪਿੰਡ ਬੱਲ੍ਹੋ ਵਿਖੇ ਗ੍ਰਾਮ ਪੰਚਾਇਤ ਦੇ ਸਹਿਯੋਗ ਨਾਲ ਸਟੇਟ ਬੈਕ ਆਫ ਇੰਡੀਆ ਦੇ ਸੀ ਐਫ ਐਲ ਔਰਹਾ ਫਾਊਡੇਸਨ ਨੇ ਸਾਂਝੇ ਤੌਰ ਤੇ ਜਨ ਸੁਰੱਖਿਆ ਕੈਪ ਦਾ ਆਯੋਜਨ ਯਥੂ ਲਾਇਬਰੇਰੀ ਵਿੱਚ ਕੀਤਾ ਗਿਆ । ਕੈਪ ਵਿੱਚ ਪਿੰਡ ਵਾਸੀਆਂ ਨੂੰ ਵੱਖ ਵੱਖ ਸਮਾਜਿਕ ਸੁਰੱਖਿਆ ਯੋਜਨਾਵਾਂ ਬਾਰੇ ਜਾਣਕਾਰੀ ਦਿੱਤੀ ਗਈ । ਇੰਨਾ ਯੋਜਨਾਵਾਂ ਵਿੱਚ ਪ੍ਰਧਾਨ ਮੰਤਰੀ ਜੀਵਨ ਬੀਮਾ ਯੋਜਨਾ ਅਤੇ ਪ੍ਰਧਾਨ ਮੰਤਰੀ ਸੁਰੱਖਿਆ ਜੀਵਨ ਜਯੋਤੀ ਬੀਮਾ ਯੋਜਨਾ ਸਾਮਲ ਹਨ ।ਇਸ ਕੈਪ ਵਿੱਚ ਪਿੰਡ ਬੱਲ੍ਹੋ ਲੂਖੋਖਰ ਲੂਸੂਚ ਅਤੇ ਭੈਣੀ ਚੂਹੜ ਦੀ ਲੇਬਰ ਨੇ ਵੱਧ ਚੜ੍ਹ ਕੇ ਹਿੱਸਾ ਲਿਆ । ਸਰਪੰਚ ਅਮਰਜੀਤ ਕੌਰ ਨੇ ਕਿਹਾ ਕਿ ਮਗਨਰੇਗਾ ਮਜਦੂਰਾਂ ਦੇ ਕੰਮਾਂ ਕਰਦਿਆ ਕਈ ਵਾਰ ਕੋਈ ਦੁਰਘਟਨਾ ਵਾਪਰ ਜਾਦੀ ਹੈ ਤਾਂ ਉਨਾਂ ਦੀ ਸੁਰੱਖਿਆ ਲਈ ਜੀਵਨ ਬੀਮੇ ਕੀਤੇ ਗਏ ਹਨ । ਇਸ ਮੌਕੇ ਏ ਐਫ ਸੀ ਵੀਰਪਾਲ ਕੌਰ ਲੂ ਸੀ ਆਰ ਪੀ ਦਲਜੀਤ ਕੌਰ ਲੂ ਕੈਸੀਆਰ ਭਰਭੂਰ ਸਿੰਘਲੂ ਬੀ ਸੀ ਸੁਖਦੇਵ ਸਿੰਘ -ਗ੍ਰਾਮ ਰੋਜਗਾਰ ਸੇਵਕ ਅੰਗਰੇਜ ਸਿੰਘ ਲੂ ਕੇਵਲ ਸਿੰਘ ਪ੍ਰਧਾਨ ਅਤੇ ਪੰਚ ਹਾਜਰ ਸਨ ।

# ਪਿੰਡ ਆਕਲੀਆ ਕਲਾਂ ਦੇ ਤੇਜ ਬਰਾੜ ਭਾਰਤੀ ਜਨਤਾ ਪਾਰਟੀ 'ਚ ਹੋਏ ਸ਼ਾਮਲ

ਨਥਾਣਾ ਭੁੱਚੋ ਮੰਡੀ, 14 ਸਤੰਬਰ (ਹਰਬੰਸ ਸਿੰਘ ਭੋਲਾ):ਹਲਕਾ ਭੁੱਚੋ ਵਿੱਚ ਭਾਰਤੀ ਜਨਤਾ ਪਾਰਟੀ ਨੂੰ ਉਸ ਸਮੇਂ ਬਲ ਮਿਲਿਆ ਜਦੋਂ ਪਿੰਡ ਆਕਲੀਆ ਕਲਾਂ ਦੇ ਐਨ ਆਰ ਆਈ ਤੇਜ ਸਿੰਘ ਬਰਾੜ, ਭਾਰਤੀ ਜਨਤਾ ਪਾਰਟੀ ਦੇ ਬਠਿੰਡਾ ਸ਼ਹਿਰੀ ਦੇ ਜ਼ਿਲ੍ਹਾ ਪ੍ਰਧਾਨ ਸਰੂਪ ਚੰਦ ਸਿੰਗਲਾ ਦੀ ਅਗਵਾਈ ਵਿੱਚ ਸ਼੍ਰੋਮਣੀ ਅਕਾਲੀ ਦਲ ਛੱਡ ਕੇ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਿਲ ਹੋ ਗਏ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਭਾਜਪਾ ਦੇ ਐਸ ਸੀ ਮੋਰਚਾ ਦੇ ਜਿਲਾ ਪ੍ਰਧਾਨ ਅਤੇ ਹਲਕਾ ਇੰਚਾਰਜ ਭੁੱਚੋ ਮੰਡੀ ਬਲਦੇਵ ਸਿੰਘ ਆਕਲੀਆ ਨੇ ਦੱਸਿਆ ਕਿ ਤੇਜ ਸਿੰਘ ਬਰਾੜ ਦੇ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਿਲ



ਹੋਣ ਨਾਲ ।ਇਸ ਮੌਕੇ ਸ੍ਰ ਤੇਜ ਸਿੰਘ ਬਰਾੜ ਨੂੰ ਜੀ ਆਇਆਂ ਆਖਦਿਆਂ ਸ੍ਰੀ ਸਰੂਪ ਚੰਦ ਸਿੰਗਲਾ ਨੇ ਕਿਹਾ ਕਿ ਆਉਣ ਵਾਲਾ ਸਮਾਂ ਭਾਰਤੀ ਜਨਤਾ ਪਾਰਟੀ ਦਾ ਹੈ ਅਤੇ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਭਾਰਤੀ ਜਨਤਾ ਪਾਰਟੀ ਜਿੱਤ ਪ੍ਰਾਪਤ ਕਰਕੇ ਸਰਕਾਰ ਬਣਾ ਕੇ ਲੋਕਾਂ ਦੇ ਦੁੱਖ ਦਰਦ ਕਰੇਗੀ। ਇਸ ਮੌਕੇ ਲਖਵੀਰ ਸਿੰਘ ਕਾਲਾ ਆਕਲੀਆ ਵੀ ਮੌਜੂਦ ਸਨ।

# ਭਾਜਪਾ ਆਗੂ ਜਗਦੀਪ ਸਿੰਘ ਨਕਈ ਦੀ ਮੰਗ 'ਤੇ ਇਫਕੋ ਨੇ ਕਿਸਾਨਾਂ ਦੀ ਐਮਰਜੈਂਸੀ ਮਦਦ ਕੀਤੀ





ਰਾਮਪੁਰਾ ਫੂਲ,14ਸਤੰਬਰ (ਮਨਪ੍ਰੀਤ ਮਿੱਟੂ): ਪਿੰਡ ਰਾਮਪੁਰਾ ਸਥਿਤ ਭਾਜਪਾ ਦੇ ਸੀਨੀਅਰ ਆਗੂ ਜਗਦੀਪ ਸਿੰਘ ਨਕਈ ਦੇ ਮੀਡੀਆ ਸੈਂਟਰ ਵੱਲੋਂ ਜਾਰੀ ਪ੍ਰੈੱਸ ਬਿਆਨ ਰਾਹੀਂ ਦੱਸਿਆ ਗਿਆ ਹੈ ਕਿ ਹਾਲ ਹੀ ਵਿੱਚ ਭਾਰੀ ਮੀਂਹ ਅਤੇ ਹੜ੍ਹਾਂ ਕਾਰਨ ਭੀਖੀ ਬਲਾਕ ਦੇ ਪਿੰਡ ਖੀਵਾ ਕਲਾਂ, ਹਮੀਰਗੜ੍ਹ, ਢੈਪਈ ਅਤੇ ਹੀਰੋ ਕਲਾਂ ਵਿੱਚ ਖੇਤੀਬਾੜੀ ਸੰਬੰਧੀ ਗੰਭੀਰ ਸਥਿਤੀ ਬਣ ਗਈ ਸੀ। ਵਾਧੂ ਪਾਣੀ ਕਾਰਨ ਫਸਲਾਂ ਨੂੰ ਨੁਕਸਾਨ ਹੋਣ ਦਾ ਭਾਰੀ ਖਦਸ਼ਾ ਸੀ। ਇਸ ਸੰਕਟਕਾਲ ਵਿੱਚ ਭਾਰਤੀ ਜਨਤਾ ਪਾਰਟੀ ਦੇ ਸੂਬਾ ਮੀਤ ਪ੍ਰਧਾਨ ਜਗਦੀਪ ਸਿੰਘ ਨਕਈ ਨੇ ਤੁਰੰਤ ਕਾਰਵਾਈ ਕਰਦਿਆਂ ਇਫਕੋ ਦੇ ਚੇਅਰਮੈਨ ਦਲੀਪ ਸਿੰਘਾਨੀ ਨੂੰ ਪੂਰੀ ਸਥਿਤੀ ਬਾਰੇ ਜਾਣੂੰ ਕਰਵਾਇਆ ਅਤੇ ਮਦਦ ਲਈ ਗੁਜਾਰਿਸ਼ ਕੀਤੀ।ਇਫਕੋ ਚੇਅਰਮੈਨ ਚੇਅਰਮੈਨ ਦਲੀਪ ਸੰਘਾਨੀ ਨੇ ਵਿਸ਼ੇਸ਼ ਤੌਰ 'ਤੇ ਗਰਾਂਟ ਜਾਰੀ ਕਰਵਾਈ ਅਤੇ ਇਫਕੋ ਵੱਲੋਂ ਤੁਰੰਤ ਡੀਜਲ ਤੇਲ ਮੁਹੱਈਆ ਕਰਵਾਇਆ ਗਿਆ, ਜਿਸਦੀ ਵਰਤੋਂ ਕਰਕੇ ਖੇਤਾਂ ਵਿੱਚੋਂ ਵਾਧੂ ਪਾਣੀ ਕੱਢਿਆ ਗਿਆ। ਇਸ ਕਾਰਵਾਈ ਨਾਲ ਕਿਸਾਨਾਂ ਦੀਆਂ ਮਿਹਨਤ ਨਾਲ ਉੱਗਾਈਆਂ ਫਸਲਾਂ ਨੂੰ ਹੋਣ ਵਾਲੇ ਵੱਡੇ ਨੁਕਸਾਨ ਤੋਂ ਬਚਾਇਆ ਜਾ ਸਕਿਆ ਹੈ ।ਖੇਤੀ ਨੂੰ ਬਚਾਉਣ ਲਈ ਕਿਸਾਨਾਂ ਨੇ ਇਫਕੋ ਦਾ ਸ਼ੁਕਰਾਨਾ ਕੀਤਾ ਹੈ।ਇਸ ਮੌਕੇ ਪਿੰਡਾਂ ਦੇ ਕਿਸਾਨਾਂ ਵੱਲੋਂ ਵੱਲੋਂ ਜਗਦੀਪ ਸਿੰਘ ਨਕਈ, ਚੇਅਰਮੈਨ ਦਲੀਪ ਸੰਘਾਨੀ ਤੇ ਵਾਈਸ ਚੇਅਰਮੈਨ ਬਲਵੀਰ ਸਿੰਘ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਫਕੋ ਨੇ ਉਨਾਂ ਦੀ ਮੁਸੀਬਤ ਚ ਬਾਂਹ ਫੜੀ ਹੈ।ਜਗਦੀਪ ਸਿੰਘ ਨਕੱਈ ਨੇ ਕਿਹਾ ਕਿ ਹੜ੍ਹਾਂ ਨੇ ਪੰਜਾਬ ਭਰ ਤੇ ਮਾਨਸਾ ਦੇ ਭੀਖੀ ਖੇਤਰ ਚ ਖੇਤੀ ਫਸਲ ਦਾ ਵੱਡਾ ਨੁਕਸਾਨ ਕੀਤਾ ਹੈ, ਜਿਸ ਨਾਲ ਕਿਸਾਨ ਦਾ ਲੱਕ ਟੁੱਟ ਗਿਆ। ਉਨਾਂ ਕਿਹਾ ਕਿ ਇਫਕੋ ਨੇ ਕਿਸਾਨ ਨਾਲ ਖੜਕੇ ਉਸਦੀ ਖੇਤੀ ਫਸਲ ਬਚਾਉਣ ਲਈ ਇੱਕ ਸਾਰਥਕ ਉਪਰਾਲਾ ਕੀਤਾ ਹੈ ਤੇ ਭਵਿੱਖ ਚ ਵੀ ਉਹ ਕਿਸਾਨਾਂ ਦੀ ਸਹਿਯੋਗੀ ਬਣਕੇ ਰਹੇਗੀ।

# ਲੋੜਵੰਦ ਬਜੁਰਗਾਂ ਲਈ ਅੱਖਾਂ ਦੇ ਮੁਫ਼ਤ ਆਪ੍ਰੇਸ਼ਨ ਕੈਂਪ ਲਗਾਉਣਾ ਸਲਾਘਾਯੋਗ ਉਪਰਾਲਾ : ਗੁਲਜਾਰ ਬੌਬੀ




ਲਹਿਰਾਗਾਗਾ, 14 ਸਤੰਬਰ (ਰਾਮੇਸ਼ਵਰ ਸ਼ਰਮਾ/ ਖੁਸ਼ਵਿੰਦਰ ਸ਼ਰਮਾ):ਲਹਿਰਾ ਗਾਗਾ ਵਿਖੇ ਸਾਂਝ ਚੈਰੀਟੇਬਲ ਅੱਖਾਂ ਦਾ ਹਸਪਤਾਲ, ਲਹਿਰਗਾਗਾ ਵੱਲੋਂ ਅੱਖਾਂ ਦਾ ਮੁਫਤ ਜਾਂਚ ਅਤੇ ਅਪ੍ਰੇਸ਼ਨ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ ਮੁੱਖ ਮਹਿਮਾਨ ਵਜੋਂ ਗੁਲਜਾਰ ਸਿੰਘ ਬੋਬੀ ਮੈਂਬਰ ਐਸ. ਸੀ ਕਮਿਸ਼ਨ ਪੰਜਾਬ ਸਰਕਾਰ ਵੱਲੋਂ ਸਿਰਕਤ ਕੀਤੀ ਗਈ। ਇਸ ਮੌਕੇ ਉਹਨਾਂ ਕੈਪ ਦਾ ਉਦਘਾਟਨ ਕਰਦਿਆਂ ਪੱਤਰਕਾਰ ਨਾਲ ਗੱਲਬਾਤ ਕਰਦੇ ਕਿਹਾ ਕੀ ਸਾਂਝ ਚੈਰੀਟੇਬਲ ਅੱਖਾਂ ਦੇ ਹਸਪਤਾਲ ਵੱਲੋਂ ਲੋੜਵੰਦ ਗਰੀਬ ਬਜੁਰਗਾਂ ਦੀਆਂ ਅੱਖਾਂ ਦਾ ਮੁਫਤ ਇਲਾਜ ਕਰਨਾ ਜੋ ਚਿੱਟੇ ਅਤੇ ਕਾਲੇ ਮੋਤੀਏ ਤੋਂ ਪੀੜਤ ਹਨ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ। ਕਿਉਕਿ ਪੈਸੇ ਦੀ ਘਾਟ ਕਾਰਨ ਬਹੁਤ ਸਾਰੇ ਬਜੁਰਗ ਆਪਣੀ ਅੱਖਾਂ ਦੀ ਰੋਸ਼ਨੀ ਗੁਆ ਲੈਂਦੇ ਹਨ। ਇਸ ਤਰਾਂ ਦੇ ਉਪਰਾਲਿਆਂ ਦੀ ਸਮਾਜ ਨੂੰ ਜ਼ਰੂਰਤ ਹੈ। ਇਸ ਮੌਕੇ ਸੰਸਥਾ ਆਗੂ ਗੁਰਪਿਆਰ ਸਿੰਘ ਦਿਉਗੜ੍ਹ ਵੱਲੋਂ ਮੁੱਖ ਮਹਿਮਾਨ ਦਾ ਧੰਨਵਾਦ ਕੀਤਾ ਗਿਆ। ਉਹਨਾਂ ਕਿਹਾ ਕੀ ਸਾਂਝ ਅੱਖਾਂ ਦਾ ਹਸਪਤਾਲ ਲਹਿਰਾ ਗਾਗਾ ਵੱਲੋਂ ਕਿਸੇ ਵੀ ਲੋੜਵੰਦ ਬਜ਼ੁਰਗ ਨੀ ਪੈਸੇ ਦੀ ਘਾਟ ਕਾਰਨ ਅੰਨ੍ਹੇ ਪਣ ਦਾ ਸਿਕਾਰ ਨਹੀਂ ਹੋਣ ਦਿਤਾ ਜਾਵੇਗਾ ਲੋੜਵੰਦਾਂ ਲਈ ਕੈਪਾਂ ਦੀ ਲੜੀ ਨੂੰ ਬਰਕਰਾਰ ਰੱਖਿਆ ਜਾਵੇਗਾ। ਇਸ ਮੌਕੇ ਵਿਸੇਸ਼ ਤੌਰ ਤੇ ਆਪ ਆਗੂ ਜੀਵਨ ਕੁਮਾਰ ਰੱਬੜ ਪ੍ਰਧਾਨ ਆੜਤੀਆ ਐਸੋਸੀਏਸ਼ਨ, ਹਰਵਿੰਦਰ ਸਿੰਘ ਰਿਸੀ ਸਤੌਜ, ਦੀਪੂ ਗਰਗ, ਡਾ. ਮੰਡੇਰ,ਗਗਨਦੀਪ ਸਿੰਘ ਗੁਰਪ੍ਰੀਤ ਸੰਗਤਪੁਰਾ ਆਦੀ ਹਾਜ਼ਰ ਸਨ।

# ਜ਼ਿਲ੍ਹਾ ਪੱਧਰੀ ਗਰਮ ਰੁੱਤ ਸਕੇਟਿੰਗ ਟੂਰਨਾਮੈਂਟ ਵਿੱਚੋਂ ਕਿਰਤ ਸਪੋਰਟਸ ਕਲੱਬ ਰਾਮਪੁਰਾ ਫੂਲ ਵੱਲੋਂ ਦਿੱਤੀ ਸਿਖਲਾਈ ਵਾਲੇ ਅੱਠ ਖਿਡਾਰੀਆਂ ਦੀ ਸਟੇਟ ਪੱਧਰ 'ਤੇ ਹੋਈ ਚੋਣ



ਬਠਿੰਡਾ, 14 ਸਤੰਬਰ (ਇੰਦਰਪਾਲ ਬਾਂਸਲ): ਰੋਜ਼ ਗਾਰਡਨ ਬਠਿੰਡਾ ਵਿਖੇ ਅੰਡਰ 11,14,17,19 ਲੜਕਿਆਂ ਅਤੇ ਲੜਕੀਆਂ ਦੇ ਸਕੇਟਿੰਗ ਟੂਰਨਾਮੈਂਟ ਕਰਵਾਏ ਗਏ, ਜਿਸ ਵਿੱਚ ਜ਼ਿਲ੍ਹੇ ਸਰਕਾਰੀ ਅਤੇ ਪ੍ਰਾਈਵੇਟ ਸਕੂਲ ਦੇ ਲੱਗਭਗ 150 ਖਿਡਾਰੀਆਂ ਨੇ ਭਾਗ ਲਿਆ।ਜਿਸ ਵਿੱਚੋਂ ਰਾਮਪੁਰਾ ਫੂਲ ਦੇ ਅੱਠ ਖਿਡਾਰੀਆਂ ਦੀ ਚੋਣ ਸਟੇਟ ਪੱਧਰੀ ਟੂਰਨਾਮੈਂਟ ਲਈ ਕੀਤੀ ਗਈ ਉਹਨਾਂ ਵਿੱਚ ਸੈਂਟ ਜੇਵੀਅਰ ਸਕੂਲ ਰਾਮਪੁਰਾ ਫੂਲ ਦੇ ਦੀਵਤ ਬਾਂਸਲ, ਇਬਾਦਤ, ਨੱਬਿਆਂ, ਸੁਖਮਨਦੀਪ ਸਿੰਘ ਅਤੇ ਸ਼ਿਵਾਨੀ ਵਰਮਾ ਅਤੇ ਡਿਸਕਵਰੀ ਸਕੂਲ ਰਾਮਪੁਰਾ ਮੰਡੀ ਫੂਲ ਦੇ ਗੁਰਸੀਰਤ, ਕਰਨਵੀਰ ਸਿੰਘ ਅਤੇ ਅਰੁਨਦੀਪ ਸਿੰਘ ਸ਼ਾਮਿਲ ਹਨ। ਇਹਨਾਂ ਖਿਡਾਰੀਆਂ ਨੇ ਕਿਰਤ ਸਪੋਰਟਸ ਕਲੱਬ ਰਾਮਪੁਰਾ ਫੂਲ ਤੋਂ ਟ੍ਰੇਨਿੰਗ ਪ੍ਰਾਪਤ ਕੀਤੀ ਸੀ ਅਤੇ ਕੋਚ ਗੁਰਪਾਲ ਸਿੰਘ ਜੀ ਬਹੁਤ ਲਗਨ ਅਤੇ ਮਿਹਨਤ ਸਦਕਾ ਇਹ ਵਿਦਿਆਰਥੀ ਅੱਜ ਇਸ ਮੁਕਾਮ ਤੱਕ ਪਹੁੰਚਣ ਵਿੱਚ ਸਫਲ ਹੋਏ। ਡਿਪਟੀ ਜ਼ਿਲ੍ਹਾ ਮੰਡੀ ਅਫ਼ਸਰ ਸ੍ਰ ਗੁਰਵਿੰਦਰ ਸਿੰਘ ਅਤੇ ਸਕੱਤਰ ਮਾਰਕੀਟ ਕਮੇਟੀ ਸ੍ਰੀ ਅੰਮ੍ਰਿਤਪਾਲ ਸਿੰਘ ਰਾਮਪੁਰਾ ਅਤੇ ਨਗਰ ਕੌਂਸਲ ਦੇ ਪ੍ਰਧਾਨ ਰੂਬੀ ਬਰਾੜ ਵੱਲੋਂ ਇਹਨਾਂ ਖਿਡਾਰੀਆਂ ਵਿਧਾਈ ਦਿੱਤੀ ਗਈ। ਇਹਨਾਂ ਖਿਡਾਰੀਆਂ ਦੀ ਜਿੱਤ ਦਾ ਸਿਹਰਾ ਮਾਨਯੋਗ ਚੇਅਰਮੈਨ ਪੰਜਾਬ ਮੰਡੀ ਬੋਰਡ ਸ.ਹਰਚੰਦ ਸਿੰਘ ਬਰਸਟ ਜੀ ਵੱਲੋਂ ਸੁਰੂ ਕੀਤੀ ਗਈ ਖੇਡਾ ਨਾਲ ਸਬੰਧਤ ਮੁਹਿੰਮ ਤਹਿਤ ਸ. ਗੁਰਵਿੰਦਰ ਸਿੰਘ ਡਿਪਟੀ ਜ਼ਿਲ੍ਹਾ ਮੰਡੀ ਅਫਸਰ ਬਠਿੰਡਾ ਅਤੇ ਅੰਮ੍ਰਿਤਪਾਲ ਸਿੰਘ ਸਕੱਤਰ ਮਾਰਕੀਟ ਕਮੇਟੀ ਰਾਮਪੁਰਾ ਫੂਲ ਨੂੰ ਜਾਂਦਾ ਹੈ ਕਿਉਂਕਿ ਇਹਨਾਂ ਵੱਲੋਂ ਸਕੇਟਿੰਗ ਦਾ ਅਭਿਆਸ ਕਰਨ ਲਈ ਦਾਣਾ ਮੰਡੀ ਵਿੱਚ ਬੱਚਿਆਂ ਨੂੰ ਜਗ੍ਹਾ ਦਿੱਤੀ ਗਈ ਅਤੇ ਆਪਣੇ ਸੀਨੀਅਰ ਅਫ਼ਸਰ ਸਾਹਿਬਾਨ ਨਾਲ ਗੱਲਬਾਤ ਕਰਕੇ ਜੋ ਵੀ ਸੰਭਵ ਮਦਦ ਹੁੰਦੀ ਆ ਉਹ ਕਰਨ ਲਈ ਇਹ ਹਰ ਸਮੇਂ ਤਿਆਰ ਬਰ ਤਿਆਰ ਰਹਿੰਦੇ ਹਨ ।



# ਪਟਿਆਲਾ-ਆਸ/ਪਾਸ



# ਸ੍ਰੀ ਸ਼ਿਵ ਮੰਦਿਰ ਸਤਿਸੰਗ ਭਵਨ 'ਚ ਸ੍ਰੀਮਦ ਭਾਗਵਤ ਕਥਾ ਸਮਾਗਮ ਆਰੰਭ, ਪਹਿਲੇ ਦਿਨ ਕਲਸ਼ ਯਾਤਰਾ ਕੱਢੀ





ਸਮਾਣਾ, 14 ਸਤੰਬਰ (ਵਿਜੇ ਕੁਮਾਰ/ਜਵੰਦਾ) : ਸ਼੍ਰੀ ਸ਼ਿਵ ਮੰਦਿਰ ਸਤਿਸੰਗ ਭਵਨ ਅਤੇ ਮਹਿਲਾ ਸੰਕੀਰਤਨ ਮੰਡਲ ਸਮਾਣਾ ਦਾ 66ਵਾਂ ਸਾਲਾਨਾ ਸਮਾਗਮ ਸਵਾਮੀ ਸ਼੍ਰੀ ਬ੍ਰਹਮਦੇਵ ਜੀ ਮਹਾਰਾਜ ਅਤੇ ਸ਼੍ਰੀ ਨਿਜਾਨੰਦ ਜੀ ਮਹਾਰਾਜ ਸ਼੍ਰੀ ਗੰਗਾਨਗਰ ਵਾਲਿਆ ਦੀ ਅਗਵਾਈ 'ਚ 14 ਤੋਂ 21 ਸਤੰਬਰ ਤੱਕ ਸ਼੍ਰੀ ਸ਼ਿਵ ਮੰਦਿਰ ਸਤਿਸੰਗ ਭਵਨ ਵਿਖੇ ਬੜੀ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਐਤਵਾਰ ਨੂੰ ਭਾਖੜਾ ਨਹਿਰ ਤੇ ਪੂਜਾ ਅਰਚਨਾ ਤੋਂ ਬਾਅਦ 151 ਸੁਹਾਗਣਾ ਕਲਸ਼ ਯਾਤਰਾ ਵਿਚ ਸ਼ਾਮਲ ਹੋਈਆਂ। ਇਸ ਕਲਸ਼ ਯਾਤਰਾ ਨੂੰ ਉਦਯੋਗਪਤੀ ਰਮੇਸ਼ ਗਰਗ, ਸਾਬਕਾ ਪ੍ਰਧਾਨ ਨਗਰ ਕੌਂਸਲ ਕਪੂਰ ਚੰਦ ਬਾਂਸਲ, ਹਲਕਾ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਦੇ ਪੀ.ਏ ਗੁਰਦੇਵ ਟਿਵਾਣਾ ਅਤੇ ਰਾਜ ਕੁਮਾਰ ਸੱਚਦੇਵਾ ਵੱਲੋਂ ਸਾਂਝੇ ਤੌਰ 'ਤੇ ਝੰਡੀ ਦੇ ਕੇ ਰਵਾਨਾ ਕੀਤਾ। 15 ਸਤੰਬਰ ਤੋਂ 21 ਸਤੰਬਰ ਤੱਕ ਹਰ ਰੋਜ਼ ਸਵੇਰੇ ਪਿੱਤਰ ਸ਼ਾਂਤੀ ਲਈ ਹਵਨ ਅਤੇ ਪਿੱਤਰ ਪੂਜਨ ਵੀ ਕੀਤਾ ਜਾਵੇਗਾ। ਸ਼ਾਮ 3 ਤੋਂ 6 ਵਜੇ ਸ਼੍ਰੀਮਦਭਗਵਤ ਕਥਾ ਦਾ ਬਖਾਨ ਸ੍ਰੀ ਰਾਮ ਮਰੀਦੁਲ ਸ਼ਾਸਤਰੀ ਜੀ ਅਤੇ ਸ੍ਰੀ ਗੋਵਿੰਦ ਮਰੀਦੁਲ ਸ਼ਾਸਤਰੀ ਜੀ ਸ੍ਰੀ ਧਾਮ ਵਰਿੰਦਾਵਨ ਵਾਲਿਆਂ ਵੱਲੋਂ ਕੀਤਾ ਜਾਵੇਗਾ। ਇਸ ਮੌਕੇ ਰਾਜਿੰਦਰ ਸੱਚਦੇਵਾ, ਸੰਜੇ ਮੰਤਰੀ, ਜਤਿੰਦਰ ਢੀਂਗੜਾ, ਪ੍ਰਮੋਦ ਠੇਕੇਦਾਰ, ਮਦਨ ਲਾਲ ਡੁਡੇਜਾ, ਰਾਜਿੰਦਰ ਜੱਜੀ, ਸ਼ਸ਼ੀ ਭੂਸ਼ਣ,ਮਨੋਜ ਬਾਂਸਲ (ਮੋਜਾ) ਸ਼੍ਰੀ ਸ਼ਿਵ ਮੰਦਿਰ ਸਤਿਸੰਗ ਭਵਨ ਦੇ ਸਰਪ੍ਰਸਤ ਹਰੀ ਚੰਦ ਵਰਮਾ, ਹਰਿੰਦਰ ਭਟੇਜਾ, ਪ੍ਰਧਾਨ ਦਲੀਪ ਪਾਹਵਾ, ਸੁੱਖਦੇਵ ਛਾਬੜਾ, ਰਾਜ ਕੁਮਾਰ ਜੈਸਿੰਘ, ਵਿਪਨ ਗੋਗੀਆ, ਦਵਿੰਦਰ ਜੈਸਿੰਘ, ਮੇਹਰ ਚੰਦ ਨਹਿਰੂ, ਰਮੇਸ਼ ਗੋਗੀਆ, ਅਸ਼ੋਕ ਵਧਵਾ, ਰਾਜ ਅਨੇਜਾ, ਸੰਜੇ ਸੇਠੀ, ਰਜੇਸ਼ ਕਾਲੜਾ, ਭੀਮ ਲੂਥਰਾ, ਗੋਪਾਲ ਅਰੋੜਾ, ਹਰਭਗਵਾਨ ਮੋਂਗੀਆ, ਜਗਦੀਸ਼ ਸ਼ਰਮਾਂ, ਰਾਧਾ ਜੈਸਿੰਘ,ਵਿਨੇ ਕਥੂਰੀਆ, ਕਿਸ਼ੋਰ ਜੈਸਿੰਘ, ਰਾਮ ਲਾਲ ਮਧਾਨ, ਸੰਜੀਵ ਕਾਲੜਾ, ਰਮੇਸ਼ ਲੂਥਰਾ,ਸਮੂੰਹ ਮਹਿਲਾ ਸੰਕੀਰਤਨ ਮੰਡਲ ਤੋਂ ਇਲਾਵਾ ਸ਼੍ਰੀ ਜਗਦੰਬਾ ਆਸ਼ਰਮ ਕਮੇਟੀ ਦੇ ਸੰਸਥਾ ਪ੍ਰਧਾਨ ਰਜਿੰਦਰ ਜੱਜੀ ਵਿਨੋਦ ਮਿੱਤਲ ਬਿੱਟੂ ਧੀਮਾਨ ਆਦਿ ਵੀ ਹਾਜ਼ਰ ਸਨ ।

# 69ਵੀਆਂ ਜ਼ਿਲ੍ਹਾ ਸਕੂਲ ਖੇਡਾਂ 'ਚ ਤੈਰਾਕੀ ਦੇ ਹੋਏ ਮੁਕਾਬਲੇ

**☛ਅੰਡਰ-17 ਲੜਕਿਆਂ ਦੇ ਤੈਰਾਕੀ ਮੁਕਾਬਲਿਆਂ 'ਚ ਹਰਸ਼ਪ੍ਰੀਤ ਸਿੰਘ ਤੇ ਲੜਕੀਆਂ 'ਚ ਹਸਰਤ ਕੌਰ ਚਹਿਲ ਰਹੇ ਅੱਵਲ**




ਪਟਿਆਲਾ, 14 ਸਤੰਬਰ (ਰੁਪਾਣਾ) : ਪਟਿਆਲਾ ਵਿਖੇ ਚੱਲ ਰਹੀਆਂ 69ਵੀਆਂ ਜ਼ਿਲ੍ਹਾ ਸਕੂਲ ਖੇਡਾਂ ਵਿੱਚ ਲੜਕੇ ਅਤੇ ਲੜਕੀਆਂ ਦੇ ਤੈਰਾਕੀ ਮੁਕਾਬਲੇ ਕਰਵਾਏ ਗਏ। ਜ਼ਿਲ੍ਹਾ ਟੂਰਨਾਮੈਂਟ ਕਮੇਟੀ ਦੇ ਸਕੱਤਰ ਚਰਨਜੀਤ ਸਿੰਘ ਭੁੱਲਰ ਨੇ ਦੱਸਿਆ ਕਿ ਜ਼ਿਲ੍ਹਾ ਖੇਡ ਟੂਰਨਾਮੈਂਟ ਕਮੇਟੀ ਦੇ ਪ੍ਰਧਾਨ ਸੰਜੀਵ ਸ਼ਰਮਾ ਦੇ ਦਿਸ਼ਾ ਨਿਰਦੇਸ਼ ਅਤੇ ਪ੍ਰਬੰਧਕ ਸਕੱਤਰ ਡਾ: ਦਲਜੀਤ ਸਿੰਘ ਦੀ ਅਗਵਾਈ 'ਚ ਕਰਵਾਈਆਂ ਜਾ ਰਹੀਆਂ ਸਕੂਲਾਂ ਖੇਡਾਂ ਵਿੱਚ ਵੱਡੀ ਗਿਣਤੀ ਖਿਡਾਰੀਆਂ ਵੱਲੋਂ ਸ਼ਮੂਲੀਅਤ ਕੀਤੀ ਜਾ ਰਹੀ ਹੈ। ਚਰਨਜੀਤ ਸਿੰਘ ਭੁੱਲਰ ਨੇ ਦੱਸਿਆ ਕਿ ਤੈਰਾਕੀ ਦੇ ਹੋਏ ਮੁਕਾਬਲਿਆਂ ਵਿੱਚ ਅੰਡਰ 11 ਲੜਕਿਆਂ ਦੇ 50 ਮੀਟਰ ਬਟਰ ਫਲਾਈ ਮੁਕਾਬਲੇ ਵਿੱਚ ਲਵਿਨ ਬਾਂਸਲ ਨੇ ਪਹਿਲਾਂ, ਹਰਸ਼ਿਲ ਨੇ ਦੂਜਾ ਤੇ ਭਵਤੇਸ਼ਵਰ ਸਿੰਘ ਨੇ ਤੀਜਾ ਸਥਾਨ ਪ੍ਰਾਪਤ ਕੀਤਾ ਹੈ। ਅੰਡਰ 11 ਲੜਕੀਆਂ ਦੇ 50 ਮੀਟਰ ਬਟਰਫਲਾਈ ਦੇ ਮੁਕਾਬਲਿਆਂ ਵਿੱਚ ਰਾਬੀਆ ਨਕਈ ਨੇ ਪਹਿਲਾ, ਦਿਕਸ਼ਲਾ ਬੈਂਸ ਨੇ ਦੂਜਾ ਤੇ ਮੈਹਰੀਨ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਅੰਡਰ 14 ਲੜਕਿਆਂ ਦੇ 50 ਮੀਟਰ ਬਟਰਫਲਾਈ ਦੇ ਮੁਕਾਬਲਿਆਂ ਵਿੱਚ ਕੁਬੇਰ ਸਿੰਘ ਸ਼ੇਰਗਿੱਲ ਨੇ ਪਹਿਲਾ, ਕਰੀਧੇ ਜਿੰਦਲ ਨੇ ਦੂਜਾ, ਯੁਵਰਾਜ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਅੰਡਰ 17 ਲੜਕਿਆਂ ਦੇ 100 ਮੀਟਰ ਬੈਕ ਸਟਰੋਕ ਮੁਕਾਬਲਿਆਂ ਵਿੱਚ ਤਨਵੀਰ ਬਾਤਿਸ਼ ਨੇ ਪਹਿਲਾਂ, ਸੁਖਮਨਪ੍ਰੀਤ ਸਿੰਘ ਨੇ ਦੂਜਾ, ਅਦਵਿਕ ਬਨੌਤ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਅੰਡਰ 14 ਲੜਕਿਆਂ ਦੇ 100 ਮੀਟਰ ਬੈਕ ਸਟਰੋਕ ਮੁਕਾਬਲਿਆਂ ਵਿੱਚ ਅੰਗਦ ਬਾਤਿਸ਼ ਨੇ ਪਹਿਲਾਂ, ਗੁਰਸਰਨਵੀਰ ਸਿੰਘ ਨੇ ਦੂਜਾ, ਯੁਵਰਾਜ ਸਿੰਘ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਅੰਡਰ 14 ਲੜਕੀਆਂ ਦੇ 100 ਮੀਟਰ ਬੈਕ ਸਟਰੋਕ ਦੇ ਮੁਕਾਬਲਿਆਂ ਵਿੱਚ ਹਰਸਿਮਰਤ ਕੌਰ ਨੇ ਪਹਿਲਾ, ਛਾਇਆ ਸ਼ਰਮਾ ਨੇ ਦੂਜਾ ਤੇ ਇਰਾਧਿਆ ਸਿੰਘ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਅੰਡਰ 19 ਲੜਕਿਆਂ ਦੇ 50 ਮੀਟਰ ਬਟਰਫਲਾਈ ਦੇ ਮੁਕਾਬਲਿਆਂ ਵਿੱਚ ਰਣਵਿਜੇ ਸਿੰਘ ਚਹਿਲ ਨੇ ਪਹਿਲਾ, ਪਰਮ ਨੇ ਦੂਜਾ ਤੇ ਜਪਜੀਤ ਸਿੰਘ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਅੰਡਰ 17 ਲੜਕਿਆਂ ਦੇ 50 ਮੀਟਰ ਬਟਰਫਲਾਈ ਮੁਕਾਬਲਿਆਂ ਵਿੱਚ ਹਰਸ਼ਪ੍ਰੀਤ ਸਿੰਘ ਨੇ ਪਹਿਲਾਂ, ਹਰਜੱਸ ਸਿੰਘ ਨੇ ਦੂਜਾ ਤੇ ਮਨਤੇਜ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਅੰਡਰ 17 ਲੜਕੀਆਂ ਦੇ 50 ਮੀਟਰ ਬਟਰਫਲਾਈ ਮੁਕਾਬਲਿਆਂ ਵਿੱਚ ਹਸਰਤ ਕੌਰ ਚਹਿਲ ਨੇ ਪਹਿਲਾ, ਪ੍ਰਿਆਚੀ ਨੇ ਦੂਜਾ ਤੇ ਸੀਆ ਸਿੰਗਲਾ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਡਾ. ਦਲਜੀਤ ਸਿੰਘ ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਉਚੇਚੇ ਤੌਰ ਤੇ ਪਹੁੰਚ ਕੇ ਖਿਡਾਰੀਆਂ ਨੂੰ ਅਸ਼ੀਰਵਾਦ ਦਿੱਤਾ। ਇਸ ਮੌਕੇ ਤੇ ਮਨਵਿੰਦਰ ਕੌਰ ਭੁੱਲਰ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ.) ਪਟਿਆਲਾ, ਜਸਵਿੰਦਰ ਸਿੰਘ ਬੀਪੀਈਓ ਸਮਾਣਾ 3, ਜਗਜੀਤ ਸਿੰਘ ਨੌਹਰਾ ਬੀਪੀਈਓ , ਇੰਦਰਪਾਲ ਸਿੰਘ ਸੀਐਚਟੀ, ਪੂਨਮ ਬੀਐਸਓ, ਰਾਜਪਾਲ ਸਿੰਘ ਚਹਿਲ ਕੋਚ,ਬਲਵਿੰਦਰ ਸਿੰਘ ਜੱਸਲ, ਗੁਰਪ੍ਰੀਤ ਸਿੰਘ ਹੈਡਮਾਸਟਰ ਕਰਹਾਲੀ, ਗੁਰਪਿਆਰ ਸਿੰਘ,ਬਲਕਾਰ ਸਿੰਘ, ਕੇਸ਼ਵ ਕੁਮਾਰ ਡੀਪੀਈ ਕਰਹਾਲੀ, ਰਾਜ ਕੁਮਾਰ, ਰਕੇਸ਼ ਸਲੂਜਾ, ਅਮਰਿੰਦਰ ਸਿੰਘ ਰਾਜਿੰਦਰ ਸਿੰਘ ਚਾਨੀ, ਗੁਰਪ੍ਰੀਤ ਸਿੰਘ ਅਤੇ ਜਸਵਿੰਦਰ ਸਿੰਘ ਗੱਜੂਮਾਜਰਾ ਹਾਜ਼ਰ ਸਨ।

# ਹੜ੍ਹ ਪ੍ਰਭਾਵਿਤ ਖੇਤਰ ਵਾਸਤੇ 'ਆਪਣਾ ਪੰਜਾਬ ਫਾਊਂਡੇਸ਼ਨ' ਨੇ ਭੇਜੀ ਰਾਹਤ ਸਮੱਗਰੀ : ਭੁਪਿੰਦਰ ਸਿੰਘ

**ਸੂਬਾ ਪ੍ਰਧਾਨ ਧੂਰੀ ਦੀ ਅਗਵਾਈ 'ਚ ਮੱਛਰਦਾਨੀਆਂ, ਚਾਦਰਾਂ ਤੇ ਦਵਾਈਆਂ ਸੌਂਪੀਆਂ**

ਦੇਵੀਗੜ੍ਹ, 14 ਸਤੰਬਰ (ਗੁਰਜੀਤ ਢੋਟ) : ਹੜ੍ਹ ਪ੍ਰਭਾਵਿਤ ਮੰਡ ਖੇਤਰ ਵਾਸਤੇ ਲੋੜਵੰਦ ਵਿਅਕਤੀਆਂ ਦੀ ਮਦਦ ਲਈ ਆਪਣਾ ਪੰਜਾਬ ਫਾਊਂਡੇਸ਼ਨ ਵੱਲੋਂ ਰਾਹਤ ਸਮੱਗਰੀ ਭੇਜੀ ਗਈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਆਪਣਾ ਪੰਜਾਬ ਫਾਊਂਡੇਸ਼ਨ ਦੇ ਜ਼ਿਲ੍ਹਾ ਪ੍ਰਧਾਨ ਅਤੇ ਸੀਨੀਅਰ ਮੈਂਬਰ ਭੁਪਿੰਦਰ ਸਿੰਘ ਡਾਇਰੈਕਟਰ ਮਾਤਾ ਗੁਜਰੀ ਸਕੂਲ ਦੇਵੀਗੜ੍ਹ ਨੇ ਕਿਹਾ ਕਿ ਸੂਬਾ ਪ੍ਰਧਾਨ ਜਗਜੀਤ ਸਿੰਘ ਧੂਰੀ ਦੀ ਅਗਵਾਈ ਹੇਠ ਮੰਡ ਖੇਤਰ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਦੇ ਹੜ੍ਹ ਪੀੜਤਾਂ ਵਾਸਤੇ ਰਾਸ਼ਨ ਅਤੇ ਹੋਰ ਸਮੱਗਰੀ ਦਾ ਇੱਕ ਟਰੱਕ ਸਥਾਨਕ ਪ੍ਰਬੰਧਕ ਕਮੇਟੀ ਨੂੰ ਸੌਂਪਿਆ ਗਿਆ। ਜਾਣਕਾਰੀ ਦਿੰਦਿਆਂ ਫਾਊਂਡੇਸ਼ਨ ਦੇ ਜ਼ਿਲ੍ਹਾ ਪ੍ਰਧਾਨ ਭੁਪਿੰਦਰ ਸਿੰਘ ਨੇ ਕਿਹਾ ਕਿ ਮੁਸ਼ਕਲ ਵੇਲੇ ਲੋਕਾਂ ਦੇ ਨਾਲ ਖੜ੍ਹਨਾ ਹੀ ਸੱਚੀ ਸੇਵਾ ਹੈ ਅਤੇ ਫਾਊਂਡੇਸ਼ਨ ਇਸ ਧਾਰਾ ਤੇ ਹਮੇਸ਼ਾ ਅੱਗੇ ਵਧਦਾ ਰਹੇਗਾ। ਉਹਨਾਂ ਕਿਹਾ ਕਿ ਸਾਨੂੰ ਆਪਣਾ ਮੁਢਲਾ ਫਰਜ਼ ਸਮਝਦੇ ਹੋਏ ਇਨਸਾਨੀਅਤ ਤੌਰ ਤੇ ਆਪਣੀ ਕਿਰਤ ਕਮਾਈ ਵਿੱਚੋਂ ਲੋੜਵੰਦ ਵਿਅਕਤੀਆਂ ਲਈ ਦਾਨ ਕਰਨਾ ਚਾਹੀਦਾ ਹੈ ਉਹਨਾਂ ਕਿਹਾ ਕਿ ਹੜ੍ਹ ਕਾਰਨ ਬਹੁਤ ਸਾਰੇ ਪਿੰਡਾਂ ਦੇ ਲੋਕ ਘਰੋਂ ਬੇਘਰ ਹੋ ਗਏ , ਬਿਮਾਰੀਆਂ ਦੇ ਖਤਰੇ ਵਧ ਗਏ ਹਨ। ਇਸ ਸਥਿਤੀ ਨੂੰ ਦੇਖਦਿਆਂ ਹੀ ਫਾਊਂਡੇਸ਼ਨ ਵੱਲੋਂ ਰਾਹਤ ਟਰੱਕ ਭੇਜਿਆ ਗਿਆ ਹੈ, ਜਿਸ ਵਿੱਚ ਖ਼ਾਸ ਤੌਰ 'ਤੇ ਮੱਛਰਦਾਨੀਆਂ , ਚਾਦਰਾਂ ਰਾਸ਼ਨ ਤੇ ਦਵਾਈਆਂ ਸ਼ਾਮਲ ਕੀਤੀਆਂ ਗਈਆਂ ਹਨ, ਤਾਂ ਜੋ ਡੇਂਗੂ ਤੇ ਹੋਰ ਬਿਮਾਰੀਆਂ ਤੋਂ ਲੋਕਾਂ ਨੂੰ ਬਚਾਇਆ ਜਾ ਸਕੇ।ਭੁਪਿੰਦਰ ਸਿੰਘ ਨੇ ਕਿਹਾ ਕਿ ਇਹ ਸੇਵਾ ਮੁਹਿੰਮ ਇੱਥੇ ਹੀ ਸੀਮਿਤ ਨਹੀਂ ਰਹੇਗੀ, ਬਲਕਿ ਹੋਰ ਪ੍ਰਭਾਵਿਤ ਖੇਤਰਾਂ ਵਿੱਚ ਵੀ ਰਾਹਤ ਸਮੱਗਰੀ ਭੇਜਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਆਪਣਾ ਪੰਜਾਬ ਫਾਊਂਡੇਸ਼ਨ ਦਾ ਹਰ ਮੈਂਬਰ ਲੋਕਾਂ ਦੀ ਤਕਲੀਫ਼ ਨੂੰ ਆਪਣੀ ਤਕਲੀਫ਼ ਸਮਝਦਾ ਹੈ।ਭੁਪਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਦੀ ਧਰਤੀ ਹਮੇਸ਼ਾਂ ਸੇਵਾ-ਭਾਵਨਾ ਤੇ ਕੁਰਬਾਨੀ ਲਈ ਜਾਣੀ ਜਾਂਦੀ ਹੈ ਅਤੇ ਫਾਊਂਡੇਸ਼ਨ ਵੱਲੋਂ ਇਹ ਯਤਨ ਉਸੇ ਰਿਵਾਇਤ ਨੂੰ ਕਾਇਮ ਰੱਖਣ ਲਈ ਕੀਤੇ ਜਾ ਰਹੇ ਹਨ।



# ਦਾਜ ਲਈ ਤੰਗ ਕਰਨ ਦੇ ਵੱਖ-ਵੱਖ ਮਾਮਲੇ ਦਰਜ

ਪਟਿਆਲਾ, 14 ਸਤੰਬਰ (ਵਿਨੋਦ ਸ਼ਰਮਾ) : ਥਾਣਾ ਵੂਮੈਨ ਪਟਿਆਲਾ ਪੁਲਿਸ ਕੋਲ ਸੰਦੀਪ ਕੌਰ ਪੁੱਤਰੀ ਭੁਪਿੰਦਰ ਸਿੰਘ ਵਾਸੀ ਗੋਬਿੰਦ ਬਾਗ ਰਾਜਪੁਰਾ ਨੇ ਕਥਿਤ ਦੋਸ਼ੀਆਂ ਸੰਦੀਪ ਕੁਮਾਰ ਪੁੱਤਰ ਮਾਇਆ ਸਿੰਘ, ਕੈਲੋ ਦੇਵੀ ਪਤਨੀ ਮਾਇਆ ਸਿੰਘ ਵਾਸੀ ਹਰੀ ਨਗਰ ਕਰੁਕਸ਼ੇਤਰ ਹਰਿਆਣਾ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਸ ਦਾ ਵਿਆਹ ਮਿਤੀ 26-10-23 ਨੂੰ ਕਥਿਤ ਦੋਸ਼ੀ ਸੰਦੀਪ ਕੁਮਾਰ ਨਾਲ ਹੋਇਆ ਸੀ, ਜੋ ਵਿਆਹ ਤੋ ਬਾਅਦ ਕਥਿਤ ਦੋਸ਼ੀ ਉਸ ਨੂੰ ਹੋਰ ਦਾਜ ਦਹੇਜ ਲਈ ਕੁੱਟਮਾਰ ਅਤੇ ਤੰਗ ਪ੍ਰੇਸ਼ਾਨ ਕਰਨ ਲੱਗ ਪਏ ਸਨ। ਉਸ ਦੇ ਦਾਜ ਦਾ ਸਮਾਨ ਵੀ ਕਥਿਤ ਦੋਸ਼ੀਆਂ ਦੇ ਕਬਜੇ ਵਿੱਚ ਹੈ। ਪੁਲਿਸ ਨੇ ਧਾਰਾ 115,316(2), 85 ਬੀਐਨਐਸ ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ। ਇਸੇ ਤਰ੍ਹਾਂ ਥਾਣਾ ਵੂਮੈਨ ਪਟਿਆਲਾ ਪੁਲਿਸ ਕੋਲ ਪਿੰਕੀ ਦੇਵੀ ਪੁੱਤਰੀ ਜਰਨੈਲ ਸਿੰਘ ਵਾਸੀ ਪਿੰਡ ਹਡਾਣਾ ਜ਼ਿਲ੍ਹਾ ਪਟਿਆਲਾ ਨੇ ਕਥਿਤ ਦੋਸ਼ੀਆਂ ਪ੍ਰਿੰਸ ਪੁੱਤਰ ਬਲਜੀਤ ਸਿੰਘ, ਬਲਜੀਤ ਸਿੰਘ ਪੁੱਤਰ ਕੇਸੂ ਰਾਮ ਵਾਸੀ ਪਿੰਡ ਨਲਵੀ ਜਿਲ੍ਹਾ ਕਰੁਕੇਸ਼ਤਰ ਹਰਿਆਣਾ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਸ ਦਾ ਵਿਆਹ ਮਿਤੀ 10-5-23 ਨੂੰ ਕਥਿਤ ਦੋਸ਼ੀ ਪ੍ਰਿੰਸ ਨਾਲ ਹੋਇਆ ਸੀ, ਜੋ ਵਿਆਹ ਤੋ ਬਾਅਦ ਕਥਿਤ ਦੋਸ਼ੀ ਉਸ ਨੂੰ ਹੋਰ ਦਾਜ ਦਹੇਜ ਲਈ ਤੰਗ ਪ੍ਰੇਸ਼ਾਨ ਕਰਨ ਲੱਗ ਪਏ ਸਨ। ਉਸ ਦੇ ਦਾਜ ਦਾ ਸਮਾਨ ਵੀ ਕਥਿਤ ਦੋਸ਼ੀਆਂ ਦੇ ਕਬਜੇ ਵਿੱਚ ਹੈ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ।

# ਪੰਜਾਬ ਏਡਿਡ ਸਕੂਲ ਟੀਚਰਜ਼ ਯੂਨੀਅਨ ਨੇ ਪੰਜਾਬ ਦੇ ਰਾਜਪਾਲ ਨੂੰ ਛੇ ਮਹੀਨਿਆਂ ਦੀਆਂ ਤਨਖਾਹਾਂ ਜਾਰੀ ਕਰਵਾਉਣ ਦੀ ਕੀਤੀ ਅਪੀਲ

**➢ਛੇ ਮਹੀਨਿਆਂ ਤੋਂ ਤਨਖਾਹਾਂ ਨਾ ਮਿਲਣ ਕਾਰਨ ਕਰਮਚਾਰੀ ਹੋ ਰਹੇ ਨੇ ਨਮੋਸ਼ੀ ਦੇ ਸ਼ਿਕਾਰ**



ਪਟਿਆਲਾ, 14 ਸਤੰਬਰ (ਚ.ਨ.ਸ.) : ਪੰਜਾਬ ਰਾਜ ਏਡਿਡ ਸਕੂਲ ਟੀਚਰਜ਼ ਐਂਡ ਅਦਰ ਇੰਪਲਾਈਜ਼ ਯੂਨੀਅਨ ਦੇ ਆਗੂਆਂ ਨੇ ਪੰਜਾਬ ਦੇ ਮਾਣਯੋਗ ਰਾਜਪਾਲ ਸ਼੍ਰੀ ਗੁਲਾਬ ਚੰਦ ਕਟਾਰੀਆ ਨੂੰ ਇੱਕ ਪੱਤਰ ਲਿਖਿਆ ਹੈ ਕਿ ਉਹ ਪੰਜਾਬ ਦੇ ਏਡਿਡ ਸਕੂਲਾਂ ਵਿੱਚ ਕੰਮ ਕਰਦੇ ਏਡਿਡ ਸਟਾਫ਼ ਨੂੰ ਛੇ ਮਹੀਨਿਆਂ ਤੋਂ ਤਨਖਾਹਾਂ ਨਾ ਮਿਲਣ ਦੇ ਮਾਮਲੇ ਵਿੱਚ ਦਖਲ ਦੇਣ।ਇਹ ਪੱਤਰ ਯੂਨੀਅਨ ਦੇ ਸੂਬਾ ਪ੍ਰਧਾਨ ਗੁਰਮੀਤ ਸਿੰਘ ਮਦਨੀਪੁਰ, ਸੂਬਾ ਜਨਰਲ ਸਕੱਤਰ ਸ਼ਰਨਜੀਤ ਸਿੰਘ ਕਾਦੀਮਾਜਰਾ ਅਤੇ ਸੂਬਾ ਆਗੂਆਂ ਅਸ਼ਵਨੀ ਕੁਮਾਰ ਮਦਾਨ, ਹਰਵਿੰਦਰ ਪਾਲ ਅਤੇ ਅਨਿਲ ਕੁਮਾਰ ਭਾਰਤੀ ਵੱਲੋਂ ਸਮੂਹਿਕ ਤੌਰ 'ਤੇ ਲਿਖਿਆ ਗਿਆ ਹੈ।ਯੂਨੀਅਨ ਦੇ ਇਨ੍ਹਾਂ ਆਗੂਆਂ ਨੇ ਰਾਜਪਾਲ ਨੂੰ ਦੱਸਿਆ ਹੈ ਕਿ ਪੰਜਾਬ ਦੇ ਸਾਰੇ ਏਡਿਡ ਸਕੂਲਾਂ ਵਿੱਚ ਕੰਮ ਕਰ ਰਹੇ 1400 ਦੇ ਲੱਗਭਗ ਅਧਿਆਪਕ ਅਤੇ ਹੋਰ ਕਰਮਚਾਰੀ ਬਹੁਤ ਮਾੜੇ ਹਾਲਾਤਾਂ ਦਾ ਸਾਹਮਣਾ ਕਰ ਰਹੇ ਹਨ, ਕਿਉਂਕਿ ਪੂਰੀ ਲਗਨ ਅਤੇ ਮਿਹਨਤ ਨਾਲ ਕੰਮ ਕਰਨ ਦੇ ਬਾਵਜੂਦ, ਪਿਛਲੇ 6 ਮਹੀਨਿਆਂ ਤੋਂ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਦੀਆਂ ਤਨਖਾਹਾਂ ਜਾਰੀ ਨਹੀਂ ਕੀਤੀਆਂ ਜਾ ਰਹੀਆਂ।ਯੂਨੀਅਨ ਆਗੂਆਂ ਨੇ ਉਮੀਦ ਜਤਾਈ ਕਿ ਸਤਿਕਾਰਯੋਗ ਰਾਜਪਾਲ ਇਸ ਮਾਮਲੇ ਦੀ ਗੰਭੀਰਤਾ ਨੂੰ ਜ਼ਰੂਰ ਸਮਝਣਗੇ ਅਤੇ ਜ਼ਰੂਰ ਦਖਲ ਦੇਣਗੇ ਅਤੇ ਇਨ੍ਹਾਂ ਸਕੂਲਾਂ ਵਿੱਚ ਸਹਾਇਤਾ ਪ੍ਰਾਪਤ ਅਸਾਮੀਆਂ 'ਤੇ ਕੰਮ ਕਰ ਰਹੇ ਸਹਾਇਤਾ ਪ੍ਰਾਪਤ ਸਕੂਲ ਸਟਾਫ ਮੈਂਬਰਾਂ ਦੀਆਂ ਤਨਖਾਹਾਂ ਤੁਰੰਤ ਜਾਰੀ ਕਰਨ ਲਈ ਪੰਜਾਬ ਸਰਕਾਰ ਨੂੰ ਢੁਕਵੇਂ ਦਿਸ਼ਾ-ਨਿਰਦੇਸ਼ ਜਾਰੀ ਕਰਨਗੇ। ਯੂਨੀਅਨ ਆਗੂਆਂ ਵੱਲੋਂ ਇਹ ਵੀ ਉਮੀਦ ਜਤਾਈ ਗਈ ਹੈ ਕਿ ਇਸ ਕੰਮ ਲਈ ਦਿਸ਼ਾ-ਨਿਰਦੇਸ਼ ਜਾਰੀ ਹੋਣ ਅਤੇਪੰਜਾਬ ਸਰਕਾਰ ਨੂੰ ਰਾਜਪਾਲ ਵੱਲੋਂ ਤਨਖਾਹਾਂ ਜਾਰੀ ਕਰਨ ਦੇ ਨਿਰਦੇਸ਼ਾਂ ਦੇ ਜਾਰੀ ਕਰਨ ਤੋਂ ਬਾਅਦ ਸਹਾਇਤਾ ਪ੍ਰਾਪਤ ਸਕੂਲਾਂ ਦਾ ਸਟਾਫ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰ ਰਾਹਤ ਦਾ ਸਾਹ ਲੈ ਸਕਣਗੇ।

# ਢੁਡਿਆਲ ਸਕੂਲ ਦੀ ਅਧਿਆਪਕਾ ਦਾ ਸਨਮਾਨ



ਪਟਿਆਲਾ, 14 ਸਤੰਬਰ (ਚ.ਨ.ਸ.) : ਢੁਡਿਆਲ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਦੀ ਅਧਿਆਪਕਾ ਅਮਨਪ੍ਰੀਤ ਕੌਰ ਪਿਛਲੇ ਦਿਨੀਂ ਐਲਾਨੇ ਗਏ ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਤੋਂ ਉਰਦੂ ਦੇ ਡਿਪਲੋਮਾ ਦੇ ਨਤੀਜੇ 'ਚ ਪੰਜਾਬ ਭਰ 'ਚੋਂ ਅੱਵਲ ਰਹੀ। ਸਕੂਲ ਪ੍ਰਬੰਧਕ ਕਮੇਟੀ ਵੱਲੋਂ ਕਰਵਾਏ ਗਏ ਸਾਦੇ ਸਮਾਗਮ ਦੌਰਾਨ ਢੁਡਿਆਲ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਦੇ ਮੈਨੇਜਰ ਕਰਨੈਲ ਸਿੰਘ ਅਰੋੜਾ ਅਤੇ ਪ੍ਰਿੰਸੀਪਲ ਡਾ. ਪਰਵਿੰਦਰ ਸਿੰਘ ਨੇ ਸ੍ਰੀਮਤੀ ਅਮਨਪ੍ਰੀਤ ਕੌਰ ਦਾ ਸਨਮਾਨ ਕੀਤਾ। ਇਸ ਮੌਕੇ ਪ੍ਰਬੰਧਕ ਕਮੇਟੀ ਦੇ ਮੈਂਬਰ ਹਰਜੀਤ ਸਿੰਘ ਸਾਹਨੀ ਵੀ ਮੌਜੂਦ ਸਨ।

# ਅਗਰਵਾਲ ਧਰਮਸ਼ਾਲਾ ਤੇ ਸਕੂਲ ਪ੍ਰਬੰਧਕ ਕਮੇਟੀ ਵੱਲੋਂ ਅਧਿਆਪਕ ਦਿਵਸ ਸਬੰਧੀ ਸਮਾਗਮ

**ਅਧਿਆਪਕ ਸਾਡੇ ਬੱਚਿਆਂ ਦੇ ਬਿਹਤਰ ਭਵਿੱਖ ਲਈ ਦਿਆਨਤਦਾਰੀ, ਲਗਨ ਤੇ ਸਮਰਪਣ ਭਾਵਨਾ ਨਾਲ ਡਿਊਟੀ ਨਿਭਾਉਂਦੇ ਨੇ : ਜੌੜਾਮਾਜਰਾ**



ਸਮਾਣਾ, 14 ਸਤੰਬਰ (ਜਵੰਦਾ/ ਵਿਜੇ ਕੁਮਾਰ/ਅਮਿਤ ਸ਼ਰਮਾ) : ਅਗਰਸੈਨ ਇੰਟਰਨੈਸ਼ਨਲ ਪਬਲਿਕ ਸਕੂਲ ਅਤੇ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਸਮਾਣਾ ਵਿਖੇ ਅਗਰਵਾਲ ਧਰਮਸ਼ਾਲਾ ਅਤੇ ਸਕੂਲ ਪ੍ਰਬੰਧਕ ਕਮੇਟੀ ਪ੍ਰਧਾਨ ਮਦਨ ਮਿੱਤਲ ਦੀ ਅਗਵਾਈ ਹੇਠ ਅਧਿਆਪਕ ਦਿਵਸ ਸਮਾਗਮ ਆਯੋਜਿਤ ਕੀਤਾ ਗਿਆ। ਜਿੱਥੇ ਮੁੱਖ ਮਹਿਮਾਨ ਵਜੋਂ ਸਾਬਕਾ ਮੰਤਰੀ ਅਤੇ ਹਲਕਾ ਸਮਾਣਾ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਅਤੇ ਵਿਸ਼ੇਸ਼ ਮਹਿਮਾਨ ਵਜੋਂ ਸ਼੍ਰੀ ਤਰਸੇਮ ਗਰਗ ਅਤੇ ਸ਼੍ਰੀਮਤੀ ਨਿਸ਼ਾ ਗਰਗ (ਰਿਟਾਇਰਡ ਮੈਨੇਜਰ ਪੰਜਾਬ ਨੈਸ਼ਨਲ ਬੈਂਕ) ਨੇ ਸ਼ਿਰਕਤ ਕੀਤੀ।ਇਸ ਮੌਕੇ ਸ ਜੌੜਾਮਾਜਰਾ ਨੇ ਕਿਹਾ ਕਿ ਮਾਪਿਆਂ ਤੋਂ ਬਾਅਦ ਬੱਚੇ ਦੀ ਸਾਕਾਰਤਮਕ ਸਿਰਜਣਾ ਵਿਚ ਸਭ ਤੋਂ ਅਹਿਮ ਭੂਮਿਕਾ ਅਧਿਆਪਕ ਦੀ ਹੁੰਦੀ ਹੈ, ਜੋ ਵਿਦਿਆਰਥੀ ਜੀਵਨ ਵਿਚ ਬੱਚੇ ਦਾ ਮਾਰਗਦਰਸ਼ਨ ਕਰਦਾ ਹੈ। ਇਸੇ ਕਰਕੇ ਅਧਿਆਪਕਾਂ ਨੂੰ ਸਤਿਕਾਰ ਵਜੋਂ 'ਕੌਮ ਦੇ ਨਿਰਮਾਤਾ' ਕਿਹਾ ਜਾਂਦਾ ਹੈ। ਬੱਚਿਆਂ ਦੇ ਬਿਹਤਰ ਭਵਿੱਖ ਲਈ ਦਿਆਨਤਦਾਰੀ, ਲਗਨ ਤੇ ਸਮਰਪਣ ਭਾਵਨਾ ਨਾਲ ਡਿਊਟੀ ਨਿਭਾਅ ਰਹੇ ਸਮੂਹ ਅਧਿਆਪਕਾਂ ਨੂੰ ਮੈਂ ਅੱਜ ਦੇ ਦਿਨ ਦੀ ਵਧਾਈ ਦਿੰਦਾ ਹਾਂ। ਇਸ ਮੌਕੇ ਵੱਡੀ ਗਿਣਤੀ ਵਿਚ ਅਧਿਆਪਕਾਂ ਨੂੰ ਵਧੀਆ ਅਧਿਆਪਨ ਸਿਖਲਾਈ ਅਤੇ ਸੇਵਾਵਾਂ ਲਈ ਸਰਵੋਤਮ ਅਧਿਆਪਕ ਪੁਰਸਕਾਰ ਤੇ ਪ੍ਰਸ਼ੰਸਾ ਪੱਤਰਾਂ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿਖੇ ਨਵੇਂ ਬਣੇ ਹਾਲ ਤੇ ਬਿਲਡਿੰਗ ਦੀ ਰੈਨੋਵੇਸ਼ਨ ਦਾ ਉਦਘਾਟਨ ਸ ਜੌੜਾਮਾਜਰਾ ਅਤੇ ਸ੍ਰੀ ਤਰਸੇਮ ਗਰਗ ਤੇ ਸ੍ਰੀਮਤੀ ਨਿਸ਼ਾ ਗਰਗ ਵਲੋਂ ਸਾਂਝੇ ਤੌਰ ਤੇ ਕੀਤਾ ਗਿਆ। ਇਸ ਦੇ ਨਾਲ ਹੀ ਸ਼੍ਰੀ ਤਰਸੇਮ ਗਰਗ ਵਲੋਂ ਇਸ ਕਾਰਜ ਲਈ ਸੰਸਥਾ ਨੂੰ 2 ਲੱਖ 11 ਹਜਾਰ ਦਾ ਚੈੱਕ ਵੀ ਭੇਟ ਕੀਤਾ ਗਿਆ। ਇਸ ਮੌਕੇ ਤਹਿਸੀਲ ਸਰਵੇਸ਼ ਰਾਜਨ, ਗੁਰਪ੍ਰੀਤ ਸਿੰਘ ਗੋਲਡੀ, ਪ੍ਰਿੰਸੀਪਲ ਸ਼੍ਰੀ ਅਨਰੁੱਧ ਗਰਗ, ਪ੍ਰਿੰਸੀਪਲ ਸੁਨੀਤਾ ਰਾਣੀ, ਬੀ ਕੇ ਗੁਪਤਾ, ਲਵ ਗੋਇਲ ਲਵਲੀ, ਅਗਰਵਾਲ ਗਊਸ਼ਾਲਾ ਦੇ ਮੈਂਬਰ ਵਿਕਾਸ ਸਿੰਗਲਾ , ਸੁਰਿੰਦਰ ਮੈਨੇਜਰ, ਨੀਤੀਨ ਗੋਇਲ, ਜੀਵਨ ਮਿੱਤਲ ਬਘਰੋਲ,ਵਿਜੇ ਸਿੰਗਲਾ, ਸੁਰਿੰਦਰ ਬਾਂਸਲ , ਡੀਕੇ ਸੂਦ , ਰਜਿੰਦਰ ਪ੍ਰਸਾਦ ਪ੍ਰਧਾਨ ਭਾਰਤ ਵਿਕਾਸ ਪਰਿਸ਼ਦ , ਬ੍ਰਿਸ਼ ਭਾਣ ਕਾਂਸਲ, ਸ਼ਸ਼ੀ ਭੂਸ਼ਣ ਸਿੰਗਲਾ, ਪ੍ਰਵੀਨ ਸ਼ਰਮਾ, ਗੁਲਸ਼ਨ ਵਰਮਾ, ਅੰਕੁਸ਼ ਗੋਇਲ, ਪ੍ਰਿੰਸੀਪਲ ਭੂਸ਼ਣ ਮਿੱਤਲ, ਪੰਕਜ ਗਰਗ, ਰਵੀ ਗਰਗ ਟੀਮਾ, ਨਰਿੰਦਰ ਪੱਮੀ, ਹੁਸਨ ਲਾਲ, ਰਮਨ ਗੁਪਤਾ, ਰਾਜੀਵ ਗਰਗ, ਕ੍ਰਿਸ਼ਨ ਗੋਇਲ, ਨੀਰਜ ਬਾਂਸਲ, ਰਮਨ ਗੁਪਤਾ, ਸੁਰਿੰਦਰ ਗਰਗ ਅਤੇ ਵਿਸ਼ਾਲ ਗਰਗ ਆਦਿ ਸਮੇਤ ਵੱਡੀ ਗਿਣਤੀ ਵਿਚ ਸ਼ਹਿਰ ਦੇ ਪਤਵੰਤੇ ਅਤੇ ਅਧਿਆਪਕ ਮੌਜੂਦ ਰਹੇ।

# ਨੰਬਰਦਾਰ ਐਸੋਸੀਏਸ਼ਨ ਗਾਲਿਬ ਇਕਾਈ ਸਮਾਣਾ ਦੀ ਮੀਟਿੰਗ



ਸਮਾਣਾ, 14 ਸਤੰਬਰ (ਜਵੰਦਾ) : ਪੰਜਾਬ ਨੰਬਰਦਾਰ ਐਸੋਸੀਏਸ਼ਨ ਗਾਲਿਬ 169 ਤਹਿਸੀਲ ਸਾਮਾਣਾ ਦੀ ਮਹੀਨਾਵਾਰ ਮੀਟਿੰਗ ਪ੍ਰਧਾਨ ਬਲਵਿੰਦਰ ਸਿੰਘ ਟੋਡਰਪੁਰ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਦੌਰਾਨ ਨੰਬਰਦਾਰ ਸਹਿਬਾਨ ਨੂੰ ਆ ਰਹੀਆਂ ਮੁਸ਼ਕਿਲਾਂ ਬਾਰੇ ਵਿਚਾਰ ਚਰਚਾ ਕੀਤੀ ਗਈ ਅਤੇ ਮੌਕੇ 'ਤੇ ਮੁਸ਼ਕਿਲਾਂ ਦਾ ਹੱਲ ਕੀਤਾ ਗਿਆ। ਇਸ ਮੌਕੇ ਮਤਾ ਪਾਸ ਕੀਤਾ ਗਿਆ ਕਿ ਪੰਜਾਬ ਦੀ ਸਰਕਾਰ ਨੂੰ ਨੰਬਰਦਾਰਾਂ ਦੀਆਂ ਮੰਗਾਂ ਵੱਲ ਵਿਸ਼ੇਸ਼ ਧਿਆਨ ਦੇ ਕੇ ਜਲਦ ਉਨ੍ਹਾਂ ਦਾ ਹੱਲ ਕਰਨਾ ਚਾਹੀਦਾ ਹੈ। ਇਸ ਮੌਕੇ ਹਾਜ਼ਰ ਨੰਬਰਦਾਰ ਹਰਜੀਤ ਸਿੰਘ ਬੇਦੀ, ਬੇਅੰਤ ਸਿੰਘ ਚੀਮਾ ਸਮਾਣਾ, ਗੁਰਮੇਲ ਸਿੰਘ ਕਮਾਲਪੁਰ ਤਲਵਿੰਦਰ ਸਿੰਘ ਕੁਲਾਰਾਂ, ਨਰਿੰਦਰ ਸਿੰਘ ਕਮਾਲਪੁਰ, ਹਰਵਿੰਦਰ ਸਿੰਘ ਬਸਤੀ ਗੋਬਿੰਦਪੁਰ, ਅਜੈਬ ਸਿੰਘ ਗਾਜੀ, ਰਾਜਦੀਪ ਸਿੰਘ ਬਰਸਟ, ਕਮਲਦੀਪ ਸਿੰਘ ਕਮਾਸਪੁਰ, ਸੁਖਵਿੰਦਰ ਸਿੰਘ ਬਸਤੀ ਗੋਬਿੰਦਪੁਰ, ਸੰਤੋਖ ਸਿੰਘ ਰਾਈਮਾਜਰਾ, ਗੁਰਮੁਖ ਸਿੰਘ ਰਾਈਮਾਜਰਾ, ਸਤਿੰਦਰਪਾਲ ਸਿੰਘ ਬੇਲੂਮਾਜਰਾ, ਮਨਦੀਪ ਸਿੰਘ ਸ਼ਾਹਪੁਰ ਅਤੇ ਸ਼ੇਰ ਸਿੰਘ ਸ਼ਾਹਪੁਰ ਕਲਾਂ ਆਦਿ ਨੰਬਰਦਾਰ ਹਾਜ਼ਰ ਸਨ।

# 'ਸੇਵਾ ਪਖਵਾੜਾ' ਮੁਹਿੰਮ ਤਹਿਤ ਪਟਿਆਲਾ ਦੇ ਹਰ ਵਾਰਡ 'ਚ ਲਗਾਏ ਜਾਣਗੇ ਕੈਂਪ : ਡਾ. ਕਾਂਸਲ



ਪਟਿਆਲਾ, 14 ਸਤੰਬਰ (ਚ.ਨ.ਸ.) : ਭਾਜਪਾ ਸੀਨੀਅਰ ਯੁਵਾ ਨੇਤਾ ਅਤੇ ਪ੍ਰਧਾਨ ਕਾਂਸਲ ਫਾਊਂਡੇਸ਼ਨ ਡਾ. ਗੁਰਵਿੰਦਰ ਕਾਂਸਲ ਵੱਲੋਂ ਭਾਜਪਾ ਪਟਿਆਲਾ ਮਹਿਲਾ ਮੋਰਚਾ ਪ੍ਰਧਾਨ ਮਨੀਸ਼ਾ ਉੱਪਲ, ਉੱਪ ਪ੍ਰਧਾਨ ਰੀਆ ਸੋਹੀ ਤੇ ਚੰਦਾ, ਮੰਡਲ ਪ੍ਰਧਾਨ ਊਸ਼ਾ ਅਤੇ ਭਾਜਪਾ ਪਟਿਆਲਾ ਸਾਬਕਾ ਐਸ.ਸੀ. ਮੋਰਚਾ ਪ੍ਰਧਾਨ ਐਸ. ਕੇ ਪਾਠੀ, ਭਾਜਪਾ ਯੁਵਾ ਆਗੂ ਯਸ਼, ਇਸ਼ਾਂਤ ਅਤੇ ਭਾਜਪਾ ਆਗੂ ਭਗਵਾਨ ਨਾਲ ਮਿਲਕੇ ਭਾਰੀ ਬਰਸਾਤ ਅਤੇ ਹੜ੍ਹਾਂ ਦੇ ਕਹਿਰ ਤੋਂ ਬਾਅਦ ਪਟਿਆਲਾ ਦਿਹਾਤੀ ਦੇ ਪਿੰਡ ਲੁਬਾਣਾ ਬਾਜ਼ੀਗਰ ਬਸਤੀ ਦਾ ਦੌਰਾ ਕੀਤਾ ਗਿਆ, ਜਿਸ ਦੌਰਾਨ ਪਿੰਡ ਦੀਆਂ ਔਰਤਾਂ ਦੀ ਜ਼ਰੂਰਤ ਦੇਖਦੇ ਹੋਏ ਉਹਨਾਂ ਨੂੰ ਲੋੜੀਂਦਾ ਸਮਾਨ ਵੀ ਮੁਹੱਈਆ ਕਰਵਾਇਆ ਗਿਆ, ਬਰਸਾਤ ਕਾਰਨ ਪਿੰਡ ਵਾਸੀਆਂ ਦੇ ਹੋਏ ਘਰ ਦੇ ਨੁਕਸਾਨ ਨੂੰ ਵੀ ਦੇਖਿਆ ਅਤੇ ਪਿੰਡ ਦੇ ਲੋਕਾਂ ਦੀ ਮੁਸੀਬਤਾਂ ਨੂੰ ਵੀ ਸੁਣਿਆ ਗਿਆ। ਇਸ ਮੌਕੇ ਪਿੰਡ ਦੇ ਵਸਨੀਕਾਂ ਨੂੰ ਵਿਕਸਿਤ ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਜਨਮਦਿਨ ਉੱਤੇ ਕੇਂਦਰ ਸਰਕਾਰ ਵੱਲੋਂ ਚਲਾਈ ਜਾ ਰਹੀ ਮੁਹਿੰਮ 'ਸੇਵਾ ਪਖਵਾੜਾ' ਦੇ ਤਹਿਤ ਅੱਖਾਂ ਦੇ ਮੁਫ਼ਤ ਚੈੱਕਅਪ ਕੈਂਪ, ਬਲੱਡ ਡੋਨੇਸ਼ਨ ਕੈਂਪ, ਸਮੇਂ ਦੀ ਮੰਗ ਨੂੰ ਦੇਖਦੇ ਹੋਏ ਟ੍ਰੀ ਪਲਾਂਟੇਸ਼ਨ ਡਰਾਈਵ ਅਤੇ ਪ੍ਰਧਾਨ ਮੰਤਰੀ ਦੁਆਰਾ ਲੋਕ ਭਲਾਈ ਲਈ ਚਲਾਈ ਜਾ ਰਹੀ ਸਕੀਮਾਂ ਦੇ ਮੁਫ਼ਤ ਕੈਂਪ ਨੂੰ ਭਾਜਪਾ ਪਟਿਆਲਾ ਸ਼ਹਿਰੀ ਵੱਲੋਂ ਲਗਾਉਣ ਦਾ ਯਕੀਨ ਦਵਾਇਆ ਗਿਆ, ਜਿਸ ਨਾਲ ਪਿੰਡਵਾਸੀਆਂ ਨੂੰ ਤੰਦਰੁਸਤੀ ਅਤੇ ਕੇਂਦਰ ਦੀ ਹਰ ਮੁਹਿਮ ਦਾ ਸਿੱਧਾ ਲਾਭ ਪ੍ਰਾਪਤ ਹੋਵੇਗਾ ਨਾਲ ਹੀ ਡਾ. ਗੁਰਵਿੰਦਰ ਕਾਂਸਲ ਜੋ ਪਟਿਆਲਾ ਦਿਹਾਤੀ ਦੇ 'ਇੱਕ ਰਾਸ਼ਟਰ ਇੱਕ ਚੁਣਾਵ' ਦੇ ਇੰਚਾਰਜ ਨੇ ਵੱਲੋਂ ਇਸ ਮੁਹਿਮ ਨੂੰ ਪਿੰਡ ਲੁਬਾਣਾ ਬਾਜ਼ੀਗਰ ਬਸਤੀ ਤੋਂ ਸ਼ੁਰੂ ਕਰਨ ਬਾਰੇ ਵੀ ਕਿਹਾ ਗਿਆ। ਇਸ ਮੌਕੇ ਡਾ. ਕਾਂਸਲ ਵੱਲੋਂ ਪਿੰਡ ਵਿੱਚ ਘਰਾਂ ਦੇ ਹੋਏ ਨੁਕਸਾਨ ਲਈ ਪ੍ਰਧਾਨ ਮੰਤਰੀ ਆਵਾਸ ਯੋਜਨਾ ਗ੍ਰਾਮੀਣ ਤਹਿਤ 2.5 ਲੱਖ ਤੱਕ ਦਾ ਕੇਂਦਰ ਸਰਕਾਰ ਵੱਲੋਂ ਲਾਭ ਪ੍ਰਾਪਤ ਕਰਵਾਉਣ ਵਿੱਚ ਕੋਸ਼ਿਸ਼ ਕਰਨ ਦਾ ਵੀ ਭਰੋਸਾ ਦਵਾਇਆ ਗਿਆ।

# ਐਸ.ਆਰ.ਐਸ. ਵਿੱਦਿਆਪੀਠ ਵਿਖੇ ਜ਼ਿਲ੍ਹਾ ਪੱਧਰੀ ਸਿੱਖਿਆ ਮੀਟਿੰਗ



ਸਮਾਣਾ, 14 ਸਤੰਬਰ (ਵਿਜੇ ਕੁਮਾਰ/ਜਵੰਦਾ) : ਜ਼ਿਲ੍ਹਾ ਸਿੱਖਿਆ ਦਫ਼ਤਰ ਵੱਲੋਂ ਐੱਸ ਆਰ ਐੱਸ ਵਿੱਦਿਆਪੀਠ ਸਮਾਣਾ ਵਿਖੇ ਇੱਕ ਜ਼ਿਲ੍ਹਾ ਪੱਧਰੀ ਸਿੱਖਿਆ ਮੀਟਿੰਗ ਸੰਜੀਵ ਸ਼ਰਮਾ (ਜ਼ਿਲ੍ਹਾ ਸਿੱਖਿਆ ਅਫ਼ਸਰ) ਅਤੇ ਡਾ. ਰਵਿੰਦਰ ਪਾਲ ਸਿੰਘ ( ਉਪ ਜ਼ਿਲ੍ਹਾ ਸਿੱਖਿਆ ਅਫ਼ਸਰ) ਦੀ ਨਿਗਰਾਨੀ ਹੇਠ ਕੀਤੀ ਗਈ । ਇਸ ਮੀਟਿੰਗ ਵਿੱਚ ਸਮਾਣਾ ਦੇ ਸਕੂਲ ਬਲਾਕ 1,2 ਅਤੇ 3 ਦੇ 100 ਤੋਂ ਵੱਧ ਪ੍ਰਿੰਸੀਪਲਾਂ ਦੀ ਸਰਗਰਮ ਭਾਗੀਦਾਰੀ ਸੀ। ਇਸ ਮੀਟਿੰਗ ਵਿੱਚ ਕਈ ਅਹਿਮ ਵਿਸ਼ਿਆਂ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ। ਅੰਤ ਵਿੱਚ ਐੱਸ ਆਰ ਐੱਸ ਵਿੱਦਿਆਪੀਠ, ਸਮਾਣਾ ਦੇ ਪ੍ਰਿੰਸੀਪਲ ਮਿਸ ਮਿਲੀ ਬੋਸ ਨੇ ਜ਼ਿਲ੍ਹਾ ਸਿੱਖਿਆ ਅਫ਼ਸਰ, ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਅਤੇ ਸਾਰੇ ਭਾਗੀਦਾਰਾਂ ਦਾ ਇਸ ਮੀਟਿੰਗ ਵਿੱਚ ਸ਼ਾਮਲ ਹੋਣ 'ਤੇ ਧੰਨਵਾਦ ਕੀਤਾ।

# ਸੁੱਖੀ ਬਾਠ ਨੇ ਹੜ੍ਹ ਪੀੜਤਾਂ ਲਈ ਭੇਜੀ ਰਾਹਤ ਸਮੱਗਰੀ




ਘਨੌਰ, 14 ਸਤੰਬਰ (ਮਦਨ ਲਾਲ) : ਯੂਨੀਵਰਸਿਟੀ ਕਾਲਜ, ਘਨੌਰ ਦੇ ਐਨ.ਐਸ.ਐਸ ਵਿਭਾਗ ਵੱਲੋਂ ਉੱਘੇ ਸਮਾਜ ਸੇਵੀ ਅਤੇ ਸੰਸਥਾਪਕ, ਪੰਜਾਬ ਭਵਨ ਸਰੀ, ਸੁੱਖੀ ਬਾਠ ਵੱਲੋਂ ਹੜ੍ਹ ਪੀੜਤਾਂ ਲਈ ਭੇਜੀ ਰਾਹਤ ਸਮੱਗਰੀ ਘਨੌਰ ਨੇੜਲੇ ਹੜ੍ਹ ਪ੍ਰਭਾਵਿਤ ਪਿੰਡਾਂ ਚਮਾਰੂ, ਕਾਮੀ ਖੁਰਦ ਅਤੇ ਜੰਡਮੰਗੋਲੀ ਵਿਖੇ ਜ਼ਰੂਰਤਮੰਦ ਪਰਿਵਾਰਾਂ ਤੱਕ ਪਹੁੰਚਾਈ ਗਈ। ਪ੍ਰਿੰਸੀਪਲ ਡਾ ਲਖਵੀਰ ਸਿੰਘ ਗਿੱਲ ਨੇ ਇਸ ਰਾਹਤ ਸਮੱਗਰੀ ਨੂੰ ਪਿੰਡਾਂ ਲਈ ਰਵਾਨਾ ਕੀਤਾ ਅਤੇ ਇਸ ਕਦਮ ਦੀ ਸ਼ਲਾਘਾ ਕੀਤੀ। ਰਾਹਤ ਸਮੱਗਰੀ ਵਿਚ ਤਰਪਾਲਾਂ, ਮੱਛਰਦਾਨੀਆਂ, ਦਵਾਈਆਂ, ਕੰਬਲ, ਸੁੱਕਾ ਰਾਸ਼ਨ , ਪਾਣੀ ਦੀਆਂ ਬੋਤਲਾਂ ਆਦਿ ਸ਼ਾਮਲ ਸੀ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਐਨ. ਐਸ.ਐਸ ਕੋਆਰਡੀਨੇਟਰ ਡਾ ਅਨਹਦ ਗਿੱਲ ਨੇ ਕਿਹਾ ਕਿ ਯੂਨੀਵਰਸਿਟੀ ਹੜ੍ਹ ਪੀੜਤਾਂ ਲਈ ਵਿਸ਼ੇਸ਼ ਯਤਨ ਕਰ ਰਹੀ ਹੈ । ਯੂਨੀਵਰਸਿਟੀ ਦੇ ਸਹਿਯੋਗ ਸਦਕਾ ਇਹ ਕਾਰਜ ਸੰਚਾਰੂ ਢੰਗ ਨਾਲ ਨੇਪਰੇ ਚੜ ਸਕਿਆ।ਹੜ੍ਹ ਪ੍ਰਭਾਵਿਤ ਪਿੰਡਾਂ ਵਿਚ ਐਨ ਐਸ ਐਸ ਪ੍ਰੋਗਰਾਮ ਅਫ਼ਸਰ ਡਾ ਮਨਿੰਦਰ ਕੌਰ, ਡਾ ਜਸਵਿੰਦਰ ਕੌਰ, ਡਾ ਅਨੂਜੋਤ ਸਿੰਘ ਸੋਨੀ, ਡਾ.ਅਰਵਿੰਦਰ ਸਿੰਘ, ਏਅਰ ਵਿੰਗ) ਪ੍ਰੋ . ਵਰਿੰਦਰ ਸਿੰਘ, ਪ੍ਰੋ ਗੁਰਵਿੰਦਰ ਸਿੰਘ ਤੋਂ ਇਲਾਵਾ ਐਨ .ਐਸ.ਐਸ ਵਲੰਟੀਅਰ , ਐਨ.ਸੀ.ਸੀ( ਆਰਮੀ ਅਤੇ ਏਅਰ ਵਿੰਗ) ਕੈਡਿਟਾ ਨਵੀਆਂ ਕਲਮਾਂ ਨਵੀਆਂ ਉਡਾਨ ਦੇ ਪ੍ਰੋਜੈਕਟ ਇੰਚਾਰਜ ਉਂਕਾਰ ਸਿੰਘ ਤੇਜੇ ਅਤੇ ਪਟਿਆਲਾ ਟੀਮ ਮੈਂਬਰ ਗੁਰਦਰਸ਼ਨ ਸਿੰਘ ਨੇ ਰਾਹਤ ਸਮੱਗਰੀ ਲੋੜਵੰਦਾਂ ਨੂੰ ਵੰਡੀ।

# ਅਮਰ ਸ਼ਹੀਦ ਨਾਇਕ ਮਲਕੀਤ ਸਿੰਘ ਦੀ 25ਵੀਂ ਬਰਸੀ ਮਨਾਈ



ਸਨੌਰ, 14 ਸਤੰਬਰ (ਗੁਰਜੀਤ ਸਿੰਘ ਢੋਟ) : ਸ਼ਹੀਦ ਸਭ ਦੇ ਸਾਂਝੇ ਅਤੇ ਕੌਮ ਦਾ ਸਰਮਾਇਆ ਹੁੰਦੇ ਹਨ,ਉਹਨਾਂ ਦੀ ਬਰਸੀ ਸਾਨੂੰ ਸਾਰਿਆਂ ਨੂੰ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਮਨਾਈ ਚਾਹੀਦੀ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਰਣਜੋਧ ਸਿੰਘ ਹਡਾਣਾ ਚੇਅਰਮੈਨ ਪੀ.ਆਰ.ਟੀ.ਸੀ.ਪੰਜਾਬ ਨੇ ਪਿੰਡ ਹਡਾਣਾ ਵਿਖੇ,ਅਮਰ ਸ਼ਹੀਦ ਨਾਇਕ ਮਲਕੀਤ ਸਿੰਘ ਦੀ 25 ਵੀਂ ਸਾਲਾਨਾ ਬਰਸੀ ਮੌਕੇ ਉਹਨਾ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕੀਤਾ।ਉਹਨਾਂ ਨੇ ਕਿਹਾ ਸ਼ਹੀਦ ਨਾਇਕ ਮਲਕੀਤ ਸਿੰਘ ਹਡਾਣਾ ਨੇ ਦੇਸ਼ ਦੀ ਖਾਤਿਰ ਜੋ ਕਾਰਗਿਲ ਦੇ ਯੁੱਧ ਵਿੱਚ ਜੋ ਮਹਾਨ ਕੁਰਬਾਨੀ ਦਿੱਤੀ, ਉਸ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ।ਸਮਾਗਮ ਦੀ ਪ੍ਰਧਾਨਗੀ ਅਮਰਜੀਤ ਸਿੰਘ ਜਾਗਦੇ ਰਹੋ, ਲਖਮੀਰ ਸਿੰਘ ਸਲੌਟ,ਸ਼ਹੀਦ ਦੇ ਭਰਾ ਗੁਰਮੀਤ ਸਿੰਘ ਅਤੇ ਜਸਵਿੰਦਰ ਸਿੰਘ ਲੱਡੂ ਸਨੌਰ ਨੇ ਕੀਤੀ।ਦੇਸ਼ ਦੇ ਵੱਖ-ਵੱਖ ਰਾਜਾਂ ਤੋਂ ਨੂਨਗਰ ਲਵਣਕਾਰ, ਸਮਾਜ ਦੇ ਲੋਕ ਵੀ ਸਹੀਦ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਪਹੁੰਚੇ, ਜਿਸ ਵਿੱਚ ਬਹੁਤ ਵੱਡੀ ਗਿਣਤੀ ਵਿੱਚ ਸੰਗਤਾਂ ਸ਼ਹੀਦ ਨੂੰ ਨਮਨ ਹੋ ਰਹੀਆਂ ਸਨ।ਇਸ ਮੌਕੇ ਸ਼ਹੀਦ ਮਲਕੀਤ ਸਿੰਘ ਦੇ ਭਰਾ ਗੁਰਮੀਤ ਸਿੰਘ, ਸਹੀਦ ਦੀ ਪਤਨੀ ਕਰਮਜੀਤ ਕੌਰ, ਅਤੇ ਸਪੁੱਤਰ ਮਨਿੰਦਰ ਸਿੰਘ ਨੂੰ ਸਿਰੋਪਾਓ ਭੇਟ ਕਰਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਚੇਅਰਮੈਨ ਰਣਜੋਧ ਸਿੰਘ ਹਡਾਣਾ, ਚੇਅਰਮੈਨ ਬਲਜਿੰਦਰ ਸਿੰਘ ਢਿੱਲੋਂ,ਚੇਅਰਮੈਨ ਇੰਦਰਜੀਤ ਸਿੰਘ ਸੰਧੂ, ਹਰਿੰਦਰਪਾਲ ਸਿੰਘ ਚੰਦੂਮਾਜਰਾ, ਰਜਿੰਦਰ ਸਿੰਘ ਵਿਰਕ ਹਲਕਾ ਸਨੌਰ ਅਕਾਲੀ ਦਲ, ਕ੍ਰਿਸ਼ਨ ਸਿੰਘ ਸਨੌਰ, ਜਗਜੀਤ ਸਿੰਘ ਕੋਹਲੀ, ਹਰਿੰਦਰਪਾਲ ਸਿੰਘ ਹੈਰੀਮਾਨ, ਸੀਨੀਅਰ ਕਾਂਗਰਸ ਆਗੂ ਗੌਰਵ ਸਿੰਘ ਸੰਧੂ ਹਲਕਾ ਸਨੌਰ, ਸਾਬਕਾ ਚੇਅਰਮੈਨ ਨਿਰਮਲ ਸਿੰਘ ਭੱਟੀਆਂ, ਜਸਪਾਲ ਸਿੰਘ ਗੰਗਰੌਲੀ ਜਿਲਾ ਪ੍ਰਧਾਨ ਭਾਜਪਾ, ਵਿਕਰਮ ਇੰਦਰਜੀਤ ਸਿੰਘ ਚਹਿਲ, ਅਸ਼ਵਨੀ ਕੁਮਾਰ ਬੱਤਾ, ਤੇਜਿੰਦਰਪਾਲ ਸਿੰਘ ਸੰਧੂ, ਲਖਮੀਰ ਸਿੰਘ ਸਲੌਟ, ਦਰਸ਼ਨ ਸਿੰਘ ਦੂੰਦੀਮਾਜਰਾ, ਨਛੱਤਰ ਦੀਵਾਨਵਾਲਾ, ਸਤਵਿੰਦਰ ਸਿੰਘ ਭਾਂਖਰ, ਲਖਵੀਰ ਸਿੰਘ ਮੁਰਾਦਮਾਜਰਾ, ਰਣਜੀਤ ਸਿੰਘ ਬੌਸਰ,ਦੀਦਾਰ ਸਿੰਘ ਬੌਸਰ,ਕਰਮ ਸਿੰਘ ਹਡਾਣਾ, ਸਰਪੰਚ ਹਰਪਾਲ ਸਿੰਘ ਹਡਾਣਾ,ਪੰਚ ਜਸਵੀਰ ਸਿੰਘ, ਜਸਪਾਲ ਸਿੰਘ ਬਰਕਤਪੁਰ, ਪ੍ਰਧਾਨ ਨਸੀਬ ਸਿੰਘ, ਧਰਮਪਾਲ ਸ਼ਰਮਾ ਆਦਿ ਹਾਜ਼ਰ ਸਨ।

# ਕੁੱਲੂ ਦੇ ਕਲਾਕਾਰਾਂ ਵੱਲੋਂ ਹਾਸਰਸ ਨਾਟਕ 'ਬਿੱਛੂ' ਦਾ ਸ਼ਾਨਦਾਰ ਮੰਚਨ

**➢ਭਾਸ਼ਾ ਪ੍ਰਤੀ ਬਣਦਾ ਮਾਨ-ਸਨਮਾਨ ਅਤੇ ਵਿਸ਼ਵਾਸ ਰੱਖਣਾ ਬਹੁਤ ਜ਼ਰੂਰੀ : ਐਮ ਫੁਰਕਾਨ ਖਾਨ**



ਪਟਿਆਲਾ, 14 ਸਤੰਬਰ (ਚ.ਨ.ਸ.) : ਰਾਸ਼ਟਰੀ ਹਿੰਦੀ ਦਿਵਸ ਸਮਾਗਮ ਦੇ ਸੰਬੰਧ ਵਿੱਚ ਉੱਤਰੀ ਖੇਤਰ ਸੱਭਿਆਚਾਰਕ ਕੇਂਦਰ (ਸਭਿਆਚਾਰਕ ਮੰਤਰਾਲਿਆ, ਭਾਰਤ ਸਰਕਾਰ) ਪਟਿਆਲਾ ਵੱਲੋਂ ਇੱਥੇ ਕਾਲੀਦਾਸ ਆਟੋਰੀਅਮ ਵਿਰਸਾ ਵਿਹਾਰ ਕੇਂਦਰ ਵਿਖੇ ਮਹੀਨਾਵਾਰ ਨਾਟਕ ਲੜੀ ਦੇ ਅਧੀਨ ਇਕ ਵਿਸ਼ੇਸ਼ ਸਮਾਗਮ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਹਿੰਦੀ ਭਾਸ਼ਾ ਦੇ ਪ੍ਰਤੀ ਅਤੇ ਇਤਿਹਾਸ ਬਾਰੇ ਸਾਹਿਤਯ ਕਲਸ਼ ਦੇ ਸੰਪਾਦਕ ਸਾਗਰ ਸੂਦ 'ਸੰਜੇ' ਵੱਲੋਂ ਰੋਸ਼ਨੀ ਪਾਈ ਗਈ।ਉੱਥੇ ਨਾਲ ਹੀ ਕੁੱਲੂ ਦੇ (ਹਿਮਾਚਲ ਪ੍ਰਦੇਸ਼) ਦੇ ਐਕਟਿਵ ਮੋਨਾਲ ਕਲਚਰਲ ਐਸੋਸੀਅਨ ਦੇ ਕਲਾਕਾਰਾਂ ਨੇ ਪ੍ਰਸਿਧ ਰੰਗਮੰਚ ਨਿਰਦੇਸ਼ਕ ਕੇਹਰ ਸਿੰਘ ਠਾਕੁਰ ਦੀ ਨਿਰਦੇਸ਼ਨਾ ਹੇਠ ਵਿਸ਼ਵ ਪ੍ਰਸਿੱਧ ਮੋਲੀਅਰ ਦੀ ਰਚਨਾ ਤੇ ਅਧਾਰਿਤ ਹਾਸਰਸ 'ਬਿੱਛੂ' ਨਾਟਕ ਦਾ ਸ਼ਾਨਦਾਰ ਮੰਚਨ ਕੀਤਾ। ਇਸ ਨਾਟਕ ਰਚਨਾ ਦੇ ਉਰਦੂ ਅਨੁਵਾਦ ਦਾ ਹਿਮਾਚਲੀ ਰੂਪਾਂਤਰਣ ਕੇਹਰ ਸਿੰਘ ਠਾਕੁਰ ਨੇ ਖੁਦ ਹੀ ਕੀਤਾ ਸੀ।ਨਾਟਕ ਦੀ ਪੇਸ਼ਕਾਰੀ ਵਿੱਚ ਮੂਲ ਭਾਸ਼ਾ ਹਿੰਦੀ ਰੱਖਦੇ ਹੋਏ ਹਿਮਾਚਲੀ ਬੋਲੀਆਂ ਅਤੇ ਸ਼ਬਦਾਂ ਨੂੰ ਬਹੁਤ ਹੀ ਵਧੀਆ ਤਰੀਕੇ ਨਾਲ ਇਸਤੇਮਾਲ ਕੀਤਾ ਗਿਆ। ਨਾਟਕ ਵਿਚਲੇ ਆਪਣੇ ਆਪਣੇ ਪਾਤਰਾਂ ਨੂੰ ਸਾਰੇ ਕਲਾਕਾਰਾਂ ਨੇ ਵਾਖੂਬੀ ਨਾਲ ਨਿਭਾਇਆ ਜਿਨਾਂ ਵਿੱਚ ਪ੍ਰਮੁੱਖ ਰੂਪ ਨਾਲ ਕੇਹਰ ਸਿੰਘ ਠਾਕੁਰ, ਰੇਵਤ ਰਾਮ ਵਿੱਕੀ, ਪਰਮਾਨੰਦ ਪਿੰਕੂ ਜੀਵਾ ਨੰਦ ਚੌਹਾਨ, ਸੂਰਜ, ਸ਼ਾਮ ਲਾਲ, ਆਂਚਲ, ਗੀਤਾਂਜਲੀ, ਸੇਜਲ, ਅਨਿਆ,ਜੀਆ, ਪੂਨਮ ਤੋਂ ਇਲਾਵਾ ਵੈਭਵ ਠਾਕੁਰ, ਮੀਨਾਕਸ਼ੀ, ਮਹਿੰਦਰ ਠਾਕੁਰ, ਮਮਤਾ, ਆਸ਼ਾ, ਪ੍ਰੇਰਨਾ, ਸਿਮਰਤੀਕਾ,ਸਵਿਤਰਾ, ਦੇਸ਼ਰਾਜ ਸੁਮਿਤ ਅਤੇ ਸੰਜੂ ਸ਼ਾਮਿਲ ਸਨ। ਇਸ ਮੌਕੇ ਉੱਤੇ ਉੱਤਰ ਖੇਤਰੀ ਸਭਿਆਚਾਰਕ ਕੇਂਦਰ ਪਟਿਆਲਾ ਦੇ ਡਾਇਰੈਕਟਰ ਜਨਾਬ ਐਮ ਫੁਰਕਾਨ ਖਾਨ ਸਾਹਬ ਨੇ ਹਿੰਦੀ ਭਾਸ਼ਾ ਦੇ ਇਤਿਹਾਸ ਦੇ ਬਾਰੇ ਆਪਣੇ ਇੱਕ ਸੰਦੇਸ਼ ਵਿੱਚ ਕਿਹਾ ਕਿ ਭਾਸ਼ਾ ਆਪਣੇ ਵਿਚਾਰਾਂ ਦੀ ਦੇਣ ਹੈ ਅਤੇ ਸਾਨੂੰ ਆਪਣੀ ਭਾਸ਼ਾ ਦੇ ਪ੍ਰਤੀ ਸੰਪੂਰਨ ਵਿਸ਼ਵਾਸ ਅਤੇ ਮਾਨ-ਸਨਮਾਨ ਰੱਖਣਾ ਚਾਹੀਦਾ ਹੈ। ਸਾਨੂੰ ਹਿੰਦੀ ਦੇ ਨਾਲ ਨਾਲ ਦੂਜੀਆਂ ਭਾਰਤੀ ਭਾਸ਼ਾਵਾਂ ਦਾ ਵੀ ਅਧਿਐਨ ਕਰਦੇ ਹੋਏ ਉਹਨਾਂ ਨੂੰ ਵੀ ਸਮੁੱਚੇ ਤੌਰ 'ਤੇ ਮਾਨ ਸਨਮਾਨ ਦੇਣਾ ਚਾਹੀਦਾ ਹੈ।



# ਪਟਿਆਲਾ-ਆਸ/ਪਾਸ



## ਵਿਧਾਇਕ ਕੋਹਲੀ ਤੇ ਮੇਅਰ ਗੋਗੀਆ ਨੇ ਅਬਲੋਵਾਲ ਵਿਖੇ ਲੁੱਕ ਦੀਆਂ ਸੜਕਾਂ ਬਣਾਉਣ ਦੇ ਕੰਮ ਦੀ ਕੀਤੀ ਸ਼ੁਰੂਆਤ



ਪਟਿਆਲਾ, 14 ਸਤੰਬਰ (ਗੁਰਮੁੱਖ ਰੁਪਾਣਾ) : ਪਟਿਆਲਾ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਅਬਲੋਵਾਲ, ਵਾਰਡ ਨੰਬਰ 1 ਵਿੱਚ ਅੱਜ ਕਰੀਬ 2.25 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੀਆਂ ਸੜਕਾਂ ਦੇ ਕੰਮ ਦੀ ਸ਼ੁਰੂਆਤ ਕਰਵਾਈ। ਇਸ ਮੌਕੇ ਉਨ੍ਹਾਂ ਦੇ ਨਾਲ ਨਗਰ ਨਿਗਮ ਦੇ ਮੇਅਰ ਕੁੰਦਨ ਗੋਗੀਆ, ਵਾਰਡ ਨੰਬਰ ਇਕ ਦੇ ਕੌਂਸਲਰ ਸੋਨੀਆ ਦਾਸ, ਵਾਰਡ ਨੰਬਰ 59 ਦੇ ਇੰਚਾਰਜ ਵੀਰਪਾਲ ਕੌਰ ਚਹਿਲ ਤੇ ਨਿਗਰਾਨ ਇੰਜੀਨੀਅਰ ਰਜਿੰਦਰ ਚੋਪੜਾ ਵੀ ਮੌਜੂਦ ਸਨ। ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਪਟਿਆਲਾ ਦੇ ਸਰਬਪੱਖੀ ਵਿਕਾਸ ਵੱਲ ਖਾਸ ਧਿਆਨ ਦਿੱਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ ਦੇ ਹੱਲ ਲਈ ਉਹ ਹਰ ਤਰ੍ਹਾਂ ਦੇ ਲੋੜੀਂਦੇ ਉਪਰਾਲੇ ਕਰਦੇ ਹੋਏ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਹਨ।ਅਜੀਤਪਾਲ ਸਿੰਘ ਕੋਹਲੀ ਨੇ ਕਿਹਾ ਕਿ ਹਰ ਵਾਰਡ ਵਿੱਚ ਸੜਕਾਂ ਬਣਾਉਣ ਲਈ ਕੰਮ ਜੰਗੀ ਪੱਧਰ 'ਤੇ ਸ਼ੁਰੂ ਕੀਤਾ ਗਿਆ ਹੈ ਅਤੇ ਇਸ ਨੂੰ ਬਹੁਤ ਜਲਦੀ ਮੁਕੰਮਲ ਕਰ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਪਟਿਆਲਾ ਵਾਸੀਆਂ ਨੂੰ ਨਹਿਰੀ ਪਾਣੀ ਦੀ ਸਪਲਾਈ ਦੇਣ ਲਈ ਪਾਈਪਾਂ ਪਾਉਣ ਦਾ ਕੰਮ ਵੀ ਬਹੁਤ ਜਲਦ ਮੁਕੰਮਲ ਕੀਤਾ ਜਾ ਰਿਹਾ ਹੈ ਅਤੇ ਉਮੀਦ ਹੈ ਕਿ ਅਗਲੇ ਸਾਲ ਦੇ ਮਾਰਚ ਮਹੀਨੇ ਵਿੱਚ ਲੋਕਾਂ ਨੂੰ ਨਹਿਰੀ ਪਾਣੀ ਦੀ ਸਹੂਲਤ ਮਿਲ ਜਾਵੇਗੀ। ਇਸ ਮੌਕੇ ਅਬਲੋਵਾਲ ਮੇਨ ਰੋੜ ਸੜਕ 'ਤੇ ਲੁੱਕ ਪਾਉਣ ਦੇ ਕੰਮ ਦੀ ਸ਼ੁਰੂਆਤ ਕਰਨ ਲਈ ਵਿਕਾਸ ਸੋਸਾਇਟੀ, ਆਦਰਸ਼ ਨਗਰ ਬੀ, ਗੁਰਦੀਪ ਕਲੋਨੀ, ਅਬਲੋਵਾਲ ਦੇ ਕਲੋਨੀ ਆਗੂਆਂ ਹੀਰਾਮਣੀ ਸ਼ਰਮਾ ਪ੍ਰਧਾਨ, ਘੁੰਮਣ ਸਿੰਘ ਫੌਜੀ, ਗੁਰਦਰਸ਼ਨ ਸਿੰਘ ਜੈਲਦਾਰ ਅਬਲੋਵਾਲ, ਦੇਸਰਾਜ ਅਬਲੋਵਾਲ, ਸ਼ਾਮ ਸਿੰਘ ਅਬਲੋਵਾਲ, ਜਗਮੋਹਨ ਸਿੰਘ ਨੌਲਖਾ ਪ੍ਰਧਾਨ, ਵਿਜੇਂਦਰ ਸਿੰਘ ਚੌਹਾਨ,ਗੁਰਮੀਤ ਸਿੰਘ ਦਿਓਲ ਪ੍ਰਧਾਨ ਨਿਊ ਸੈਂਚਰੀ ਇਨਕਲੇਵ ਬੀ, ਸੁਰਿੰਦਰ ਸਿੰਘ ਨੇਗੀ ਆਦਿ ਵੱਲੋਂ ਵਿਧਾਇਕ ਕੋਹਲੀ ਦਾ ਧੰਨਵਾਦ ਕੀਤਾ ਤੇ ਸਿਰੋਪਾ ਭੇਟ ਕੀਤਾ ਗਿਆ।

## ਸ਼ੇਰ-ਏ-ਪੰਜਾਬ ਸਪੋਰਟਸ ਕਲੱਬ ਨੇ ਖੂਨਦਾਨ ਕੈਂਪ ਲਗਾਇਆ



ਸਮਾਣਾ, 14 ਸਤੰਬਰ (ਵਿਜੇ ਕੁਮਾਰ)-ਸ਼ੇਰ-ਏ ਪੰਜਾਬ ਸਪੋਰਟਸ ਕਲੱਬ ਪਿੰਡ ਖਾਨਪੁਰ ਗਾੜੀਆਂ ਵੱਲੋਂ ਖੂਨ ਦਾਨ ਕੈਂਪ ਲਗਾਇਆ ਗਿਆ, ਜਿਸ ਵਿੱਚ ਮੁੱਖ ਮਹਿਮਾਨ ਹਲਕਾ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਦੇ ਪੀ.ਏ ਗੁਰਦੇਵ ਸਿੰਘ ਟਿਵਾਣਾ ਨੇ ਸਿਰਕਤ ਕਰਕੇ ਕੈਂਪ ਦਾ ਉਦਘਾਟਨ ਕੀਤਾ। ਇਸ ਮੌਕੇ ਗੌਰਮਿੰਟ ਮੈਡੀਕਲ ਕਾਲਜ ਪਟਿਆਲਾ ਤੋਂ ਡਾ: ਫਰਿਆਦ ਦੀ ਅਗਵਾਈ ਹੇਠ ਪਹੁੰਚੀ ਟੀਮ ਨੇ 100 ਯੂਨਿਟ ਖੂਨ ਇੱਕਤਰ ਕੀਤਾ। ਕੈਂਪ ਦੌਰਾਨ ਪਹੁੰਚੇ ਮੁੱਖ ਮਹਿਮਾਨ ਗੁਰਦੇਵ ਸਿੰਘ ਟਿਵਾਣਾ ਨੇ ਕਿਹਾ ਕਿ ਖੂਨ ਦੇਣ ਨਾਲ ਸ਼ਰੀਰ ਵਿੱਚ ਕਿਸੇ ਕਿਸਮ ਦੀ ਕਮਜ਼ੋਰੀ ਨਹੀਂ ਆਉਂਦੀ। ਤੇ ਹਰੇਕ ਤੰਦਰੁਸਤ ਇਨਸਾਨ ਤਿੰਨ ਮਹੀਨੇ ਬਾਅਦ ਖੂਨ ਦੇ ਸਕਦਾ ਹੈ। ਇਸ ਮੌਕੇ ਸਰਪੰਚ ਯੂਨੀਅਨ ਦੇ ਪ੍ਰਧਾਨ ਕਮਲਜੀਤ ਸਿੰਘ, ਕਲੱਬ ਪ੍ਰਧਾਨ ਧਰਮਪ੍ਰੀਤ ਸਿੰਘ, ਰਮਨਜੋਤ ਸਿੰਘ,ਭਾਰਤ ਭੂਸ਼ਣ ਗੋਇਲ ਸਰਪੰਚ ਕੁਲਜੀਤ ਸਿੰਘ ਰੰਧਾਵਾ, ਵਰਿੰਦਰ ਸਿੰਘ ਧਰਮਹੇੜੀ, ਜਸਵੀਰ ਸਿੰਘ ਕੁਤਬਣਪੁਰ, ਰਣਜੀਤ ਸਿੰਘ ਰਾਣਾ ਦੀਪਕ ਵਿਧਵਾ ਹਰਮਨ ਦੀਪ ਸਿੰਘ, ਨਰਿੰਦਰ ਸਿੰਘ, ਗੁਰਨਾਮ ਸਿੰਘ ਸੁਖਵਿੰਦਰ ਸਿੰਘ ਤੋਂ ਇਲਾਵਾ ਪਿੰਡ ਵਾਸੀ ਤੇ ਸਮੂਹ ਗ੍ਰਾਮ ਪੰਚਾਇਤ ਹਾਜ਼ਰ ਸੀ।

## ਦੁਕਾਨ ਦੇ ਬਾਹਰ ਖੜ੍ਹੀਆਂ ਦੋ ਲੜਕੀਆਂ ਨੂੰ ਤੇਜ਼ ਰਫਤਾਰ ਟਰੱਕ ਨੇ ਕੁਚਲਿਆ, ਮੌਤ

ਸਮਾਣਾ, 14 ਸਤੰਬਰ (ਵਿਜੇ ਕੁਮਾਰ/ਸੁਖਜਿੰਦਰ ਕੁਲਾਰਾਂ) : ਸਮਾਣਾ-ਭਵਾਨੀਗੜ੍ਹ ਸੜਕ 'ਤੇ ਪਿੰਡ ਗਾਜੇਵਾਸ ਵਿਖੇ ਰੇਤ ਨਾਲ ਭਰਿਆ ਇੱਕ ਤੇਜ਼ ਰਫ਼ਤਾਰ ਟਰੱਕ ਬੇਕਾਬੂ ਹੋ ਕੇ ਇੱਕ ਦੁਕਾਨ ਨਾਲ ਟਕਰਾ ਗਿਆ, ਜਿਸ ਕਾਰਨ ਦੁਕਾਨ ਦੇ ਬਾਹਰ ਖੜ੍ਹੀਆਂ ਦੋ ਲੜਕੀਆਂ ਦੀ ਮੌਤ ਹੋ ਗਈ, ਜਦਕਿ ਇੱਕ ਔਰਤ ਜ਼ਖ਼ਮੀ ਹੋ ਗਈ। ਜ਼ਖਮੀ ਔਰਤ ਨੂੰ ਇਲਾਜ ਲਈ ਸਿਵਲ ਹਸਪਤਾਲ ਸਮਾਣਾ ਵਿੱਚ ਦਾਖਲ ਕਰਵਾਇਆ ਗਿਆ, ਜਦੋਂਕਿ ਦੋਵਾਂ ਲੜਕੀਆਂ ਦੀਆਂ ਲਾਸ਼ਾਂ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਸਮਾਣਾ ਲਿਆਂਦਾ ਗਿਆ। ਮਾਮਲੇ ਦੇ ਜਾਂਚ ਅਧਿਕਾਰੀ, ਗਾਜੇਵਾਸ ਪੁਲਿਸ ਦੇ ਏਐਸਆਈ ਅੰਮ੍ਰਿਤਪਾਲ ਸਿੰਘ ਨੇ ਦੱਸਿਆ ਕਿ ਪਿੰਡ ਨਾਰਾਇਣਗੜ੍ਹ ਦਾ ਰਹਿਣ ਵਾਲਾ ਰਾਜਪਾਲ ਸਿੰਘ ਆਪਣੀ ਪਤਨੀ ਬਲਜਿੰਦਰ ਕੌਰ, ਬੇਟੀ ਜਸਦੀਪ ਕੌਰ (24) ਅਤੇ ਪੋਤੀ ਹਰਨਾਜ਼ ਕੌਰ (6) ਨਾਲ ਮੋਟਰਸਾਈਕਲ 'ਤੇ ਪਿੰਡ ਨਮਾਦਾਂ ਦੇ ਮੇਲੇ ਵਿੱਚ ਜਾ ਰਿਹਾ ਸੀ। ਗਾਜੇਵਾਸ ਨੇੜੇ ਮੋਟਰਸਾਈਕਲ ਖਰਾਬ ਹੋਣ 'ਤੇ ਉਹ ਪਰਿਵਾਰ ਨੂੰ ਇੱਕ ਦੁਕਾਨ ਦੇ ਬਾਹਰ ਛੱਡ ਕੇ ਮੋਟਰਸਾਈਕਲ ਠੀਕ ਕਰਵਾਉਣ ਲਈ ਚਲਾ ਗਿਆ। ਇਸ ਦੌਰਾਨ ਸਮਾਣਾ ਵੱਲੋਂ ਆ ਰਿਹਾ ਰੇਤ ਨਾਲ ਭਰਿਆ ਟਰੱਕ-ਟਰਾਲਾ ਸੜਕ 'ਤੇ ਆ ਰਹੇ ਇੱਕ ਮੋਟਰਸਾਈਕਲ ਸਵਾਰ ਨੂੰ ਬਚਾਉਂਦੇ ਹੋਏ ਬੇਕਾਬੂ ਹੋ ਕੇ ਸੜਕ ਕਿਨਾਰੇ ਲੱਗੇ ਬਿਜਲੀ ਦੇ ਟ੍ਰਾਂਸਫਾਰਮਰ ਨਾਲ ਟਕਰਾ ਗਿਆ ਅਤੇ ਉਸ ਨੂੰ ਤੋੜਦਾ ਹੋਇਆ ਸੜਕ ਕਿਨਾਰੇ ਇੱਕ ਦੁਕਾਨ ਦੇ ਬਾਹਰ ਖੜ੍ਹੀ ਔਰਤ ਅਤੇ ਦੋਵੇਂ ਲੜਕੀਆਂ ਨੂੰ ਕੁਚਲਦਾ ਹੋਇਆ ਦੁਕਾਨ ਅੰਦਰ ਜਾ ਵੜਿਆ।



ਤਿੰਨੋਂ ਜ਼ਖਮੀਆਂ ਨੂੰ ਤੁਰੰਤ ਸਿਵਲ ਹਸਪਤਾਲ ਸਮਾਣਾ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਜਸਦੀਪ ਕੌਰ (24) ਨੂੰ ਮ੍ਰਿਤਕ ਐਲਾਨ ਕਰ ਦਿੱਤਾ, ਜਦਕਿ ਹਰਨਾਜ਼ ਕੌਰ (6) ਦੀ ਹਾਲਤ ਗੰਭੀਰ ਦੇਖ ਕੇ ਉਸ ਨੂੰ ਮੁੱਢਲੀ ਸਹਾਇਤਾ ਤੋਂ ਬਾਅਦ ਪਟਿਆਲਾ ਰੈਫਰ ਕਰ ਦਿੱਤਾ ਗਿਆ, ਪਰ ਰਸਤੇ ਵਿੱਚ ਹੀ ਉਸ ਦੀ ਵੀ ਮੌਤ ਹੋ ਗਈ। ਅਧਿਕਾਰੀ ਅਨੁਸਾਰ ਜ਼ਖਮੀ ਬਲਜਿੰਦਰ ਕੌਰ ਅਤੇ ਟਰੱਕ-ਟਰਾਲਾ ਦਾ ਕੰਡਕਟਰ ਹਸਪਤਾਲ ਵਿੱਚ ਇਲਾਜ ਅਧੀਨ ਹਨ। ਅਧਿਕਾਰੀ ਅਨੁਸਾਰ ਪੁਲਿਸ ਨੇ ਟਰੱਕ-ਟਰਾਲਾ ਨੂੰ ਕਬਜ਼ੇ ਵਿੱਚ ਲੈ ਲਿਆ ਹੈ ਅਤੇ ਉਸ ਦੇ ਡਰਾਈਵਰ ਖ਼ਿਲਾਫ਼ ਮਾਮਲਾ ਦਰਜ ਕਰਕੇ ਉਸ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ।

## ਸਬ-ਡਵੀਜ਼ਨ ਪਾਤੜਾਂ 'ਚ ਬੌਣਾ ਰੋਗ ਨੇ ਸੈਂਕੜੇ ਏਕੜ ਝੋਨੇ ਦੀ ਫ਼ਸਲ ਕੀਤੀ ਤਬਾਹ

ਪਾਤੜਾਂ,14 ਸਤੰਬਰ (ਹਰਮਿੰਦਰ ਕਰਤਾਰਪੁਰ): ਸਬ ਡਵੀਜ਼ਨ ਪਾਤੜਾਂ ਦੇ ਘੱਗਰ ਪਾਰ ਪਿੰਡ ਅਰਨੋ, ਠਰੂਆ, ਮਤੌਲੀ, ਤੇਈਪੁਰ ਆਦਿ ਪਿੰਡਾਂ 'ਚ ਝੋਨੇ ਦੀ ਸੈਂਕੜੇ ਏਕੜ ਫ਼ਸਲ ਨੂੰ ਬੌਣਾ ਰੋਗ ਨੇ ਤਬਾਹ ਕਰ ਕੇ ਰੱਖ ਦਿੱਤਾ ਹੈ। ਜਿਸ ਚੱਲਦਿਆਂ ਪੀੜਤ ਕਿਸਾਨਾਂ ਵਲੋਂ ਅੱਜ ਗੁਰਦੁਆਰਾ ਬਹਿਰ ਸਾਹਿਬ ਵਿਖੇ ਕਿਸਾਨ ਪੰਚਾਇਤ ਸੱਦੀ ਗਈ। ਕਿਸਾਨ ਪੰਚਾਇਤ ਦੌਰਾਨ ਜਿੱਥੇ ਬੀਜ਼ ਕੰਪਨੀ ਅਤੇ ਪੈਸਟੀਸਾਈਜ਼ ਦਵਾਈਆਂ ਦੀਆਂ ਕੰਪਨੀ ਨੂੰ ਸਿੱਧੇ ਰੂਪ ਵਿੱਚ ਦੋਸ਼ੀ ਠਹਿਰਾਇਆ ਗਿਆ ਉੱਥੇ ਹੀ ਸੂਬਾ ਸਰਕਾਰ ਉੱਪਰ ਵੀ ਸਵਾਲ ਚੁੱਕੇ ਗਏ। ਕਿਸਾਨ ਪੰਚਾਇਤ ਦੌਰਾਨ ਜਥੇਦਾਰ ਬਲਦੇਵ ਸਿੰਘ ਬੋਹੜੀਵਾਲਾ ਅਤੇ ਨੰਬਰਦਾਰ ਗੁਰਦਰਸ਼ਨ ਸਿੰਘ ਗੋਲੀ ਨੇ ਸਰਕਾਰ ਤੋਂ ਮੰਗ ਕੀਤੀ ਕੇ ਬੌਣਾ ਰੋਗ ਨਾਲ ਬਰਬਾਦ ਹੋਏ ਝੋਨੇ ਦੀ ਤਰੁੰਤ ਗਿਰਦਾਵਰੀ ਕਰਵਾ ਕੇ ਕਿਸਾਨਾਂ ਨੂੰ ਬਣਦਾ ਮੁਆਵਜ਼ਾ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਕਿਸਾਨਾਂ ਦੇ ਨੁਕਸਾਨ ਦੀ ਜਾਣਕਾਰੀ ਲੈਣ ਲਈ ਅਜੇ ਤੱਕ ਮਾਲ ਵਿਭਾਗ ਅਤੇ ਖੇਤੀਬਾੜੀ ਵਿਭਾਗ ਨਾਲ ਸੰਬੰਧਤ ਕਿਸੇ ਅਧਿਕਾਰੀ ਨੇ ਉਨ੍ਹਾਂ ਨਾਲ ਰਾਬਤਾ ਕਾਇਮ ਨਹੀਂ ਕੀਤਾ ਅਤੇ ਨਾ ਹੀ ਸੂਬਾ ਸਰਕਾਰ ਦਾ ਕੋਈ ਨੁਮਾਇੰਦਾ ਉਨ੍ਹਾਂ ਕੋਲ ਪਹੁੰਚਿਆ ਹੈ। ਕਿਸਾਨ ਪੰਚਾਇਤ ਤੋਂ ਬਾਅਦ ਕਿਸਾਨਾਂ ਦੇ ਇੱਕ ਵਫ਼ਦ ਵੱਲੋਂ ਵਿਧਾਨ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਸਮੁੱਚੀ ਸਥਿੱਤੀ ਤੋਂ ਜਾਣੂੰ ਕਰਵਾਇਆ ਗਿਆ। ਵਿਧਾਇਕ ਸ਼ੁਤਰਾਣਾ ਨਾਲ ਗੱਲਬਾਤ ਕਰਨ ਤੋਂ ਬਾਅਦ ਮੀਡੀਆ ਨਾਲ ਜਾਣਕਾਰੀ ਸਾਂਝੀ ਕਰਦਿਆਂ ਕਿਸਾਨਾਂ ਦੇ ਵਫ਼ਦ ਨੇ ਦੱਸਿਆ ਵਿਧਾਇਕ ਸ਼ੁਤਰਾਣਾ ਨੇ ਭਰੋਸਾ ਦਿੱਤਾ ਹੈ ਕਿ ਉਨ੍ਹਾਂ ਵੱਲੋਂ ਮਾਲ ਵਿਭਾਗ ਅਤੇ ਖੇਤੀਬਾੜੀ ਵਿਭਾਗ ਨਾਲ ਸੰਬੰਧਤ ਅਧਿਕਾਰੀਆਂ ਨੂੰ ਕਿਸਾਨਾਂ ਦੀਆਂ ਬਰਬਾਦ ਹੋਈਆਂ ਫ਼ਸਲਾਂ ਦੀ ਤਰੁੰਤ ਜਾਣਕਾਰੀ ਇਕੱਤਰ ਕਰਨ ਲਈ ਕਿਹਾ ਗਿਆ ਹੈ।ਮੀਡੀਆ ਨਾਲ ਗੱਲਬਾਤ ਕਰਦਿਆਂ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਕਿਹਾ ਕਿ ਹੜ੍ਹ ਦੇ ਪਾਣੀ ਅਤੇ ਬੌਣਾ ਰੋਗ ਨਾਲ ਤਬਾਹ ਹੋਈ ਝੋਨੇ ਦੀ ਫ਼ਸਲ ਦੀ ਜਲਦ ਗਿਰਦਾਵਰੀ ਕਰਵਾ ਕੇ ਬਣਾ ਮੁਆਵਜ਼ਾ ਸਰਕਾਰ ਵੱਲੋਂ ਦਿੱਤਾ ਜਾਵੇਗਾ।

## ਹੜ੍ਹ ਪੀੜਤਾਂ ਲਈ ਗੁਰਦੁਆਰਾ ਪ੍ਰਬੰਧਕਾਂ ਨੂੰ ਸੌਂਪੀ 51 ਹਜ਼ਾਰ ਦੀ ਸਹਾਇਤਾ ਰਾਸ਼ੀ

### ਗੁਜਰਾਤ ਤੋਂ ਆਏ ਜਾਵੇਦ ਖਾਨ ਨੇ ਕੀਤੀ ਮਦਦ



ਪਟਿਆਲਾ 14 ਸਤੰਬਰ (ਰੁਪਾਣਾ/ਅਰਜੀਤ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹੜ੍ਹ ਦੀ ਮਾਰ ਹੇਠ ਆਏ ਪ੍ਰਭਾਵਤ ਇਲਾਕਿਆਂ ਵਿਚ ਜਿਥੇ ਲੋੜਵੰਦਾਂ ਦੀ ਮਦਦ ਕੀਤੀ ਜਾ ਰਹੀ ਹੈ, ਉੱਥੇ ਹੀ ਵੱਖ-ਵੱਖ ਸਿੱਖ ਸੰਸਥਾਵਾਂ, ਜਥੇਬੰਦੀਆਂ ਅਤੇ ਭਾਈਚਾਰੇ ਦੇ ਲੋਕਾਂ ਵੱਲੋਂ ਅੱਗੇ ਆ ਕੇ ਆਪਣਾ ਅਹਿਮ ਯੋਗਦਾਨ ਪਾਇਆ ਜਾ ਰਿਹਾ ਹੈ, ਜਿਸ ਤਹਿਤ ਅੱਜ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਦੇ ਪ੍ਰਬੰਧਕਾਂ ਨੂੰ ਗੁਜਰਾਤ ਤੋਂ ਆਏ ਇਕ ਪਰਿਵਾਰ ਵੱਲੋਂ 51,000 ਰੁਪਏ ਦੀ ਨਗਦ ਸਹਾਇਤਾ ਰਾਸ਼ੀ ਹੜ੍ਹ ਪੀੜਤਾਂ ਲਈ ਦਿੱਤੀ ਗਈ ਹੈ। ਇਸ ਸਬੰਧੀ ਜਾਣਕਾਰੀ ਮੈਨੇਜਰ ਭਾਗ ਸਿੰਘ ਨੇ ਸਾਂਝੀ ਕਰਦਿਆਂ ਦੱਸਿਆ ਕਿ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪਾਵਨ ਅਸਥਾਨ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਵਿਖੇ ਦੂਰ ਦਰਾਡੇ ਤੋਂ ਸੰਗਤਾਂ ਨਤਮਸਤਕ ਹੋਣ ਪੁੱਜਦੀਆਂ ਹਨ ਅਤੇ ਗੁਰੂ ਘਰ ਵੱਡੀ ਆਸਥਾ ਰੱਖਣ ਵਾਲੇ ਜਾਵੇਦ ਖਾਨ ਸਰਪੰਚ ਪਿੰਡ ਡਾਂਗੀਆਂ, ਜੋ ਜ਼ਿਲ੍ਹਾ ਬਨਾਸ ਕਾਂਠਾ ਗੁਜਰਾਤ ਦੇ ਰਹਿਣ ਵਾਲੇ ਪਰਿਵਾਰ ਨੇ ਹੜ੍ਹ ਪੀੜਤਾਂ ਲਈ 51,000 ਰੁਪਏ ਦੀ ਨਗਦ ਰਾਸ਼ੀ ਸੌਂਪੀ ਹੈ। ਉਨ੍ਹਾਂ ਦੱਸਿਆ ਕਿ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਆਸਥਾ ਦਾ ਵੱਡਾ ਕੇਂਦਰ ਹੈ ਅਤੇ ਅਕਸਰ ਸੰਗਤਾਂ ਗੁਰੂ ਘਰ ਮੱਥਾ ਟੇਕਣ ਪੁੱਜਦੀਆਂ ਹਨ। ਇਸ ਦੌਰਾਨ ਜਾਵੇਦ ਖਾਨ ਨੇ ਦੱਸਿਆ ਕਿ ਪੰਜਾਬ ਵਿਚ ਆਏ ਹੜ੍ਹਾਂ ਕਾਰਨ ਲੋਕ ਮੁਸੀਬਤਾਂ ਵਿਚ ਹਨ ਅਤੇ ਇਸ ਦੌਰਾਨ ਉਹ ਗੁਰੂ ਘਰ ਪੁੱਜੇ ਸਨ ਅਤੇ ਸਾਡੇ ਪਰਿਵਾਰ ਦੀ ਸ਼ਰਧਾ ਸੀ ਕਿ ਅਸੀਂ ਵੀ ਹੜ੍ਹ ਵਿਚ ਫਸੇ ਲੋਕਾਂ ਤੱਕ ਸਹਾਇਤਾ ਪਹੁੰਚਾ ਸਕੀਏ ਅਤੇ ਗੁਰੂ ਸਾਹਿਬ ਦੀ ਅਪਾਰ ਕਿਰਪਾ ਸਦਕਾ ਆਪਣੀ ਕਿਰਤ ਕਮਾਈ ਵਿੱਚੋਂ ਉਨ੍ਹਾਂ ਨੇ 51,000 ਰੁਪਏ ਦੀ ਨਗਦ ਰਾਸ਼ੀ ਹੜ੍ਹ ਪੀੜਤਾਂ ਲਈ ਪ੍ਰਬੰਧਕਾਂ ਨੂੰ ਸੌਂਪੀ ਹੈ। ਇਸ ਦੌਰਾਨ ਹੋਰਨਾਂ ਤੋਂ ਇਲਾਵਾ ਮੀਤ ਮੈਨੇਜਰ ਜਸਵਿੰਦਰ ਸਿੰਘ, ਸਰਬਜੀਤ ਸੰਘ, ਸਤਿੰਦਰ ਸਿੰਘ ਬਾਜਵਾ, ਮਨਜੀਤ ਸਿੰਘ ਪਵਾਰ ਤੇ ਸਮੂਹ ਸਟਾਫ ਮੈਂਬਰ ਆਦਿ ਸ਼ਾਮਲ ਸਨ।

## ਮਿਡ-ਡੇ-ਮੀਲ ਬਲਾਕ ਮੈਨੇਜਰਾਂ ਨੂੰ ਰੈਗੂਲਰ ਨਾ ਕਰਨ 'ਤੇ ਗੌਰਮਿੰਟ ਟੀਚਰਜ਼ ਯੂਨੀਅਨ ਵੱਲੋਂ ਸਰਕਾਰ ਦੀ ਨਿਖੇਧੀ



ਦੇਵੀਗੜ੍ਹ, 14 ਸਤੰਬਰ (ਗੁਰਜੀਤ ਸਿੰਘ ਚੌਟ): ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਜ਼ਿਲ੍ਹਾ ਪਟਿਆਲਾ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਜਸਵਿੰਦਰ ਸਿੰਘ ਸਮਾਣਾ ਤੇ ਜਨਰਲ ਸਕੱਤਰ ਪਰਮਜੀਤ ਸਿੰਘ ਪਟਿਆਲਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਸਰਵ ਸਿੱਖਿਆ ਅਭਿਆਨ ਦੇ ਦਫਤਰੀ ਕੰਮਾਂ ਨੂੰ ਰੈਗੂਲਰ ਕਰਨ ਦਾ ਸਵਾਗਤ ਵੀ ਕੀਤਾ ਗਿਆ ਤੇ ਮੰਗ ਦੁਹਰਾਈ ਗਈ ਤੇ ਇਹਨਾਂ ਕਰਮਚਾਰੀਆਂ ਨੂੰ ਦੂਸਰੇ ਕਰਮਚਾਰੀਆਂ ਵਾਂਗ ਹੀ ਪੂਰੇ ਭੱਤਿਆਂ ਤੇ ਰੈਗੂਲਰ ਕੀਤਾ ਜਾਵੇ।ਜਥੇਬੰਦੀ ਨੇ ਦਫ਼ਤਰਾਂ ਵਿੱਚ ਪਿਛਲੇ 16 ਸਾਲਾਂ ਤੋਂ ਸਰਵ ਸਿੱਖਿਆ ਅਭਿਆਨ ਦੇ ਤਹਿਤ ਮਿਡ ਡੇ ਮੀਲ ਦੇ ਸਹਾਇਕ ਬਲਾਕ ਮੈਨੇਜਰਾਂ ਨੂੰ ਰੈਗੂਲਰ ਕਰਨ ਲਈ ਨਾ ਵਿਚਾਰਨ ਤੇ ਜੋਰਦਾਰ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਆਗੂਆਂ ਨੇ ਕਿਹਾ ਕਿ ਸਰਕਾਰ ਨੂੰ ਬਿਨਾਂ ਕਿਸੇ ਵਿਤਕਰੇ ਦੇ ਛੇਤੀ ਤੋਂ ਛੇਤੀ ਰਹਿੰਦੇ ਮਿਡ ਡੇ ਮੀਲ ਸਹਾਇਕ ਬਲਾਕ ਮੈਨੇਜਰਾਂ ਨੂੰ ਵੀ ਰੈਗੂਲਰ ਕਰਨਾ ਚਾਹੀਦਾ ਹੈ। ਜੇਕਰ ਸਰਕਾਰ ਇਹਨਾਂ ਬਲਾਕ ਮੈਨੇਜਰਾਂ ਨੂੰ ਛੇਤੀ ਤੋਂ ਛੇਤੀ ਰੈਗੂਲਰ ਨਹੀਂ ਕਰਦੀ ਤਾਂ ਗੌਰਮਿੰਟ ਟੀਚਰਜ਼ ਯੂਨੀਅਨ ਮਿਡ ਡੇ ਮੀਲ ਬਲਾਕ ਮੈਨੇਜਰ ਦੇ ਨਾਲ ਵੱਡੇ ਸੰਘਰਸ਼ ਉਲੀਕੇਗੀ। ਇਸ ਸਮੇਂ ਦੀਦਾਰ ਸਿੰਘ ਪਟਿਆਲਾ, ਹਿੰਮਤ ਸਿੰਘ, ਹਰਦੀਪ ਸਿੰਘ ਪਟਿਆਲਾ, ਹਰਪ੍ਰੀਤ ਸਿੰਘ ਉੱਪਲ, ਜਸਪ੍ਰੀਤ ਸਿੰਘ ਭਾਟੀਆ, ਵਿਕਾਸ ਸਹਿਗਲ, ਜਸਵਿੰਦਰ ਪਾਲ ਸ਼ਰਮਾ, ਮਨਜਿੰਦਰ ਸਿੰਘ ਗੋਲਡੀ, ਗੁਰਪ੍ਰੀਤ ਸਿੰਘ ਸਿੱਧੂ, ਭੀਮ ਸਿੰਘ ਸਮਾਣਾ, ਗੁਰਵਿੰਦਰ ਸਿੰਘ ਖੰਗੂੜਾ, ਸਪਿੰਦਰ ਸ਼ਰਮਾ ਧਨੇਠਾ, ਸ਼ਿਵਪ੍ਰੀਤ ਸਿੰਘ ਪਟਿਆਲਾ, ਨਿਰਭੈ ਸਿੰਘ ਘਨੌਰ , ਡਾ.ਬਲਜਿੰਦਰ ਸਿੰਘ ਪਠੌਣੀਆ, ਮੌਜੂਦ ਰਹੇ।

## ਪੰਜਾਬੀ ਸਾਹਿਤ ਸਭਾ ਵੱਲੋਂ ਡਾ. ਅਮਰ ਕੋਮਲ, ਡਾ. ਗੁਰਬਚਨ ਸਿੰਘ ਰਾਹੀ, ਬਾਬੂ ਸਿੰਘ ਰੈਹਲ, ਸੁਖਦੇਵ ਸਿੰਘ ਚਹਿਲ ਅਤੇ ਲਛਮਣ ਸਿੰਘ ਤਰੌੜਾ ਨੂੰ 'ਪੰਜਾਬੀ ਸੇਵਕ' ਪੁਰਸਕਾਰ ਪ੍ਰਦਾਨ

### ☛ਸਭਾ ਵੱਲੋਂ ਭਵਿੱਖ 'ਚ ਨਿਰੰਤਰ ਜਾਰੀ ਰਹੇਗੀ ਪੁਰਸਕਾਰ ਰਵਾਇਤ: ਡਾ. ਦਰਸ਼ਨ ਸਿੰਘ 'ਆਸ਼ਟ'



ਪਟਿਆਲਾ, 14 ਸਤੰਬਰ (ਚ.ਨ.ਸ.): ਅੱਜ ਪੰਜਾਬੀ ਸਾਹਿਤ ਸਭਾ (ਰਜਿ.) ਪਟਿਆਲਾ ਵੱਲੋਂ ਭਾਸ਼ਾ ਵਿਭਾਗ, ਪੰਜਾਬ ਪਟਿਆਲਾ ਵਿਖੇ ਪੰਜਾਬੀ ਸਾਹਿਤ ਸਭਾ ਪਟਿਆਲਾ ਦੇ ਪੰਜ ਸੀਨੀਅਰ ਲਿਖਾਰੀਆਂ ਨੂੰ 'ਪੰਜਾਬੀ ਸੇਵਕ' ਪੁਰਸਕਾਰ ਪ੍ਰਦਾਨ ਕੀਤੇ ਗਏ। ਇਸ ਸਮਾਗਮ ਦੇ ਪ੍ਰਧਾਨਗੀ ਮੰਡਲ ਵਿਚ ਸਭਾ ਦੇ ਪ੍ਰਧਾਨ ਡਾ. ਦਰਸ਼ਨ ਸਿੰਘ 'ਆਸ਼ਟ',ਪ੍ਰਸਿੱਧ ਪੱਤਰਕਾਰ ਅਤੇ ਸਾਹਿਤਕਾਰ ਸੁਖਵਿੰਦਰ ਸਿੰਘ ਫੁੱਲ (ਸੰਗਰੂਰ),ਉੱਘੇ ਸਮਾਜਸੇਵੀ ਸ੍ਰੀ ਭਗਵਾਨ ਦਾਸ ਗੁਪਤਾ ਤੋਂ ਇਲਾਵਾ ਪ੍ਰਿੰਸੀਪਲ ਚਰਨਜੀਤ ਕੌਰ, ਮਾਤਾ ਗੁਜਰੀ ਕਾਲਜ ਫ਼ਤਹਿਗੜ੍ਹ ਸਾਹਿਬ ਦੇ ਪੱਤਰਕਾਰੀ ਅਤੇ ਜਨਸੰਚਾਰ ਵਿਭਾਗ ਦੇ ਮੁਖੀ ਡਾ. ਹਰਗੁਣਪ੍ਰੀਤ ਸਿੰਘ ਅਤੇ ਉੱਘੀ ਪੰਜਾਬੀ ਕਵਿੱਤਰੀ ਕਮਲ ਸੇਖੋਂ ਸ਼ਾਮਿਲ ਸਨ.ਸਮਾਗਮ ਦੇ ਆਰੰਭ ਵਿਚ ਡਾ. ਦਰਸ਼ਨ ਸਿੰਘ ਆਸ਼ਟ ਨੇ ਪੁੱਜੇ ਲੇਖਕਾਂ ਅਤੇ ਸਾਹਿਤ ਪ੍ਰੇਮੀਆਂ ਦਾ ਸੁਆਗਤ ਕਰਦਿਆਂ ਕਿਹਾ ਕਿ 1957 ਤੋਂ ਹੋਂਦ ਵਿਚ ਆਈ ਸਭਾ ਦੇ ਅਹਿਮ ਕਾਰਜਾਂ ਵਿਚ ਸਾਲ ਨਵਾਂ ਵਾਧਾ ਕੀਤਾ ਜਾ ਰਿਹਾ ਹੈ। ਇਸ ਤਹਿਤ ਹਰ ਸਾਲ ਸੀਨੀਆਰਤਾ ਮੁਤਾਬਿਕ ਉਨ੍ਹਾਂ ਪੰਜ ਸਾਹਿਤਕਾਰਾਂ ਨੂੰ ਪੰਜਾਬੀ ਸੇਵਕ ਪੁਰਸਕਾਰ ਪ੍ਰਦਾਨ ਕੀਤਾ ਜਾਇਆ ਕਰੇਗਾ ਜਿਨ੍ਹਾਂ ਦੀ ਉਮਰ 80 ਜਾਂ ਇਸ ਤੋਂ ਵੱਧ ਸਾਲਾਂ ਦੀ ਹੋਵੇਗੀ। ਸਾਲ 2025 ਦੌਰਾਨ ਇਹ ਪੁਰਸਕਾਰ ਡਾ. ਗੁਰਬਚਨ ਸਿੰਘ ਰਾਹੀ, ਬਾਬੂ ਸਿੰਘ ਰੈਹਲ, ਸੁਖਦੇਵ ਸਿੰਘ ਚਹਿਲ ਅਤੇ ਲਛਮਣ ਸਿੰਘ ਤਰੌੜਾ ਨੂੰ ਪ੍ਰਦਾਨ ਕੀਤੇ ਗਏ.ਡਾ. ਅਮਰ ਕੋਮਲ ਦਾ ਪੁਰਸਕਾਰ ਉਨ੍ਹਾਂ ਦੇ ਸਪੁੱਤਰ ਸਾਬਕਾ ਪ੍ਰਿੰਸੀਪਲ ਡਾ. ਸੰਜੀਵ ਕੁਮਾਰ ਕਾਲੀਆ ਨੇ ਪ੍ਰਾਪਤ ਕੀਤਾ। ਸਮਾਗਮ ਦੀ ਪ੍ਰਧਾਨਗੀ ਕਰਦਿਆਂ ਸ. ਸੁਖਵਿੰਦਰ ਸਿੰਘ ਫੁੱਲ ਨੇ ਕਿਹਾ ਕਿ ਸਭਾ ਦੇ ਇਸ ਅਨੋਖੇ ਸਮਾਗਮ ਵਿਚ ਉਨ੍ਹਾਂ ਦਾ ਆਉਣਾ ਸਾਹਿਤ ਦੇ ਤੀਰਥ ਦੀ ਯਾਤਰਾ ਕਰਨ ਦੇ ਸਮਾਨ ਹੈ ਜਦੋਂ ਕਿ ਸ੍ਰੀ ਭਗਵਾਨ ਦਾਸ ਗੁਪਤਾ ਨੇ ਕਿਹਾ ਕਿ ਸਾਹਿਤਕਾਰ ਸਮਾਜ ਦਾ ਦਰਪਣ ਹੁੰਦੇ ਹਨ। ਇਸ ਦੌਰਾਨ ਸਨਮਾਨਿਤ ਸ਼ਖ਼ਸੀਅਤਾਂ ਨੇ ਆਪਣੀ ਰਚਨਾ ਪ੍ਰਕਿਰਿਆ ਬਾਰੇ ਵਿਸਥਾਰ ਪੂਰਵਕ ਚਰਚਾ ਕੀਤੀ। ਪੁਰਸਕਾਰ ਪ੍ਰਾਪਤ ਕਰਨ ਵਾਲੀਆਂ ਸ਼ਖ਼ਸੀਅਤਾਂ ਬਾਰੇ ਪ੍ਰੋ. ਤਰਲੋਚਨ ਕੌਰ, ਅਧਿਆਪਕਾ ਮਨਪ੍ਰੀਤ ਕੌਰ, ਬਲਬੀਰ ਸਿੰਘ ਦਿਲਦਾਰ, ਨਵਦੀਪ ਸਿੰਘ ਮੁੰਡੀ ਅਤੇ ਅਜਾਇਬ ਰਾਜ ਗੁਰਕੀਰਤ ਕੌਰ ਨੇ ਸਨਮਾਨ ਪੱਤਰ ਪੜ੍ਹੇ.ਇਸ ਦੌਰਾਨ ਸਭਾ ਦੇ ਜਨਰਲ ਸਕੱਤਰ ਦਵਿੰਦਰ ਪਟਿਆਲਵੀ ਅਤੇ ਉੱਘੇ ਗੀਤਕਾਰ ਧਰਮ ਕੰਮੇਆਣਾ ਤੋਂ ਇਲਾਵਾ ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਕੁਲਜੀਤ ਸਿੰਘ, ਡਾ. ਇਕਬਾਲ ਸਿੰਘ ਸਕਰੌਦੀ, ਡਾ. ਹਰਪ੍ਰੀਤ ਸਿੰਘ ਰਾਣਾ,ਪ੍ਰੋ. ਨਵਸੰਗੀਤ ਸਿੰਘ,ਪ੍ਰਿੰਸੀਪਲ ਸੰਜੀਵ ਕਾਲੀਆ,ਸਤਨਾਮ ਕੌਰ ਚੌਹਾਨ ਅਤੇ ਕਿਰਨਦੀਪ ਕੌਰ ਨੇ ਆਪਣੇ ਵਿਚਾਰਾਂ ਸਾਂਝੇ ਕਰਨ ਦੇ ਨਾਲ ਨਾਲ ਰਚਨਾਵਾਂ ਵੀ ਪ੍ਰਸਤੁੱਤ ਕੀਤੀਆਂ। ਸਮਾਗਮ ਦੇ ਦੂਜੇ ਦੌਰ ਵਿਚ ਪ੍ਰਸਿੱਧ ਕਵੀ ਸਾਗਰ ਸੂਦ ਸੰਜੇ, ਅਨੀਤਾ ਪਟਿਆਲਵੀ, ਤ੍ਰਿਲੋਕ ਢਿੱਲੋਂ, ਡਾ. ਇੰਦਰਪਾਲ ਕੌਰ,ਬਲਵਿੰਦਰ ਕੌਰ ਥਿੰਦ,ਸਾਬਕਾ ਪ੍ਰਿੰ. ਮੋਹਨਜੀਤ ਸਿੰਘ,ਸਿਮਰ ਜੰਗਰਾਲ, ਹਰਮੀਤ ਸਿੰਘ ਚਹਿਲ,ਬਜਿੰਦਰ ਠਾਕੁਰ, ਅਮਰ ਗਰਗ ਕਲਮਦਾਨ,ਰਘਬੀਰ ਸਿੰਘ ਗਿੱਲ ਕੱਟੂ (ਬਰਨਾਲਾ),ਸਾਬਕਾ ਡੀ.ਐਸ.ਪੀ.ਨਾਹਰ ਸਿੰਘ,ਮਾਸਟਰ ਰਾਜ ਸਿੰਘ ਬਧੌਛੀ, ਖ਼ੁਸ਼ਪ੍ਰੀਤ ਸਿੰਘ ਹਰੀਗੜ੍ਹ, ਨਰਪਿੰਦਰ ਸਿੰਘ ਖਹਿਰਾ,ਨੈਬ ਸਿੰਘ ਬਦੇਸ਼ਾ, ਰਘਬੀਰ ਸਿੰਘ ਮਹਿਮੀ,ਸਤੀਸ਼ ਵਿਦਰੋਹੀ, ਸਤਨਾਮ ਸਿੰਘ ਮੱਟੂ,ਪਵਨ ਕੁਮਾਰ ਗੋਇਲ, ਰੰਗਕਰਮੀ ਜੋਗਾ ਸਿੰਘ ਖੀਵਾ, ਕ੍ਰਿਸ਼ਨ ਲਾਲ ਧੀਮਾਨ, ਵਿਜੇ ਕੁਮਾਰ, ਸ਼ਾਮ ਸਿੰਘ ਪ੍ਰੇਮ, ਰਾਜੇਸ਼ਵਰ ਕੁਮਾਰ, ਰਾਜੇਸ਼ਵਰ ਕੁਮਾਰ, ਜੋਗਾ ਸਿੰਘ ਧਨੌਲਾ ਆਦਿ ਨੇ ਆਪਣੀਆਂ ਰਚਨਾਵਾਂ ਪੜ੍ਹੀਆਂ। ਇਸ ਸਮਾਗਮ ਵਿਚ ਪ੍ਰਿੰਸੀਪਲ ਜਰਨੈਲ ਸਿੰਘ,ਡਾ. ਲਕਸ਼ਮੀ ਨਰਾਇਣ ਭੀਖੀ, ਆਤਮਾ ਸਿੰਘ, ਰਾਕੇਸ਼ ਕੁਮਾਰ, ਰੰਗਕਰਮੀ ਜੋਗਾ ਸਿੰਘ ਖੀਵਾ, ਚਰਨ ਸਿੰਘ ਬੰਬੀਹਾ ਭਾਈ, ਸੁਰਿੰਦਰ ਬੇਦੀ ਆਦਿ ਸ਼ਾਮਿਲ ਸਨ।

## ਪ੍ਰੈਸ ਕਲੱਬ ਨੇ ਮੁਫਤ ਮੈਡੀਕਲ ਚੈਕਅਪ ਕੈਂਪ ਲਗਾਇਆ

### ➤ਮੁੱਖ ਮਹਿਮਾਨ ਵਜੋਂ ਵਿਧਾਇਕ ਜੌੜਾਮਾਜਰਾ ਵੱਲੋਂ ਸ਼ਿਰਕਤ



ਸਮਾਣਾ, 14 ਸਤੰਬਰ (ਵਿਜੇ ਕੁਮਾਰ): ਪ੍ਰੈਸ ਕਲੱਬ ਵੱਲੋਂ ਪਹਿਲਾ ਫਰੀ ਮੈਡੀਕਲ ਚੈਕਅਪ ਕੈਂਪ ਅਗਰਵਾਲ ਧਰਮਸ਼ਾਲਾ ਵਿੱਚ ਲਗਾਇਆ ਗਿਆ। ਕੈਂਪ ਦਾ ਉਦਘਾਟਨ ਹਲਕਾ ਸਮਾਣਾ ਦੇ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਕੀਤਾ। ਪ੍ਰੈਸ ਕਲੱਬ ਸਮਾਣਾ ਦੇ ਪ੍ਰਧਾਨ ਅਸ਼ੋਕ ਕੁਮਾਰ ਦੀ ਅਗਵਾਈ ਵਿੱਚ ਲਗਾਏ ਗਏ। ਇਸ ਕੈਂਪ 'ਚ ਜੀਵਨ ਹਸਪਤਾਲ ਪਟਿਆਲਾ ਅਤੇ ਸੂਰਿਆ ਦੰਦਾਂ ਦੇ ਹਸਪਤਾਲ ਦਾ ਸਹਿਯੋਗ ਰਿਹਾ। ਕੈਂਪ 'ਚ ਸ਼ੂਗਰ, ਬੀ.ਪੀ ਅਤੇ ਥਾਇਰਾਇਡ ਦੇ ਮਾਹਿਰ ਡਾਕਟਰ ਸਿਮਰ ਕੌਰ ਮਾਨ, ਜੋੜਾਂ ਦੇ ਦਰਦ ਦੇ ਮਾਹਿਰ ਡਾਕਟਰ ਹੈਰੀ ਮਹਿਤਾ, ਜਨਾਨਾ ਰੋਗ ਮਾਹਿਰ ਡਾਕਟਰ ਰਵਿੰਦਰ ਕੌਰ, ਫਿਜਿਓਥਰੈਪੀ ਮਾਹਿਰ ਡਾਕਟਰ ਖੁਸ਼ਬੂ, ਅੱਖਾਂ ਦੇ ਮਾਹਿਰ ਡਾਕਟਰ ਪ੍ਰਿਤਪਾਲ ਕੌਰ ਅਤੇ ਦੰਦਾਂ ਦੇ ਮਾਹਿਰ ਡਾਕਟਰ ਹਿਮਾਂਸ਼ੂ ਨੇ ਮਰੀਜ਼ਾਂ ਦਾ ਚੈੱਕਅਪ ਕੀਤਾ। ਇਸ ਮੌਕੇ 235 ਮਰੀਜ਼ਾਂ ਦਾ ਚੈੱਕਅਪ ਕਰਨ ਦੇ ਨਾਲ-ਨਾਲ ਉਹਨਾਂ ਨੂੰ ਮੁਫਤ ਦਵਾਈਆਂ ਦਿੱਤੀਆਂ ਗਈਆਂ। ਚੇਤਨ ਸਿੰਘ ਜੌੜਾਮਾਜਰਾ ਨੇ ਪ੍ਰੈਸ ਕਲੱਬ ਦੇ ਇਸ ਕੰਮ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਅੱਜ ਕਲੱਬ ਵੱਲੋਂ ਕਲੱਬ ਪ੍ਰਧਾਨ ਦੀ ਅਗਵਾਈ 'ਚ ਇੱਕ ਹੀ ਛੱਤ ਦੇ ਹੇਠਾਂ ਕਈ ਬਿਮਾਰੀਆਂ ਦੇ ਚੈਕਅਪ ਦਾ ਕੈਂਪ ਲਗਾ ਕੇ ਜ਼ਰੂਰਤਮੰਦ ਲੋਕਾਂ ਨੂੰ ਰਾਹਤ ਪੰਹੁਚਾਣ ਦਾ ਕੰਮ ਕੀਤਾ ਗਿਆ। ਉਹ ਸ਼ਲਾਘਾਯੋਗ ਕਦਮ ਹੈ। ਇਸ ਮੌਕੇ ਬਹਾਬਲਪੁਰ ਸੰਘ ਦੇ ਸਰਪ੍ਰਸਤ ਲਾਲਾ ਭਵਾਨੀ ਰਾਮ, ਸੀ.ਏ ਲਲਿਤ ਸਿੰਗਲਾ, ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਯਸ਼ਪਾਲ ਸਿੰਗਲਾ, ਚੇਤਨ ਸਿੰਘ ਜੌੜਾਮਾਜਰਾ ਦੇ ਪੀ.ਏ ਗੁਰਦੇਵ ਸਿੰਘ ਟਿਵਾਣਾ, ਅਗਰਵਾਲ ਧਰਮਸ਼ਾਲਾ ਕਮੇਟੀ ਪ੍ਰਧਾਨ ਡਾਕਟਰ ਮਦਨ ਮਿੱਤਲ, ਸੀਤਾ ਰਾਮ ਗੁਪਤਾ, ਸ਼ਿਵ ਸੇਨਾ ਨੇਤਾ ਪਰਵੀਨ ਸ਼ਰਮਾ, ਪ੍ਰੈਸ ਕਲੱਬ ਮੈਂਬਰ ਗੁਰਦੀਪ ਸ਼ਰਮਾ, ਵਿਜੇ ਗਰਗ, ਪਵਨ ਸਾਸਤਰੀ, ਰਮਨ ਗੁਪਤਾ, ਦਲਜਿੰਦਰ ਪੱਪੀ, ਬੀਬੂ ਬਾਂਸਲ, ਹਰਦਿਆਲ ਨਾਗੀ, ਸਚਿਨ ਕੁਮਾਰ, ਜਿਮੀ ਕੁਮਾਰ, ਕੋਮਲ ਸਿੰਗਲਾ, ਸੁਭਾਸ਼ ਚੰਦਰ, ਰਜਿੰਦਰ ਫਤਿਹਪੁਰ, ਸ਼ਸ਼ੀ ਪਾਲ ਜੈਨ, ਦੀਵਾਨ ਥਰੇਜਾ, ਪੁਰਸ਼ੋਤਮ ਕੌਸ਼ਿਕ, ਵਿਜੇ ਵਰਮਾ, ਹਰਜਿੰਦਰ ਜਵੰਦਾ ਅਤੇ ਹੋਰ ਮੈਂਬਰ ਹਾਜ਼ਰ ਰਹੇ।

## ਕਾਵਿ-ਪੁਸਤਕ 'ਵਲਵਲਿਆਂ ਦੀ ਦੁਨੀਆਂ' ਬਾਰੇ ਵਿਚਾਰ-ਚਰਚਾ 16 ਨੂੰ

ਪਟਿਆਲਾ, 14 ਸਤੰਬਰ (ਚ.ਨ.ਸ.) : ਵਰਲਡ ਪੰਜਾਬੀ ਸੈਂਟਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਕਲਾ ਕ੍ਰਿਤੀ ਪਟਿਆਲਾ (ਰਜਿ.) ਵੱਲੋਂ 16 ਸਤੰਬਰ ਬਾਅਦ ਦੁਪਹਿਰ 3 ਵਜੇ ਪੰਜਾਬੀ ਵਰਲਡ ਸੈਂਟਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਹਾਲ ਵਿਖੇ ਪ੍ਰਸਿੱਧ ਕਵਿੱਤਰੀ ਬਲਵਿੰਦਰ ਕੌਰ ਥਿੰਦ ਦੀ ਕਾਵਿ ਪੁਸਤਕ 'ਵਲਵਲਿਆਂ ਦੀ ਦੁਨੀਆਂ' ਬਾਰੇ ਵਿਸ਼ੇਸ ਵਿਚਾਰ ਚਰਚਾ ਕੀਤੀ ਜਾਵੇਗੀ । ਇਸ ਮੌਕੇ ਸਮਾਗਮ ਦੀ ਪ੍ਰਧਾਨਗੀ ਡਾਕਟਰ ਭੀਮ ਇੰਦਰ ਸਿੰਘ,ਡਾਇਰੈਕਟਰ ਵਰਲਡ ਪੰਜਾਬੀ ਸੈਂਟਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਕਰਨਗੇ। ਅਤੇ ਸਮਾਗਮ ਦੇ ਮੁੱਖ ਮਹਿਮਾਨ ਡਾਕਟਰ ਸਵਰਾਜ ਸਿੰਘ, ਵਿਸ਼ਵ ਚਿੰਤਕ ਐਵਾਰਡ ਜੇਤੂ ਅਤੇ ਅੰਤਰ ਰਾਸ਼ਟਰੀ ਮਾਮਲਿਆਂ ਦੇ ਮਾਹਿਰ ਹੋਣਗੇ। ਅਤੇ ਇਸ ਤੋ ਇਲਾਵਾ ਪ੍ਰਸਿੱਧ ਸਮਾਜ ਸੇਵੀ ਅਤੇ ਕਲਾ ਪ੍ਰੇਮੀ ਅਕਸੈ ਗੋਪਾਲ ਨਵਯੁਗ, ਐਮ ਡੀ ਹੋਟਲ ਫਲਾਈ ਓਵਰ ਕਲਾਸਿਕ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕਰਨਗੇ। ਇਸ ਮੌਕੇ ਮੁੱਖ ਵਕਤਾ ਦੇ ਤੌਰ ਤੇ ਮੀਤ ਖਟੜਾ (ਡਾ.) ਚੰਡੀਗੜ੍ਹ, ਪ੍ਰਸਿੱਧ ਵਿਦਵਾਨ ਲੇਖਕ ਡਾ. ਇਕਬਾਲ ਸੋਮੀਆ, ਕੁਲਵੰਤ ਸਿੰਘ ਨਾਰੀਕੇ, ਸੰਪਾਦਕ ਗੁਸਈਆ ਮੈਗਜ਼ੀਨ ਅਤੇ ਪ੍ਰਸਿੱਧ ਸਹਿਤਕਾਰ/ਸ਼ਾਇਰ ਬਲਵੀਰ ਜਲਾਲਾਬਾਦੀ ਵਜੋਂ ਸ਼ਾਮਿਲ ਹੋਣਗੇ। ਅਤੇ ਇਸ ਤੋਂ ਇਲਾਵਾ ਹੋਰ ਵੀ ਕਈ ਕਵੀ ਸਾਹਿਤਕਾਰ ਅਤੇ ਲੇਖਕ ਵਿਚਾਰ ਚਰਚਾ ਵਿੱਚ ਭਾਗ ਲੈਣਗੇ।

## ਅਕਾਲੀ ਦਲ ਸੁਧਾਰ ਲਹਿਰ ਦੇ ਸੀਨੀਅਰ ਆਗੂ ਕਰਨ ਸਿੰਘ ਤੇ ਬੀਬੀ ਲੂੰਬਾ ਦੇ ਪਰਿਵਾਰ ਨੇ ਹਰਚੰਦਪੁਰਾ ਵਿਖੇ ਕਿਸਾਨਾਂ ਦੀ ਕੀਤੀ ਮਾਲੀ ਮਦਦ



ਬਾਦਸ਼ਾਹਪੁਰ, 14 ਸਤੰਬਰ (ਰਿਸ਼ੀਪਾਲ ਗੁਪਤਾ): ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੇ ਸੀਨੀਅਰ ਆਗੂ ਕਰਨ ਸਿੰਘ ਮੋਹਾਲੀ ਅਤੇ ਹਲਕਾ ਸ਼ੁਤਰਾਣਾ ਦੀ ਸਾਬਕਾ ਵਿਧਾਇਕਾ ਬੀਬੀ ਵਨਿੰਦਰ ਕੌਰ ਲੂੰਬਾ ਦੇ ਪਰਿਵਾਰ ਵੱਲੋਂ ਹਲਕਾ ਸ਼ਤਰਾਣਾ ਅੰਦਰ ਘੱਗਰ ਦਰਿਆ ਦੇ ਬੰਨਾ ਨੂੰ ਮਜ਼ਬੂਤ ਕਰਨ ਲਈ ਅੱਜ ਬਾਦਸ਼ਾਹਪੁਰ ਇਲਾਕੇ ਦੇ ਪਿੰਡ ਹਰਚੰਦਪੁਰਾ ਵਿਖੇ ਬੰਨਾਂ ਨੂੰ ਮਜ਼ਬੂਤ ਕਰਨ ਲਈ 50 ਹਜਾਰ ਰੁਪਏ ਨਗਦ ਅਤੇ 500 ਲੀਟਰ ਡੀਜ਼ਲ ਦੇ ਕੇ ਕਿਸਾਨਾਂ ਦੀ ਸਹਾਇਤਾ ਕੀਤੀ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਰਨ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਬਰਸਾਤਾਂ ਦੇ ਮੌਸਮ ਤੋਂ ਪਹਿਲਾਂ ਘੱਗਰ ਦਰਿਆ ਦੇ ਬੰਨਾਂ ਨੂੰ ਮਜ਼ਬੂਤ ਕਰਨ ਅਤੇ ਉਹਨਾਂ ਦੀ ਸਫਾਈ ਵੱਲ ਕੋਈ ਧਿਆਨ ਨਹੀਂ ਦਿੱਤਾ ਜਿਸ ਕਾਰਨ ਅੱਜ ਹਲਕਾ ਸ਼ੁਤਰਾਣਾ ਦੇ ਪਿੰਡਾਂ ਅੰਦਰ ਹੜ੍ਹਾਂ ਵਾਲੀ ਸਥਿਤੀ ਬਣੀ ਹੋਈ ਹੈ। ਉਹਨਾਂ ਕਿਹਾ ਕਿ ਉਹਨਾਂ ਦੀ ਪਤਨੀ ਬੀਬੀ ਵਰਿੰਦਰ ਕੌਰ ਲੂੰਬਾ ਵੱਲੋਂ ਹਲਕਾ ਸ਼ੁਤਰਾਣਾ ਦੀ ਵਿਧਾਇਕਾ ਰਹਿੰਦਿਆਂ ਬਰਸਾਤਾਂ ਦੇ ਮੌਸਮ ਤੋਂ ਪਹਿਲਾਂ ਹੀ ਘੱਗਰ ਦਰਿਆ ਦੇ ਬੰਨ ਮਜਬੂਤ ਕਰਵਾਏ ਜਾਂਦੇ ਸਨ ਅਤੇ ਘੱਗਰ ਦਰਿਆ ਦੀ ਸਫਾਈ ਕਰਵਾਈ ਜਾਂਦੀ ਸੀ ।ਉਹਨਾਂ ਕਿਹਾ ਕਿ ਘੱਗਰ ਦਰਿਆ ਤੋਂ ਪ੍ਰਭਾਵਿਤ ਇਲਾਕੇ ਦੇ ਲੋਕਾਂ ਲਈ ਉਹ ਹਰ ਸੰਭਵ ਸਹਾਇਤਾ ਕਰਨਗੇ। ਉਹਨਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਪੰਜਾਬ ਅੰਦਰ ਹੜ੍ਹ ਪ੍ਰਭਾਵਿਤ ਇਲਾਕੇ ਲਈ ਦਿੱਤਾ ਗਿਆ ਵਿਸ਼ੇਸ਼ ਪੈਕੇਜ ਬਹੁਤ ਘੱਟ ਹੈ, ਕਿਉਂਕਿ ਪੰਜਾਬ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਅੰਦਰ ਲੋਕਾਂ ਦਾ ਬਹੁਤ ਵੱਡੀ ਪੱਧਰ ਉਤੇ ਨੁਕਸਾਨ ਹੋਇਆ ਹੈ ਜਿਸ ਲਈ ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਪੰਜਾਬ ਲਈ ਹੋਰ ਰਾਹਤ ਪੈਕਜ ਭੇਜਣ। ਇਸ ਮੌਕੇ ਇੱਥੇ ਗੋਬਿੰਦ ਸਿੰਘ ਵਿਰਦੀ ਸੀਨੀਅਰ ਅਕਾਲੀ ਆਗੂ, ਸੁਖਵਿੰਦਰ ਸਿੰਘ ਬਰਾਸ, ਰਸ਼ਪਾਲ ਸਿੰਘ ਬਰਾਸ, ਮੰਗਤ ਸ਼ਰਮਾ ਬਰਾਸ, ਵਰੁਣ ਕਾਂਸਲ, ਡਾ ਰਾਜਵੀਰ ਸਿੰਘ, ਜਰਨੈਲ ਸਿੰਘ ਸਰਪੰਚ , ਸਰਦਾਰਾ ਸਿੰਘ ਸਰਪੰਚ, ਗੁਰਦੀਪ ਸਿੰਘ ਡਰੋਲੀ , ਸੁਖਦੇਵ ਸਿੰਘ ਸਧਾਰਨਪੁਰ, ਸੁਖਵਿੰਦਰ ਸਿੰਘ ਡਰੋਲੀ, ਗੁਰਪ੍ਰੀਤ ਸਿੰਘ ਡਰੋਲੀ, ਹਰਭਜਨ ਸਿੰਘ ਬਕਰਾਹਾ, ਬਲਜਿੰਦਰ ਸਿੰਘ ਜਲਾਲਪੁਰ, ਪਰਮਜੀਤ ਸਿੰਘ ਜਲਾਲਪੁਰ, ਵਰੁਣ ਕਾਂਸਲ, ਪ੍ਰਕਾਸ਼ ਸਿੰਘ ਹਰਚੰਦਪੁਰ, ਕੁਲਦੀਪ ਸਿੰਘ ਰੱਲਣ, ਦੇਸ਼ਰਾਜ, ਡਾ ਭਰਭੂਰ ਸਿੰਘ, ਦਰਸ਼ਨ ਸਿੰਘ , ਸੰਤੋਖ ਸਿੰਘ, ਰਛਪਾਲ ਸਿੰਘ, ਹਰਜਿੰਦਰ ਸਿੰਘ, ਸੰਦੀਪ ਸਿੰਘ ਆਦਿ ਹਾਜ਼ਰ ਸਨ।

## ਨਾਜਾਇਜ਼ ਸ਼ਰਾਬ ਦੀਆਂ 25 ਬੋਤਲਾਂ ਸਮੇਤ ਸਕੂਟਰੀ ਸਵਾਰ ਕਾਬੂ

ਸਮਾਣਾ 14 ਸਤੰਬਰ (ਵਿਜੇ ਕੁਮਾਰ) : ਸਦਰ ਪੁਲਿਸ ਨੇ ਇੱਕ ਸਕੂਟਰੀ ਸਵਾਰ ਵਿਅਕਤੀ ਨੂੰ ਨਜਾਇਜ ਸ਼ਰਾਬ ਦੀਆਂ 25 ਬੋਤਲਾਂ ਸਮੇਤ ਕਾਬੂ ਕਰਕੇ ਉਸ ਖਿਲਾਫ ਐਕਸਾਈਜ਼ ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਮੁਲਜ਼ਮ ਦੀ ਪਛਾਣ ਪਿੰਡ ਰਤਨਹੇੜੀ ਦੇ ਰਹਿਣ ਵਾਲੇ ਹਰਪ੍ਰੀਤ ਸਿੰਘ ਵਜੋਂ ਹੋਈ ਹੈ। ਮਵੀਕਲਾਂ ਦੇ ਪੁਲਿਸ ਇੰਚਾਰਜ ਹਰਦੀਪ ਸਿੰਘ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ, ਏ.ਐਸ.ਆਈ ਪਰਮਜੀਤ ਸਿੰਘ ਪੁਲਿਸ ਪਾਰਟੀ ਸਮੇਤ ਪਿੰਡ ਧਨੇਠਾ ਵਿਖੇ ਮੌਜੂਦ ਸਨ। ਇਸ ਦੌਰਾਨ ਸਕੂਟਰੀ ਸਵਾਰ ਇੱਕ ਵਿਅਕਤੀ ਨੂੰ ਸ਼ੱਕ ਦੇ ਆਧਾਰ 'ਤੇ ਰੋਕ ਕੇ ਜਦੋਂ ਚੈੱਕ ਕੀਤਾ ਗਿਆ ਤਾਂ ਉਸ ਕੋਲੋਂ ਨਜਾਇਜ ਸ਼ਰਾਬ ਦੀਆਂ 25 ਬੋਤਲਾਂ ਬਰਾਮਦ ਹੋਈਆਂ। ਪੁਲਿਸ ਨੇ ਉਸ ਨੂੰ ਤੁਰੰਤ ਹਿਰਾਸਤ 'ਚ ਲੈ ਲਿਆ। ਅਧਿਕਾਰੀ ਅਨੁਸਾਰ, ਮਾਨਯੋਗ ਅਦਾਲਤ ਦੇ ਹੁਕਮਾਂ 'ਤੇ ਮੁਲਜ਼ਮ ਨੂੰ ਜੇਲ੍ਹ ਭੇਜ ਦਿੱਤਾ ਗਿਆ ਹੈ।

## ਪਰਮਿੰਦਰ ਭਲਵਾਨ ਤੇ ਜਤਵਿੰਦਰ ਗਰੇਵਾਲ ਦੀ ਟੀਮ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਨਸ਼ਿਆਂ ਵਿਰੁੱਧ ਕੀਤੇ ਜਾ ਰਹੇ ਕੰਮ ਪ੍ਰਸ਼ੰਸਾਯੋਗ : ਬਲਤੇਜ ਪੰਨੂ



ਪਟਿਆਲਾ, 14 ਸਤੰਬਰ (ਚ.ਨ.ਸ.) : ਪੰਜਾਬ ਅਤੇ ਪਟਿਆਲਾ ਦੀਆਂ ਨਾਮਵਰ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ,ਯੂਵਕ ਸੇਵਾਵਾਂ ਕਲੱਬ ਦੀਪ ਨਗਰ ਜੋ ਕਿ ਲੰਮੇ ਸਮੇਂ ਤੋਂ ਨਸ਼ਿਆਂ ਵਿਰੁੱਧ ਕੰਮ ਕਰ ਰਹੀਆਂ ਹਨ, ਵੱਲੋਂ ਜ਼ਿਲ੍ਹਾ ਸਾਝ ਕੇਂਦਰ ਪਟਿਆਲਾ ਪੁਲਿਸ ਦੇ ਸਹਿਯੋਗ ਨਾਲ ਉਚ ਅਧਿਕਾਰੀਆਂ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸ਼ੁਰੂ ਕੀਤੀ ਯੁੱਧ ਨਸ਼ਿਆਂ ਵਿਰੁੱਧ ਮੁਹਿਮ ਤਹਿਤ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਮੁੱਖ ਮਹਿਮਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਮੀਡੀਆ ਸਲਾਹਕਾਰ ਅਤੇ ਨਸ਼ਾ ਮੁਕਤੀ ਮੋਰਚਾ ਪੰਜਾਬ ਦੇ ਮੁੱਖ ਸਪੋਕਸਮੈਨ ਬਲਤੇਜ ਸਿੰਘ ਪੰਨੂ ਸਪੋਕਸਮੈਨ ਨੇ ਸ਼ਿਰਕਤ ਕੀਤੀ।ਪ੍ਰੋਗਰਾਮ ਦੀ ਪ੍ਰਧਾਨਗੀ ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੂਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਮੈਬਰ ਜ਼ਿਲ੍ਹਾ ਸਾਝ ਕੇਂਦਰ, ਮੈਬਰ ਜ਼ਿਲ੍ਹਾ ਯੁਵਾ ਸਾਂਝ ਕਮੇਟੀ, ਮੈਬਰ ਵੂਮੈਨ ਕੋਸਲਿੰਗ ਸੈਲ ਨੇ ਕੀਤੀ। ਇਸ ਮੌਕੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਵੱਲੋਂ ਸਾਰੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਗਿਆ।ਇਸ ਮੌਕੇ ਵਿਸ਼ੇਸ਼ ਤੌਰ 'ਤੇ ਸੁਖਜਿੰਦਰ ਸਿੰਘ ਇੰਚਾਰਜ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਪੁਲਿਸ, ਵਿਨੇ ਸ਼ਰਮਾ ਰਿਟਾਇਰ ਐਸ ਡੀ ਓ ਬਿਜਲੀ ਬੋਰਡ, ਉਪਕਾਰ ਸਿੰਘ ਪ੍ਰਧਾਨ ਗਿਆਨ ਜੋਤੀ ਐਜੂਕੇਸ਼ਨ ਸੁਸਾਇਟੀ, ਸਤਪਾਲ ਪਰਾਸ਼ਰ, ਰੁਦਰਪ੍ਰਤਾਪ ਸਿੰਘ ਪ੍ਰਧਾਨ ਯੁਵਕ ਸੇਵਾਵਾਂ ਕਲੱਬ ਦੀਪ ਨਗਰ, ਗੁਰਜੀਤ ਸਿੰਘ ਲੱਕੀ ਹਰਦਾਸਪੁਰ, ਹਰਮਨਜੀਤ ਸਿੰਘ ਰੰਧਾਵਾ , ਭਿੰਦਰ ਜਲਵੇੜਾ, ਐਸ ਆਈ ਜਸਪਾਲ ਸਿੰਘ ਇੰਚਾਰਜ ਸਾਂਝ ਕੇਂਦਰ ਸਦਰ ਪਟਿਆਲਾ, ਐਸ ਆਈ ਪ੍ਰਦੀਪ ਕੁਮਾਰ ਇੰਚਾਰਜ ਸਾਂਝ ਕੇਂਦਰ ਸਿਟੀ-1,ਐਸ ਆਈ ਜਸਵੰਤ ਕੁਮਾਰ ਇੰਚਾਰਜ ਸਾਂਝ ਕੇਂਦਰ ਸਿਟੀ 2 ਨੇ ਵੀ ਸ਼ਿਰਕਤ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਦੇ ਮੀਡੀਆ ਸਲਾਹਕਾਰ ਅਤੇ ਨਸ਼ਾ ਮੁਕਤੀ ਮੋਰਚਾ ਪੰਜਾਬ ਦੇ ਮੁੱਖ ਸਪੋਕਸਮੈਨ ਬਲਤੇਜ ਸਿੰਘ ਪੰਨੂ ਨੇ ਕਿਹਾ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਨਸ਼ਿਆਂ ਨੂੰ ਪੰਜਾਬ ਵਿਚੋਂ ਜੜ੍ਹੋਂ ਖਤਮ ਕਰਨ ਲਈ ਵਚਨਬੱਧ ਹੈ। ਉਹਨਾਂ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਅਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਅਤੇ ਉਨ੍ਹਾਂ ਦੀ ਟੀਮ ਦੀ ਸ਼ਲਾਘਾ ਕੀਤੀ।

## ਮੋਟਰਸਾਈਕਲ ਦੀ ਟੱਕਰ ਨਾਲ ਬੱਚਾ ਜ਼ਖਮੀ

ਨਾਭਾ, 14 ਸਤੰਬਰ (ਚੌਧਰੀਮਾਜਰਾ) : ਥਾਣਾ ਕੋਤਵਾਲੀ ਨਾਭਾ ਪੁਲਿਸ ਕੋਲ ਜੋਨੀ ਪੁੱਤਰ ਰਾਜ ਕੁਮਾਰ ਵਾਸੀ ਬਠਿੰਡੀਆ ਮੁਹੱਲਾ ਨਾਭਾ ਨੇ ਅਣਪਛਾਤੇ ਮੋਟਰਸਾਈਕਲ ਡਰਾਇਵਰ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਸ ਦਾ ਭਾਣਜਾ ਪਿਊਸ਼, ਜੋ ਕਿ ਘਰ ਦੇ ਬਾਹਰ ਹੀ ਖੇਡ ਰਿਹਾ ਸੀ ਤਾਂ ਅਣਪਛਾਤੇ ਡਰਾਇਵਰ ਨੇ ਆਪਣਾ ਮੋਟਰਸਾਈਕਲ ਤੇਜ਼ ਰਫਤਾਰ ਤੇ ਲਾਪ੍ਰਵਾਹੀ ਨਾਲ ਲਿਆ ਕੇ ਉਸ ਵਿੱਚ ਮਾਰਿਆ, ਜਿਸ ਕਾਰਨ ਉਸ ਦੇ ਭਾਣਜੇ ਦੇ ਕਾਫੀ ਸੱਟਾਂ ਲੱਗੀਆਂ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ।

## 17 ਨੂੰ ਲੱਗੇਗਾ ਖ਼ੂਨਦਾਨ ਕੈਂਪ, ਚੇਅਰਮੈਨ ਹਡਾਣਾ ਤੇ ਮੇਅਰ ਕੁੰਦਨ ਗੋਗੀਆ ਹੋਣਗੇ ਮੁੱਖ ਮਹਿਮਾਨ



ਪਟਿਆਲਾ, 14 ਸਤੰਬਰ (ਚ.ਨ.ਸ.) : ਪੰਜਾਬ ਸਟੇਟ ਏਰੋਨਾਟਿਕਲ ਇੰਜੀਨੀਅਰਿੰਗ ਕਾਲਜ, ਸੰਗਰੂਰ ਰੋਡ, ਪਟਿਆਲਾ ਵਿਖੇ 17 ਸਤੰਬਰ ਨੂੰ ਨੌਜਵਾਨ ਕਾਲਜ ਡਾਇਰੈਕਟਰ ਡਾ ਬਲਰਾਜ ਸਿੰਘ ਅਤੇ ਪ੍ਰਿੰਸੀਪਲ ਅੰਜੂ ਸ਼ਰਮਾ ਦੀ ਅਗਵਾਈ ਵਿੱਚ ਵਿਦਿਆਰਥੀਆਂ ਨੂੰ ਖ਼ੂਨਦਾਨ ਕਰਨ ਪ੍ਰਤੀ ਉਤਸਾਹਿਤ ਕਰਨ ਲਈ ਖ਼ੂਨਦਾਨ ਕੈਂਪ ਆਯੋਜਿਤ ਕੀਤਾ ਜਾ ਰਿਹਾ ਹੈ। ਦੱਸ ਦੇਈਏ ਕਿ ਇਹ ਮਹੱਤਵਪੂਰਨ ਸਮਾਜਿਕ ਯਤਨ ਖਾਸ ਤੌਰ ਤੇ ਕਾਲਜ ਦਾ ਐਨ ਐਸ ਐਸ ਯੂਨਿਟ, ਸਹਿਜ ਟਾਈਮਜ਼ ਅਤੇ ਉਮੰਗ ਵੈਲਫੇਅਰ ਫਾਊਂਡੇਸ਼ਨ ਵੱਲੋਂ ਸਾਂਝਾ ਉਪਰਾਲਾ ਤਹਿਤ ਕੀਤਾ ਜਾ ਰਿਹਾ ਹੈ। ਇਸ ਮੌਕੇ ਡਾ. ਰਣਜੋਧ ਹਡਾਣਾ ਚੇਅਰਮੈਨ ਪੀ ਆਰ ਟੀ ਸੀ ਅਤੇ ਮੇਅਰ ਕੁੰਦਨ ਗੋਗੀਆ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ। ਉਮੰਗ ਸੰਸਥਾ ਦੇ ਪ੍ਰਧਾਨ ਅਰਵਿੰਦਰ ਸਿੰਘ ਨੇ ਦੱਸਿਆ ਕਿ ਕੈਂਪ ਦਾ ਮੁੱਖ ਮਕਸਦ ਨੌਜਵਾਨਾਂ ਨੂੰ ਖ਼ੂਨਦਾਨ ਦੇ ਮਹੱਤਵ ਨਾਲ ਜੋੜਨਾ ਅਤੇ ਉਨ੍ਹਾਂ ਵਿੱਚ ਸੇਵਾ ਭਾਵਨਾ ਨੂੰ ਹੋਰ ਮਜ਼ਬੂਤ ਕਰਨਾ ਹੈ। ਉਨ੍ਹਾਂ ਕਾਲਜ ਦੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਵੱਡੀ ਗਿਣਤੀ ਵਿੱਚ ਹਿੱਸਾ ਪਾ ਕੇ ਇਸ ਯਤਨ ਨੂੰ ਕਾਮਯਾਬ ਬਣਾਇਆ ਜਾਵੇ। ਤੁਹਾਡਾ ਦਿੱਤਾ ਇੱਕ ਯੂਨਿਟ ਖ਼ੂਨ ਕਿਸੇ ਦੀ ਜ਼ਿੰਦਗੀ ਦੀ ਕੜੀ ਬਣ ਸਕਦਾ ਹੈ। ਇਹ ਸਿਰਫ਼ ਦਾਨ ਨਹੀਂ, ਸੱਚੀ ਮਨੁੱਖਤਾ ਦੀ ਸੇਵਾ ਹੈ. ਉਨ੍ਹਾਂ ਕਿਹਾ ਕਿ ਕੈਂਪ ਵਿੱਚ ਖ਼ੂਨ ਦਾਨ ਕਰਨ ਵਾਲੇ ਸਾਰੇ ਵਲੰਟੀਅਰਾਂ ਨੂੰ ਸਰਟੀਫਿਕੇਟ ਦਿੱਤਾ ਜਾਵੇਗਾ ਅਤੇ ਉਨ੍ਹਾਂ ਦੀ ਮੈਡੀਕਲ ਜਾਂਚ ਵੀ ਮੁਫ਼ਤ ਹੋਵੇਗੀ। ਇਸ ਮੌਕੇ ਟੀਮ ਮੈਂਬਰ ਵਿਮਲ ਸ਼ਰਮਾ, ਅਨੁਰਾਗ ਅਚਾਰਿਆ, ਪਰਮਜੀਤ ਸਿੰਘ, ਰਜਿੰਦਰ ਸਿੰਘ ਸੂਦਨ, ਗੁਰਦੀਪ ਸਿੰਘ, ਯੋਗੇਸ਼ ਪਾਠਕ, ਤੀਰਥ ਤੱਕਰ, ਅਭਿਨਵ ਜੋਸ਼ੀ ਵਿਸ਼ੇਸ਼ ਤੌਰ ਤੇ ਮੌਜੂਦ ਰਹੇ।